Published in Punjabi & English

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-2, ਫਰਵਰੀ 2026 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਡਾਵੋਸ 'ਚ ਮਾਰਕ ਕਾਰਨੀ ਨੇ ਸੱਚ ਤਾਂ ਬੋਲਿਆ ਪਰ ਅਧੂਰਾ

20 ਜਨਵਰੀ ਨੂੰ ਡਾਵੋਸ ਵਿਖੇ 'ਵਰਲਡ ਇਕਨਾਮਿਕ ਫੋਰਮ' ਦੇ ਮੰਚ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਦਿੱਤੇ ਭਾਸ਼ਣ ਨੂੰ ਭੂਤਰੇ ਢੱਠੇ ਦੇ ਸਿੰਗਾਂ ਨੂੰ ਹੱਥ ਪਾਉਣਾ ਸਮਝਿਆ ਜਾ ਰਿਹਾ ਹੈ। ਉਸ ਦੇ ਭਾਸ਼ਣ ਦਾ ਨਿਚੋੜ ਇਹ ਸੀ ਕਿ "ਨਿਯਮਾਂ-ਆਧਾਰਤ ਅੰਤਰਰਾਸ਼ਟਰੀ ਪ੍ਰਬੰਧ" ਦਾ ਹੁਣ ਤਕਰੀਬਨ ਭੋਗ ਪੈ ਚੁੱਕਾ ਹੈ ਕਿ ਦੁਨੀਆ ਹੁਣ ਅਜਿਹੀ ਕਠੋਰ ਹਕੀਕਤ ਵਿਚ ਪ੍ਰਵੇਸ਼ ਕਰ ਚੁੱਕੀ ਹੈ ਜਿੱਥੇ ਵੱਡੀਆਂ ਤਾਕਤਾਂ ਦਰਮਿਆਨ ਖਹਿਬਾਜ਼ੀ ਤੇਜ਼ ਹੋ ਰਹੀ ਹੈ, ਆਰਥਕ ਏਕੀਕਰਨ ਨੂੰ ਦਬਾਅ ਤੇ ਸਜ਼ਾ ਦੇ ਹਥਿਆਰ ਵਾਂਗ ਵਰਤਿਆ ਜਾ ਰਿਹਾ ਹੈ; ਅਤੇ ਸੰਸਾਰ ਪ੍ਰਬੰਧ ਨੂੰ ਹੁਣ ਸਾਂਝੇ ਨਿਯਮਾਂ ਦੀ ਬਜਾਏ ਧਮਕੀਆਂ, ਟੈਰਿਫ਼ਾਂ ਅਤੇ ਦਬਾਅ ਮੁਹਿੰਮਾਂ ਨਾਲ ਚਲਾਇਆ ਜਾ ਰਿਹਾ ਹੈ। ਸੁਨੇਹਾ ਸਪੱਸ਼ਟ ਸੀ ਕਿ ਕੈਨੇਡਾ ਅਤੇ ਹੋਰ "ਮਿਡਲ ਤਾਕਤਾਂ" ਨੂੰ ਹੁਣ ਪੁਰਾਣੇ ਪ੍ਰਤੀ ਹੇਰਵਾ ਛੱਡਕੇ ਭਵਿੱਖ ਵਿਚ ਜ਼ਿੰਦਾ ਰਹਿਣ ਲਈ ਨਵੇਂ ਗੱਠਜੋੜ ਬਣਾਉਣੇ ਚਾਹੀਦੇ ਹਨ। ਅੱਜ ਜੋ ਕਾਰਨੀ ਦੇ ਸ਼ਬਦਾਂ 'ਚ "ਸੁਖਦ ਕਲਪਨਾ" ਹੈ, ਅਮਰੀਕਾ ਦੀ ਅਗਵਾਈ ਵਾਲੇ ਉਸੇ ਵਿਸ਼ਵ-ਪ੍ਰਬੰਧ ਨੂੰ ਇਹ ਸੰਸਾਰ ਚੌਧਰੀ ਹੁਣ ਤੱਕ ਦੁਨੀਆ ਦੀ ਤਰੱਕੀ ਤੇ ਖ਼ੁਸ਼ਹਾਲੀ ਦਾ ਸਥਾਈ ਮਾਰਗ ਕਹਿਕੇ ਵਡਿਆਉਂਦੇ ਰਹੇ ਹਨ। ਟਰੰਪ ਦਾ 'ਅਹਿਸਾਨ ਫਰਾਮੋਸ਼ੀ' ਤੋਂ ਚਿੜਨਾ ਅਤੇ ਉਨ੍ਹਾਂ ਨੂੰ ਚੇਤਾਵਨੀ ਦੇਣਾ ਸਮਝ ਆਉਂਦਾ ਹੈ। ਨਿਰਸੰਦੇਹ, ਨਾਟੋ ਮੈਂਬਰ ਹੁਕਮਰਾਨ ਟਰੰਪ ਦੇ ਧੌਂਸਬਾਜ਼ ਵਿਹਾਰ ਤੋਂ ਤੰਗ ਹਨ ਅਤੇ ਮੁਲਕਾਂ ਦੀ ਪ੍ਰਭੂਸੱਤਾ ਤੇ ਆਰਥਿਕ ਹਿੱਤਾਂ ਵਿਰੁੱਧ ਟਰੰਪ ਦੇ ਹਮਲੇ ਕੈਨੇਡਾ ਦੇ ਹੁਕਮਰਾਨਾਂ ਲਈ ਵੀ ਸਿਰਦਰਦੀ ਬਣੇ ਹੋਏ ਹਨ। ਕਾਰਨੀ ਨੇ ਟਰੰਪ ਵਿਰੁੱਧ ਮੂੰਹ ਖੋਲ੍ਹਣ ਦੀ 'ਹਿੰਮਤ' ਦਿਖਾ ਕੇ ਡਾਵੋਸ 'ਚ ਜੁੜਿਆ ਮੇਲਾ ਲੁੱਟ ਲਿਆ! ਪਰ "ਨਿਯਮਾਂ-ਆਧਾਰਤ ਅੰਤਰਰਾਸ਼ਟਰੀ ਪ੍ਰਬੰਧ" ਦੀ ਅਸਲੀਅਤ ਉਹ ਨਹੀਂ ਹੈ ਜੋ ਕਾਰਨੀ ਨੇ ਸ਼ਬਦਾਂ ਦੀ ਜਾਦੂਗਰੀ ਰਾਹੀਂ ਪੇਸ਼ ਕੀਤੀ ਹੈ। ਨਾ ਹੀ ਉਸ ਵਿਚ ਕੈਨੇਡਾ ਦੀ ਹੁਕਮਰਾਨ ਜਮਾਤ ਦੀ ਭੂਮਿਕਾ ਕਿਸੇ ਤੋਂ ਗੁੱਝੀ ਹੈ। ਦੂਜੇ ਸੰਸਾਰ ਯੁੱਧ ਤੋਂ ਬਾਅਦ ਦੇ ਸੰਸਾਰ ਹਾਲਾਤ ਵਿਚ ਪੱਛਮੀ ਸਾਮਰਾਜੀਆਂ ਨੇ ਅਮਰੀਕਾ ਦੀ ਸਰਦਾਰੀ ਕਬੂਲ ਕੀਤੀ। ਜੋ "ਨਿਯਮਾਂ-ਆਧਾਰਤ ਅੰਤਰਰਾਸ਼ਟਰੀ ਪ੍ਰਬੰਧ" ਹੋਂਦ 'ਚ ਆਇਆ ਉਸ ਨੇ ਦੁਨੀਆ ਨੂੰ ਕੀ ਦਿੱਤਾ? ਲੋਟੂ-ਧਾੜਵੀ ਹਿਤਾਂ ਲਈ ਮੁਲਕਾਂ ਦੀ ਪ੍ਰਭੂਸੱਤਾ, ਜਮਹੂਰੀ ਤਕਾਜ਼ਿਆਂ ਅਤੇ ਮਨੁੱਖੀ ਹੱਕਾਂ ਦਾ ਬੇਖ਼ੌਫ਼ ਹੋ ਕੇ ਘਾਣ ਕੀਤਾ ਗਿਆ। ਕੈਨੇਡਾ ਅਤੇ ਹੋਰ "ਮਿਡਲ ਤਾਕਤਾਂ" ਦੀ ਭਾਈਵਾਲੀ ਨਾਲ ਅਮਰੀਕਾ ਰਸਮੀਂ ਤੌਰ 'ਤੇ ਪ੍ਰਵਾਨ ਕੀਤੇ ਕੌਮਾਂਤਰੀ ਨਿਯਮਾਂ, ਕਾਨੂੰਨਾਂ ਦੀਆਂ ਰੱਜ ਕੇ ਧੱਜੀਆਂ ਉਡਾਉਂਦਾ ਰਿਹਾ। ਅਮਰੀਕਾ ਦੀ ਅਗਵਾਈ ਹੇਠ ਸਾਮਰਾਜੀ ਹਮਲਿਆਂ, ਕਤਲੇਆਮ, ਆਰਥਿਕ ਨਾਕਾਬੰਦੀਆਂ, ਰਾਜ-ਪਲਟਿਆਂ ਰਾਹੀਂ ਕਠਪੁਤਲੀ ਸਰਕਾਰਾਂ ਥੋਪਣ ਤੋਂ ਸ਼ਾਇਦ ਹੀ ਦੁਨੀਆ ਦਾ ਕੋਈ ਹਿੱਸਾ ਬਚਿਆ ਹੋਵੇ। "ਨਿਯਮਾਂ-ਆਧਾਰਤ ਪ੍ਰਬੰਧ" ਅਸਫ਼ਲ ਨਹੀਂ ਹੋਇਆ, ਉਹ ਬਣਾਇਆ ਹੀ ਸਾਮਰਾਜੀ ਡਾਹਢਿਆਂ ਲਈ ਗਿਆ ਸੀ। ਇਸੇ ਕਾਰਨ, ਅੰਤਰਰਾਸ਼ਟਰੀ ਕਾਨੂੰਨ ਕਦੇ ਵੀ ਇੱਕੋ ਤਰ੍ਹਾਂ ਲਾਗੂ ਨਹੀਂ ਹੁੰਦੇ। ਵਪਾਰ ਦੇ ਨਿਯਮ ਵੀ ਇੱਕਤਰਫ਼ਾ ਢੰਗ ਨਾਲ ਬਣਾਏ ਤੇ ਲਾਗੂ ਕੀਤੇ ਜਾਂਦੇ ਹਨ। ਸਭ ਤੋਂ ਤਾਕਤਵਰ ਮੁਲਕ ਜਦ ਵੀ ਚਾਹੁਣ, ਆਪਣੇ ਆਪ ਨੂੰ ਨਿਯਮਾਂ, ਅੰਤਰਰਾਸ਼ਟਰੀ ਕਾਨੂੰਨਾਂ ਤੋਂ ਬਾਹਰ ਕਰ ਲੈਂਦੇ ਹਨ। ਸੰਯੁਕਤ ਰਾਸ਼ਟਰ ਬਸ ਨਾਮਨਿਹਾਦ ਹੈ।




ਹੁਣ ਤਾਂ ਕਾਰਨੀ ਨੇ ਵੀ ਮੰਨ ਲਿਆ ਕਿ ਇਹ ਪ੍ਰਬੰਧ "ਅੰਸ਼ਕ ਤੌਰ 'ਤੇ ਝੂਠਾ" ਸੀ। ਸਾਮਰਾਜੀ ਹਿਤਾਂ ਤੇ ਜ਼ਰੂਰਤਾਂ ਅਨੁਸਾਰ ਨਿਯਮਾਂ, ਕਾਨੂੰਨਾਂ ਨੂੰ ਤੋੜਨ-ਮਰੋੜਨ ਅਤੇ ਫ਼ੌਜੀ ਤਾਕਤ ਨਾਲ ਦਰੜਨ ਦਾ ਅਨਿੱਖੜ ਅੰਗ ਕੈਨੇਡਾ ਇਸ ਪ੍ਰਬੰਧ ਦਾ ਭਰੋਸੇਮੰਦ "ਜੂਨੀਅਰ ਭਾਈਵਾਲ" ਹੈ। ਚਾਹੇ ਅਫ਼ਗਾਨਿਸਤਾਨ ਸੀ ਜਾਂ ਇਰਾਕ, ਜਾਂ ਹੁਣ ਗਾਜ਼ਾ, ਜਮਹੂਰੀਅਤ, ਮੁੱਲਾਂ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੇ ਕੈਨੇਡਾ ਦੇ ਹੁਕਮਰਾਨ ਕਦੇ ਵੀ ਨਾਟੋ ਦੀ ਵਫ਼ਾਦਾਰੀ ਨਹੀਂ ਭੁੱਲਦੇ। ਕੈਨੇਡਾ ਦਾ ਫ਼ੌਜੀ ਅਤੇ ਖ਼ੁਫ਼ੀਆ ਢਾਂਚਾ ਡੂੰਘੇ ਰੂਪ 'ਚ ਵਾਸ਼ਿੰਗਟਨ ਨਾਲ ਬੱਝਿਆ ਹੋਇਆ ਹੈ। ਨਾਰਥ ਅਮੈਰੀਕਨ ਏਅਰੋਸਪੇਸ ਡਿਫੈਂਸ ਕਮਾਂਡ ਦੇ ਅੱਡਿਆਂ ਉੱਪਰ ਅਮਰੀਕੀ ਫ਼ੌਜੀ ਟੁਕੜੀਆਂ ਮੌਜੂਦ ਹਨ। ਪ੍ਰਮੁੱਖ ਅਮਰੀਕੀ ਹਥਿਆਰ-ਨਿਰਮਾਤਾ ਕੰਪਨੀਆਂ ਦੇ ਨਿਰਮਾਣ ਪਲਾਂਟਾਂ ਦਾ ਮੇਜ਼ਬਾਨ ਕੈਨੇਡਾ, ਅਮਰੀਕਾ ਦੇ ਐੱਫ-35 ਜੁਆਇੰਟ ਸਟ੍ਰਾਈਕ ਫਾਈਟਰ ਜੈੱਟ ਪ੍ਰੋਗਰਾਮ ਦਾ ਅਹਿਮ ਭਾਈਵਾਲ ਅਤੇ ਅਮਰੀਕਾ ਦੀ ਅਗਵਾਈ ਵਾਲੇ ਖ਼ੁਫ਼ੀਆ ਗੱਠਜੋੜ "ਫਾਈਵ ਆਈਜ਼" ਦਾ ਹਿੱਸਾ ਹੈ। ਡਾਵੋਸ ਵਿਖੇ ਹੋਰ ਮੁਲਕਾਂ ਨੂੰ "ਕਿਲ੍ਹੇ ਉਸਾਰਨ" ਵਿਰੁੱਧ ਨਸੀਹਤ ਦੇਣ ਵਾਲੇ ਕਾਰਨੀ ਦੀ ਆਪਣੀ ਸੁਰੱਖਿਆ ਨੀਤੀ ਲੋਕਾਂ ਦੀ ਕੀਮਤ 'ਤੇ ਫ਼ੌਜੀ ਸਮਰੱਥਾ ਵਧਾਉਣ ਦੀ ਹੈ। ਸੁਰੱਖਿਆ ਦੇ ਬਹਾਨੇ ਮਿਲਟਰੀ ਖ਼ਰਚ ਦੁੱਗਣਾ ਕਰਨ ਦੀ ਉਸਦੀ ਵਚਨਬੱਧਤਾ ਮਾਨਵਤਾ ਅਤੇ ਜਮਹੂਰੀ ਮੁੱਲਾਂ ਦੇ ਹਿਤ 'ਚ ਕਿਵੇਂ ਹੋ ਸਕਦੀ ਹੈ? ਹੁਣ ਕੈਨੇਡੀਅਨ ਹੁਕਮਰਾਨਾਂ ਦਾ ਪੁਰਾਣੇ ਗੱਠਜੋੜਾਂ ਤੋਂ ਮੋਹਭੰਗ ਹੋਣ ਅਤੇ ਨਵੇਂ ਗੱਠਜੋੜਾਂ ਦੀ ਜ਼ਰੂਰਤ ਮਹਿਸੂਸ ਹੋਣ ਦਾ ਕਾਰਨ ਨਿਆਂਪਸੰਦ, ਮਾਨਵਤਾਵਾਦੀ ਤਕਾਜ਼ੇ ਨਹੀਂ ਸਗੋਂ ਟਰੰਪ ਦਾ ਅਮਰੀਕੀ ਸਾਮਰਾਜੀ ਸਰਮਾਏ ਦੇ ਹਿਤਾਂ ਲਈ ਆਪਣੇ ਹੀ ਨਾਟੋ ਜੋਟੀਦਾਰਾਂ ਦੀ ਬਾਂਹ ਮਰੋੜਨ ਲਈ ਬੋਲਿਆ ਹੱਲਾ ਹੈ। ਅਜਾਰੇਦਾਰ ਮੁਨਾਫ਼ਿਆਂ ਦੀ ਅਮੁੱਕ ਲਾਲਸਾ ਨੂੰ ਸ਼ਾਂਤ ਕਰਨ ਅਤੇ ਚੀਨ ਵਰਗੀ ਸੱਜਰੀ ਸ਼ਰੀਕ ਤਾਕਤ ਨਾਲ ਨਜਿੱਠਣ ਲਈ ਅਮਰੀਕੀ ਸਾਮਰਾਜੀਏ ਹੁਣ ਆਪਣੇ ਲਈ ਵਧੇਰੇ ਕਾਰਗਰ ਗੱਠਜੋੜ ਬਣਾਉਣ ਲਈ ਯਤਨਸ਼ੀਲ ਹਨ। ਇਸੇ ਮੰਥਨ 'ਚੋਂ ਗੁਜ਼ਰਕੇ ਉਨ੍ਹਾਂ ਦੀ ਵਿਸ਼ਵ ਯੁੱਧਨੀਤੀ ਵਿਚ ਵੱਡੀ ਤਬਦੀਲੀ ਆਈ ਹੈ। ਆਪਣੀ ਅਗਵਾਈ ਹੇਠ ਸਥਾਪਤ ਕੀਤੇ ਨਵ-ਉਦਾਰ ਵਿਸ਼ਵੀਕਰਨ ਢਾਂਚੇ, ਨਾਫਟਾ ਵਰਗੇ ਵਪਾਰ ਸਮਝੌਤਿਆਂ, ਸੰਸਾਰ ਵਪਾਰ ਸੰਸਥਾ ਵਰਗੀਆਂ ਬਹੁਧਿਰੀ ਸੰਸਥਾਵਾਂ ਅਤੇ ਨਾਟੋ ਵਰਗੇ ਪੁਰਾਣੇ ਗੱਠਜੋੜਾਂ ਨੂੰ ਜਾਰੀ ਰੱਖਣਾ ਹੁਣ ਉਨ੍ਹਾਂ ਦੀ ਤਰਜ਼ੀਹ ਨਹੀਂ ਰਹੀ। ਇਸ ਦੀ ਬਜਾਏ ਪੁਰਾਣੇ ਦਿਖਾਵੇ ਤਿਆਗਕੇ ਬਸਤੀਵਾਦੀ ਦੌਰ ਵਾਲੀ ਪੁਰਾਣੀ ਨੀਤੀ ਮੁੜ ਅੱਗੇ ਲਿਆਂਦੀ ਜਾ ਰਹੀ ਹੈ। ਬਾਂਹ-ਮਰੋੜ ਪਾਬੰਦੀਆਂ ਅਤੇ ਧਮਕਾਊ ਹਮਲਿਆਂ ਰਾਹੀਂ ਅਮਰੀਕੀ ਪ੍ਰਭਾਵ ਖੇਤਰ ਬਣਾਉਣ ਲਈ ਤਰਲੋਮੱਛੀ ਹੋ ਰਿਹਾ ਟਰੰਪ ਗੁੱਟ ਸਿੱਧੇ ਹਮਲੇ ਕਰ ਰਿਹਾ ਹੈ। ਇਹ ਰੱਦੋਬਦਲ ਟਰੰਪ ਦੀ ਕਾਢ ਨਹੀਂ, ਉਹ ਤਾਂ ਰਾਜਨੀਤਕ ਨੁਮਾਇੰਦਗੀ ਦੇ ਰੂਪ 'ਚ ਇਸ ਦਾ ਸੰਦ ਹੈ। ਇਹ ਹਕੀਕਤ ਹੁਣ ਕਾਰਨੀ ਅਤੇ ਹੋਰ ਵਿਕਸਿਤ ਸਰਮਾਏਦਾਰ ਮੁਲਕਾਂ ਦੇ ਹੁਕਮਰਾਨਾਂ ਨੇ ਵੀ ਸਮਝ ਲਈ ਹੈ ਕਿ ਅਮਰੀਕਾ ਦੀ ਖੁੱਲ੍ਹੀ ਹਮਲਾਵਰ ਧੁੱਸ ਮੱਠੀ ਪੈਣ ਵਾਲੀ ਨਹੀਂ ਹੈ। ਉਹ ਹੁਣ ਇਹ ਜੋਖ਼ਮ ਨਹੀਂ ਲੈ ਸਕਦੇ ਕਿ ਟਰੰਪ ਦੀ ਥਾਂ ਕਿਸੇ ਹੋਰ ਅਮਰੀਕੀ ਆਗੂ ਵੱਲੋਂ ਲੈਣ ਦੀ ਉਡੀਕ ਕੀਤੀ ਜਾਵੇ। ਉਨ੍ਹਾਂ ਨੇ ਵੀ ਨਵੀਂਆਂ ਤਰਕੀਬਾਂ ਸੋਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸਦੇ ਮੱਦੇਨਜ਼ਰ, ਇਹ ਜ਼ਰੂਰੀ ਹੈ ਕਿ ਹੁਣ ਦੁਨੀਆ ਦੇ ਮਿਹਨਤਕਸ਼ ਲੋਕ ਵੀ ਸੰਸਾਰ ਅਜਾਰੇਦਾਰ ਸਰਮਾਏ ਦੇ ਇਸ ਨਵੇਂ ਹੱਲੇ ਦਾ ਮੁਕਾਬਲਾ ਕਰਨ ਦੀ ਗੰਭੀਰਤਾ ਨਾਲ ਤਿਆਰੀ ਕਰਨ।

**- ਸੰਪਾਦਕੀ ਬੋਰਡ**















# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)


16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
- Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca




## Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

| | | |
|---|---|---|
| * HOME | * DISABILITY | * VEHICLE FINANCE |
| * AUTO | * RRSV | * CRITICAL ILLNESS |
| * LIFE | * RESP | * MUTUAL FUNDS |

Romi Sidhu, Agent
P02720CN




## ਐਚ ਐਮ ਪੀ ਪ੍ਰੋਫ਼ੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

www.hmphome.com

## HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu INSURANCE EXPERT

Punjab Insurance Inc

## SUPER VISA INSURANCE

* LIFE INSURANCE * RESPs

# 5106-4310 104 Ave, NE Calgary AB T3N 1W5



CALL FOR BEST RATES

HARPINDER SIDHU
LOVEPREET SIDHU
403 404 3500

**SAROKARAN DI AWAZ**

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

Literary Advisor
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5





Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
#1150, 4818 Westwindus Drive NE. Calgary
403-293-9360


Apinder Aujla
BSc.Pharm





Satvachan Lal
B.Sc.Pharm




For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® REALTOR® REAL ESTATE BOARD





Taranjit "T.J." Mand
Real Estate Associate
Max Value Reality Ltd.




SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling Commercial and Residential Land Development Condominium Projects
WILLS & ESTATE
CRIMINAL LAW
SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਵੈਨਜ਼ੂਏਲਾ 'ਤੇ ਟਰੰਪ ਦਾ ਨਹੱਕ ਹਮਲਾ ਅਤੇ ਇਸ ਦਾ ਧਾੜਵੀ ਮਨੋਰਥ

ਬੂਟਾ ਸਿੰਘ
ਮਹਿਮੂਦਪੁਰ
94634-74342

*ਵੈਨਜ਼ੁਏਲਾ ਦੇ ਰਾਸ਼ਟਰਪਤੀ ਅਤੇ ਉਸਦੀ ਪਤਨੀ ਨੂੰ ਗ੍ਰਿਫ਼ਤਾਰ ਕਰਕੇ ਅਮਰੀਕਾ ਲਿਜਾਇਆ ਗਿਆ ਅਤੇ ਰਾਸ਼ਟਰਪਤੀ ਟਰੰਪ ਨੇ ਆਪਣੀ ਪਸੰਦ ਦੀ ਸੱਤਾ ਬਦਲੀ ਤੱਕ ਰਾਜ-ਪ੍ਰਸ਼ਾਸਨ ਦੀ ਵਾਗਡੋਰ ਆਪਣੇ ਹੱਥ ਵਿਚ ਰੱਖਣ ਦਾ ਐਲਾਨ ਕਰ ਦਿੱਤਾ। ਵੈਨਜ਼ੂਏਲਾ ਵਿਰੁੱਧ ਅਮਰੀਕੀ ਫ਼ੌਜੀ ਕਾਰਵਾਈ ਦਾ ਸੁਭਾਅ ਕੀ ਹੈ, ਇਸ ਕਾਰਵਾਈ ਦਾ ਪਿਛੋਕੜ ਕੀ ਹੈ ਅਤੇ ਦੁਨੀਆ ਵਿਚ ਇਸ ਨੂੰ ਲੈ ਕੇ ਕਿਸ ਤਰ੍ਹਾਂ ਦੇ ਖ਼ਦਸ਼ੇ ਤੇ ਸਵਾਲ ਹਨ, ਇਨ੍ਹਾਂ ਪੱਖਾਂ ਦੀ ਚਰਚਾ ਇਸ ਟਿੱਪਣੀ ਵਿਚ ਕੀਤੀ ਗਈ ਹੈ। -ਸੰਪਾਦਕ*

ਅਮਰੀਕੀ ਸਾਮਰਾਜੀਆਂ ਨੇ ਦੂਜੇ ਮੁਲਕਾਂ ਦੀ ਪ੍ਰਭੂਸੱਤਾ ਅਤੇ ਖ਼ੁਦਮੁਖਤਿਆਰੀ ਨੂੰ ਕੁਚਲਣ ਦਾ ਇਕ ਹੋਰ ਮਾਨਵਤਾ ਵਿਰੋਧੀ ਕਾਰਾ ਇਤਿਹਾਸ ਵਿਚ ਦਰਜ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਹੁਣ ਵੈਨਜ਼ੁਏਲਾ ਦੀ ਪ੍ਰਭੂਸੱਤਾ ਉੱਪਰ ਸਿੱਧਾ ਹੱਲਾ ਬੋਲ ਦਿੱਤਾ ਹੈ। 3 ਜਨਵਰੀ ਨੂੰ ਡੇਢ ਸੌ ਜੰਗੀ ਜਹਾਜ਼ ਨਾਲ ਲੈਸ ਅਮਰੀਕੀ ਡੈਲਟਾ ਫੋਰਸ ਵੱਲੋਂ ਅੱਧੀ ਰਾਤ ਨੂੰ ਵੈਨਜ਼ੁਏਲਾ ਦੇ ਰਿਹਾਇਸ਼ੀ ਅਤੇ ਫ਼ੌਜੀ ਇਲਾਕਿਆਂ ਉੱਪਰ ਬੰਬਾਰੀ ਕਰਕੇ ਤੇ ਸੁਰੱਖਿਆ ਗਾਰਡਾਂ ਨੂੰ ਮਾਰ ਕੇ ਰਾਸ਼ਟਰਪਤੀ ਮਾਦੂਰੋ ਤੇ ਉਸਦੀ ਪਤਨੀ ਨੂੰ ਅਗਵਾ ਕਰ ਲਿਆ ਗਿਆ। ਉਨ੍ਹਾਂ ਨੂੰ ਅਮਰੀਕਾ ਲਿਜਾ ਕੇ ਕੈਦ ਕਰ ਲਿਆ ਗਿਆ ਜਿੱਥੇ ਉਨ੍ਹਾਂ ਉੱਪਰ ਢੌਂਗੀ ਮੁਕੱਦਮਾ ਚਲਾਇਆ ਜਾਵੇਗਾ। ਟਰੰਪ ਨੇ ਬੇਸ਼ਰਮੀਂ ਨਾਲ ਐਲਾਨ ਕਰ ਦਿੱਤਾ ਕਿ 'ਜਦੋਂ ਤੱਕ ਅਸੀਂ ਸੁਰੱਖਿਅਤ, ਉਚਿਤ ਅਤੇ ਨਿਆਂਪੂਰਨ ਤਰੀਕੇ ਨਾਲ ਸੱਤਾ ਬਦਲੀ ਨਹੀਂ ਕਰ ਲੈਂਦੇ, ਓਦੋਂ ਤੱਕ ਮੁਲਕ ਨੂੰ ਅਸੀਂ ਚਲਾਵਾਂਗੇ।'

ਇਹ ਹਮਲਾ ਪਿੱਛੇ ਜਹੇ ਟਰੰਪ ਵੱਲੋਂ ਜਾਰੀ ਕੀਤੀ ਗਈ ਨਵੀਂ 'ਰਾਸ਼ਟਰੀ ਸੁਰੱਖਿਆ ਯੁੱਧਨੀਤੀ' ਦਾ ਵਿਹਾਰਕ ਰੂਪ ਹੈ। ਟਰੰਪ ਦਾ ਮਨੋਰਥ ਸਿਰਫ਼ ਤੇਲ ਅਤੇ ਹੋਰ ਕੁਦਰਤੀ ਭੰਡਾਰਾਂ ਉੱਪਰ ਕਬਜ਼ਾ ਕਰਨ ਦੇ ਮਨਸੂਬੇ ਤਹਿਤ ਵੈਨਜ਼ੁਏਲਾ ਦੀ ਚੁਣੀ ਹੋਈ ਸਰਕਾਰ ਨੂੰ ਤੋੜਨ ਤੱਕ ਸੀਮਤ ਨਾ ਰਹਿ ਕੇ ਲਾਤੀਨੀ ਅਮਰੀਕਾ ਉੱਪਰ ਆਪਣਾ ਦਬਦਬਾ ਮਜ਼ਬੂਤ ਕਰਨਾ ਹੈ। ਟਰੰਪ ਸਰਕਾਰ ਦੀ ਬੁਖਲਾਹਟ ਦਿਖਾਉਂਦੀ ਹੈ ਕਿ ਦੁਨੀਆ ਉੱਪਰ ਅਮਰੀਕੀ ਚੌਧਰ ਲੜਖੜਾ ਰਹੀ ਹੈ ਅਤੇ ਅਮਰੀਕੀ ਸਾਮਰਾਜੀਏ ਦਹਿਸ਼ਤਗਰਦ ਫ਼ੌਜੀ ਹਮਲਿਆਂ ਰਾਹੀਂ ਡਾਲਰ ਦੀ ਸਰਦਾਰੀ ਨੂੰ ਬਚਾਉਣ ਲਈ ਹੱਥ-ਪੈਰ ਮਾਰ ਰਹੇ ਹਨ। ਵੈਨਜ਼ੁਏਲਾ ਉੱਪਰ ਇਸ ਹਮਲੇ ਨੂੰ ਚੀਨ-ਰੂਸ ਸਾਮਰਾਜਵਾਦੀ ਗੱਠਜੋੜ ਨਾਲ ਵਧ ਰਹੀ ਮੁਕਾਬਲੇਬਾਜ਼ੀ ਦੇ ਦੌਰ ਵਿੱਚ ਅਮਰੀਕੀ ਸਾਮਰਾਜਵਾਦ ਦੀ ਲਗਾਤਾਰ ਕਮਜ਼ੋਰ ਹੋ ਰਹੀ ਪਕੜ ਦੇ ਰੂਪ ਵਿੱਚ ਵੀ ਦੇਖਣਾ-ਸਮਝਣਾ ਜ਼ਰੂਰੀ ਹੈ।

ਕਿਸੇ ਮੁਲਕ ਦੀ ਸਰਕਾਰ ਚਾਹੇ ਕਿੰਨੀ ਵੀ ਨਾਲਾਇਕ ਅਤੇ ਭ੍ਰਿਸ਼ਟ ਕਿਉਂ ਨਾ ਹੋਵੇ ਉਸ ਨੂੰ ਬਦਲਣ ਅਤੇ ਰਾਜ-ਪ੍ਰਸ਼ਾਸਨ ਵਿਚ ਰੱਦੋਬਦਲ ਕਰਨ ਦਾ ਅਧਿਕਾਰ ਸਿਰਫ਼ ਤੇ ਸਿਰਫ਼ ਉੱਥੋਂ ਦੇ ਲੋਕਾਂ ਦਾ ਹੈ। ਪਰ ਦੂਜੇ ਸੰਸਾਰ ਯੁੱਧ ਦੇ ਸਮੇਂ ਤੋਂ ਹੀ ਅਮਰੀਕੀ ਸਾਮਰਾਜੀ ਸਟੇਟ ਨੇ ਫ਼ੌਜੀ, ਵਿਤੀ ਅਤੇ ਰਾਜਨੀਤਕ ਦਬਦਬੇ ਦੇ ਜ਼ੋਰ ਇਸ ਅਧਿਕਾਰ ਨੂੰ ਅਗਵਾ ਕੀਤਾ ਹੋਇਆ ਹੈ ਅਤੇ ਅਮਰੀਕੀ ਹੁਕਮਰਾਨ ਸੰਸਾਰ ਥਾਣੇਦਾਰ ਬਣਕੇ ਉਨ੍ਹਾਂ ਮੁਲਕਾਂ ਵਿਰੁੱਧ ਖ਼ੂਨੀ ਸਾਜ਼ਿਸ਼ਾਂ ਤੇ ਧਾੜਵੀ ਹਮਲਿਆਂ ਨੂੰ ਅੰਜਾਮ ਦਿੰਦੇ ਆ ਰਹੇ ਹਨ ਜਿਨ੍ਹਾਂ ਦੇ ਨਿਜ਼ਾਮ ਅਤੇ ਹੁਕਮਰਾਨ ਇਨ੍ਹਾਂ ਨੂੰ ਪਸੰਦ ਨਹੀਂ ਜਾਂ ਜਿਨ੍ਹਾਂ ਨੂੰ ਅਮਰੀਕੀ ਚੌਧਰ ਮਨਜ਼ੂਰ ਨਹੀਂ।

ਮਾਦੂਰੋ ਅਤੇ ਉਸਦੀ ਜੀਵਨ-ਸਾਥਣ ਨੂੰ ਅਗਵਾ ਕਰਨ ਤੋਂ ਬਾਅਦ ਟਰੰਪ ਨੇ ਸ਼ੇਖੀ ਮਾਰੀ ਕਿ ਹੁਣ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਮਰੀਕੀ ਤੇਲ ਕੰਪਨੀਆਂ ਵੈਨਜ਼ੁਏਲਾ ਵਿਚ ਜਾ ਕੇ 'ਬੇਹੱਦ ਖ਼ਰਾਬ ਤੇਲ ਢਾਂਚੇ ਨੂੰ ਠੀਕ ਕਰਨਗੀਆਂ ਅਤੇ ਮੁਲਕ ਲਈ ਪੈਸਾ ਬਣਾਉਣਾ ਸ਼ੁਰੂ ਕਰ ਦੇਣਗੀਆਂ।' ਕਿ 'ਉਸਦੇ ਪ੍ਰਸ਼ਾਸਨ ਦੀਆਂ ਕਾਰਵਾਈਆਂ ਵੈਨਜ਼ੁਏਲਾ ਦੇ ਲੋਕਾਂ ਨੂੰ ਅਮੀਰ, ਸੁਤੰਤਰ ਅਤੇ ਸੁਰੱਖਿਅਤ ਬਣਾਉਣਗੀਆਂ।' ਇਸ ਡਕੈਤ ਤਰਕ ਦੀ ਸਾਮਰਾਜੀ ਡਿਕਸ਼ਨਰੀ ਤੋਂ ਸਿਵਾਏ ਕੋਈ ਵਾਜਬੀਅਤ ਨਹੀਂ ਹੈ।

ਦੂਜੇ ਪਾਸੇ, ਪੱਛਮੀ ਜਗਤ ਦੇ 'ਉਦਾਰ' ਹਲਕਿਆਂ ਵੱਲੋਂ ਇਹ ਬਿਰਤਾਂਤ ਵੀ ਪੇਸ਼ ਕੀਤਾ ਜਾ ਰਿਹਾ ਹੈ ਕਿ ਵੈਨਜ਼ੁਏਲਾ ਨੂੰ ਤਬਾਹੀ ਦੀ ਖੱਡ ਵਿਚ ਧੱਕਣ ਲਈ ਮਾਦੂਰੋ ਦੀ 'ਤਾਨਾਸ਼ਾਹੀ' ਜ਼ਿੰਮੇਵਾਰ ਹੈ ਜਿਸ ਦੇ ਰਾਜ ਨੇ ਆਰਥਿਕਤਾ ਦਾ ਭੱਠਾ ਬਿਠਾ ਦਿੱਤਾ, ਲੋਕਤੰਤਰੀ ਸੰਸਥਾਵਾਂ ਖੋਖਲੀਆਂ ਕਰ ਦਿੱਤੀਆਂ, ਵਿਰੋਧੀਆਂ ਨੂੰ ਕੁਚਲ ਦਿੱਤਾ, ਅਪਰਾਧੀ ਤਾਣਾਬਾਣਾ ਤੇ ਰਾਜਤੰਤਰ ਘਿਓ-ਖਿੱਚੜੀ ਹੋ ਗਏ ਅਤੇ ਲੱਖਾਂ ਲੋਕ ਹਾਲਾਤ ਤੋਂ ਤੰਗ ਆ ਕੇ ਮੁਲਕ ਛੱਡਣ ਲਈ ਮਜਬੂਰ ਹੋ ਗਏ। ਇਹ ਬਿਰਤਾਂਤ ਕਿੰਨਾ ਕੁ ਸੱਚ ਹੈ, ਇਹ ਵੱਖਰਾ ਸਵਾਲ ਹੈ। ਪਰ ਇਸੇ ਦਲੀਲ ਨੂੰ ਇਹ 'ਉਦਾਰ' ਬੁੱਧੀਮਾਨ ਅਮਰੀਕਾ ਜਾਂ ਪੱਛਮੀ ਸਾਮਰਾਜੀ ਮੁਲਕਾਂ ਉੱਪਰ ਕਦੇ ਵੀ ਲਾਗੂ ਕਰਨਗੇ ਜਿਨ੍ਹਾਂ ਰਾਜਾਂ ਦੀ ਤਸਵੀਰ ਇਨ੍ਹਾਂ ਹੀ ਪੱਖਾਂ ਤੋਂ ਹੋਰ ਵੀ ਬਦਤਰ ਹੈ?




ਸਵਾਲ ਇਹ ਹੈ ਕਿ ਜੇਕਰ ਕਿਸੇ ਮੁਲਕ ਦੇ ਤੇਲ ਦੇ ਕੁਦਰਤੀ ਭੰਡਾਰ ਅਮਰੀਕੀ ਧਾੜਵੀ ਪੈਮਾਨੇ ਅਨੁਸਾਰ 'ਸਹੀ' ਵਰਤੋਂ 'ਚ ਨਹੀਂ ਲਿਆਂਦੇ ਜਾ ਰਹੇ ਜਾਂ ਕਿਸੇ ਸਰਕਾਰ ਦੇ ਰਾਜ ਵਿਚ ਆਰਥਕ ਸੰਕਟ ਡੂੰਘਾ ਹੋ ਗਿਆ ਹੈ ਤਾਂ ਅੰਤਰਰਾਸ਼ਟਰੀ ਕਾਨੂੰਨਾਂ ਨੂੰ ਟਿੱਚ ਜਾਣ ਕੇ ਉੱਥੇ ਫ਼ੌਜੀ ਹਮਲਾ ਕਰਨ ਜਾਂ ਰਾਜ ਪਲਟਾ ਕਰਵਾ ਕੇ ਉੱਥੇ ਆਪਣੀ ਪਸੰਦ ਦੀ ਸਰਕਾਰ ਬਣਾਉਣ, ਇਸ ਬਹਾਨੇ ਯੁੱਧ ਛੇੜਨ ਅਤੇ ਨਾਗਰਿਕਾਂ ਦਾ ਕਤਲੇਆਮ ਕਰਨ ਦਾ ਆਪਾਸ਼ਾਹ ਅਧਿਕਾਰ ਅਮਰੀਕੀ ਸਾਮਰਾਜੀ ਸਲਤਨਤ ਨੂੰ ਦੁਨੀਆ ਦਾ ਕਿਹੜਾ ਕਾਨੂੰਨ ਦਿੰਦਾ ਹੈ? ਜਿਸ ਮੁਲਕ ਦੇ ਕੁਦਰਤੀ ਭੰਡਾਰ ਹਨ ਉਹ ਉਨ੍ਹਾਂ ਦੀ ਵਰਤੋਂ ਵੀ ਸੁਚਾਰੂ ਰੂਪ 'ਚ ਕਰ ਲੈਣਗੇ ਅਤੇ ਆਪਣੇ ਆਰਥਕ ਸੰਕਟ ਦਾ ਉਪਾਅ ਵੀ ਸੋਚ ਲੈਣਗੇ। ਸਾਮਰਾਜੀ ਡਕੈਤਾਂ ਨੂੰ ਉਸ ਵਿਚ ਦਖ਼ਲ ਦੇਣ ਦਾ ਕੀ ਅਧਿਕਾਰ ਹੈ?

ਟਰੰਪ ਪ੍ਰਸ਼ਾਸਨ ਨੇ ਤਾਂ ਹੁਣ ਇਹ ਧਾੜਵੀ ਦਾਅਵਾ ਵੀ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਵੈਨਜ਼ੁਏਲਾ ਦੇ ਤੇਲ ਉਦਯੋਗ ਨੂੰ ਅਮਰੀਕਾ ਦੀ ਬੁੱਧੀ ਤੇ ਮਿਹਨਤ ਨੇ ਵਿਕਸਿਤ ਕੀਤਾ ਸੀ ਅਤੇ ਵੈਨਜ਼ੁਏਲਾ ਵੱਲੋਂ ਗ਼ੈਰ-ਡਾਲਰ ਭੁਗਤਾਨ ਪ੍ਰਣਾਲੀਆਂ ਰਾਹੀਂ ਕੱਚਾ ਤੇਲ ਵੇਚਣਾ ਅਮਰੀਕੀ ਜਾਇਦਾਦ ਉੱਪਰ ਡਾਕਾ ਮਾਰਨਾ ਹੈ! ਅਮਰੀਕਾ ਦੀ ਦੁਖਦੀ ਰਗ ਡਾਲਰ ਦੀ ਖੁਰ ਰਹੀ ਸਰਦਾਰੀ ਹੈ। ਇਹ ਜੱਗ ਜ਼ਾਹਿਰ ਹੈ ਕਿ ਵੈਨਜ਼ੁਏਲਾ ਉੱਪਰ ਹਮਲਾ ਲਾਤੀਨੀ ਅਮਰੀਕਾ ਵਿੱਚ ਚੀਨ ਅਤੇ ਰੂਸ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਅਮਰੀਕੀ ਸਾਮਰਾਜਵਾਦ ਦੀ ਆਪਣਾ ਕੰਟਰੋਲ ਮੁੜ ਸਥਾਪਤ ਕਰਨ ਦੀ ਮਾਯੂਸ ਕੋਸ਼ਿਸ਼ ਦਾ ਹਿੱਸਾ ਹੈ। ਟਰੰਪ ਦੀ ਇਹ ਘੋਰ ਧਾੜਵੀ ਹਰਕਤ ਅੰਤਰਰਾਸ਼ਟਰੀ ਕਾਨੂੰਨਾਂ ਦੀ ਸਰੇਆਮ ਉਲੰਘਣਾ ਹੈ। ਇਹ ਅਮਰੀਕੀ ਕਾਨੂੰਨ ਮੁਤਾਬਿਕ ਵੀ ਨਹੀਂ ਹੈ ਜੋ ਕਹਿੰਦਾ ਹੈ ਕਿ ਕੋਈ ਯੁੱਧ ਅਮਰੀਕੀ ਕਾਂਗਰਸ ਦੀ ਨਿਗਰਾਨੀ ਹੇਠ ਹੀ ਛੇੜਿਆ ਜਾ ਸਕਦਾ ਹੈ। ਟਰੰਪ ਨੇ ਇਹ ਰਸਮੀਂ ਮਨਜ਼ੂਰੀ ਲੈਣ ਦੀ ਵੀ ਲੋੜ ਨਹੀਂ ਸਮਝੀ ਅਤੇ ਅਮਰੀਕੀ ਕਾਨੂੰਨ ਦੇ ਅਨੁਸਾਰ 'ਉਚਿਤ ਪ੍ਰਕਿਰਿਆ' ਅਪਣਾਏ ਤੋਂ ਬਿਨਾਂ ਹੀ ਅੰਤਰਰਾਸ਼ਟਰੀ ਸਮੁੰਦਰੀ ਖੇਤਰ ਵਿਚ ਫ਼ੌਜ ਭੇਜਕੇ 110 ਤੋਂ ਵੱਧ ਨਾਗਰਿਕਾਂ ਦੀ ਜਾਨ ਲੈ ਲਈ, ਜੋ ਆਪਣੇ ਆਪ 'ਚ ਹੀ ਜੰਗੀ ਜੁਰਮ ਦੇ ਬਰਾਬਰ ਹੈ।

ਅਮਰੀਕੀ ਸਾਮਰਾਜੀ ਖ਼ਸਲਤ ਦੇ ਮੱਦੇਨਜ਼ਰ ਇਸ ਵਿਚ ਕੁਝ ਵੀ ਹੈਰਾਨੀਜਨਕ ਨਹੀਂ ਹੈ। ਅਮਰੀਕਾ ਦਾ ਵੀਅਤਨਾਮ, ਅਫ਼ਗਾਨਿਸਤਾਨ, ਇਰਾਕ ਸਮੇਤ ਬੇਸ਼ੁਮਾਰ ਨਹੱਕੇ ਯੁੱਧਾਂ ਅਤੇ ਧਾੜਵੀ ਹਮਲਿਆਂ ਦਾ ਬਹੁਤ ਲੰਮਾ ਇਤਿਹਾਸ ਹੈ। ਚਿੱਲੀ, ਗੁਆਟੇਮਾਲਾ, ਪਨਾਮਾ ਵਰਗੇ ਲਾਤੀਨੀ ਅਮਰੀਕੀ ਮੁਲਕਾਂ ਨੂੰ ਵੀ ਬੀਤੇ 'ਚ ਇਸੇ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ। ਝੂਠੇ ਦੋਸ਼ ਲਗਾ ਕੇ ਦੂਜੇ ਮੁਲਕਾਂ ਦੀ ਪ੍ਰਭੂਸੱਤਾ ਨੂੰ ਲਤਾੜਨ ਲਈ ਟਰੰਪ ਆਪਣੇ ਤੋਂ ਪਹਿਲੇ ਰਾਸ਼ਟਰਪਤੀਆਂ ਨੂੰ ਮਾਤ ਪਾ ਰਿਹਾ ਹੈ ਅਤੇ ਆਪਣੇ ਮੌਜੂਦਾ ਕਾਰਜ-ਕਾਲ ਦੇ ਇਕ ਸਾਲ ਤੋਂ ਵੀ ਘੱਟ ਸਮੇਂ 'ਚ ਦੁਨੀਆ ਨੇ ਇਸ ਆਪੇ ਬਣੇ 'ਸ਼ਾਂਤੀ-ਦੂਤ' ਦਾ ਖ਼ੂਨੀ ਚਿਹਰਾ ਬਹੁਤ ਵਾਰ ਦੇਖ ਲਿਆ ਹੈ। ਵੈਨਜ਼ੁਏਲਾ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਇਰਾਨ, ਸੀਰੀਆ ਅਤੇ ਨਾਈਜ਼ੀਰੀਆ ਉੱਪਰ ਹਮਲੇ ਕਰ ਚੁੱਕਾ ਹੈ ਅਤੇ ਟਰੰਪ ਪ੍ਰਸ਼ਾਸਨ ਦੇ ਥਾਪੜੇ, ਗਿਣੀ-ਮਿੱਥੀ ਸਾਜ਼ਿਸ ਅਤੇ ਫ਼ੌਜੀ ਤੇ ਵਿਤੀ ਮੱਦਦ ਨਾਲ ਹੀ ਇਜ਼ਰਾਈਲ ਨੇ ਗਾਜ਼ਾ ਵਿੱਚ ਨਸਲਕੁਸ਼ੀ ਅਤੇ ਤਬਾਹੀ ਜਾਰੀ ਰੱਖੀ ਹੋਈ ਹੈ ਜਿਸ ਦਾ ਨਵਾਂ ਨਾਂ ਹੁਣ ਟਰੰਪ ਦੀ 'ਸ਼ਾਂਤੀ ਯੋਜਨਾ' ਹੈ।

ਸੌ ਸਾਲ ਤੋਂ ਵੱਧ ਸਮੇਂ ਤੋਂ ਅਮਰੀਕਾ ਨੇ ਲਾਤੀਨੀ ਅਮਰੀਕਾ ਉਪਰ ਹਮਲਿਆਂ, ਰਾਜ-ਪਲਟਿਆਂ, ਤਸ਼ੱਦਦ ਅਤੇ ਬਹੁਤ ਹੀ ਜਾਬਰ ਕਠਪੁਤਲੀ ਸਰਕਾਰਾਂ ਨੂੰ ਥਾਪੜਾ ਦੇ ਕੇ ਆਪਣਾ ਦਬਦਬਾ ਬਣਾਈ ਰੱਖਿਆ ਹੈ। ਮੌਜੂਦਾ ਹਮਲਾ ਉਸ ਨੂੰ ਹੋਰ ਵਧਾਉਣ ਅਤੇ ਚੀਨ ਤੇ ਰੂਸ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ ਲਈ ਹੈ। ਟਰੰਪ ਪ੍ਰਸ਼ਾਸਨ ਵੱਲੋਂ ਵੈਨਜ਼ੁਏਲਾ ਵਿਰੁੱਧ ਮਹੀਨਿਆਂ ਤੋਂ ਚੱਲ ਰਹੀ ਜਾਬਰ ਮੁਹਿਮ ਨੂੰ ਇਸ ਬਹਾਨੇ ਜਾਇਜ਼ ਠਹਿਰਾਇਆ ਜਾ ਰਿਹਾ ਹੈ ਕਿ ਵੈਨਜ਼ੁਏਲਾ ਅਤੇ ਇਸ ਦੇ ਪ੍ਰਮੁੱਖ ਹੁਕਮਰਾਨ ਅਮਰੀਕਾ ਵਿਚ "ਨਸ਼ੀਲੇ ਪਦਾਰਥ ਅਤੇ ਮੁਜਰਿਮ ਭੇਜਣ ਲਈ ਜ਼ਿੰਮੇਵਾਰ" ਹਨ ਅਤੇ ਉਨ੍ਹਾਂ ਨੂੰ ਅਮਰੀਕੀ ਲੋਕਾਂ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਟਰੰਪ ਦੇ ਇਹ ਦੋਸ਼ ਪੂਰੀ ਤਰ੍ਹਾਂ ਝੂਠ ਹਨ ਕਿਉਂਕਿ ਨਾ ਤਾਂ ਵੈਨਜ਼ੁਏਲਾ ਫੈਂਟੈਨਾਈਲ ਅਤੇ ਕੋਕੀਨ ਵਰਗੇ ਨਸ਼ੀਲੇ ਪਦਾਰਥਾਂ ਦਾ ਉਤਪਾਦਕ ਹੈ ਅਤੇ ਨਾ ਹੀ ਇਹ ਮੁਲਕ ਨਸ਼ਾ ਤਸਕਰੀ ਦਾ ਕੋਈ ਵੱਡਾ ਲਾਂਘਾ ਹੈ। ਜਿਵੇਂ ਪੀਪਲਜ਼ ਡਿਸਪੈਚ ਦੀ ਰਿਪੋਰਟ ਦਰਸਾਉਂਦੀ ਹੈ, ਵੈਨਜ਼ੁਏਲਾ ਵਿਰੁੱਧ ਅਮਰੀਕੀ ਸਾਮਰਾਜੀਆਂ ਦੀ ਧਾੜਵੀ ਮੁਹਿਮ ਟਰੰਪ ਪ੍ਰਸ਼ਾਸਨ ਤੋਂ ਸ਼ੁਰੂ ਨਹੀਂ ਹੋਈ ਸਗੋ ਇਸਦੀ ਸ਼ੁਰੂਆਤ ਤਾਂ ਹਿਊਗੋ ਚਾਵੇਜ਼ ਸਰਕਾਰ ਵੱਲੋਂ ਆਪਣੇ ਸੰਵਿਧਾਨ ਦੀਆਂ ਵਿਵਸਥਾਵਾਂ ਅਨੁਸਾਰ 'ਆਰਗੈਨਿਕ ਹਾਈਡ੍ਰੋਕਾਰਬਨ ਕਾਨੂੰਨ' ਬਣਾਏ ਜਾਣ 'ਤੇ ਉਸਦੀ ਸਰਕਾਰ ਦਾ ਤਖ਼ਤਾ ਪਲਟ ਦੇਣ ਦੀਆਂ ਕੋਸ਼ਿਸ਼ਾਂ ਦੇ ਰੂਪ 'ਚ 2001 'ਚ ਹੀ ਹੋ ਗਈ ਸੀ। ਇਸ ਕਾਨੂੰਨ ਦੇ ਤਹਿਤ ਤੇਲ ਅਤੇ ਗੈਸ ਦੇ ਕੁਲ ਭੰਡਾਰਾਂ ਉੱਪਰ ਰਾਜ ਦੀ ਮਾਲਕੀ ਸਥਾਪਤ ਕਰਨ ਨੂੰ ਐਕਸਾਨਮੋਬਿਲ ਅਤੇ ਸ਼ੇਵਰਾਨ ਵਰਗੀਆਂ ਧੜਵੈਲ ਅਮਰੀਕੀ ਅਜਾਰੇਦਾਰ ਕੰਪਨੀਆਂ ਭਲਾ ਕਿਵੇਂ ਬਰਦਾਸ਼ਤ ਕਰ ਲੈਂਦੀਆਂ। ਉਨ੍ਹਾਂ ਵੱਲੋਂ ਬੁਸ਼ ਪ੍ਰਸ਼ਾਸਨ ਉੱਪਰ ਚਾਵੇਜ਼ ਸਰਕਾਰ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਦਬਾਅ ਪਾਇਆ ਗਿਆ। ਬੁਸ਼ ਸਰਕਾਰ ਵੱਲੋਂ ਚਾਵੇਜ਼ ਵਿਰੁੱਧ ਕਰੇੜਾ ਕੱਸਣਾ ਸ਼ੁਰੂ ਕਰ ਦਿੱਤਾ ਗਿਆ।

ਅਮਰੀਕੀ ਏਡ ਏਜੰਸੀਆਂ ਵੱਲੋਂ ਉਨ੍ਹਾਂ ਸਮਾਜਿਕ ਅਤੇ ਰਾਜਨੀਤਕ ਗਰੁੱਪਾਂ ਨੂੰ ਧੜਾਧੜ ਫੰਡ ਦਿੱਤੇ ਜਾਣ ਲੱਗੇ ਜੋ ਚਾਵੇਜ਼ ਦੇ 'ਬੋਲੀਵੇਰੀਅਨ ਇਨਕਲਾਬ' ਦੇ ਵਿਰੋਧੀ ਸਨ। ਹਰ ਉਸ ਨਾਮਨਿਹਾਦ ਰਾਜਨੀਤਕ ਧਾਰਾ ਨੂੰ ਖ਼ਤਮ ਕਰ ਦੇਣਾ ਅਮਰੀਕੀ ਹੁਕਮਰਾਨ ਜਮਾਤ ਦਾ ਵਿਚਾਰਧਾਰਕ ਪ੍ਰੋਜੈਕਟ ਹੈ ਜਿਸ ਵਿੱਚੋਂ ਵੀ ਸਮਾਜਵਾਦ ਦਾ ਝਾਉਲ਼ਾ ਪੈਂਦਾ ਹੋਵੇ। 2002 'ਚ ਚਾਵੇਜ਼ ਸਰਕਾਰ ਦਾ ਤਖ਼ਤਾ ਪਲਟਣ ਦੀ ਕੋਸ਼ਿਸ਼ ਕੀਤੀ ਗਈ। ਫਿਰ 2003-2004 'ਚ ਘੋਰ ਪਿਛਾਖੜੀ ਮਾਰੀਆ ਕੋਰਿਨਾ ਮਚਾਡੋ ਦੀ ਅਗਵਾਈ ਵਾਲੇ ਸੁਮਾਤੇ ਗੁੱਟ ਦੀ ਵਿਤੀ ਅਤੇ ਰਾਜਨੀਤਕ ਪੁਸ਼ਤਪਨਾਹੀ ਕਰਕੇ ਚਾਵੇਜ਼ ਦੇ ਜਨ-ਆਧਾਰ ਵਿਚ ਸੰਨ੍ਹ ਲਾਉਣ, ਉਸਦੇ ਧੜੇ 'ਚ ਫੁੱਟ ਪਾਉਣ, ਸੁਮਾਤੇ ਵਰਗੇ ਘੋਰ ਪਿਛਾਖੜੀ ਗਰੁੱਪਾਂ ਨੂੰ ਮਜ਼ਬੂਤ ਕਰਨ ਅਤੇ "ਅਮਰੀਕੀ ਵਪਾਰਕ ਹਿਤਾਂ ਦੀ ਰਾਖੀ" ਲਈ ਪੰਜ-ਨੁਕਾਤੀ ਯੁੱਧਨੀਤੀ ਵਿਕਸਿਤ ਕੀਤੀ ਗਈ। 2015 'ਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਬਾਕਾਇਦਾ ਕਾਰਜਕਾਰੀ ਆਦੇਸ਼ ਉੱਪਰ ਦਸਖ਼ਤ ਕਰਕੇ ਵੈਨਜ਼ੁਏਲਾ ਨੂੰ "ਅਸਾਧਾਰਨ" ਖ਼ਤਰਾ ਐਲਾਨਿਆ ਗਿਆ ਜੋ ਬਾਅਦ ਵਿਚ ਲਗਾਈਆਂ ਗਈਆਂ ਕਾਨੂੰਨੀ ਪਾਬੰਦੀਆਂ ਦਾ ਆਧਾਰ ਬਣਿਆ। ਵੈਨਜ਼ੁਏਲਾ ਦੀ ਅਮਰੀਕੀ ਵਿੱਤੀ ਮੰਡੀਆਂ ਤੱਕ ਪਹੁੰਚ ਬੰਦ ਕਰ ਦਿੱਤੀ ਗਈ। ਅੰਤਰਰਾਸ਼ਟਰੀ ਬੈਂਕਾਂ ਅਤੇ ਸ਼ਿਪਿੰਗ ਕੰਪਨੀਆਂ ਉੱਪਰ ਅਮਰੀਕੀ ਪਾਬੰਦੀਆਂ ਦੀ ਪਾਲਣਾ ਕਰਨ ਲਈ ਸਖ਼ਤ ਦਬਾਅ ਪਾਇਆ ਗਿਆ। ਬੈਂਕ ਆਫ ਇੰਗਲੈਂਡ ਨੇ ਵੈਨਜ਼ੁਏਲਾ ਦੇ ਕੇਂਦਰੀ ਬੈਂਕ ਦੇ ਸੋਨੇ ਦੇ ਭੰਡਾਰ ਜ਼ਬਤ ਕਰ ਲਏ। ਫਿਰ 2019 'ਚ ਅਮਰੀਕੀ ਮਾਨਤਾ-ਪ੍ਰਾਪਤ ਰਾਸ਼ਟਰਪਤੀ ਥਾਪ ਕੇ "ਅੰਤਰਿਮ ਸਰਕਾਰ" ਵੀ ਬਣਾਈ ਗਈ, ਚਾਵੇਜ਼ ਵਿਰੁੱਧ ਬਗ਼ਾਵਤ ਕਰਾਉਣ ਦੀ ਅਸਫ਼ਲ ਕੋਸ਼ਿਸ਼ ਵੀ ਕੀਤੀ ਗਈ। ਵੈਨਜ਼ੁਏਲਾ ਦੀ ਤੇਲ ਵਿਕਰੀ ਠੱਪ ਕਰ ਦਿੱਤੀ ਗਈ ਅਤੇ ਬਦੇਸ਼ਾਂ 'ਚ ਉਸ ਦੀਆਂ ਤੇਲ ਸੰਪਤੀਆਂ ਜ਼ਬਤ ਕੀਤੀਆਂ ਗਈਆਂ। ਤੇਲ ਦੇ ਅੰਤਰਰਾਸ਼ਟਰੀ ਭਾਅ ਘਟਣ ਕਾਰਨ ਵੈਨਜ਼ੁਏਲਾ ਦੀ ਆਰਥਿਕਤਾ ਨੂੰ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਿਆ। ਅਮਰੀਕੀ ਹੁਕਮਰਾਨਾਂ ਨੇ ਇਨ੍ਹਾਂ ਹਾਲਾਤ ਨੂੰ ਸਰਕਾਰ ਵਿਰੁੱਧ ਬੇਚੈਨੀ ਭੜਕਾਉਣ ਲਈ ਵਰਤਿਆ ਅਤੇ ਤੇਲ ਨਾਕਾਬੰਦੀ ਨੂੰ ਵਧੇਰੇ ਸਖ਼ਤ ਕਰਕੇ ਸੰਕਟ ਨੂੰ ਹੋਰ ਜ਼ਰਬਾਂ ਦਿੱਤੀਆਂ। 2020 'ਚ 'ਓਪਰੇਸ਼ਨ ਗਿਡੀਅਨ' ਦੁਆਰਾ ਮਾਦੂਰੋ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਉਸਦੀ ਗ੍ਰਿਫ਼ਤਾਰੀ ਲਈ ਡੇਢ ਕਰੋੜ ਡਾਲਰ ਇਨਾਮ ਵੀ ਰੱਖਿਆ ਗਿਆ ਜੋ ਪਿੱਛੇ ਜਹੇ ਵਧਾ ਕੇ ਪੰਜ ਕਰੋੜ ਡਾਲਰ ਕਰ ਦਿੱਤਾ ਗਿਆ ਸੀ। ਕੋਰੋਨਾ ਮਹਾਮਾਰੀ ਦੌਰਾਨ ਵੈਨਜ਼ੁਏਲਾ ਦੀ ਬਾਂਹ ਮਰੋੜਨ ਲਈ "ਵੱਧ ਤੋਂ ਵੱਧ ਦਬਾਅ" ਦੀ ਨੀਤੀ ਲਾਗੂ ਕੀਤੀ ਗਈ। 2025 'ਚ ਅਮਰੀਕਾ ਦੇ ਫ਼ੌਜੀ ਹਮਲੇ ਦੀ ਮੂੰਹਫਟ ਵਕਾਲਤ ਕਰਨ ਵਾਲੀ ਫਾਸ਼ਿਸਟ ਆਗੂ ਮਾਰੀਆ ਕੋਰਿਨਾ ਮਚਾਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇ ਕੇ ਹਰਮਨਪਿਆਰੀ ਵਿਰੋਧੀ-ਧਿਰ ਆਗੂ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਜਿਸਨੇ ਹੁਣ ਇਹ ਪੁਰਸਕਾਰ ਟਰੰਪ ਦੀ ਝੋਲ਼ੀ

ਪਾ ਦਿੱਤਾ ਹੈ। 2025 ’ਚ ਵੈਨਜ਼ੁਏਲਾ ਦੇ ਸਮੁੰਦਰੀ ਖੇਤਰ ਵਿਚ ਛੋਟੀਆਂ ਕਿਸ਼ਤੀਆਂ ਉੱਪਰ ਹਮਲੇ ਕੀਤੇ ਗਏ, ਵੈਨਜ਼ੁਏਲਾ ਦੀ ਨਾਕਾਬੰਦੀ ਲਈ ਸਭ ਤੋਂ ਤਾਕਤਵਰ ਸਮੁੰਦਰੀ ਫ਼ੌਜੀ ਬੇੜਾ ਭੇਜਿਆ ਗਿਆ ਅਤੇ ਵੈਨਜ਼ੁਏਲਾ ਤੋਂ ਆਉਣ ਵਾਲੇ ਤੇਲ ਟੈਂਕਰ ਜ਼ਬਤ ਕੀਤੇ ਗਏ।

ਦਸੰਬਰ ਦੇ ਸ਼ੁਰੂ ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਪ੍ਰਕਾਸ਼ਿਤ ਕੀਤੀ “ਟਰੰਪ ਕੋਰੋਲਰੀ” ਵਿੱਚ ਤਾਂ ਇਹ ਸਾਮਰਾਜੀ ਮਨਸੂਬਾ ਹੋਰ ਵੀ ਸਪਸ਼ਟ ਹੈ ਜਿਸ ਵਿਚ ਕਿਹਾ ਗਿਆ ਕਿ ਪੱਛਮੀ ਅਰਧ-ਗੋਲੇ ਉੱਪਰ ਅਮਰੀਕਾ ਦਾ ਰਾਜਨੀਤਿਕ, ਆਰਥਕ, ਵਪਾਰਕ ਅਤੇ ਫ਼ੌਜੀ ਤੌਰ ’ਤੇ ਕੰਟਰੋਲ ਹੋਣਾ ਚਾਹੀਦਾ ਹੈ। ਯਾਨੀ ਇਸ ਖੇਤਰ ਵਿੱਚ ਊਰਜਾ ਅਤੇ ਖਣਿਜ ਭੰਡਾਰਾਂ ਤੱਕ ਪਹੁੰਚ ਹਾਸਲ ਕਰਨ ਲਈ ਅਮਰੀਕੀ ਫ਼ੌਜ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਾਦੁਰੋ ਨੂੰ ਅਗਵਾ ਕਰਨ ਤੋਂ ਕੁਝ ਘੰਟੇ ਬਾਅਦ ਕੀਤੀ ਗਈ ਪ੍ਰੈੱਸ ਕਾਨਫਰੰਸ ਵਿਚ ਟਰੰਪ ਨੇ 19ਵੀਂ ਸਦੀ ਦੇ ‘ਮੁਨੇਰੋ ਮੱਤ’ ਦਾ ਹਵਾਲਾ ਦਿੱਤਾ, ਜਿਸਦੀ ਵਰਤੋਂ ਲਾਤੀਨੀ ਅਮਰੀਕਾ ਵਿੱਚ ਅਮਰੀਕੀ ਫ਼ੌਜੀ ਤਾਕਤ ਦੀ ਧਾਂਕ ਜਮਾਉਣ ਲਈ ਕੀਤੀ ਗਈ ਸੀ। ਇਸਨੂੰ “ਡੌਨ-ਰੋ ਮੱਤ” ਨਾਂ ਦਿੰਦਿਆਂ ਉਸਨੇ ਕਿਹਾ: “ਪੱਛਮੀ ਅਰਧ-ਗੋਲੇ ਵਿੱਚ ਅਮਰੀਕੀ ਸਰਦਾਰੀ ਉੱਪਰ ਹੁਣ ਕਦੇ ਵੀ ਸਵਾਲ ਨਹੀਂ ਉਠਾਇਆ ਜਾਵੇਗਾ।

ਇਹ ਸੰਖੇਪ ਵੇਰਵਾ ਇਹ ਸਮਝਣ ਲਈ ਕਾਫ਼ੀ ਹੈ ਕਿ ਅਮਰੀਕੀ ਹੁਕਮਰਾਨ ਢਾਈ ਦਹਾਕਿਆਂ ਤੋਂ ਵੈਨਜ਼ੁਏਲਾ ਨੂੰ ਕਬਜ਼ੇ ’ਚ ਲੈਣ ਦੀਆਂ ਤਿਆਰੀਆਂ ਕਰ ਰਹੇ ਸਨ। ਵੈਨਜ਼ੁਏਲਾ ਉੱਤੇ ਹਮਲਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਇਸ ਮੁਲਕ ਕੋਲ ਦੁਨੀਆ ਦੇ ਸਭ ਤੋਂ ਵੱਡੇ ਤੇਲ ਭੰਡਾਰ ਹਨ ਅਤੇ ਵੈਨਜ਼ੁਏਲਾ ਦਾ ਕੱਚਾ ਤੇਲ ਅਮਰੀਕਾ ਦੇ ਮੈਕਸੀਕੋ ਖਾੜੀ ਵਿਚਲੇ ਤੇਲ-ਸੋਧਕ ਪਲਾਂਟਾਂ ਲਈ ਖ਼ਾਸ ਤੌਰ ’ਤੇ ਲਾਹੇਵੰਦ ਹੈ। ਵੈਨਜ਼ੁਏਲਾ ਅਮਰੀਕੀ ਸਾਮਰਾਜੀਆਂ ਨੂੰ ਇਸ ਕਰਕੇ ਵੀ ਰੜਕਦਾ ਸੀ ਕਿ ਉਹ ਤੇਲ ਦੇ ਕਾਰੋਬਾਰ ਦਾ ਭੁਗਤਾਨ ਗੈਰ-ਡਾਲਰ ਭੁਗਤਾਨ ਪ੍ਰਣਾਲੀਆਂ ਰਾਹੀਂ ਕਰਨ ਦਾ ਹਿੱਸਾ ਬਣ ਗਿਆ ਸੀ। ਇਸੇ ਕਾਰਨ ਅਮਰੀਕੀ ਸਾਮਰਾਜੀਏ ਲੰਮੇ ਸਮੇਂ ਤੋਂ ਮਾਦੁਰੋ ਸਰਕਾਰ ਨੂੰ ਡੇਗਣ ਅਤੇ ਉੱਥੇ ਅਮਰੀਕਾ-ਪੱਖੀ ਸਰਕਾਰ ਸਥਾਪਤ ਕਰਨ ਦੀਆਂ ਸਾਜ਼ਿਸ਼ਾਂ ’ਚ ਜੁਟੇ ਹੋਏ ਸਨ, ਤਾਂ ਜੋ ਅਜਾਰੇਦਾਰ ਅਮਰੀਕੀ ਤੇਲ ਕੰਪਨੀਆਂ ਨੂੰ ਵੈਨਜ਼ੁਏਲਾ ਦੇ ਤੇਲ ਦੇ ਭੰਡਾਰ ਲੁੱਟਣ ਦੀ ਖੁੱਲ੍ਹੀ ਛੁੱਟੀ ਮਿਲ ਸਕੇ।

ਟਰੰਪ ਦਾ ਪੂਰੀ ਤਰ੍ਹਾਂ ਗ਼ੈਰਕਾਨੂੰਨੀ ਅਤੇ ਨਿਧੜਕ ਹਮਲਾ ਸਿਰਫ਼ ਵੈਨਜ਼ੁਏਲਾ ਦੇ ਕੁਦਰਤੀ ਭੰਡਾਰਾਂ ਉੱਪਰ ਕਾਬਜ਼ ਹੋਣ ਤੱਕ ਸੀਮਤ ਨਹੀਂ ਹੈ। ਇਹ ਪੂਰੇ ਮਹਾਂਦੀਪ ਉੱਪਰ ਉਸ ਵਕਤ ਆਪਣੇ ਸਾਮਰਾਜੀ ਦਬਦਬੇ ਅਤੇ ਕੰਟਰੋਲ ਨੂੰ ਸਿਫ਼ਤੀ ਤੌਰ ’ਤੇ ਵਧਾਉਣ ਦੀ ਕੋਸ਼ਿਸ਼ ਹੈ ਜਦੋਂ ਸੰਸਾਰ ਗ਼ਲਬੇ ਲਈ ਅਮਰੀਕਾ ਨੂੰ ਆਪਣੇ ਮੁੱਖ ਸਾਮਰਾਜਵਾਦੀ ਸ਼ਰੀਕ ਚੀਨ, ਅਤੇ ਉਸਦੇ ਜੋਟੀਦਾਰ ਰੂਸ, ਦਾ ਸਖ਼ਤ ਮੁਕਾਬਲਾ ਕਰਨਾ ਪੈ ਰਿਹਾ ਹੈ। ਪਿਛਲੇ ਦਹਾਕੇ ’ਚ ਚੀਨ ਨੇ ਲਾਤੀਨੀ ਅਮਰੀਕਾ ਵਿੱਚ ਆਪਣਾ ਵਪਾਰ, ਪੂੰਜੀ-ਨਿਵੇਸ਼ ਅਤੇ ਮੱਦਦ ਕਾਫ਼ੀ ਵਧਾ ਲਈ ਹੈ। ਸੜਕਾਂ, ਦੂਰਸੰਚਾਰ ਨੈੱਟਵਰਕ ਆਦਿ ਬੁਨਿਆਦੀ ਢਾਂਚਾਗਤ ਯੋਜਨਾਵਾਂ ਲਈ ਚੀਨ ਨੇ ਵਾਹਵਾ ਫੰਡ ਮੁਹੱਈਆ ਕਰਵਾਏ ਹਨ। ਅਮਰੀਕੀ ਪ੍ਰਸ਼ਾਸਨ ਦਾ ਇਰਾਦਾ ਚੀਨ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ, ਸੀਮਤ ਕਰਨ ਅਤੇ ਪਿੱਛੇ ਧੱਕਣ ਦਾ ਹੈ। ਟਰੰਪ ਵੈਨਜ਼ੁਏਲਾ ਦੀ ਮੌਜੂਦਾ ਸਰਕਾਰ ਉੱਪਰ ਚੀਨ ਅਤੇ ਹੋਰ ਮੁੱਖ ਵਿਰੋਧੀ ਤਾਕਤਾਂ ਨਾਲੋਂ ਸੰਬੰਧ ਤੋੜਨ ਲਈ ਦਬਾਅ ਪਾ ਰਿਹਾ ਹੈ। ਮਾਦੁਰੋ ਨੂੰ ਅਗਵਾ ਕੀਤੇ ਜਾਣ ਤੋਂ ਬਾਅਦ ਚੀਨ ਦੇ ਹਾਕਮ ਰਸਮੀਂ ਨਿਖੇਧੀ ਤੋਂ ਅੱਗੇ ਨਹੀਂ ਵਧੇ ਜਦਕਿ ਚੀਨ ਵੈਨਜ਼ੁਏਲਾ ਦੇ ਤੇਲ ਦਾ ਵੱਡਾ ਖ਼ਰੀਦਦਾਰ ਹੋਣ ਕਾਰਨ ਇਹ ਤੇਲ ਸਰੋਤ ਉਸ ਲਈ ਬਹੁਤ ਮਹੱਤਵਪੂਰਨ ਹਨ। ਇਹ ਭਵਿੱਖ ’ਚ ਸਾਹਮਣੇ ਆਵੇਗਾ ਕਿ ਚੀਨ ਅਮਰੀਕੀ ਸਾਮਰਾਜੀਆਂ ਨਾਲ ਸਿੱਧੇ ਟਕਰਾਅ ਤੋਂ ਇਸੇ ਤਰ੍ਹਾਂ ਦੂਰੀ ਬਣਾਈ ਰੱਖਦਾ ਹੈ ਜਾਂ ਆਪਣੇ ਹਿਤ ਸੁਰੱਖਿਅਤ ਕਰਨ ਲਈ ਕੋਈ ਸਖ਼ਤ ਪੈਂਤੜਾ ਲੈਣਾ ਜ਼ਰੂਰੀ ਸਮਝਦਾ ਹੈ।

ਟਰੰਪ ਸਰਕਾਰ ਦੀ ‘ਰਾਸ਼ਟਰੀ ਸੁਰੱਖਿਆ ਨੀਤੀ’ ਪੱਛਮੀ ਅਰਧ-ਗੋਲੇ - ਜਿਸ ਵਿਚ ਕੈਨੇਡਾ ਅਤੇ ਗ੍ਰੀਨਲੈਂਡ ਵੀ ਸ਼ਾਮਲ ਹੈ - ਵਿੱਚ ਸੰਯੁਕਤ ਰਾਜ ਅਮਰੀਕਾ ਦੀ ਸਰਵਉੱਚਤਾ ਨੂੰ ਆਪਣੀ ਸੁਰੱਖਿਆ ਅਤੇ ਖ਼ੁਸ਼ਹਾਲੀ ਦੀ ਸ਼ਰਤ ਦੇ ਰੂਪ ’ਚ ਦੇਖਦੀ ਹੈ। ਅਮਰੀਕੀ ਹਾਕਮ ਜਮਾਤ ਦਾ ਇਹ ਫਾਸ਼ਿਸਟ ਗੁੱਟ ਪੂਰੇ ਪੱਛਮੀ ਅਰਧ-ਗੋਲੇ ਨੂੰ ਅਮਰੀਕਾ ਦੇ “ਮੁਹੱਲੇ” ਸਮਝਦਾ ਹੈ ਅਤੇ ਇੱਥੇ ਉਹ ਮੁਕੰਮਲ ਫ਼ੌਜੀ ਅਤੇ ਆਰਥਕ ਕੰਟਰੋਲ ਕਾਇਮ ਕਰਨ ਲਈ ਤਾਹੂ ਹੈ। ਟਰੰਪ ਅਤੇ ਰੂਬੀਓ ਨੇ ਕਿਊਬਾ ਅਤੇ ਕੋਲੰਬੀਆ ਨੂੰ ਸਰੇਆਮ ਧਮਕੀ ਦਿੱਤੀ ਹੈ ਕਿ ਉਹ ਲੀਹ ’ਤੇ ਆ ਜਾਣ, ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ। ਟਰੰਪ ਦੇ ਇਨ੍ਹਾਂ ਘੋਰ ਜੰਗਬਾਜ਼ ਤੇਵਰਾਂ ਤੋਂ ਜਾਪਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਅਮਰੀਕੀ ਸਾਮਰਾਜਵਾਦ ਹੋਰ ਲਾਤੀਨੀ ਅਮਰੀਕੀ ਮੁਲਕਾਂ ਵਿਰੁੱਧ ਵੀ ਹਮਲੇ ਵਿੱਢ ਸਕਦਾ ਹੈ। ਮਾਦੁਰੋ ਨੂੰ ਅਗਵਾ ਕਰ ਲੈਣ ਤੋਂ ਬਾਅਦ ਵੀ ਵੈਨਜ਼ੁਏਲਾ ਦਾ ਹਕੂਮਤੀ ਢਾਂਚਾ ਬਰਕਰਾਰ ਹੈ। ਕੀ ਟਰੰਪ ਹੋਰ ਹਮਲੇ ਕਰਕੇ ਮੌਜੂਦਾ ਹਕੂਮਤ ਨੂੰ ਪੂਰੀ ਤਰ੍ਹਾਂ ਤੋੜਕੇ ਨਵੀਂ ਸਰਕਾਰ ਬਣਾਏਗਾ ਜਾਂ ਤੇਲ ਦੀ ਨਾਕਾਬੰਦੀ ਜਾਰੀ ਰੱਖਕੇ ਵੈਨਜ਼ੁਏਲਾ ਨੂੰ ਚਲਾਏਗਾ ਜਿਵੇਂ ਉਸਦੇ ਵਜ਼ੀਰ ਮਾਰਕੋ ਰੂਬੀਓ ਨੇ ਸਪਸ਼ਟੀਕਰਨ ਦਿੱਤਾ ਹੈ ? ਟਰੰਪ ਦਾ ਵੈਨਜ਼ੁਏਲਾ ਦੇ ਰਾਜ ਪ੍ਰਬੰਧ ਨੂੰ ਚਲਾਉਣ ਦਾ ਦਾਅਵਾ ਅਮਲ ’ਚ ਸਾਕਾਰ ਹੋ ਸਕੇਗਾ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਫ਼ਿਲਹਾਲ ਵੈਨਜ਼ੁਏਲਾ ਦੀ ਸਰਕਾਰ ਨੇ ਇਸ ਹਮਲੇ ਦਾ ਜ਼ੁਅਰਤ ਨਾਲ ਮੁਕਾਬਲਾ ਕਰਕੇ ਪ੍ਰਸ਼ਾਸਨ ਨੂੰ ਸਥਿਰ ਕਰ ਲਿਆ ਹੈ ਅਤੇ ਲੰਮੇ ਸਮੇਂ ’ਚ ਅਮਰੀਕੀ ਧਾੜਵੀਆਂ ਨੂੰ ਵੀਅਤਨਾਮ, ਅਫ਼ਗਾਨਿਸਤਾਨ ਵਾਂਗ ਵੈਨਜ਼ੁਏਲਾ ’ਚ ਵੀ ਮੂੰਹ ਦੀ ਖਾਣੀ ਪਵੇਗੀ।

ਦੁਨੀਆ ਵਿਚ ਟਰੰਪ ਪ੍ਰਸ਼ਾਸਨ ਦੇ ਇਸ ਧਾੜਵੀ ਹਮਲੇ ਦਾ ਜ਼ੋਰਦਾਰ ਵਿਰੋਧ ਹੋ ਰਿਹਾ ਹੈ। ਨਵੰਬਰ 2025 ’ਚ ਸੀਬੀਐੱਸ ਦੇ ਨਿਊਜ਼ਪੋਲ ਵਿਚ ਸਿਰਫ਼ 13% ਅਮਰੀਕਾ ਨਿਵਾਸੀਆਂ ਨੇ ਵੈਨਜ਼ੁਏਲਾ ਨੂੰ ‘ਵੱਡਾ ਸੁਰੱਖਿਆ ਖ਼ਤਰਾ’ ਕਿਹਾ ਸੀ ਜਦਕਿ 70% ਨੇ ਅਮਰੀਕਾ ਵੱਲੋਂ ਫ਼ੌਜੀ ਕਾਰਵਾਈ ਕੀਤੇ ਜਾਣ ਨਾਲ ਅਸਹਿਮਤੀ ਪ੍ਰਗਟਾਈ ਸੀ। ਹੁਣ ਵੀ ਟਰੰਪ ਵੱਲੋਂ ਵਿੱਢੇ ਹਮਲੇ ਵਿਰੁੱਧ ਅਮਰੀਕਾ ਵਿਚ ਰੋਹ ਭਰੇ ਮੁਜ਼ਾਹਰੇ ਹੋ ਰਹੇ ਹਨ। ਪਰ ਭਾਰਤ ਦੀ ਸੱਤਾ ਉੱਪਰ ਕਾਬਜ਼ ਹਿੰਦੂਤਵ ਹਕੂਮਤ ਇਸ ਸਾਮਰਾਜੀ ਡਕੈਤੀ ਦੀ ਨਿਖੇਧੀ ਕਰਨ ਦੀ ਬਜਾਏ ਆਪਣੀ ਸਾਮਰਾਜੀ ਜੀ-ਹਜ਼ੂਰੀ ਦੀ ਘਿਣਾਉਣੀ ਵਿਰਾਸਤ ਅਨੁਸਾਰ ਝੂਠੀ ਫ਼ਿਕਰਮੰਦੀ ਦਿਖਾਕੇ ਅਤੇ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਗੋਲਮੋਲ ਬਿਆਨਬਾਜ਼ੀ ਕਰਕੇ ਹਮੇਸ਼ਾ ਵਾਂਗ ਟਰੰਪ ਦੀ ਸਾਮਰਾਜੀ ਧੌਂਸ ਦਾ ਸਾਥ ਦੇ ਰਹੀ ਹੈ।

ਜਿੱਥੋਂ ਤੱਕ ਸੰਯੁਕਤ ਰਾਸ਼ਟਰ ਦਾ ਸਵਾਲ ਹੈ, ਦੁਨੀਆ ਦੀ ਸ਼ਾਂਤੀ ਅਤੇ ਸੁਰੱਖਿਆ ਦੇ ਵਾਅਦੇ ਤਹਿਤ ਬਣਾਏ ਇਸ ਅੰਤਰਰਾਸ਼ਟਰੀ ਮੰਚ ਦਾ ਅਮਰੀਕਾ ਦੇ ਧਾੜਵੀ ਹਮਲਿਆਂ ਸੰਬੰਧੀ ਬੇਹਰਕਤ ਰਹਿਣਾ ਨਵੀਂ ਗੱਲ ਨਹੀਂ ਹੈ। ਯੂ.ਐੱਨ. ਸੁਰੱਖਿਆ ਕੌਂਸਲ ਬਣਾਈ ਹੀ ਇਸ ਤਰ੍ਹਾਂ ਗਈ ਹੈ ਕਿ ਜੇਕਰ ਪੰਜ ਸਥਾਈ ਮੈਂਬਰ ਤਾਕਤਾਂ ਚੋਂ ਕੋਈ ਯੂ.ਐੱਨ. ਦੁਆਰਾ ਸਥਾਪਤ ਕੀਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਕੇ ਹਮਲਾ ਕਰਦਾ ਹੈ ਤਾਂ ਸੁਰੱਖਿਆ ਕੌਂਸਲ ਕੋਈ ਦਖ਼ਲ ਨਹੀਂ ਦਿੰਦੀ। ਇਹੀ ਵੈਨਜ਼ੁਏਲਾ ਦੇ ਮਾਮਲੇ ’ਚ ਵਾਪਰਿਆ ਹੈ।

ਟਰੰਪ ਪ੍ਰਸ਼ਾਸਨ ਦੀ ਐਲਾਨੀਆ ਟੇਕ ਖੁੱਲ੍ਹੀ ਹਿੰਸਾ ਅਤੇ ਦਹਿਸ਼ਤ ਨਾਲ ਰਾਜ ਕਰਨ ਉੱਪਰ ਹੋਣ ਕਾਰਨ ਜਿਵੇਂ ਗਾਜ਼ਾ ਵਿਚ ਨਸਲਕੁਸ਼ੀ ਵਿਰੁੱਧ ਆਵਾਜ਼ ਉਠਾਉਣ ਵਾਲੇ ਪ੍ਰਦਰਸ਼ਨਕਾਰੀਆਂ ਨੂੰ ਵਹਿਸ਼ੀ ਹਿੰਸਾ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ ਗਈ, ਉਸੇ ਤਰ੍ਹਾਂ ਹੁਣ ਵੀ ਫਾਸ਼ੀਵਾਦੀ ਸਰਕਾਰ ਵੈਨਜ਼ੁਏਲਾ ਉੱਪਰ ਹਮਲੇ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਨੂੰ ਕੁਚਲਣ ਦੀ ਘਿਣਾਉਣੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਮਰੀਕਾ ਦੇ ਲੋਕਾਂ ਦਾ ਇਕ ਗਿਣਨਯੋਗ ਹਿੱਸਾ ਇਸ ਨੂੰ ਲੈ ਕੇ ਫ਼ਿਕਰਮੰਦ ਹੈ ਕਿ ਟਰੰਪ-ਰੂਬੀਓ ਹੁਕਮਰਾਨ ਗੁੱਟ ਜਿਸ ਤਰ੍ਹਾਂ ਦੀਆਂ ਕਾਰਵਾਈਆਂ ਕਰ ਰਿਹਾ ਹੈ ਉਹ ਕਿਸੇ ਵੀ ਰੂਪ ’ਚ ਅਮਰੀਕਾ ਦੇ ਹਿਤ ਵਿਚ ਨਹੀਂ। ਪਰ ਇਹ ਬੁੜ-ਬੁੜ ਹੀ ਕਾਫ਼ੀ ਨਹੀਂ ਹੈ। ਅਸਹਿਮਤੀ ਦੀ ਇਸ ਆਵਾਜ਼ ਨੂੰ ਵਿਆਪਕ ਵਿਰੋਧ ਲਹਿਰ ਵਿਚ ਬਦਲਣ ਦੀ ਲੋੜ ਹੈ। ਫਿਰ ਹੀ ਇਹ ਅਸਹਿਮਤੀ ਟਰੰਪ ਦੀ ਘੋਰ ਧਾੜਵੀ ਨੀਤੀ ਵਿਰੁੱਧ ਅਸਰਦਾਰ ਠੱਲ-ਪਾਊ ਭੂਮਿਕਾ ਨਿਭਾ ਸਕਦੀ ਹੈ।

ਮਾਦੁਰੋ ਦੇ ਰੱਖਿਆ ਮੰਤਰੀ ਅਤੇ ਕਾਰਜਕਾਰੀ ਰਾਸ਼ਟਰਪਤੀ ਨੇ ਅਮਰੀਕਾ ਦੇ ਟਾਕਰੇ ਲਈ ਡੱਟੇ ਰਹਿਣ ਦਾ ਐਲਾਨ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਵੈਨਜ਼ੁਏਲਾ ਜਾਂ ਲਾਤੀਨੀ ਅਮਰੀਕਾ ਨੇ ਕਦੇ ਵੀ ਅਮਰੀਕੀ ਸਾਮਰਾਜੀ ਧੌਂਸ ਅੱਗੇ ਗੋਡੇ ਨਹੀਂ ਟੇਕੇ। ਹੁਣ ਵੀ ਲਾਤੀਨੀ ਅਮਰੀਕੀ ਲੋਕ ਸਾਮਰਾਜੀ ਡਕੈਤੀ ਦੇ ਬਿਰਤਾਂਤ ਅੱਗੇ ਨਹੀਂ ਝੁਕਣਗੇ ਅਤੇ ਸੜਕਾਂ ਉੱਪਰ ਆ ਕੇ ਟਰੰਪ ਦੇ ਸਾਮਰਾਜੀ ਮਨਸੂਬਿਆਂ ਦਾ ਟਾਕਰਾ ਕਰਨਗੇ।

# ਜਾਸੂਸੀ ਤੋਂ ਬਦਲੇ ਤੱਕ

**- ਡਾ. ਜਸਬੀਰ ਸਿੰਘ ਔਲਖ**

ਪਿਛਲੇ ਦਿਨੀਂ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੱਲੋਂ ਨੌਜਵਾਨਾਂ ਦੇ ਇੱਕ ਸਮਾਗਮ ਵਿੱਚ ਕਹੀਆਂ ਕਈ ਗੱਲਾਂ ਨੇ ਸਾਰੇ ਮੁਲਕ ਦਾ ਧਿਆਨ ਖਿੱਚਿਆ ਹੈ। ਉਹਨਾਂ ਆਪਣੇ ਭਾਸ਼ਨ ਵਿੱਚ ਅਸਿੱਧੇ ਰੂਪ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਜ਼ਬੂਤ ਲੀਡਰਸ਼ਿਪ ਨੂੰ ਇਹ ਕਹਿਕੇ ਵਡਿਆਇਆ ਹੈ ਕਿ ਜਦੋਂ ਸ਼ੇਰ ਭੇਡਾਂ ਦੀ ਅਗਵਾਈ ਕਰੇ ਤਾਂ ਨਤੀਜੇ ਵਧੀਆ ਨਿਕਲਦੇ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਇਹ ਵੀ ਯਾਦ ਕਰਵਾਇਆ ਕਿ ਇਤਿਹਾਸ ਵਿੱਚ ਸਾਡੇ ਤੇ ਹਮਲੇ ਹੋਏ ਅਤੇ ਮੰਦਰਾਂ ਨੂੰ ਤੋੜਿਆ ਗਿਆ ਅਤੇ ਨੌਜਵਾਨਾਂ ਨੂੰ ਬਦਲਾ ਲੈਣ ਲਈ ਤਿਆਰ ਰਹਿਣਾਂ ਚਾਹੀਦਾ ਹੈ। ਅੱਗੇ ਚੱਲਕੇ ਉਹਨਾਂ ਇਹ ਵੀ ਯਾਦ ਕਰਵਾਇਆ ਕਿ ਬਦਲਾ ਦੀ ਭਾਵਨਾ ਭਾਵੇਂ ਸਹੀ ਨਹੀਂ ਹੈ ਪਰ ਪ੍ਰਤੀਸੋਧ ਦੀ ਭਾਵਨਾ ਤਾਂ ਨੌਜਵਾਨਾਂ ਵਿੱਚ ਰਹਿਣੀ ਚਾਹੀਦੀ ਹੈ। ਅਜੀਤ ਡੋਵਾਲ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੋਂ ਬਾਅਦ ਤੀਸਰੀ ਸਭ ਤੋਂ ਵੱਧ ਤਾਕਤਵਰ ਸ਼ਖ਼ਸੀਅਤ ਹਨ। ਜਿੱਥੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਿਆਸੀ ਸ਼ਖ਼ਸੀਅਤ ਹਨ, ਉੱਥੇ ਕੌਮੀ ਸੁਰੱਖਿਆ ਸਲਾਹਕਾਰ ਦਾ ਅਹੁਦਾ ਸਿਆਸਤ ਤੋਂ ਨਿਰਲੇਪ ਹੁੰਦਾ ਹੈ ਜਿਸਨੇ ਆਪਣੀਂ ਪੇਸ਼ੇਵਾਰਾਨਾ ਡਿਊਟੀ ਨਿਭਾਉਣੀਂ ਹੁੰਦੀ ਹੈ ਨਾਂ ਕਿ ਸੱਤਾ ਤੇ ਕਾਬਜ਼ ਸਖ਼ਸੀਅਤ ਦੀ ਵਿਚਾਰਧਾਰਾ ਅਤੇ ਉਸਦੇ ਨਿੱਜੀ ਅਕਸ ਨੂੰ ਚਮਕਾਉਣ ਦਾ ਕੰਮ ਕਰਨਾਂ ਚਾਹੀਦਾ ਹੈ। ਇੱਕ ਵਾਰ ਭਾਰਤੀ ਫ਼ੌਜ ਦੇ ਪਹਿਲੇ ਚੀਫ਼ ਆਫ਼ ਆਰਮੀ ਸਟਾਫ਼ ਜਨਰਲ ਕਰਿਅੱਪਾ ਨੇ 02.05.1949 ਨੂੰ ਦੇਹਰਾਦੂਨ ਵਿਖੇ ਦਿੱਤੀ ਇੱਕ ਇੰਟਰਵਿਊ ਵਿੱਚ ਕਿਹਾ ਸੀ, ‘ਭਾਰਤ ਨੇ ਪੰਡਿਤ ਨਹਿਰੂ ਦੀ ਅਗਵਾਈ ਵਿੱਚ ਐਨੇ ਥੋੜੇ ਸਮੇਂ ਵਿੱਚ ਭਾਰਤ ਨੇ ਜੋ ਤਰੱਕੀ ਕੀਤੀ ਹੈ ਉਸਦੀ ਮਿਸਾਲ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਪਿਛਲੀ ਲੰਡਨ ਵਿੱਚ ਹੋਈ ਕਾਮਨਵੈਲਥ ਕਾਨਫਰੰਸ ਨੇ ਪ੍ਰਧਾਨ ਮੰਤਰੀ ਦਾ ਕੱਦ ਬਹੁਤ ਉੱਚਾ ਕਰ ਦਿੱਤਾ ਹੈ।’ ਜਵਾਹਰ ਲਾਲ ਨਹਿਰੂ ਨੇ ਇਸ ਤੇ ਆਪਣੀਂ ਨਾਖੁਸ਼ੀ ਪ੍ਰਗਟ ਕਰਦਿਆਂ ਮਿਤੀ 29 ਮਈ 1949 ਨੂੰ ਜਨਰਲ ਕਰਿਅੱਪਾ ਨੂੰ ਲਿਖੇ ਪੱਤਰ ਵਿੱਚ ਲਿਖਿਆ, ‘ਤਿੰਨ ਹਫ਼ਤੇ ਪਹਿਲਾਂ ਤੁਸੀਂ ਇੱਕ ਬਿਆਨ ਵਿੱਚ ਮੇਰੇ ਵੱਲੋਂ ਕਾਮਨਵੈਲਥ ਕਾਨਫਰੰਸ ਦੌਰਾਨ ਨਿਭਾਏ ਰੋਲ ਦੀ ਵਧਾਈ ਦਿੱਤੀ ਸੀ। ਇਸਤੋਂ ਅੱਗੇ ਜਾਕੇ ਤੁਸੀਂ ਮੌਜੂਦਾ ਲੀਡਰਸ਼ਿਪ ਦੀ ਅਗਵਾਈ ਵਿੱਚ ਮੁਲਕ ਵੱਲੋਂ ਕੀਤੀ ਤਰੱਕੀ ਵੱਲ ਵੀ ਧਿਆਨ ਖਿੱਚਿਆ ਸੀ। ਇਸ ਲਈ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਪਰ ਇਸ ਨਾਲ ਇੱਕ ਮਹੱਤਵਪੂਰਨ ਨੁਕਤਾ ਜੁੜਿਆ ਹੋਇਆ ਹੈ ਅਤੇ ਮੀਡੀਆ ਨੇ ਵੀ ਇਸਨੂੰ ਉਭਾਰਿਆ ਹੈ। ਕੀ ਸਿਵਲ ਅਤੇ ਫ਼ੌਜੀ ਅਧਿਕਾਰੀਆਂ ਨੂੰ ਜਨਤਕ ਤੌਰ ’ਤੇ ਸਿਆਸੀ ਮੁੱਦਿਆਂ ਤੇ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੀਦੇ ਹਨ ? ਕੀ ਉਹਨਾਂ ਨੂੰ ਆਪਣੇ ਕੰਮ ਨਾਲ ਸੰਬੰਧਿਤ ਮੁੱਦਿਆਂ ਤੋਂ ਬਿਨਾਂ ਸਾਮਾਜਕ ਜਾਂ ਸਭਿਆਚਾਰਿਕ ਵਿਸ਼ਿਆਂ ਤੇ ਜਨਤਕ ਤੌਰ ਤੇ ਬੋਲਣਾਂ ਚਾਹੀਦਾ ਹੈ ? ਜੋ ਤੁਸੀਂ ਕਿਹਾ ਹੈ ਉਹ ਭਾਵੇਂ ਵੇਖਣ ਨੂੰ ਨੁਕਸਾਨ ਰਹਿਤ ਲੱਗਦਾ ਹੈ ਪਰ ਇਹਨਾਂ ਗੱਲਾਂ ਦੇ ਸਿਆਸੀ ਮਾਅਨੇ ਨਿਕਲਣ ਦਾ ਖਤਰਾ ਬਣਿਆ ਰਹਿੰਦਾ ਹੈ। ਕਿਸੇ ਅਫ਼ਸਰ ਵੱਲੋਂ ਸਰਕਾਰ ਦੀ ਨੁਕਤਾਚੀਨੀ ਅਤੇ ਪ੍ਰਸੰਸਾ ਹਮੇਸ਼ਾ ਹੀ ਨਾ ਸਵੀਕਾਰਨਯੋਗ ਹਨ।’ ਜਾਸੂਸੀ ਦੇ ਖੇਤਰ ਵਿੱਚ ਅਜੀਤ ਡੋਵਾਲ ਦੀਆਂ ਕਈ ਦੰਦ ਕਥਾਵਾਂ ਪ੍ਰਚਲਿਤ ਹਨ। ਪਿਛਲੇ ਗਿਆਰਾਂ ਸਾਲ ਤੋਂ ਉਹ ਬਤੌਰ ਕੌਮੀ ਸੁਰੱਖਿਆ ਸਲਾਹਕਾਰ ਦੇ ਪਦ ਤੇ ਨਿਯੁਕਤ ਹਨ ਜਿਹੜਾ ਕਿ ਪੂਰੀ ਤਰ੍ਹਾਂ ਗੈਰ-ਸਿਆਸੀ ਹੈ ਅਤੇ ਪੇਸ਼ੇਵਰ ਮੁਹਾਰਤ ਦੀ ਮੰਗ ਕਰਦਾ ਹੈ। ਇਸੇ ਦੌਰਾਨ ਹੋਏ ਪੁਲਵਾਮਾ, ਪਹਿਲਗਾਮ ਅਤੇ ਦਿੱਲੀ ਵਿੱਚ ਹੋਏ ਦਹਿਸ਼ਤੀ ਹਮਲਿਆਂ ਨੇ ਮੁਲਕ ਦੇ ਖ਼ੁਫ਼ੀਆ ਤੰਤਰ ਤੇ ਵੀ ਸਵਾਲ ਖੜ੍ਹੇ ਕੀਤੇ ਜਿਹਨਾਂ ਦੀ ਮੁਹਾਰਤ ਦਾ ਦਾਅਵਾ ਅਜੀਤ ਡੋਵਾਲ ਦਾ ਸਮੁੱਚਾ ਕੈਰੀਅਰ ਕਰਦਾ ਹੈ। ਮਜ਼ਬੂਤ ਲੀਡਰਸ਼ਿਪ ਦੀ ਵਕਾਲਤ ਕਰਕੇ ਕੀ ਉਹਨਾਂ ਨੇ ਭਾਜਪਾ ਦੇ ਏਜੰਡੇ ਨੂੰ ਹੀ ਅੱਗੇ ਨਹੀਂ ਵਧਾਇਆ ? ਭਾਜਪਾਈ ਵਿਚਾਰਧਾਰਾ ਵਿੱਚ ਹੀ ਬਾਹਰੀ ਹਮਲਾਵਰਾਂ ਨੂੰ ਉਹਨਾਂ ਦੀ ਧਾਰਮਿਕ ਪਹਿਚਾਣ ਕਰਕੇ ਹੀ ਉਹਨਾਂ ਦੇ ਧਰਮ ਨੂੰ ਮੰਨਣ ਵਾਲਿਆਂ ਨੂੰ ਮੌਜੂਦਾ ਸਮੇਂ ਘੁਸਪੈਠੀਏ ਐਲਾਨਣਾ ਅਤੇ ਉਹਨਾਂ ਤੋਂ ਬਦਲਾ ਲੈਣ ਦਾ ਵਿਚਾਰ ਭਾਰੂ ਹੈ। ਕੀ ਬਦਲਾ ਲੈਣ ਦਾ ਬਿਰਤਾਂਤ ਸਿਰਜ ਕੇ ਅਜੀਤ ਡੋਵਾਲ ਆਪਣੇ ਅਹੁਦੇ ਦੀ ਮਾਣ ਮਰਿਆਦਾ ਦੀ ਲਛਮਣ ਰੇਖਾ ਉਲੰਘ ਕੇ ਸੱਤਾਧਾਰੀ ਧਿਰ ਦੇ ਸਿਆਸੀ ਏਜੰਡੇ ਨੂੰ ਫੈਲਾ ਰਹੇ ਹਨ ? ਵੈਸੇ ਵੀ ਮੌਜੂਦਾ ਦੌਰ ਵਿੱਚ ਕਿਸੇ ਵੀ ਸਮਾਜ਼ ਜਾਂ ਮੁਲਕ ਨੂੰ ਚਲਾਉਣ ਦੇ ਦੋ ਤਰੀਕੇ ਪ੍ਰਚਲਿਤ ਰਹੇ ਹਨ। ਸਹਿਯੋਗ ਅਤੇ ਸਹਿਨਸ਼ੀਲਤਾ ਦਾ ਜਾਂ ਸਮਾਜਿਕ ਭਾਈਚਾਰਿਆਂ ਦਰਮਿਆਨ ਟਕਰਾਅ ਪੈਦਾ ਕਰਕੇ ਮੁਲਕ ਨੂੰ ਅੰਨੀਂ ਹਿੰਸਾਂ ਦੀ ਦਲਦਲ ਵਿੱਚ ਸੁੱਟ ਦੇਣਾਂ। ਸਹਿਯੋਗ ਅਤੇ



ਸਹਿਨਸ਼ੀਲਤਾ ਦੀ ਸਭ ਤੋਂ ਉੱਘੀ ਮਿਸਾਲ ਦੱਖਣੀਂ ਅਫ਼ਰੀਕਾ ਹੈ ਜਿੱਥੇ ਨੈਲਸਨ ਮੰਡੇਲਾ ਦੀ ਅਗਵਾਈ ਵਿੱਚ ਰੰਗ-ਭੇਦੀ ਨਜ਼ਾਮ ਤੋਂ ਖਹਿੜਾ ਛੁਡਾਉਣ ਤੋਂ ਬਾਅਦ ਸੁਲਾਹ-ਸਫਾਈ ਕਮਿਸ਼ਨ ਰਾਹੀਂ ਉਸ ਮੁਲਕ ਨੂੰ ਅੱਗੇ ਵਧਾਇਆ ਗਿਆ। ਪੁਰਾਤਨ ਇਤਿਹਾਸ ਵਿੱਚ ਸਾਰੇ ਯੂਰਪੀਨ ਦੇਸ਼ਾਂ ਵਿੱਚ ਅਨੇਕਾਂ ਯੁੱਧ ਹੋਏ ਅਤੇ ਲੰਮੇਂ ਸਮੇਂ ਤੱਕ ਇਹ ਮੁਲਕ ਇੱਕ ਦੂਸਰੇ ਦੇ ਖ਼ੂਨ ਦੇ ਪਿਆਸੇ ਰਹੇ, ਪਰ ਹੁਣ ਸਮੇਂ ਦੇ ਬਦਲਣ ਨਾਲ ਉਹਨਾਂ ਆਪਣੀਂ ਕਰੰਸੀ ਵੀ ਇੱਕ ਕਰ ਲਈ ਅਤੇ ਸਾਰੇ ਯੂਰਪ ਲਈ ਵੀਜ਼ਾ ਵੀ। ਦੂਸਰੇ ਪਾਸੇ ਬਦਲੇ ਲੈਣ ਦੀ ਪ੍ਰਵਿਰਤੀ ਨੇ ਅਨੇਕਾਂ ਮੁਲਕਾਂ ਨੂੰ ਤਬਾਹ ਹੀ ਕੀਤਾ ਹੈ। ਹਿਟਲਰ ਦੀ ਯਹੂਦੀਆਂ ਤੋਂ ਬਦਲੇ ਲੈਣ ਦੀ ਹੋੜ ਨੇ ਜਰਮਨੀ ਨਾਂ ਸਿਰਫ਼ ਤਬਾਹ ਕੀਤਾ ਬਲਕਿ ਇੱਕ ਵਾਰ ਤਾਂ ਟੁਕੜਿਆਂ ਵਿੱਚ ਵੰਡ ਦਿੱਤਾ ਸੀ। ਪਾਲ ਪ੍ਰੈੱਸਟਨ ਨੇ ਆਪਣੀ ਕਿਤਾਬ ‘ਪਾਲਿਟਿਕਸ ਆਫ਼ ਰੀਵੈਂਜ: ਫਾਸਿਜਮ ਐਂਡ ਮਿਲਟਰੀ ਇਨ ਟਵੰਟਥੀ ਸੈਂਚੁਰੀ ਸਪੇਨ’ ਵਿੱਚ ਜਨਰਲ ਫ਼ਰਾਂਸਿਸਕੋ ਫਰਾਂਕੋ (1939-75) ਦੇ ਸਮੇਂ ਦੇ ਸਪੇਨ ਦੇ ਬਦਲੇ ਲੈਣ ਦੇ ਇਤਿਹਾਸ ਦਾ ਬਾਖ਼ੂਬੀ ਵਰਨਣ ਕੀਤਾ ਹੈ। ਸਾਲ 1947 ਦੌਰਾਨ ਅਸੀਂ ਪੰਜਾਬੀਆਂ ਨੇ ਇੱਕ ਦੂਸਰੇ ਪੰਜਾਬੀਆਂ ਤੋਂ ਬਦਲੇ ਲੈਣ ਦੀ ਹਵਸ਼ ਅਧੀਨ ਅੱਠ ਲੱਖ ਕਤਲ ਵੀ ਕਰਵਾ ਦਿੱਤੇ, ਧੀਆਂ ਭੈਣਾਂ ਦੀਆਂ ਇੱਜ਼ਤਾਂ ਵੀ ਰੋਲੀਆਂ ਅਤੇ ਸਾਂਝੇ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਨੇਸਤੋਨਾਬੂਦ ਕਰਦੇ ਹੋਏ ਬਟਵਾਰਾ ਵੀ ਕਰਵਾ ਲਿਆ ਸੀ।

ਸੱਤ ਅਪ੍ਰੈਲ 1994 ਤੋਂ ਉੱਨੀ ਜੁਲਾਈ 1994 ਤੱਕ ਦੇ ਸੌ ਦਿਨਾਂ ਵਿੱਚ ਹੀ ਰੇਡੀਓ ਰਵਾਂਡਾ ਦੇ ਬਦਲਾ ਲੈਣ ਦੇ ਜ਼ਹਿਰੀਲੇ ਪ੍ਰਚਾਰ ਤੋਂ ਬਾਅਦ ਸਰਕਾਰੀ ਸ਼ਹਿ ਪ੍ਰਾਪਤ ਬਹੁਗਿਣਤੀ ਹੁਤੂ ਟੋਲਿਆਂ ਨੇ ਘੱਟ-ਗਿਣਤੀ ਟੂਟਸੀ ਭਾਈਚਾਰੇ ਦੇ ਹੀ ਨਹੀਂ ਬਲਕਿ ਆਜ਼ਾਦ ਖਿਆਲਾਂ ਵਾਲੇ ਬਹੁਤ ਸਾਰੇ ਲਿਬਰਲ ਹੁਤੂ ਵਿਅਕਤੀਆਂ ਸਮੇਤ ਛੇ ਲੱਖ ਆਬਾਦੀ ਦਾ ਸਫਾਇਆ ਕਰ ਦਿੱਤਾ ਗਿਆ ਸੀ ਤੇ ਅੱਜ ਰਵਾਂਡਾ ਦਾ ਹਾਲ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਸੋਨੀਆ ਫਲੀਰੋ ਆਪਣੀ ਕਿਤਾਬ ‘ਦ ਰੋਬ ਐਂਡ ਸਵੋਰਡ: ਹਾਊ ਬੁਧਿੱਸਟ ਐਕਸਟਰੀਮਿਜਮ ? ਇਜ਼ ਸੇਪਿੰਗ ਮਾਡਰਨ ਏਸ਼ੀਆ’ ਵਿੱਚ ਦੱਸਦੀ ਹੈ ਕਿ ਸਰਕਾਰੀ ਸਰਪ੍ਰਸਤੀ ਹੇਠ ਬੋਧੀ ਕੱਟੜਵਾਦ ਬਦਲੇ ਦੀ ਭਾਵਨਾ ਤਹਿਤ ਕਿਵੇਂ ਮਿਆਂਮਾਰ ਵਿੱਚ ਘੱਟ ਗਿਣਤੀ ਮੁਸਲਿਮ ਰੋਹਿੰਗੀਆਂ ਅਤੇ ਸ਼੍ਰੀਲੰਕਾ ਵਿੱਚ ਘੱਟਗਿਣਤੀ ਹਿੰਦੂ ਤਾਮਿਲਾਂ ਦਾ ਸ਼ਿਕਾਰ ਕਰ ਰਿਹਾ ਹੈ। ਪੰਜਾਬੀ ਵਿੱਚ ਕਹਾਵਤ ਹੈ ਕਿ ਕਤਲ ਕਰਨ ਤੋਂ ਪਹਿਲਾਂ ਖ਼ੁਦ ਮਰਨਾਂ ਪੈਂਦਾ ਹੈ। ਬਦਲੇ ਲੈਣ ਦੀ ਪ੍ਰਵਿਰਤੀ ਨੇ ਪਤਾ ਨਹੀਂ ਕਿੰਨੇ ਪਰਵਾਰ, ਸਮਾਜ ਅਤੇ ਮੁਲਕ ਤਬਾਹ ਕੀਤੇ ਹਨ। ਬਦਲਾ ਦੀ ਪ੍ਰਕਿਰਿਆ ਸਮਾਂ, ਭਾਵਨਾਵਾਂ ਅਤੇ ਸਰੀਰਕ ਊਰਜਾ ਦੀ ਬਰਬਾਦੀ ਨਹੀਂ ਹੁੰਦੀ ਬਲਕਿ ਇਸ ਵਿੱਚ ਬਦਲਾ ਲੈਣ ਵਾਲੇ ਦੀ ਖ਼ੁਦ ਦੀ ਜ਼ਿੰਦਗੀ ਵੀ ਦਾਅ ਤੇ ਲੱਗੀ ਹੁੰਦੀ ਹੈ। ‘ਅਰਜਨ ਵੈਲੀ ਨੇ ਪੈਰ ਜੋੜਕੇ ਗੰਡਾਸੀ ਮਾਰੀ’ ਗੀਤ ਕਾਫ਼ੀ ਮਸ਼ਹੂਰ ਹੋਇਆ ਸੀ ਪਰ ਕਿਸੇ ਨੇ ਇਹ ਨਹੀਂ ਸੋਚਿਆ ਕਿ ਗੰਡਾਸੀ ਮਾਰਨ ਵਾਲੇ ਦਾ ਅਤੇ ਗੰਡਾਸੀ ਖਾਣ ਵਾਲੇ ਦਾ ਅਤੇ ਉਹਨਾਂ ਦੇ ਪਰਿਵਾਰਾਂ ਦਾ ਉਸਤੋਂ ਬਾਅਦ ਕੀ ਹਾਲ ਹੋਇਆ ਹੋਵੇਗਾ। ‘ਸਾਇੰਸ’ ਮੈਗਜ਼ੀਨ ਦੇ 2004 ਦੇ ਇੱਕ ਅੰਕ ਵਿੱਚ ਵੀ ਲਿਖਿਆ ਸੀ ਕਿ ਬਦਲਾ ਲੈਣ ਤੋਂ ਪਹਿਲਾਂ ਦਾ ਸਮਾਂ ਤਾਂ ਸਵਾਦਲਾ ਲੱਗਦਾ ਹੈ ਪਰ ਉਸਤੋਂ ਬਾਅਦ ਦੇ ਦਿਨਾਂ ਅਤੇ ਹਫ਼ਤਿਆਂ ਵਿੱਚ ਸਵਾਏ ਪਛਤਾਵੇ ਤੋਂ ਕੁੱਝ ਵੀ ਨਹੀਂ ਬਚਦਾ। ਪਿਛਲੇ ਕੁੱਝ ਸਾਲਾਂ ਵਿੱਚ ਮਨੋਵਿਗਿਆਨੀਆਂ ਨੇ ਖੋਜ ਕਰਕੇ ਦੱਸਿਆ ਹੈ ਕਿ ਬਦਲੇ ਦੀ ਅੱਗ ਆਪਣੇ ਲਈ ਸੁਖਦਾਈ ਨਤੀਜੇ ਦੇਣ ਵਿੱਚ ਅਸਫ਼ਲ ਰਹੀ ਹੈ। ਮਨੁੱਖੀ ਵਰਤਾਓ ਤੇ ਹੋਈਆਂ ਖੋਜਾਂ ਨੇ ਵੀ ਇਹ ਪਾਇਆ ਹੈ ਕਿ ਬਦਲੇ ਦੀ ਭਾਵਨਾ ਦੁਸ਼ਮਣੀਆਂ ਨੂੰ ਖਤਮ ਕਰਨ ਵਿੱਚ ਮਦਦਗਾਰ ਹੋਣਾਂ ਤਾਂ ਦੂਰ ਦੀ ਗੱਲ ਹੈ ਬਲਕਿ ਇਸ ਨਾਲ ਪਹਿਲਾਂ ਤੋਂ ਹੀ ਮੌਜੂਦ ਕੁਢੱਤਣ ਨੂੰ ਜਰਬਾਂ ਦਿੱਤੀਆਂ ਹਨ। ਉਹਨਾਂ ਅਨੁਸਾਰ ਬਦਲਾ ਇਨਸਾਫ਼ ਦੀ ਚਾਲ ਧੀਮੀ ਵੀ ਕਰਦਾ ਹੈ ਅਤੇ ਦੁਸ਼ਮਣੀਆਂ ਨੂੰ ਸਦੀਆਂ ਤੱਕ ਖਿੱਚ ਲੈ ਜਾਂਦਾ ਹੈ। ਕਈ ਵਾਰ ਜ਼ਖਮ ਹਰੇ ਰੱਖਣ ਦੀ ਪ੍ਰਵਿਰਤੀ ਵੀ ਬਦਲਿਆਂ ਦੇ ਬਿਰਤਾਂਤ ਨੂੰ ਜਾਰੀ ਰੱਖਣ ਲਈ ਵਰਤੀ ਜਾਂਦੀ ਹੈ। ਸਾਲ 2002 ਵਿੱਚ ਜਨਰਲ ਆਫ਼ ਪਰਸਨੈਲਿਟੀ ਐਂਡ ਸੋਸ਼ਲ ਸਾਈਕੋਲੋਜੀ ਵਿੱਚ ਛਪੇ ਇੱਕ ਅਧਿਐਨ ਨੇ ਸਾਬਤ ਕੀਤਾ ਸੀ ਕਿ ਜਿਹੜੇ ਲੋਕਾਂ ਨੇ ਬਦਲੇ ਲਏ, ਉਹਨਾਂ ਨੂੰ ਬਾਅਦ ਵਿੱਚ ਪਛਤਾਵਾ ਮਹਿਸੂਸ ਹੋਇਆ ਜਦੋਂ ਕਿ ਜਿਹਨਾਂ ਨੇ ਬਦਲੇ ਤੋਂ ਕਿਨਾਰਾ ਕੀਤਾ, ਉਹਨਾਂ ਨੂੰ ਕੋਈ ਪਛਤਾਵਾ ਨਹੀਂ ਸੀ। ਬਦਲੇ ਖੋਰੀ ਦੀ ਭਾਵਨਾ ਦਾ ਸ਼ਿਕਾਰ ਵਿਅਕਤੀ ਅਚੇਤ ਰੂਪ ਵਿੱਚ ਆਪਣੇ ਜ਼ਖਮਾਂ ਨੂੰ ਤਾਜ਼ਾ ਰੱਖਦੇ ਹਨ ਜਦੋਂ ਕਿ ਦੂਸਰੇ ਆਪਣੀ ਜ਼ਿੰਦਗੀ ਦੇ ਰਾਹ ਤੇ ਅੱਗੇ ਵੱਧ ਜਾਂਦੇ, ਕਿਸੇ ਹੋਰ ਮੁੱਦੇ ਤੇ ਆਪਣੀ ਊਰਜ਼ਾ ਖਰਚਦੇ ਹਨ ਅਤੇ ਖੁਸ਼ ਰਹਿੰਦੇ ਹਨ। ਜਰਮਨ ਮਨੋਵਿਗਿਆਨੀ ਮਾਰੀਓ ਗੋਲਵਿਜਰ ਨੇ ਵੀ ਕਿਹਾ ਸੀ, ‘ਮੇਰੀ ਸਮਝ ਅਨੁਸਾਰ ਬਦਲਾ ਲੈਣ ਨਾਲ ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਬਦਲਾ ਲੈਣ ਵਾਲਾ ਬਾਅਦ ਵਿੱਚ ਸੰਤੁਸ਼ਟ ਰਹਿ ਸਕੇਗਾ।’ ਯੂਰੋਪੀਅਨ ਜਨਰਲ ਆਫ਼ ਸੋਸ਼ਲ ਸਾਈਕੋਲੋਜੀ ਦੇ ਅਪ੍ਰੈਲ 2011 ਅੰਕ ਵਿੱਚ ਲਿਖਿਆ ਸੀ, ‘ਜੇਕਰ ਦੋਸ਼ੀ ਨੂੰ ਆਪਣੇ ਗੁਨਾਹ ਦਾ ਪਛਤਾਵਾ ਹੋ ਸਕੇ ਤਾਂ ਉਹ ਸਭ ਤੋਂ ਵੱਡਾ ਬਦਲਾ ਹੁੰਦਾ ਹੈ।’ ਮੈੱਕੂਲੋਹ ਆਪਣੀਂ ਕਿਤਾਬ ‘ਬੀਓਂਡ ਰਿਵੈਂਜ: ਦ ਐਵੋਲੂਸ਼ਨ ਆਫ਼ ਦ ਫਾਰਗਿਵਨਿਸਨੈੱਸ ਇੰਨਸਟਿਕਟ’ ਵਿੱਚ ਲਿਖਦਾ ਹੈ ਕਿ ਇੱਕ ਦੂਸਰਾ ਪਹਿਲੂ ਹੋਰ ਵੀ ਹੈ ਉਹ ਹੈ ਮੁਆਫ਼ ਕਰਨ ਦੀ ਭਾਵਨਾ। ਬੀਤੇ ਤੋਂ ਬਦਲਾ ਲੈਣ ਦੀ ਭਾਵਨਾ ਨੂੰ ਖ਼ਤਮ ਕਰਨਾ ਅਤੇ ਅੱਗੇ ਵਧਣ ਦੀ ਚਾਹਤ ਪਾਲਣਾਂ। ਰਸੂਲ ਹਮਜ਼ਾਤੋਵ ਦਾ ਕਥਨ ਵੀ ਯਾਦ ਰੱਖਿਆ ਜਾਣਾਂ ਚਾਹੀਦਾ ਹੈ ਕਿ ਜੇਕਰ ਤੁਸੀਂ ਭੂਤਕਾਲ ਤੇ ਗੋਲੀ ਚਲਾਉਂਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ। ਭੂਤਕਾਲ ਦੇ ਗੁਨਾਹਗਾਰਾਂ ਦੀ ਸਜ਼ਾ ਅੱਜ ਦੇ ਗੁਆਂਢੀਆਂ ਨੂੰ ਦੇਣ ਦੀ ਬਿਮਾਰੀ ਤੋਂ ਕੋਈ ਵੀ ਮੁਲਕ ਜਿੰਨਾਂ ਜਲਦੀ ਮੁਕਤ ਹੁੰਦੇ ਹਨ, ਉਹਨਾਂ ਵਿੱਚ ਦੰਗਿਆਂ ਦੀ ਗਿਣਤੀ ਘੱਟਦੀ ਹੈ, ਮਨੁੱਖੀ ਵਿਕਾਸ ਸੂਚਕ ਅੰਕ ਵੀ ਵੱਧਦੇ ਹਨ ਅਤੇ ਉਲਿੰਪਕ ਵਿੱਚ ਜਿੱਤੇ ਹੋਏ ਤਗਮਿਆਂ ਦੀ ਗਿਣਤੀ ਵੀ।

# ਹਕੂਮਤ ਦੀ ਆਲੋਚਨਾ ਨੂੰ ਸਰਵਉੱਚ ਅਦਾਲਤ ਵੱਲੋਂ ਦਹਿਸ਼ਤਗਰਦ ਸਾਜ਼ਿਸ਼ ਮੰਨਣ ਦਾ ਖ਼ਤਰਨਾਕ ਰੁਝਾਨ

-ਬੂਟਾ ਸਿੰਘ ਮਹਿਮੂਦਪੁਰ

*ਉਮਰ ਖ਼ਾਲਿਦ ਅਤੇ ਸ਼ਰਜ਼ੀਲ ਇਮਾਮ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਨ 'ਤੇ ਭਾਰਤੀ ਨਿਆਂ ਪ੍ਰਣਾਲੀ ਦੀ ਭੂਮਿਕਾ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਗਏ ਹਨ। ਇਸ ਅਦਾਲਤੀ ਫ਼ੈਸਲੇ ਦੇ ਨਾਗਰਿਕ ਹੱਕਾਂ ਅਤੇ ਜਮਹੂਰੀ ਸਪੇਸ ਉੱਪਰ ਪੈਣ ਵਾਲੇ ਅਸਰਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ*

ਉਮਰ ਖ਼ਾਲਿਦ ਅਤੇ ਹੋਰ ਕਾਰਕੁਨਾਂ ਦੀ ਜ਼ਮਾਨਤ ਬਾਰੇ ਸੁਣਵਾਈ ਕਰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਜੋ ਫ਼ੈਸਲਾ ਸੁਣਾਇਆ ਹੈ ਉਹ ਵਿਆਪਕ ਅਸਰਾਂ ਪੱਖੋਂ ਬੇਹੱਦ ਖ਼ਤਰਨਾਕ ਹੈ। ਇਹ ਫ਼ੈਸਲਾ ਪੰਜ ਕਾਰਕੁਨਾਂ ਨੂੰ ਜ਼ਮਾਨਤ ਦਿੰਦੇ ਹੋਏ ਉਮਰ ਖ਼ਾਲਿਦ ਅਤੇ ਸ਼ਰਜ਼ੀਲ ਇਮਾਮ ਨੂੰ ਜ਼ਮਾਨਤ ਦੇ ਹੱਕ ਤੋਂ ਤਾਂ ਵਾਂਝੇ ਕਰਦਾ ਹੀ ਹੈ, ਇਹ ਭਾਰਤੀ ਲੋਕਾਂ ਦੇ ਨਿਆਂ ਲਈ ਸੰਘਰਸ਼ਾਂ ਅਤੇ ਜਮਹੂਰੀ ਹੱਕਾਂ ਲਈ ਵੀ ਬੇਹੱਦ ਖ਼ਤਰਨਾਕ ਅਰਥ-ਸੰਭਾਵਨਾਵਾਂ ਵਾਲਾ ਹੈ। ਉਮਰ ਅਤੇ ਸ਼ਰਜ਼ੀਲ ਫਰਵਰੀ 2020 ਦੀ ਹਿੰਸਾ ਸਮੇਂ ਦਿੱਲੀ ਵਿਚ ਮੌਜੂਦ ਨਹੀਂ ਸਨ, ਫਿਰ ਵੀ ਉਹ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿੱਚ ਹਨ। ਦਿੱਲੀ ਹਿੰਸਾ ਦੇ ਯੋਜਨਾਘਾੜੇ ਅਤੇ ਹਿੰਸਾ ਨੂੰ ਅੰਜਾਮ ਦੇਣ ਵਾਲੇ ਫਿਰਕੂ ਦਹਿਸ਼ਤਗਰਦ ਸੱਤਾ ਵਿਚ ਹਨ। ਉਮਰ ਅਤੇ ਸ਼ਰਜ਼ੀਲ ਦੋਹਾਂ ਉੱਪਰ ਸਿੱਧੇ ਤੌਰ 'ਤੇ ਹਿੰਸਾ ਵਿੱਚ ਸ਼ਾਮਿਲ ਹੋਣ ਦਾ ਦੋਸ਼ ਨਹੀਂ ਹੈ। ਦੋਸ਼ ਇਹ ਹੈ ਕਿ ਉਨ੍ਹਾਂ ਨੇ ਸਾਜ਼ਿਸ਼ ਦੀ ਯੋਜਨਾ ਬਣਾਈ! ਇਸ ਦੇ ਬਾਵਜੂਦ, ਸੁਪਰੀਮ ਕੋਰਟ ਨੇ ਨਾ ਸਿਰਫ਼ ਉਨ੍ਹਾਂ ਦੀ ਲਗਾਤਾਰ ਕੈਦ ਨੂੰ ਸਗੋਂ ਬਾਕੀਆਂ ਨੂੰ ਜ਼ਮਾਨਤ ਦੇਣ ਦਿੰਦੇ ਸਮੇਂ ਉਨ੍ਹਾਂ ਨੂੰ ਜ਼ਮਾਨਤ ਨਾ ਦੇਣ ਨੂੰ ਜਾਇਜ਼ ਠਹਿਰਾਇਆ ਹੈ। ਇਹ ਮੁਲਕ ਦੇ ਲੋਕਾਂ ਨੂੰ ਸਪਸ਼ਟ ਸੁਣਾਉਣੀ ਹੈ - ਹਕੂਮਤ ਦੇ ਜ਼ੁਲਮ ਤੇ ਬਦਲਾਖ਼ੋਰੀ ਦੇ ਸਤਾਏ ਲੋਕ ਸਰਵਉੱਚ ਅਦਾਲਤ ਤੋਂ ਨਿਆਂ ਦੀ ਆਸ ਨਾ ਰੱਖਣ।

ਭਗਵਾ ਹਕੂਮਤ ਵੱਲੋਂ ਭੀਮਾ-ਕੋਰੇਗਾਓਂ, ਦਿੱਲੀ ਹਿੰਸਾ ਆਦਿ ਵਿਸ਼ੇਸ਼ ਸਾਜ਼ਿਸ਼ ਕੇਸ ਖ਼ਾਸ ਮਨੋਰਥ ਦੇ ਤਹਿਤ ਬਣਾਏ ਗਏ ਤਾਂ ਜੋ ਹੱਕਾਂ ਦੇ ਕਾਰਕੁਨਾਂ ਅਤੇ ਲੋਕਪੱਖੀ ਬੁੱਧੀਜੀਵੀਆਂ ਨੂੰ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ, ਯੂਏਪੀਏ, ਲਗਾ ਕੇ ਲੰਮੇ ਸਮੇਂ ਤੱਕ ਜੇਲ੍ਹਾਂ ਵਿਚ ਬੰਦ ਰੱਖਿਆ ਜਾ ਸਕੇ। ਇਹ ਜੱਗ ਜ਼ਾਹਿਰ ਹੈ ਕਿ ਇਹ ਸਾਰੇ ਕਾਰਕੁਨ ਲੋਕ ਹਿਤਾਂ ਤੇ ਮਾਨਵਤਾਵਾਦੀ ਮੁੱਲਾਂ ਨੂੰ ਬੁਲੰਦ ਕਰਨ ਵਾਲੇ ਅਤੇ ਸਮਾਜ ਨੂੰ ਬਿਹਤਰ ਬਣਾਉਣ ਦੀ ਸੋਚ ਵਾਲੇ ਜ਼ਹੀਨ ਚਿੰਤਕ, ਨਿਆਂਪਸੰਦ ਵਿਅਕਤੀ ਹਨ। ਇਨ੍ਹਾਂ ਵਿੱਚੋਂ ਕਿਸੇ ਦਾ ਵੀ ਦਹਿਸ਼ਤਵਾਦ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ।

ਸਰਕਾਰ ਅਤੇ ਪੁਲਿਸ ਅਧਿਕਾਰੀਆਂ ਨੂੰ ਪਤਾ ਸੀ ਕਿ ਉਨ੍ਹਾਂ ਦੀ ਮਨਘੜਤ ਕਹਾਣੀ ਨੂੰ ਅਦਾਲਤ ਵਿਚ ਕਾਨੂੰਨੀ ਪੈਰਵੀ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਣਾ ਹੈ। ਇਹ ਵੀ ਕਿ ਕਿਸੇ ਜ਼ਮੀਰ ਵਾਲੇ ਜੱਜ ਵੱਲੋਂ ਅੜ ਜਾਣ 'ਤੇ ਨਿਰਪੱਖ ਅਦਾਲਤੀ ਪਰਖ-ਪੜਤਾਲ ਹੋਣ ਦੀ ਸੂਰਤ 'ਚ ਝੂਠੇ ਸਬੂਤ ਕਾਨੂੰਨੀ ਦਲੀਲ ਅੱਗੇ ਟਿਕ ਨਹੀਂ ਸਕਣਗੇ। ਇਸੇ ਲਈ ਸੱਤਾਧਾਰੀ ਧਿਰ ਨੇ ਆਪਣੇ ਚੋਟੀ ਦੇ ਕਾਨੂੰਨੀ ਮਾਹਿਰਾਂ ਨੂੰ ਝੂਠੀ ਕਹਾਣੀ ਦੀ ਡਿਫੈਂਸ ਲਈ ਲਗਾਇਆ ਹੋਇਆ ਹੈ ਜਿਨ੍ਹਾਂ ਵੱਲੋਂ ਯੂਏਪੀਏ ਦੀ ਦਹਿਸ਼ਤਵਾਦ ਦੀ ਗੋਲਮੋਲ ਪਰਿਭਾਸ਼ਾ ਨੂੰ ਮੋਮ ਦੀ ਨੱਕ ਵਾਂਗ ਆਪਣੀ ਲੋੜ ਅਨੁਸਾਰ ਮੋੜਿਆ ਜਾ ਰਿਹਾ ਹੈ। ਯੂਏਪੀਏ ਦੋਸ਼ੀ ਦੇ ਕਾਨੂੰਨੀ ਅਧਿਕਾਰਾਂ ਨੂੰ ਲਗਭਗ ਰੱਦ ਕਰ ਦੇਣ ਵਾਲਾ ਕਾਨੂੰਨ ਹੈ ਜੋ ਬਣਾਇਆ ਹੀ ਇਸੇ ਖ਼ਾਸ ਮਨੋਰਥ ਨਾਲ ਗਿਆ ਹੈ।

ਕਿਸੇ ਵੀ ਹਿੰਸਕ ਕਾਰਵਾਈ ਨਾਲ ਕੋਈ ਲੈਣਾਦੇਣਾ ਨਾ ਹੋਣ ਕਾਰਨ ਪੁਲਿਸ ਅਧਿਕਾਰੀ ਇਨ੍ਹਾਂ ਸ਼ਖ਼ਸੀਅਤਾਂ ਦੀ ਕਿਸੇ ਦਹਿਸ਼ਤਗਰਦ ਕਾਰਵਾਈ 'ਚ ਸ਼ਮੂਲੀਅਤ ਤਾਂ ਦਿਖਾ ਨਹੀਂ ਸੀ ਸਕਦੇ, ਸੋ ਉਨ੍ਹਾਂ ਵੱਲੋਂ 'ਦਿੱਲੀ ਹਿੰਸਾ ਦੀ ਵਡੇਰੀ ਸਾਜ਼ਿਸ਼' ਅਤੇ ਇਸਦੇ 'ਯੋਜਨਾ ਘਾੜਿਆਂ' ਦੀ ਖੋਜ ਕੀਤੀ ਗਈ। ਯੂਏਪੀਏ ਲਗਾਉਣ ਲਈ ਇਸ ਵਿਚ ਦਿੱਤੀ 'ਦਹਿਸ਼ਤਗਰਦ ਕਾਰਵਾਈ' ਦੀ ਪਰਿਭਾਸ਼ਾ ਦੇ ਇਕ ਖ਼ਾਸ ਹਿੱਸੇ ਦਾ ਸਹਾਰਾ ਲਿਆ ਗਿਆ ਹੈ। ਯੂਏਪੀਏ ਦੇ ਸੈਕਸ਼ਨ 15 ਅਨੁਸਾਰ, 'ਜੋ ਕੋਈ ਵੀ ਭਾਰਤ ਦੀ ਏਕਤਾ, ਅਖੰਡਤਾ, ਸੁਰੱਖਿਆ (ਆਰਥਿਕ ਸੁਰੱਖਿਆ) ਜਾਂ ਸੰਪ੍ਰਭੂਤਾ ਲਈ ਖ਼ਤਰਾ ਪੈਦਾ ਕਰਨ ਦੇ ਇਰਾਦੇ ਨਾਲ ਜਾਂ ਅਜਿਹਾ ਹੋਣ ਦੀ ਸੰਭਾਵਨਾ ਨਾਲ, ਜਾਂ ਭਾਰਤ ਵਿੱਚ ਜਾਂ ਕਿਸੇ ਪਰਾਏ ਦੇਸ਼ ਵਿੱਚ ਲੋਕਾਂ ਜਾਂ ਲੋਕਾਂ ਦੇ ਕਿਸੇ ਵਰਗ ਵਿੱਚ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਜਾਂ ਅਜਿਹਾ ਹੋਣ ਦੀ ਸੰਭਾਵਨਾ ਨਾਲ ਕੋਈ ਕੰਮ ਕਰਦਾ ਹੈ, - (ਕ) ਬੰਬਾਂ, ਡਾਈਨਾਮਾਈਟ ਜਾਂ ਹੋਰ ਵਿਸਫੋਟਕ ਪਦਾਰਥਾਂ ਜਾਂ ਜਲਣਸ਼ੀਲ ਪਦਾਰਥਾਂ ਜਾਂ ਅਗਨੀਸ਼ਸਤਰਾਂ (ਹਥਿਆਰਾਂ) ਜਾਂ ਹੋਰ ਘਾਤਕ ਹਥਿਆਰਾਂ ਜਾਂ ਜ਼ਹਿਰੀਲੇ ਜਾਂ ਹਾਨੀਕਾਰਕ ਗੈਸਾਂ ਜਾਂ ਹੋਰ ਰਸਾਇਣਾਂ ਦੀ ਵਰਤੋਂ ਕਰਦਾ, ਜਾਂ ਕਿਸੇ ਹੋਰ ਖ਼ਤਰਨਾਕ ਕਿਸਮ ਦੇ ਪਦਾਰਥਾਂ (ਚਾਹੇ ਜੈਵਿਕ, ਰੇਡੀਓਐਕਟਿਵ, ਪ੍ਰਮਾਣੂ ਜਾਂ ਹੋਰ ਕਿਸੇ ਵੀ ਕਿਸਮ ਦੇ ਹੋਣ) ਦੀ ਵਰਤੋਂ ਕਰਦਾ ਹੈ, ਜਾਂ ਕਿਸੇ ਵੀ ਹੋਰ ਸਾਧਨਾਂ ਨਾਲ, ਚਾਹੇ ਉਹ ਕਿਸੇ ਵੀ ਕਿਸਮ ਦੇ ਹੋਣ, ਜਿਸ ਨਾਲ ਮੌਤ ਜਾਂ ਨੁਕਸਾਨ ਹੋਵੇ ਜਾਂ ਹੋਣ ਦੀ ਸੰਭਾਵਨਾ ਹੋਵੇ, ਤਾਂ ਉਹ ਦਹਿਸ਼ਤਗਰਦ ਕਾਰਵਾਈ ਹੈ।

ਦਹਿਸ਼ਤਗਰਦ ਕਾਰਵਾਈ ਦੀ ਇਸ ਗੋਲ-ਮੋਲ ਪਰਿਭਾਸ਼ਾ ਨੂੰ ਸਰਕਾਰ ਕਿਸੇ ਉੱਪਰ ਵੀ ਯੂਏਪੀਏ ਲਗਾਉਣ ਲਈ ਮਨਮਰਜ਼ੀ ਨਾਲ ਵਿਆਖਿਆ ਕਰਕੇ ਵਰਤ ਸਕਦੀ ਹੈ। ਪਰਿਭਾਸ਼ਾ ਦਹਿਸ਼ਤਗਰਦ ਕਾਰਵਾਈ ਦਾ ਕੋਈ ਠੋਸ ਪੈਮਾਨੇ ਤੇ ਦਾਇਰਾ ਤੈਅ ਨਹੀਂ ਕਰਦੀ ਸਗੋਂ 'ਖ਼ਤਰਾ ਪੈਦਾ ਕਰਨ ਦੀ ਸੰਭਾਵਨਾ' ਜਾਂ 'ਕਿਸੇ ਹੋਰ ਕਿਸਮ ਦੇ ਸਾਧਨ' ਵਰਗੇ ਸ਼ਬਦਾਂ ਦੀ ਵਰਤੋਂ ਸਰਕਾਰ ਨੂੰ ਸ਼ਾਂਤੀਪੂਰਨ ਪ੍ਰਦਰਸ਼ਨਾਂ ਜਾਂ ਸਿਵਲ ਨਾਫਰਮਾਨੀ ਵਰਗੇ ਸਾਧਾਰਨ ਰੋਸ-ਪ੍ਰਦਰਸ਼ਨਾਂ ਨੂੰ ਵੀ "ਦਹਿਸ਼ਤਗਰਦ ਕਾਰਵਾਈ" ਕਰਾਰ ਦੇਣ ਦੀ ਖੁੱਲ੍ਹੀ ਗੁੰਜਾਇਸ਼ ਮੁਹੱਈਆ ਕਰਦੀ ਹੈ। ਜਾਂਚ ਅਧਿਕਾਰੀ ਜਿਵੇਂ ਵੀ ਚਾਹੁਣ, ਮਨਮਰਜ਼ੀ ਨਾਲ ਇਸਦੀ ਵਿਆਪਕ ਵਿਆਖਿਆ ਕਰ ਸਕਦੇ ਹਨ ਅਤੇ ਜਿਸ ਨੂੰ ਵੀ ਚਾਹੁਣ ਕਥਿਤ ਦਹਿਸ਼ਤਗਰਦ ਕੇਸ ਵਿਚ ਫਸਾ ਸਕਦੇ ਹਨ। ਉਮਰ ਖ਼ਾਲਿਦ ਅਤੇ ਸ਼ਰਜ਼ੀਲ ਇਮਾਮ ਦੇ ਕੇਸ ਵਿਚ ਇਹੀ ਵਾਪਰਿਆ ਹੈ। 'ਜਾਂ ਕਿਸੇ ਵੀ ਕਿਸਮ ਦੇ ਹੋਰ ਸਾਧਨਾਂ ਨਾਲ' ਦੇ ਵਾਕ-ਅੰਸ਼ ਦੇ ਸਹਾਰੇ ਹੀ ਉਨ੍ਹਾਂ ਉੱਪਰ ਯੂਏਪੀਏ ਲਗਾਏ ਜਾਣ ਨੂੰ ਸਹੀ ਠਹਿਰਾਇਆ ਗਿਆ ਹੈ।

ਜਸਟਿਸ ਅਰਵਿੰਦਰ ਕੁਮਾਰ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਆਧਾਰਤ ਬੈਂਚ ਦੀ ਵਿਆਖਿਆ ਦਹਿਸ਼ਤਗਰਦ ਕਾਰਵਾਈ ਦੀ ਅਸਪਸ਼ਟ ਪਰਿਭਾਸ਼ਾ ਵਿਚ ਸੋਧ ਕਰਨ ਉੱਪਰ ਜ਼ੋਰ ਦੇਣ ਦੀ ਬਜਾਏ ਬੰਦਸ਼ਾਂ ਦਾ ਦਾਇਰਾ ਹੋਰ ਵਧਾਉਂਦੀ ਹੈ। ਬੈਂਚ ਦੇ ਫ਼ੈਸਲੇ ਨਾਲ ਹੁਣ ਅਜਿਹੇ ਕੇਸ ਵਿਚ ਫਸਾਏ ਕਿਸੇ ਵੀ ਬੇਕਸੂਰ ਵਿਅਕਤੀ ਨੂੰ ਜ਼ਮਾਨਤ ਤੋਂ ਵਾਂਝਾ ਰੱਖਣ ਲਈ ਮਿਸਾਲ ਦੇ ਤੌਰ 'ਤੇ ਵਰਤਣਾ ਹੁਕਮਰਾਨ ਧਿਰ ਲਈ ਹੋਰ ਵੀ ਸੌਖਾ ਹੋ ਗਿਆ ਹੈ।

ਇਸ ਕੇਸ ਦਾ ਬੇਹੱਦ ਖ਼ਤਰਨਾਕ ਪਹਿਲੂ ਜੁਰਮ ਦੇ ਕਥਿਤ ਸਬੂਤਾਂ ਦੀ ਕਿਸਮ ਹੈ ਜਿਸ ਉੱਪਰ ਇਹ ਸਮੁੱਚਾ ਕੇਸ ਆਧਾਰਤ ਹੈ। ਕਥਿਤ ਸਾਜ਼ਿਸ਼ ਦੀ ਕਹਾਣੀ ਮੁੱਖ ਤੌਰ 'ਤੇ ਭਾਸ਼ਣਾਂ, ਵਿਰੋਧ-ਪ੍ਰਦਰਸ਼ਨਾਂ ਦੀ ਯੋਜਨਾ, ਮੱਦਦ ਕਰਨ ਦੇਆਲੇ-ਦੁਆਲੇ ਘੜੀ ਗਈ ਹੈ। ਜਾਂਚ ਕਰਤਾਵਾਂ ਅਨੁਸਾਰ 'ਵੱਟਸਐਪ ਗਰੁੱਪ ਬਣਾਉਣੇ, ਅਹਿੰਸਕ ਪ੍ਰਦਰਸ਼ਨ ਕਰਨ, ਸੜਕਾਂ ਜਾਮ ਕਰਨ ਦੇ ਸੱਦੇ ਦੇਣੇ' ਇਸ ਕੇਸ ਵਿਚ ਦਹਿਸ਼ਤਗਰਦ ਸਾਜ਼ਿਸ਼ ਦੇ ਸਬੂਤ ਹਨ ਜੋ 'ਕਿਸੇ ਵੀ ਕਿਸਮ ਦੇ ਹੋਰ ਸਾਧਨਾਂ' ਦੀ ਸ਼੍ਰੇਣੀ 'ਚ ਆਉਂਦੇ ਹਨ। ਯਾਨੀ, ਰਾਜਨੀਤਕ ਪ੍ਰਗਟਾਵਾ ਅਤੇ ਸੱਤਾ ਦੀਆਂ ਨੀਤੀਆਂ ਦੀ ਆਲੋਚਨਾ 'ਵਡੇਰੀ ਸਾਜ਼ਿਸ਼' ਹਨ!

ਅਸਿਸਟੈਂਟ ਸਾਲਿਸਟਰ ਜਨਰਲ ਰਾਜੂ ਨੇ ਸੁਪਰੀਮ ਕੋਰਟ ਅੱਗੇ ਇਹ ਦਲੀਲ ਦੇ ਕੇ ਸਖ਼ਤ ਕਾਰਵਾਈ ਦੀ ਵਾਜਬੀਅਤ ਦੱਸੀ ਕਿ 'ਜਦੋਂ ਬੁੱਧੀਜੀਵੀ ਦਹਿਸ਼ਤਗਰਦ ਬਣ ਜਾਂਦੇ ਹਨ ਤਾਂ ਉਹ ਜ਼ਮੀਨ ਉੱਪਰ ਕੰਮ ਕਰਨ ਵਾਲਿਆਂ ਨਾਲੋਂ ਵੀ ਖ਼ਤਰਨਾਕ ਬਣ ਜਾਂਦੇ ਹਨ।' ਜ਼ਮਾਨਤ ਦਾ ਵਿਰੋਧ ਕਰਨ ਲਈ ਸਰਕਾਰੀ ਧਿਰ ਨੇ ਦਲੀਲ ਦਿੱਤੀ ਕਿ ਉਮਰ ਅਤੇ ਸ਼ਰਜ਼ੀਲ ਵਿਆਪਕ ਸਾਜ਼ਿਸ਼ ਦੇ ਸੂਤਰਧਾਰ ਅਤੇ "ਵਿਚਾਰਧਾਰਕ ਸੰਚਾਲਕ" ਹਨ, ਬਾਕੀਆਂ ਦੀ ਭੂਮਿਕਾ ਹਾਸ਼ੀਏ ਦੀ ਹੈ। ਅਜੇ ਮੁਕੱਦਮਾ ਸ਼ੁਰੂ ਵੀ ਨਹੀਂ ਹੋਇਆ ਅਤੇ ਸਿਰਫ਼ ਜ਼ਮਾਨਤ ਦੇ ਪੜਾਅ ਉੱਪਰ ਹੈ, ਫਿਰ ਵੀ ਇਸ ਸਰਕਾਰੀ ਬਿਰਤਾਂਤ ਨੂੰ ਸਵੀਕਾਰ ਕਰਦੇ ਹੋਏ ਬੈਂਚ ਇਸ ਨਤੀਜੇ 'ਤੇ ਪਹੁੰਚ ਗਿਆ ਕਿ ਉਮਰ ਅਤੇ ਸ਼ਰਜ਼ੀਲ ਦੀ ਸਥਿਤੀ ਹੋਰ ਦੋਸ਼ੀਆਂ ਨਾਲੋਂ 'ਗੁਣਾਤਮਕ ਤੌਰ 'ਤੇ ਵੱਖਰੀ' ਹੈ, ਇਸ ਕਰਕੇ ਯੂਏਪੀਏ ਦੀਆਂ ਕਾਨੂੰਨੀ ਬੰਦਸ਼ਾਂ ਇਨ੍ਹਾਂ ਦੋਹਾਂ ਉੱਪਰ ਬਾਕੀਆਂ ਨਾਲੋਂ ਵਧੇਰੇ ਕਠੋਰਤਾ ਨਾਲ ਲਾਗੂ ਹੁੰਦੀਆਂ ਹਨ। ਇਹ ਨਿਖੇੜਾ ਕਰਦੇ ਹੋਏ ਅਦਾਲਤ ਨੇ ਵਿਚਾਰ-ਅਧੀਨ ਕੈਦੀਆਂ ਦੇ ਤੌਰ 'ਤੇ ਇਨ੍ਹਾਂ ਕਾਰਕੁਨਾਂ ਦੇ ਲੰਮਾ ਸਮਾਂ ਜੇਲ੍ਹ ਵਿਚ ਬੰਦ ਰਹਿਣ ਦੀ ਗੰਭੀਰ ਸਮੱਸਿਆ ਨੂੰ





ਸਵੀਕਾਰ ਤਾਂ ਕੀਤਾ, ਪਰ ਕਾਨੂੰਨ ਦੀ ਕਠੋਰਤਾ ਨੂੰ ਜ਼ਮਾਨਤ ਦੇ ਹੱਕ ਤੋਂ ਉੱਪਰ ਹੀ ਰੱਖਿਆ। ਇਸ ਤੋਂ ਵੀ ਖ਼ਤਰਨਾਕ ਅਦਾਲਤੀ ਰੁਝਾਨ ਇਹ ਹੈ ਕਿ ਬੈਂਚ ਨੇ ਜ਼ਮਾਨਤ ਦੀ ਅਗਲੀ ਅਰਜ਼ੀ ਦੇਣ ਉੱਪਰ ਜਾਂ ਤਾਂ ਜਾਂਚ ਏਜੰਸੀ ਵੱਲੋਂ 'ਸੁਰੱਖਿਅਤ ਗਵਾਹਾਂ' ਦੀ ਜਾਂਚ ਪੂਰੀ ਕਰ ਲਏ ਜਾਣ ਤੱਕ, ਜਾਂ ਇੱਕ ਸਾਲ ਬਾਅਦ ਤੱਕ ਦੀ ਰੋਕ ਲਾ ਦਿੱਤੀ—ਅਰਥਾਤ ਦੋਸ਼ੀਆਂ ਦੀ ਆਜ਼ਾਦੀ ਨੂੰ ਸਿੱਧੇ ਤੌਰ 'ਤੇ ਮੁਕੱਦਮੇ ਦੀ ਲਮਕਾਊ ਰਫ਼ਤਾਰ ਨਾਲ ਨਰੜ ਦਿੱਤਾ। ਕਥਿਤ ਸੁਰੱਖਿਅਤ ਗਵਾਹਾਂ ਦੀ ਜਾਂਚ ਕਿੰਨੇ ਸਮੇਂ 'ਚ ਮੁਕੰਮਲ ਕਰਨੀ ਹੈ, ਕਰਨੀ ਵੀ ਹੈ ਜਾਂ ਅਜੇ ਬਹਾਨੇ ਬਣਾ ਕੇ ਇਕ ਸਾਲ ਤੋਂ ਵੀ ਵੱਧ ਲਮਕਾਉਣੀ ਹੈ ਇਹ ਜਾਂਚ ਅਧਿਕਾਰੀਆਂ ਦੇ ਹੱਥ ਵਿਚ ਹੈ। ਪਰ ਸਿਤਮਜ਼ਰੀਫ਼ੀ ਇਹ ਹੈ ਕਿ ਹੁਣ 'ਦੋਸ਼ੀ' ਘੱਟੋ-ਘੱਟ ਇਕ ਸਾਲ ਤੱਕ ਜ਼ਮਾਨਤ ਲਈ ਮੁੜ ਅਰਜ਼ੀ ਵੀ ਨਹੀਂ ਦੇ ਸਕਣਗੇ।

ਨਾਗਰਿਕ ਆਜ਼ਾਦੀਆਂ ਨੂੰ ਬੇਹੱਦ ਕਰੂਰਤਾ ਨਾਲ ਕੁਚਲਦਾ ਹੋਣ ਕਾਰਨ ਅਤੇ ਬੇਕਸੂਰਾਂ ਨੂੰ ਜੇਲ੍ਹਾਂ ਵਿਚ ਸਾੜਨ ਦਾ ਸੰਦ ਹੋਣ ਕਾਰਨ ਯੂਏਪੀਏ ਸ਼ੁਰੂ ਤੋਂ ਹੀ ਵਿਵਾਦਾਂ 'ਚ ਘਿਰਿਆ ਹੋਇਆ ਹੈ। ਟਾਡਾ ਦੇ ਵਧੇਰੇ ਕਠੋਰ ਰੂਪ ਪੋਟਾ ਨੂੰ ਵਾਪਸ ਲਏ ਜਾਣ ਤੋਂ ਬਾਅਦ ਯੂਏਪੀਏ ਦਾ ਸੋਧਿਆ ਹੋਇਆ ਰੂਪ ਤਤਕਾਲੀ ਕਾਂਗਰਸ ਸਰਕਾਰ (ਮਨਮੋਹਣ-ਸੋਨੀਆ ਗਾਂਧੀ ਦੀ ਸਰਕਾਰ) ਵੱਲੋਂ ਲਿਆਂਦਾ ਗਿਆ ਸੀ, ਇਨ੍ਹਾਂ ਅਤਿ-ਜਾਬਰ ਕਾਨੂੰਨਾਂ ਦੀ ਮੂਲ ਵਿਵਸਥਾ ਦੇ ਬਦਲ ਦੇ ਰੂਪ 'ਚ, ਸਗੋਂ ਕੁਝ ਪੱਖਾਂ ਤੋਂ ਤਾਂ ਹੋਰ ਵੀ ਜਾਬਰ ਕਾਨੂੰਨ ਦੇ ਰੂਪ 'ਚ। ਭਾਜਪਾ ਨੇ ਇਸ ਵਿਚ ਅਗਲੀਆਂ ਸੋਧਾਂ ਕਰਕੇ ਇਸ ਨੂੰ ਹੋਰ ਵੀ ਕਰੂਰ ਬਣਾਇਆ। ਯੂਏਪੀਏ ਮੁਕੱਦਮੇ ਦੀ ਪ੍ਰਕਿਰਿਆ ਨੂੰ ਹੀ ਸਜ਼ਾ ਬਣਾਉਂਦਾ ਹੈ ਅਤੇ ਸੁਪਰੀਮ ਕੋਰਟ ਦੇ ਬੈਂਚ ਦਾ ਫ਼ੈਸਲਾ ਇਸ ਜਾਬਰ ਵਿਵਸਥਾ ਉੱਪਰ ਕਾਨੂੰਨੀ ਮੋਹਰ ਲਾਉਂਦਾ ਹੈ। ਕਥਿਤ ਲੋਕਤੰਤਰੀ ਰਾਜ ਵਿਸ਼ੇਸ਼ ਕਾਨੂੰਨ ਬਣਾਏ ਨੂੰ ਅਸਾਧਾਰਨ ਖ਼ਤਰਿਆਂ ਦੇ ਨਾਂ 'ਤੇ ਜਾਇਜ਼ ਠਹਿਰਾਉਂਦੇ ਹਨ। ਇਤਿਹਾਸ ਗਵਾਹ ਹੈ ਕਿ ਠੋਸ ਨਿਆਂਇਕ ਨਿਗਰਾਨੀ ਤੋਂ ਬਿਨਾਂ ਅਜਿਹੇ ਬੇਹੱਦ ਜਾਬਰ ਕਾਨੂੰਨ ਅਕਸਰ ਉਨ੍ਹਾਂ ਹਿੱਸਿਆਂ ਨੂੰ ਕੁਚਲਣ ਲਈ ਵਰਤੇ ਜਾਂਦੇ ਹਨ ਜਿਨ੍ਹਾਂ ਨੂੰ ਹਕੂਮਤ ਆਪਣੇ ਮਨਭਾਉਂਦੇ ਆਰਥਕ, ਰਾਜਨੀਤਕ ਅਤੇ ਸੱਭਿਆਚਾਰਕ ਪ੍ਰੋਜੈਕਟਾਂ ਦੇ ਰਾਹ ਦਾ ਰੋੜਾ ਸਮਝਦੀ ਹੈ। ਜੇ ਅੱਜ ਭਗਵਾ ਹਕੂਮਤ ਲੋਕਪੱਖੀ ਚਿੰਤਕਾਂ, ਹੱਕਾਂ ਦੇ ਕਾਰਕੁਨਾਂ ਅਤੇ ਘੱਟਗਿਣਤੀਆਂ ਤੇ ਹੋਰ ਮਜ਼ਲੂਮਾਂ ਉਪਰ ਯੂਏਪੀਏ ਲਗਾ ਰਹੀ ਹੈ ਤਾਂ ਘੱਟ ਕਾਂਗਰਸ ਅਤੇ ਹੋਰ ਸਰਕਾਰਾਂ ਨੇ ਵੀ ਨਹੀਂ ਕੀਤੀ।

ਮੁਲਕ ਦਾ ਜ਼ਮਾਨਤ ਦਾ ਨਿਆਂਸ਼ਾਸਤਰ ਰਵਾਇਤੀ ਤੌਰ 'ਤੇ ਇਸ ਅਸੂਲ 'ਤੇ ਆਧਾਰਤ ਰਿਹਾ ਹੈ ਕਿ ਜੇਲ੍ਹ ਅਪਵਾਦ ਹੈ ਅਤੇ ਜ਼ਮਾਨਤ ਨਿਯਮ ਹੈ। ਪਹਿਲਾਂ ਟਾਡਾ ਤੇ ਪੋਟਾ ਨੇ, ਅਤੇ ਫਿਰ ਯੂਏਪੀਏ ਨੇ ਇਸ ਨਿਯਮ ਨੂੰ ਉਲਟਾ ਕੇ ਜੇਲ੍ਹ ਨੂੰ ਨਿਯਮ ਬਣਾ ਦਿੱਤਾ ਅਤੇ ਸਰਕਾਰੀ ਪੱਖ ਦੀ ਮਰਜ਼ੀ 'ਤੇ ਨਿਰਭਰ ਹੋਣ ਕਾਰਨ ਹੁਣ ਤਾਂ ਜ਼ਮਾਨਤ ਹੀ ਅਪਵਾਦ ਬਣਾ ਦਿੱਤੀ ਗਈ ਹੈ। ਸੁਪਰੀਮ ਕੋਰਟ ਦਾ ਉਪਰੋਕਤ ਫ਼ੈਸਲਾ ਇਸ ਉਲਟ-ਫੇਰ ਨੂੰ ਪੱਕੇ ਪੈਰੀਂ ਕਰਦਾ ਹੈ। ਜਦੋਂ ਬਿਨਾਂ ਜ਼ਮਾਨਤ ਪੰਜ ਸਾਲ ਜੇਲ੍ਹਬੰਦੀ ਵੀ ਜ਼ਮਾਨਤ ਲਈ ਕਾਫ਼ੀ ਨਹੀਂ ਮੰਨੀ ਜਾਂਦੀ, ਤਾਂ ਵਿਅਕਤੀ ਦੀ ਆਜ਼ਾਦੀ ਸਬੱਬ, ਮਨਮਰਜ਼ੀ ਨਾਲ ਬਦਲੇ ਅਤੇ ਟਾਲੇ ਜਾਣ ਵਾਲੀ ਚੀਜ਼ ਬਣਕੇ ਰਹਿ ਜਾਂਦੀ ਹੈ। ਜੇਕਰ ਬੇਕਸੂਰ ਦੋਸ਼ੀ ਆਖ਼ਿਰਕਾਰ ਬਰੀ ਵੀ ਹੋ ਜਾਵੇ, ਤਾਂ ਵੀ ਉਸ ਦੇ ਜੇਲ੍ਹਬੰਦੀ ਨਾਲ ਬਰਬਾਦ ਹੋ ਗਏ ਸਾਲਾਂ ਦਾ ਨੁਕਸਾਨ ਕਦੇ ਪੂਰਾ ਨਹੀਂ ਹੋ ਸਕਦਾ। ਅਜਿਹੇ ਕੇਸਾਂ ਵਿੱਚ ਮੁਕੱਦਮੇ ਦੇ ਅੰਤਮ ਨਤੀਜੇ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਕਿਉਂਕਿ ਬੇਕਸੂਰ ਹੋਣ ਦੇ ਬਾਵਜੂਦ ਦੋਸ਼ੀ ਪਹਿਲਾਂ ਹੀ ਅੱਠ-ਦਸ ਸਾਲ, ਕੁਝ ਮਾਮਲਿਆਂ ਵਿਚ ਤਾਂ 15-20 ਸਾਲ ਕੈਦ ਕੱਟ ਚੁੱਕਾ ਹੁੰਦਾ ਹੈ।

ਇਨ੍ਹਾਂ ਸਾਰੇ ਵਿਵਾਦਾਂ ਦੇ ਬਾਵਜੂਦ ਇਨ੍ਹਾਂ ਕਾਰਕੁਨਾਂ ਦੀ ਜ਼ਮਾਨਤ ਦੀ ਸੁਣਵਾਈ ਲਈ ਬਣਾਏ ਬੈਂਚ ਨੇ ਯੂਏਪੀਏ ਦੇ ਤਹਿਤ ਜ਼ਮਾਨਤ ਬਾਰੇ ਸੁਪਰੀਮ ਕੋਰਟ ਦੇ ਉਹ ਪਹਿਲੇ ਫ਼ੈਸਲੇ ਦਰਕਿਨਾਰ ਕਰ ਦਿੱਤੇ ਜਿਨ੍ਹਾਂ ਵਿਚ ਦੋਸ਼ੀ ਨੂੰ ਕੁਝ ਰਾਹਤ ਮਿਲਣ ਦੀ ਗੁੰਜ਼ਾਇਸ਼ ਸੀ।

ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਕੇ.ਏ. ਨਜੀਬ ਕੇਸ ਵਿੱਚ (2021) 'ਚ ਫ਼ੈਸਲਾ ਸੁਣਾਇਆ ਸੀ ਕਿ ਵਿਸ਼ੇਸ਼ ਕਾਨੂੰਨ ਯੂਏਪੀਏ ਲਗਾਇਆ ਹੋਣ ਦੇ ਬਾਵਜੂਦ ਵੀ, ਜੇਕਰ ਵਿਚਾਰ-ਅਧੀਨ ਕੈਦੀ ਨੂੰ ਲੰਮੇ ਸਮੇਂ ਤੱਕ ਹਿਰਾਸਤ ਵਿਚ ਰੱਖਿਆ ਜਾਂਦਾ ਹੈ ਅਤੇ ਮੁਕੱਦਮਾ ਸ਼ੁਰੂ ਨਹੀਂ ਹੁੰਦਾ ਤਾਂ ਇਹ ਛੇਤੀਂ ਸੁਣਵਾਈ ਦੇ ਹੱਕ ਦੀ ਉਲੰਘਣਾ ਹੈ, ਅਤੇ ਅਜਿਹੀ ਹਾਲਤ ਵਿਚ ਜ਼ਮਾਨਤ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ, ਵਰਨੋਨ ਗੋਂਸਾਲਵੇਜ਼ ਦੇ ਜ਼ਮਾਨਤ ਦੇ ਕੇਸ ਦੇ ਫ਼ੈਸਲੇ (2023) 'ਚ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਸੀ ਕਿ ਯੂਏਪੀਏ ਦੇ ਤਹਿਤ ਜ਼ਮਾਨਤ ਬਾਰੇ ਤੈਅ ਕਰਨ ਲਈ ਕੇਸ ਦੀ ਪਰਖ਼-ਪੜਤਾਲ ਕਰਦਿਆਂ ਅਦਾਲਤਾਂ ਨੂੰ ਮੁਕੱਦਮਾ ਪੱਖ ਵੱਲੋਂ ਪੇਸ਼ ਕੀਤੀ ਸਮੱਗਰੀ ਦੀ ਸਬੂਤ ਵੈਲਿਊ ਜਾਂ ਉਸ ਦੇ ਮੰਨਣਯੋਗ ਹੋਣ ਦੀ ਜਾਂਚ ਕਰਨ ਦਾ ਅਧਿਕਾਰ ਹੈ। ਇਹ ਫ਼ੈਸਲਾ ਸੁਪਰੀਮ ਕੋਰਟ ਦੇ ਇਕ ਪਹਿਲੇ ਫ਼ੈਸਲੇ (ਕੌਮੀ ਜਾਂਚ ਏਜੰਸੀ ਬਨਾਮ ਜ਼ਹੂਰ ਅਹਿਮਦ ਸ਼ਾਹ ਵਟਾਲੀ, 2019) ਨੂੰ ਰੱਦ ਕਰਦਾ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਜ਼ਮਾਨਤ ਦੀ ਅਰਜ਼ੀ ਉੱਪਰ ਵਿਚਾਰ ਕਰਦੇ ਸਮੇਂ ਅਦਾਲਤਾਂ ਨੂੰ ਜਾਂਚ ਏਜੰਸੀਆਂ ਵੱਲੋਂ ਪੇਸ਼ ਕੀਤੇ ਸਬੂਤਾਂ ਦੇ ਮੰਨਣਯੋਗ ਹੋਣ ਦੇ ਸਵਾਲਾਂ 'ਚ ਨਹੀਂ ਜਾਣਾ ਚਾਹੀਦਾ।

ਇਹ ਫ਼ੈਸਲਾ ਦਰਸਾਉਂਦਾ ਹੈ ਕਿ ਜਦੋਂ ਵਿਸ਼ੇਸ਼ ਕਾਨੂੰਨ ਯੂਏਪੀਏ ਦੇ ਤਹਿਤ ਕਿਸੇ ਵਿਅਕਤੀ ਨੂੰ ਵਿਚਾਰ-ਅਧੀਨ ਕੈਦੀ ਦੇ ਰੂਪ 'ਚ ਪੰਜ-ਸੱਤ ਸਾਲਾਂ ਤੱਕ ਬਿਨਾਂ ਜ਼ਮਾਨਤ ਜੇਲ੍ਹ ਵਿਚ ਬੰਦ ਰੱਖਿਆ ਜਾ ਸਕਦਾ ਹੈ ਅਤੇ ਅਸਹਿਮਤੀ ਨੂੰ ਹੀ ਦਹਿਸ਼ਤਗਰਦ ਕਾਰਵਾਈ ਕਰਾਰ ਦਿੱਤਾ ਜਾ ਸਕਦਾ ਹੈ ਤਾਂ ਸੰਵਿਧਾਨ ਦੀ ਧਾਰਾ 21 ਵਿਚ ਗਾਰੰਟੀ ਕੀਤੀ ਵਿਅਕਤੀਗਤ ਆਜ਼ਾਦੀ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਬੇਸ਼ੱਕ, ਸੁਪਰੀਮ ਕੋਰਟ ਨੇ ਉਮਰ ਖ਼ਾਲਿਦ ਜਾਂ ਸ਼ਰਜੀਲ ਇਮਾਮ ਨੂੰ ਦੋਸ਼ੀ ਨਹੀਂ ਐਲਾਨਿਆਂ, ਪਰ ਦੁਬਾਰਾ ਜ਼ਮਾਨਤ ਦੀ ਅਰਜ਼ੀ ਦੇਣ ਉੱਪਰ ਗਵਾਹਾਂ ਦੀ ਜਾਂਚ ਮੁਕੰਮਲ ਹੋਣ ਨਾਲ ਰੋਕ ਲਗਾ ਕੇ ਬੈਂਚ ਨੇ ਦੋਸ਼ੀਆਂ ਦੀ ਆਜ਼ਾਦੀ ਪੂਰੀ ਤਰ੍ਹਾਂ ਸਰਕਾਰੀ ਧਿਰ ਦੇ ਹਵਾਲੇ ਕਰ ਦਿੱਤੀ ਹੈ। ਜਿਸਦਾ ਸਿੱਧਾ ਨਤੀਜਾ ਉਨ੍ਹਾਂ ਦੀ ਜੇਲ੍ਹਬੰਦੀ ਨੂੰ ਹੋਰ ਵਧਾਉਣਾ ਹੈ। ਸੁਪਰੀਮ ਕੋਰਟ ਵੱਲੋਂ ਬਿਨਾਂ ਮੁਕੱਦਮਾ ਚਲਾਏ ਲੰਮੀ ਜੇਲ੍ਹਬੰਦੀ ਨੂੰ ਜਾਇਜ਼ ਠਹਿਰਾਉਣ ਨੇ ਯੂਏਪੀਏ ਦੇ ਜਾਬਰ ਕਾਨੂੰਨੀ ਢਾਂਚੇ ਨੂੰ ਮਾਨਤਾ ਦੇ ਦਿੱਤੀ ਹੈ ਜਿਸ ਵਿਚ ਕਿਸੇ ਨੂੰ ਜੇਲ੍ਹ ਵਿਚ ਸਾੜਨ ਲਈ ਪੁਲਿਸ ਜਾਂ ਜਾਂਚ ਏਜੰਸੀਆਂ ਕੋਲੋਂ ਉਸ ਉੱਪਰ ਦਹਿਸ਼ਤਗਰਦ ਹੋਣ ਦਾ ਇਲਜ਼ਾਮ ਲਗਵਾਉਣਾ ਹੀ ਕਾਫ਼ੀ ਹੈ।

ਕਿਹਾ ਜਾਂਦਾ ਹੈ ਕਿ ਅਦਾਲਤਾਂ ਸਿਰਫ਼ ਕਾਨੂੰਨ ਦੀਆਂ ਵਿਆਖਿਆਕਾਰ ਨਹੀਂ ਹੁੰਦੀਆਂ; ਉਹ ਸੰਵਿਧਾਨਕ ਨੈਤਿਕਤਾ ਦੀਆਂ ਰਖਵਾਲੀਆਂ ਵੀ ਹੁੰਦੀਆਂ ਹਨ। ਭਾਰਤ ਅੰਦਰ ਇਹ ਦਾਅਵਾ ਪੂਰੀ ਤਰ੍ਹਾਂ ਖੋਖਲੇ ਰੂਪ 'ਚ ਸਭ ਦੇ ਸਾਹਮਣੇ ਹੈ ਕਿ ਸੁਪਰੀਮ ਕੋਰਟ ਕਾਨੂੰਨ ਦੀ ਪਾਲਣਾ ਨੂੰ ਕਿੰਨਾ ਕੁ ਯਕੀਨੀ ਬਣਾ ਰਹੀ ਹੈ ਅਤੇ 'ਸੰਵਿਧਾਨ ਦੀ ਆਤਮਾ' ਦੀ ਕਿੰਨੀ ਕੁ ਰੱਖਿਆ ਕਰ ਰਹੀ ਹੈ। ਭਾਰਤ ਦੀ ਸੁਪਰੀਮ ਕੋਰਟ ਪਿਛਲੇ ਸਮੇਂ ਤੋਂ ਜਿਸ ਤਰ੍ਹਾਂ ਦੇ ਰਾਜਨੀਤਕ ਫ਼ੈਸਲੇ ਸੁਣਾ ਰਹੀ ਹੈ, ਉਨ੍ਹਾਂ ਕਾਰਨ ਇਹ ਇਤਿਹਾਸ ਵਿਚ ਉਸ ਸੰਸਥਾ ਵਜੋਂ ਯਾਦ ਕੀਤੀ ਜਾਵੇਗੀ ਜਿਸਨੇ ਅਸਹਿਮਤੀ ਦੇ ਅਧਿਕਾਰ ਦੀ ਰਾਖੀ ਕਰਨ ਦੀ ਤਾਂ ਗੱਲ ਛੱਡੋ, ਸਗੋਂ ਆਪਣੇ ਫ਼ੈਸਲਿਆਂ ਰਾਹੀਂ ਇਸ ਹੱਕ ਨੂੰ ਕੁਚਲਣ ਦੇ ਹੁਕਮਰਾਨ ਧਿਰ ਦੇ ਫਾਸ਼ੀਵਾਦੀ ਪ੍ਰੋਜੈਕਟ ਵਿਚ ਹੱਥ ਵਟਾਇਆ। ਸੁਪਰੀਮ ਕੋਰਟ ਸੰਵਿਧਾਨਕ ਸਮਤੋਲ ਬਣਾਉਣ ਦੀ ਬਜਾਏ ਹਕੂਮਤ ਦੀਆਂ ਤਰਜੀਹਾਂ ਨੂੰ ਰੈਲ੍ਹਾ ਬਣਾਉਣ ਵਾਲੀ ਸੰਸਥਾ ਦੀ ਭੂਮਿਕਾ ਨਿਭਾ ਰਹੀ ਹੈ।

ਲਿਹਾਜ਼ਾ, ਸਵਾਲ ਸਿਰਫ਼ ਉਮਰ ਜਾਂ ਸ਼ਰਜ਼ੀਲ ਦਾ ਨਹੀਂ ਹੈ, ਸਗੋਂ ਉਸ ਖ਼ਤਰਨਾਕ ਪਿਰਤ ਦਾ ਹੈ ਜੋ ਮਜ਼ਬੂਤ ਕੀਤੀ ਜਾ ਰਹੀ ਹੈ। ਜੇ ਬਿਨਾਂ ਸਿੱਧੀ ਹਿੰਸਾ ਦੇ, ਭਾਸ਼ਣ ਅਤੇ ਪੁਰਅਮਨ ਸੰਘਰਸ਼ ਨੂੰ ਦਹਿਸ਼ਤਗਰਦ ਸਾਜ਼ਿਸ਼ ਕਰਾਰ ਦਿੱਤਾ ਜਾ ਸਕਦਾ ਹੈ, ਤਾਂ ਇਹ ਅਸਹਿਮਤੀ ਅਤੇ ਜੁਰਮ ਦਰਮਿਆਨ ਲਕੀਰ ਨੂੰ ਖ਼ਤਰਨਾਕ ਤਰੀਕੇ ਨਾਲ ਧੁੰਦਲੀ ਕਰ ਦਿੱਤੇ ਜਾਣ ਤੋਂ ਸਿਵਾਏ ਕੁਝ ਨਹੀਂ ਹੈ। ਜਿਸ ਪਿੱਛੇ ਸੱਤਾਧਾਰੀ ਧਿਰ ਦਾ ਇੱਕੋਇਕ ਮਨੋਰਥ ਜਾਬਰ ਸੱਤਾ ਦੇ ਖ਼ੌਫ਼ ਰਾਹੀਂ ਨਾਗਰਿਕਾਂ ਦੀ ਜ਼ਬਾਨਬੰਦੀ ਕਰਨਾ ਹੈ। ਅਜਿਹੇ ਸਾਰੇ ਕੇਸਾਂ ਵਿਚ ਇਕ ਸਾਂਝਾ ਪੈਟਰਨ ਸਾਫ਼ ਦੇਖਿਆ ਜਾ ਸਕਦਾ ਹੈ: ਜਾਂਚ ਏਜੰਸੀਆਂ ਅਸਹਿਮਤ ਆਵਾਜ਼ਾਂ ਨੂੰ "ਮਾਸਟਰਮਾਈਂਡ" ਜਾਂ "ਵਿਚਾਰਧਾਰਕ ਸਾਜ਼ਿਸ਼ਘਾੜੇ" ਵਜੋਂ ਪੇਸ਼ ਕਰਦੀਆਂ ਹਨ; ਅਦਾਲਤਾਂ ਵਿਸ਼ੇਸ਼ ਕਾਨੂੰਨ ਯੂਏਪੀਏ ਲਗਾਇਆ ਹੋਣ ਦੇ ਆਧਾਰ 'ਤੇ ਜ਼ਮਾਨਤ ਦੇ ਪੜਾਅ 'ਤੇ ਸਰਕਾਰੀ ਬਿਰਤਾਂਤਾਂ ਨੂੰ ਬਿਨਾਂ ਪਰਖ-ਪੜਤਾਲ ਕੀਤੇ ਸਵੀਕਾਰ ਕਰ ਲੈਂਦੀਆਂ ਹਨ; ਅਤੇ ਯੂਏਪੀਏ ਦੇ ਬਹਾਨੇ ਜ਼ਮਾਨਤ ਦੇ ਹੱਕ ਤੋਂ ਵਾਂਝਾ ਕੀਤਾ ਬੇਗੁਨਾਹ 'ਦੋਸ਼ੀ' ਬਿਨਾਂ ਮੁਕੱਦਮਾ ਚੱਲੇ ਲੰਮੀ ਕੈਦ ਦੇ ਵੱਸ ਪਾ ਦਿੱਤਾ ਜਾਂਦਾ ਹੈ।

ਇਸ ਨੂੰ ਬੇਹੱਦ ਸਪਸ਼ਟਤਾ ਨਾਲ ਸਮਝਣ ਅਤੇ ਲੋਕਾਈ ਨੂੰ ਸਮਝਾਉਣ ਦੀ ਜ਼ਰੂਰਤ ਹੈ ਕਿ ਯੂਏਪੀਏ ਵਰਗੇ ਵਿਸ਼ੇਸ਼ ਕਾਨੂੰਨ ਬਣਾਏ ਜਾਣ ਦਾ ਮਕਸਦ ਤਾਂ 'ਕੌਮੀ ਸੁਰੱਖਿਆ' ਦੱਸਿਆ ਗਿਆ ਪਰ ਅਸਲ ਵਿਚ ਇਹ ਹਕੂਮਤ ਤੋਂ ਅਸੰਤੁਸ਼ਟ ਆਵਾਜ਼ਾਂ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿਚ ਰੱਖਣ ਲਈ ਈਜਾਦ ਕੀਤੇ ਜਬਰ ਦੇ ਸੰਦ ਹਨ। ਭਾਰਤੀ ਹੁਕਮਰਾਨ ਜਮਾਤ ਜਦੋਂ 'ਕੌਮੀ ਸੁਰੱਖਿਆ' ਦੀ ਗੱਲ ਕਰਦੀ ਹੈ ਤਾਂ ਉਸਦਾ ਭਾਵ ਸਿਰਫ਼ ਤੇ ਸਿਰਫ਼ ਹੁਕਮਰਾਨ ਗੁੱਟ ਦੇ ਸੌੜੇ ਰਾਜਨੀਤਕ ਹਿਤਾਂ ਅਤੇ ਉਸਦੇ ਚਹੇਤੇ ਕਾਰਪੋਰੇਟ ਸਰਮਾਏਦਾਰਾਂ ਦੇ ਕਾਰੋਬਾਰੀ ਹਿਤਾਂ ਦੀ ਸੁਰੱਖਿਆ ਹੈ। ਇਸ ਕਥਿਤ ਕੌਮੀ ਸੁਰੱਖਿਆ ਵਿੱਚੋਂ ਮੁਲਕ ਅਤੇ ਮੁਲਕ ਦੇ ਲੋਕਾਂ ਦੇ ਹਿਤ ਪੂਰੀ ਤਰ੍ਹਾਂ ਮਨਫ਼ੀ ਹਨ।


ਖ਼ਾਲਿਦ ਅਤੇ ਇਮਾਮ ਨੂੰ ਜ਼ਮਾਨਤ ਤੋਂ ਇਨਕਾਰ ਮੁਲਕ ਦੇ ਸਮੂਹ ਸੰਘਰਸ਼ਸ਼ੀਲ ਹਿੱਸਿਆਂ, ਹੱਕਾਂ ਦੇ ਕਾਰਕੁਨਾਂ, ਜ਼ਹੀਨ ਵਿਦਿਆਰਥੀਆਂ ਅਤੇ ਸਾਰੇ ਨਿਆਂਪਸੰਦ ਲੋਕਾਂ ਨੂੰ ਸਪਸ਼ਟ ਸੰਦੇਸ਼ ਹੈ ਕਿ ਦਿਨੋ-ਦਿਨ ਆਪਣੀ ਖ਼ੂਨੀ ਪਕੜ ਮਜ਼ਬੂਤ ਕਰ ਰਹੀ ਫਾਸ਼ੀਵਾਦੀ ਹਕੂਮਤ ਹੇਠ ਅਸਹਿਮਤੀ ਮਹਿਜ਼ ਰਾਜਨੀਤਿਕ ਖ਼ਤਰਾ ਸਹੇੜਨਾ ਨਹੀਂ ਹੈ, ਸਗੋਂ ਇਸਦਾ ਨਤੀਜਾ ਬਿਨਾਂ ਮੁਕੱਦਮੇ ਦੇ ਲੰਮੀ ਜੇਲ੍ਹਬੰਦੀ ਵੀ ਹੋ ਸਕਦਾ ਹੈ।

ਸੱਤਾ ਦੇ ਫਾਸ਼ੀਵਾਦ ਨੂੰ ਠੱਲ੍ਹ ਪਾਉਣ ਲਈ ਜਾਗਰੂਕ ਹਿੱਸਿਆਂ ਨੂੰ ਨਿਆਂ-ਪ੍ਰਣਾਲੀ ਸਮੇਤ ਸਟੇਟ ਦੇ ਵੱਖ-ਵੱਖ ਅੰਗਾਂ ਦੀ ਲੋਕ-ਵਿਰੋਧੀ ਭੂਮਿਕਾ ਬਾਰੇ ਲੋਕਾਈ ਨੂੰ ਚੇਤਨ ਕਰਨ ਲਈ ਬੇਹੱਦ ਸੰਜੀਦਗੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਜੇ ਅਦਾਲਤਾਂ ਦਾ ਹਕੂਮਤ ਦੇ ਪਾਏ ਪੂਰਨਿਆਂ 'ਤੇ ਚੱਲਕੇ ਅਸਹਿਮਤੀ ਅਤੇ ਦਹਿਸ਼ਤਗਰਦੀ, ਸ਼ੱਕ ਅਤੇ ਦੋਸ਼ ਦਰਮਿਆਨ ਦੀ ਉੱਘੜਵੀਂ ਲਕੀਰ ਨੂੰ ਮੇਟਣ ਦਾ ਵਰਤਾਰਾ ਬੇਰੋਕ-ਟੋਕ ਜਾਰੀ ਰਹਿੰਦਾ ਹੈ ਤਾਂ ਭਾਰਤ ਦਾ ਕੋਈ ਵੀ ਨਾਗਰਿਕ ਇਸ ਦੀ ਮਾਰ ਤੋਂ ਬਚ ਨਹੀਂ ਸਕੇਗਾ।

- ਅਮੋਲਕ ਸਿੰਘ

ਬੂਟਾ ਸਿੰਘ ਰੰਗ ਮੰਚ ਦਾ ਬੂਟਾ

# ਲੋਕ ਪੱਖੀ ਸਭਿਆਚਾਰ ਦੀ ਖੁਸ਼ਬੋ ਵੰਡਦਾ ਰਹੇਗਾ



ਰੰਗ ਕਰਮੀ ਬੂਟਾ ਸਿੰਘ ਬਠਿੰਡਾ 4 ਜੂਨ 1939 ਨੂੰ ਨਥਾਣਾ ਵਿਖੇ ਮਾਂ ਕਿਸ਼ਨ ਕੌਰ ਅਤੇ ਪਿਤਾ ਹਰਦਿਆਲ ਸਿੰਘ ਦੇ ਘਰ ਪੈਦਾ ਹੋਏ। ਪਿਤਾ ਦਾ ਸਾਇਆ ਬਚਪਨ 'ਚ ਸਿਰ ਤੋਂ ਉੱਠ ਗਿਆ। ਆਪਣੇ ਪਰਿਵਾਰ 'ਚੋਂ ਸਿਰਫ ਉਹ ਹੀ ਪੜ੍ਹ ਸਕੇ ਅਤੇ ਉਹਨਾਂ ਆਪਣੇ ਦਮ ਤੇ ਨਥਾਣਾ ਤੋਂ 10ਵੀਂ ਕਰਨ ਉਪਰੰਤ ਐਮ.ਏ. ਅੰਗਰੇਜੀ ਪਾਸ ਕੀਤੀ। ਉਹਨਾਂ ਦਾ ਵਿਦਿਅਕ ਸਫ਼ਰ ਬਹੁਤ ਕਠਨਾਈਆਂ ਭਰਿਆ ਰਿਹਾ। ਉਹ 60ਵਿਆਂ ਦੇ ਪਹਿਲੇ ਅੱਧ ਵਿਚ ਜੇਠੂਕੇ ਵਿਖੇ ਅਧਿਆਪਕ ਵਜੋਂ ਭਰਤੀ ਹੋਏ। ਸਿਖਿਆ ਬਾਰੇ ਉਹਨਾਂ ਦਾ ਵਿਚਾਰ ਸੀ ਕਿ ਬੱਚਿਆਂ ਨੂੰ ਸਰੀਰਕ ਸਜ਼ਾ ਨਹੀਂ ਦੇਣੀ ਚਾਹੀਦੀ ਸਗੋਂ ਬੱਚਿਆਂ ਦੇ ਸਰਵਪੱਖੀ ਵਿਕਾਸ ਉਪਰ ਜੋਰ ਦੇਣ, ਅਧਿਆਪਕ ਨੂੰ ਆਪ ਵਧੇਰੇ ਮਿਹਨਤ ਕਰਨ ਅਤੇ ਆਪਣੇ ਗਿਰਿਵਾਨ ਵਿੱਚ ਝਾਤੀ ਮਾਰਨ ਦੀ ਵਧੇਰੇ ਲੋੜ ਹੁੰਦੀ ਹੈ।

ਸਿੱਖਿਆ ਖੇਤਰ ਤੋਂ ਕੁਝ ਸਮੇਂ ਬਾਅਦ ਹੀ ਉਹ ਸਿਹਤ ਵਿਭਾਗ ਵਿਚ ਸੇਵਾਵਾਂ ਦੇਣ ਲੱਗੇ। ਇਸ ਸਮੇਂ ਦੌਰਾਨ ਉਹਨਾਂ ਦਾ ਵਾਹ ਵਾਸਤਾ ਜਨਤਕ ਇਨਕਲਾਬੀ ਲਹਿਰ ਦੇ ਮੁਦਈ ਸਾਥੀਆਂ ਨਾਲ ਹੋਇਆ। ਉਹਨਾਂ ਮੁਢਲੇ ਸਮੇਂ ਵਿਚ ਹੀ ਮਾਈਕਲ ਕੌਰਨ ਫੌਰਥ ਦੀ ਮਾਰਕਸਵਾਦ ਬਾਰੇ ਰਚਨਾ ਪੜ੍ਹੀ। ਹੋਰ ਬਹੁਤ ਸਾਰਾ ਮਾਰਕਸੀ ਸਾਹਿਤ ਵੀ ਪੜਿਆ ਅਤੇ ਅਧਿਐਨ ਕੀਤਾ। ਹਰਿਆਣਾ ਬਣਨ ਤੋਂ ਬਾਅਦ ਉਹਨਾਂ ਦੀ ਸਰਵਿਸ ਹਰਿਆਣਾ 'ਚ ਰਹਿ ਗਈ। 1972 ਦੇ ਮੋਗਾ ਘੋਲ ਸਮੇਂ ਉਹਨਾਂ ਦੀ ਪ੍ਰੇਰਨਾ ਨਾਲ ਬੜਾ-ਗੁੜਾ (ਹਰਿਆਣਾ) 'ਚ ਸਕੂਲੀ ਵਿਦਿਆਰਥੀਆਂ ਦੁਆਰਾ ਹੜਤਾਲ ਕਰਨਾ ਵੀ ਉਹਨਾਂ ਲਈ ਸਦਾ ਸਕੂਨ ਅਤੇ ਮਾਣ ਦਾ ਸਰੋਤ ਬਣਿਆਂ ਰਿਹਾ। ਇਸ ਸਮੇਂ ਦੌਰਾਨ ਉਹਨਾਂ ਦਲੀਪ ਭੁੱਚੋ ਖ਼ੁਰਦ, ਹਰਦੀਪ ਮਹਿਣਾ, ਮੰਦਰ ਜੱਸੀ, ਬਲਜੀਤ ਸਿੰਘ, ਬੰਤ ਭੁੱਚੋ ਖ਼ੁਰਦ, ਕਰਮ ਮਹਿਰਾਜ, ਬੱਗਾ ਸਿੰਘ, ਬੂਟਾ ਰਾਮ, ਸਤਪਾਲ ਭਾਰਤੀ, ਹਰਦੇਵ ਗੋਬਿੰਦਪੁਰਾ ਨੇ ਲੋਕ ਨਾਟਕ ਕਲੱਬ ਬਠਿੰਡਾ ਨਾਂ ਦੇ ਥੀਏਟਰ ਗਰੁੱਪ ਦਾ ਗਠਨ ਕੀਤਾ। ਐਮਰਜੰਸੀ ਦੇ ਦੌਰ ਵਿਚ ਇਸ ਨਾਟਕ ਟੀਮ ਦਾ ਨਾਂ ਬਦਲ ਕੇ ਪੇਂਡੂ ਡਰਾਮਾ ਮੰਡਲੀ ਰੱਖਿਆ ਗਿਆ।

ਗੁਰਸ਼ਰਨ ਭਾਅ ਜੀ ਦੇ ਨਾਟਕ 'ਇਹ ਲਹੂ ਕਿਸਦਾ ਹੈ' 'ਪਰਖ' 'ਕਿਵ ਕੂੜੇ ਟੁੱਟੇ ਪਾਲਿ' ਦਾ ਮੰਚਨ ਕੀਤਾ। ਇਸ ਤੋਂ ਬਾਅਦ 'ਪਗੜੀ ਸੰਭਾਲ ਜੱਟਾ' 'ਇਕ ਲੜਾਈ ਇਕ ਸਮਝੌਤਾ' 'ਅਜਨਬੀ' 'ਅਰਮਾਨ ਸ਼ਹੀਦਾਂ ਦੇ' 'ਭੇਖਧਾਰੀ' ਸ਼ਹੀਦ ਪ੍ਰਿਥੀਪਾਲ ਰੰਧਾਵਾ ਨਾਲ ਸਬੰਧਤ ਨਾਟਕ 'ਸ਼ਹੀਦੋ ਥੋਡੀ ਸੋਚ 'ਤੇ' ਅਤੇ ਲਹੂ ਦੀ ਲੋਅ ਨਾਵਲ ਤੇ ਅਧਾਰਤ 'ਅਸੀਂ ਸ਼ਹੀਦ ਹੋਵਾਂਗੇ, ਤੂੰ ਖੁਦਕਸ਼ੀ ਕਰੇਂਗਾ' ਅਤੇ ਹੋਰ ਬਹੁਤ ਨਾਟਕਾਂ ਦਾ ਮੰਚਨ ਕੀਤਾ। 'ਪਗੜੀ ਸੰਭਾਲ ਜੱਟਾ ਵਿਚ ਉਹਨਾਂ ਦੀ ਅਦਾਕਾਰੀ ਬਹੁਤ ਮਕਬੂਲ ਹੋਈ। ਪੇਂਡੂ ਡਰਾਮਾ ਮੰਡਲੀ ਦੇ ਸਾਰੇ ਕਲਾਕਾਰ ਪੇਂਡੂ ਮਾਲਵਾ ਖੇਤਰ ਨਾਲ ਸਬੰਧਤ ਸਨ ਅਤੇ ਉਹਨਾਂ ਆਪਣੇ ਨਾਟਕਾਂ ਦਾ ਬਹੁਤ ਸਹਿਜਈ ਅਤੇ ਸੁਹਜਮਈ ਅੰਦਾਜ਼ ਵਿਚ ਪੇਂਡੂ ਮੁਹਾਵਰਾ ਵਿਕਸਤ ਕੀਤਾ ਜਿਸ ਕਾਰਨ ਉਹਨਾਂ ਦੇ ਨਾਟਕਾਂ ਅਤੇ ਪਾਤਰਾਂ ਨੂੰ ਲੋਕਾਂ ਦਾ ਅਥਾਹ ਪਿਆਰ ਮਿਲਿਆ। ਉਹਨਾਂ ਆਪਣੇ ਨਾਟਕਾਂ ਦਾ ਮੰਚਨ ਇਨਕਲਾਬੀ ਲੋਕ ਲਹਿਰ ਦੇ ਇਕ ਸਰਗਰਮ ਕਾਰਕੁੰਨ ਵਜੋਂ ਕੀਤਾ। ਨਾਟਕਾਂ ਤੋਂ ਇਕਠੀ ਹੋਣ ਵਾਲੀ ਆਰਥਿਕ ਸਹਾਇਤਾ, ਸੰਘਰਸ਼ ਸ਼ੀਲ ਜਥੇਬੰਦੀਆਂ ਨਾਲ ਸਾਂਝੀ ਕਰਦੇ ਰਹੇ। ਰੰਗ ਕਰਮੀਆਂ ਅਤੇ ਲੋਕਾਂ ਦੀ ਬਾਂਹ ਫੜਨ ਲਈ ਜਨਤਕ ਸਰਗਰਮੀਆਂ ਦੇ ਖੇਤਰ ਵਿਚ ਸਰਗਰਮ ਕਾਮਿਆਂ ਲਈ ਅਜੋਕੇ ਸਮੇਂ ਅੰਦਰ ਇਹ ਮਹੱਤਵਪੂਰਨ ਸੁਆਲ ਖੜ੍ਹਾ ਹੈ ਕਿ ਕਲਮ, ਕਲਾ ਅਤੇ ਸੰਗਰਾਮ ਦੀ ਸਾਂਝ ਦੀ ਤੰਦ ਕਿਵੇਂ ਮਜ਼ਬੂਤ ਹੋਵੇ। ਇਸ ਪੱਖੋਂ ਰੰਗ ਕਰਮੀ ਬੂਟਾ ਸਿੰਘ ਦੀ ਸਰਗਰਮੀ ਦਾ ਸਮਾਂ ਇੱਕ ਮਿਸਾਲ ਵਜੋਂ ਸਮਝਣ ਲਈ ਵਿਸ਼ੇਸ਼ ਧਿਆਨ ਮੰਗਦਾ ਹੈ ਕਿਉਂਕਿ ਰੰਗ ਮੰਚ ਅਤੇ ਜਨਤਕ ਦੋਵੇਂ ਖੇਤਰਾਂ ਵਿਚ ਇਹ ਸੁਆਲ ਗੰਭੀਰ ਵਿਚਾਰ ਚਰਚਾ ਅਤੇ ਨਤੀਜੇ ਪੱਲੇ ਬੰਨ੍ਹ ਕੇ ਕੁਝ ਨਵੇਂ ਰਾਹਾਂ ਲਈ ਸੈਨਤਾਂ ਕਰ ਰਿਹਾ ਹੈ।

ਉਹਨਾਂ ਨਾਟਕਾਂ ਦਾ ਮੰਚਨ ਪੰਜਾਬ ਵਿਚ ਕੀਤਾ ਅਤੇ ਸਰਵਿਸ ਹਰਿਆਣਾ ਵਿਚ ਕੀਤੀ। ਉਹਨਾਂ ਬਹੁਤ ਸਿਰੜ ਨਾਲ ਆਪਣੀਆਂ ਦੋਵੇਂ ਸਰਗਰਮੀਆ ਅਤੇ ਜ਼ਿੰਮੇਵਾਰੀਆਂ ਤਾਲਮੇਲ ਬਿਠਾ ਕੇ ਨਿਭਾਈਆਂ। ਪੇਂਡੂ ਡਰਾਮਾ ਮੰਡਲੀ ਦੇ ਕਰੀਬ ਦਹਾਕਾ ਭਰ ਦੇ ਸਰਗਰਮ ਸਫ਼ਰ ਵਿਚ ਉਹ ਜੀਅ ਜਾਨ ਨਾਲ ਜੁਟੇ ਰਹੇ।

1974 ਵਿਚ ਵਾਹੀਕਾਰਾ ਯੂਨੀਅਨ ਤੇ ਬਠਿੰਡਾ ਵਿਖੇ ਭਾਰੀ ਲਾਠੀਚਾਰਜ ਹੋਇਆ ਤਾਂ ਉਹਨਾਂ ਦੇ ਕਿਸਾਨੀ ਪਰਿਵਾਰ ਨੇ ਵੀ ਇਸ ਸੰਘਰਸ਼ ਵਿਚ ਹਿੱਸਾ ਲਿਆ।

1974 ਵਿਚ ਉਹਨਾਂ ਦੀ ਸ਼ਾਦੀ ਬਿਜਲੀ ਮੁਲਾਜਮ ਟਰੇਡ ਯੂਨੀਅਨ ਆਗੂ ਪੁਸ਼ਪ ਲਤਾ ਜੀ ਨਾਲ ਹੋਈ। ਉਹਨਾਂ ਦਾ ਵਿਆਹ, ਪੁਰਾਤਨ ਵੱਟਾਂ ਬੰਨਿਆਂ ਨੂੰ ਭੰਨਕੇ ਅਗਾਂਹ ਵਧੂ ਵਿਚਾਰਾਂ ਨਾਲ ਰੰਗਿਆ ਹੋਇਆ ਸੀ, ਜੋ ਹੋਰਨਾਂ ਲਈ ਪ੍ਰੇਰਨਾਦਾਇਕ ਬਣਿਆ। ਉਹਨਾਂ ਦਾ ਵਿਆਹ ਇਨਕਲਾਬੀ ਰਸਮਾਂ ਨਾਲ ਬਿਨਾਂ ਦਾਜ ਦਹੇਜ ਤੋਂ ਹੋਇਆ। ਇਹ ਵਿਆਹ ਉਸ ਸਮੇਂ ਇਨਕਲਾਬੀ ਜਮਹੂਰੀ ਲਹਿਰ ਵਲੋਂ ਸਥਾਪਿਤ ਕੀਤੀਆਂ ਜਾ ਰਹੀਆਂ ਨਵੀਆਂ ਨਰੋਈਆਂ ਕਦਰਾਂ ਕੀਮਤਾਂ ਦੇ ਅਨੁਸਾਰ ਸੀ ਅਤੇ ਇਸ ਕਾਰਨ ਰਵਾਇਤੀ ਪਿਛਾਖੜੀ ਗਿਲੇ ਸ਼ਿਕਵੇ ਅਤੇ ਨਰਾਜ਼ਗੀ ਨੂੰ ਸਹਿਜਤਾ ਨਾਲ ਹੱਲ ਕਰਨ ਦਾ ਯਤਨ ਕੀਤਾ।

ਉਹਨਾਂ ਬਹੁਤ ਜਮਹੂਰੀ ਨਜ਼ਰੀਏ ਅਤੇ ਪਹੁੰਚ ਨਾਲ ਆਪਣੀ ਜਵੀਨ ਸਾਥਣ ਪੁਸ਼ਪ ਲਤਾ ਦਾ ਟਰੇਡ ਯੂਨੀਅਨ ਸਰਗਰਮੀਆਂ 'ਚ ਸਹਿਯੋਗ ਕੀਤਾ। ਜਦੋਂ ਉਹਨਾਂ ਦੀ ਜੀਵਨ ਸਾਥਣ ਪੁਸ਼ਪ ਲਤਾ 1982 'ਚ ਥਰਮਲ ਬਠਿੰਡਾ ਦੇ ਸੰਘਰਸ਼ ਕਾਰਨ ਟਰਮੀਨੇਟ ਹੋ ਗਏ ਤਾਂ ਉਹਨਾਂ ਸਾਬਤ ਕਦਮੀ ਦ੍ਰਿੜਤਾ ਨਾਲ ? ਉਹਨਾਂ ਦਾ ਸਾਥ ਦਿਤਾ। ਇਕ ਔਰਤ ਕਾਰਕੁੰਨ ਵਜੋਂ ਪੂਰਾ ਸਰਗਰਮ ਜੀਵਨ ਜਿਉਂਦਿਆਂ ਉਹਨਾਂ ਦੀ ਜੀਵਨ ਸਾਥਣ ਨੇ ਉਹਨਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਹਾਸਲ ਕੀਤਾ। ਸਾਡੇ ਸਮਿਆਂ ਲਈ ਉਹਨਾਂ ਦੇ ਜੀਵਨ ਦੀਆਂ ਇਹਨਾਂ ਫੁੱਲ ਪੱਤੀਆਂ ਦੀ ਸੌਗੰਧ ਵੀ ਸਾਂਭਣਯੋਗ ਹੈ।

ਉਹ ਜਾਤ-ਪਾਤ ਦੇ ਕੋਹੜ ਦੇ ਡਟਵੇਂ ਵਿਰੋਧੀ ਰਹੇ। ਉਹ ਤਹਿ ਦਿਲੋਂ ਸੈਕੂਲਰ ਸੋਚ ਦੇ ਧਾਰਨੀ ਅਤੇ ਹਰ ਤਰ੍ਹਾਂ ਦੀ ਫਿਰਕਾਪ੍ਰਸਤੀ ਦੇ ਵਿਰੋਧੀ ਸਨ। ਪੰਜਾਬ 'ਚ ਰਿਹਾਇਸ਼ ਅਤੇ ਹਰਿਆਣਾ 'ਚ ਸਰਵਿਸ ਕਰਦੇ ਰਹੇ ਹੋਣ ਕਾਰਣ 80ਵਿਆਂ 'ਚ ਇਸ ਸਬੰਧੀ ਉਹਨਾਂ ਦੋਹਾਂ ਰਾਜਾਂ 'ਚ ਪਨਪੀ ਸਥਿਤੀ ਦਾ ਵਿਅਕਤੀਗਤ ਤੌਰ 'ਤੇ ਵਿਸ਼ੇਸ਼ ਸਾਹਮਣਾ ਕੀਤਾ। ਸੇਵੇਵਾਲ ਖ਼ੂਨੀ ਕਾਂਡ ਤੋਂ ਬਾਅਦ ਉਹ ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਦੀਆਂ ਸਰਗਰਮੀਆਂ 'ਚ ਬਤੌਰ ਸਮਰਥਕ ਸ਼ਮੂਲੀਅਤ ਕਰਦੇ ਰਹੇ। ਉਹ ਕੁਝ ਅਰਸਾ ਲੋਕ ਮੋਰਚਾ ਪੰਜਾਬ ਦੇ ਮੈਂਬਰ ਵਜੋਂ ਵੀ ਕਾਰਜ ਸ਼ੀਲ ਰਹੇ ਅਤੇ ਇਸਦੀ ਪੱਤ੍ਰਿਕਾ 'ਮੁਕਤੀ ਮਾਰਗ' ਦੀ ਡਾਕ ਭੇਜਣ ਦਾ ਕੰਮ ਪੂਰੀ ਜੁੰਮੇਵਾਰੀ ਨਾਲ ਅਦਾ ਕਰਦੇ ਰਹੇ। ਉਹਨਾਂ ਕਿਸੇ ਵੀ ਸਮੇਂ ਜੋ ਵੀ ਜੁੰਮੇਵਾਰੀ ਓਟੀ, ਉਸਨੂੰ ਪ੍ਰਤੀਬੱਧਤਾ ਨਾਲ ਨਿਭਾਉਣ 'ਚ ਯਕੀਨ ਰੱਖਦੇ ਸਨ।

ਉਹ ਬਹੁਤ ਹੀ ਮਾਨਵਵਾਦੀ ਅਤੇ ਮਿਹਨਤੀ ਸੁਭਾਅ ਦੇ ਸਨ। ਉਹਨਾਂ ਇਨਕਲਾਬੀ ਜਮਹੂਰੀ ਲਹਿਰ ਦੀਆਂ ਸਥਾਪਤ ਕਦਰਾਂ ਕੀਮਤਾਂ ਨੂੰ ਆਪਣੇ ਨਿਜੀ, ਪਰਿਵਾਰਕ ਅਤੇ ਸਮਾਜਕ ਜੀਵਨ 'ਚ ਅਪਨਾਉਣ ਲਈ ਪੂਰੀ ਸੁਹਿਰਦਤਾ ਅਤੇ ਮਿਹਨਤ ਨਾਲ ਕੰਮ ਕੀਤਾ। ਸਮਾਜ ਅੰਦਰ ਮੌਜੂਦ ਵਿਤਕਰਿਆਂ ਅਤੇ ਪਿਛਾਖੜੀ ਕਦਰਾਂ ਕੀਮਤਾਂ ਖ਼ਿਲਾਫ਼ ਉਹ ਦ੍ਰਿੜ ਸਟੈਂਡ ਲੈਂਦੇ ਰਹੇ। ਉਹ ਮਾਨਵੀ ਮਿਆਰਾਂ ਨਾਲ ਰਿਸ਼ਤੇ 'ਚ ਸਾਫ਼ਗੋਈ ਨਾਲ ਵਿਚਰਦੇ ਰਹੇ ਅਤੇ ਅਜਿਹੀ ਹੀ ਉਮੀਦ ਦੂਸਰਿਆਂ ਤੋਂ ਕਰਦੇ ਰਹੇ। ਉਹ ਲਹਿਰ ਅੰਦਰ, ਪਰਿਵਾਰਕ ਅਤੇ ਸਮਾਜਕ ਰਿਸ਼ਤੇ ਨਿਭਾਉਂਦਿਆਂ ਜਰੂਰਤਮੰਦ ਦੀ ਮੱਦਦ ਲਈ ਤਹਿ ਦਿਲੋਂ ਯਤਨਸ਼ੀਲ ਰਹੇ। ਉਹਨਾਂ ਫੂਡ ਇੰਸਪੈਕਟਰ ਵਜੋਂ ਆਪਣੀ ਸਰਵਿਸ ਨੂੰ ਬਹੁਤ ਇਮਾਨਦਾਰੀ ਨਾਲ ਨਿਭਾਇਆ। ਉਹ ਤਹਿ ਦਿਲੋਂ ਲੋਕ ਹਿਤੈਸ਼ੀ ਸਨ ਅਤੇ ਲੋਕਾਂ ਨਾਲ ਹੁੰਦੀ ਕਿਸੇ ਵਧੀਕੀ ਨੂੰ ਉਹ ਨਿਜੀ ਵਧੀਕੀ ਵਜੋਂ ਮਹਿਸੂਸ ਕਰਦੇ ਅਤੇ ਇਸ ਤਰ੍ਹਾਂ ਦੀ ਸੰਵੇਦਨ ਸ਼ੀਲ ਪ੍ਰਤੀਕਿਰਿਆ ਕਰਦੇ ਕਿ ਕਈ ਵਾਰ ਉਹ ਜੋਖਮ ਵੀ ਸਹੇੜ ਲੈਂਦੇ। (ਇਕ ਵਾਰ ਉਹਨਾਂ ਦੇ ਕੁਝ ਜਾਣਕਾਰਾਂ ਨੇ ਜੂਸ ਦੀ ਦੁਕਾਨ ਖੋਹਲ ਲਈ ਜਿਸ ਵਿਚ ਉਹਨਾਂ ਨੂੰ ਵੀ ਹਿਸੇਦਾਰ ਬਣਾ ਲਿਆ। ਇਕ ਦਿਨ ਜਦ ਉਹ ਡਿਊਟੀ ਤੋਂ ਆਏ ਤਾਂ ਦੇਖਿਆ ਕੇ ਜੂਸ ਵਾਸਤੇ ਰੱਖੇ ਫਲ ਮਿਆਰੀ ਨਹੀਂ ਸਨ ਤਾਂ ਉਹਨਾਂ ਗੁੱਸੇ 'ਚ ਉਹ ਸਾਰੇ ਫਲ ਉਦੋਂ ਹੀ ਵਗਾਹ ਮਾਰੇ ਅਤੇ ਇਹ ਕਹਿਕੇ ਆਪਣੇ ਨਾਲ ਦੇ ਹਿੱਸੇਦਾਰਾਂ ਨਾਲ ਰੋਸ ਪ੍ਰਗਟਾਇਆ ਕਿ ਆਪਾਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਿਵੇਂ ਕਰ ਸਕਦੇ ਹਾਂ? ਉਹਨਾਂ ਦੇ ਸੁਭਾਅ ਤੋਂ ਜਾਣਕਾਰਾਂ ਨੇ ਇਹ ਕਹਿ ਕੇ ਮਾਮਲਾ ਟਾਲਿਆ ਕਿ, ਤੁਸੀਂ ਕਦੇ ਵੀ ਬਿਜ਼ਨਸ ਨਹੀਂ ਕਰ ਸਕਦੇ।

ਤਨਜ਼ੀਆ ਅੰਦਾਜ਼ ਵਿਚ ਇਹ ਗੱਲ ਚਰਚਿਤ ਰਹੀ ਕਿ ਬੂਟਾ ਸਿੰਘ ਨੇ ਆਪਣੀ ਹੀ ਦੁਕਾਨ ਤੇ ਫੂਡ ਇੰਸਪੈਕਟਰ ਬਣਕੇ ਛਾਪਾ ਮਾਰ ਲਿਆ! ਉਹ ਸਾਰੀ ਉਮਰ ਇਨਕਲਾਬੀ ਜਮਹੂਰੀ ਲਹਿਰ ਦੇ ਸੁਹਿਰਦ ਸਮਰਥਕ ਰਹੇ। ਉਹਨਾਂ ਦੇ ਪਰਿਵਾਰਕ ਮੈਂਬਰ ਅਲੱਗ ਅਲੱਗ ਜਥੇਬੰਦੀਆਂ 'ਚ ਸਰਗਰਮ ਰਹੇ। ਉਹ ਉਹਨਾਂ ਦੀਆਂ ਸਰਗਰਮੀਆਂ ਨੂੰ ਨੀਝ ਨਾਲ ਸੁਣਦੇ, ਫਿਕਰ ਰੱਖਦੇ ਅਤੇ ਸਰਗਰਮੀਆਂ ਦੀ ਸਫ਼ਲਤਾ ਲਈ ਉਹਨਾਂ ਨੂੰ ਬੇਹਦ ਖ਼ੁਸ਼ੀ ਹੁੰਦੀ। ਉਹ ਬਹੁਤ ਨਿਰਮਾਣ ਸੁਭਾਅ ਦੇ ਸਨ ਅਤੇ ਸਮਾਜਕ ਜੀਵਨ 'ਚ ਆਪਣੇ ਕਿਸੇ ਵੀ ਯੋਗਦਾਨ ਦਾ ਨਾਮਣਾ ਹਾਸਲ ਕਰਨ ਦੀ ਬਿਲਕੁਲ ਇਛਾ ਨਹੀਂ ਰਖਦੇ ਸਨ ਸਗੋਂ ਆਪਣੇ ਉਚੇਚੇ ਜਿਕਰ ਤੋਂ ਬਚਣ ਦੀ ਕੋਸ਼ਿਸ ਕਰਦੇ। ਕਹਿ ਸਕਦੇ ਹਾਂ ਕਿ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਨੇ ਜੋ ਵੀ ਨਰੋਈਆਂ ਕਦਰਾਂ ਕੀਮਤਾਂ ਦਾ ਚਾਨਣ ਵੰਡਿਆ ਹੈ ਉਹ ਇਸ ਚਾਨਣ ਦੇ ਬਾਲੇ ਨਿਮਾਣੇ ਦੀਪ ਹਨ ਜੋ ਸਾਰੀ ਉਮਰ ਲੋਕ ਕਲਾ ਅਤੇ ਲੋਕ ਲਹਿਰ ਦੇ ਹੱਕ 'ਚ ਆਪਣੇ ਦਾਇਰੇ ਅੰਦਰ ਜਗਦੇ ਰਹੇ। ਉਨ੍ਹਾਂ ਦੀ ਇਛਾ ਅਨੁਸਾਰ ਉਹਨਾਂ ਦੀਆਂ ਅੰਤਿਮ ਰਸਮਾਂ ਬਿਨਾਂ ਕਿਸੇ ਧਾਰਮਕ ਅਤੇ ਰਿਵਾਇਤੀ ਰਸਮਾਂ ਰਿਵਾਜਾਂ ਤੋਂ ਕੀਤੀ ਜਾ ਰਹੀਆਂ ਹਨ।

ਉਨ੍ਹਾਂ ਦੀ ਜੀਵਨ ਸਾਥਣ ਪੁਸ਼ਪ ਲਤਾ ਅਤੇ ਸਮੂਹ ਪਰਿਵਾਰ ਇਸ ਗਹਿਰੇ ਸਦਮੇ ਨੂੰ ਯਾਦਾਂ ਸੰਭਾਲਣ ਅਤੇ ਬੂਟਾ ਸਿੰਘ ਵੱਲੋਂ ਲਾਏ ਰੰਗ ਮੰਚ ਅਤੇ ਵਿਗਿਆਨਕ ਜਮਹੂਰੀ ਵਿਚਾਰਾਂ ਦੇ ਬੂਟੇ ਦੀ ਮਹਿਕ ਸੰਭਾਲਣ ਦੇ ਅਕੀਦਿਆਂ ਨੂੰ ਪ੍ਰਨਾਇਆ ਸਤਿਕਾਰ ਸਮਾਗਮ ਕਰਨ ਜਾ ਰਿਹਾ ਹੈ ਜਿਸ ਵਿਚ ਬੂਟਾ ਸਿੰਘ ਦਾ ਵਡੇਰਾ ਪਰਿਵਾਰ ਉਨ੍ਹਾਂ ਦੇ ਪਰਿਵਾਰ ਦੇ ਅੰਗ ਸੰਗ ਹੋਏਗਾ।

ਸੰਪਰਕ: 98778 68710









# ਜਨਤਕ ਸਿਹਤ ਦੇ ਦੁਸ਼ਮਣ - ਨਿੱਜੀਕਰਨ ਤੇ ਬਦਨੀਤੀ


ਡਾ. ਪਾਰਥਾ ਸ਼ਰਮਾ
ਅਨੁ. - ਡਾ. ਜਸਬੀਰ ਸਿੰਘ ਔਲਖ



ਜਨਤਕ ਸਿਹਤ ਦੇ ਹਾਲਾਤ ਹਿੰਦੁਸਤਾਨ ਵਿੱਚ ਅਕਸਰ ਚਰਚਾ ਵਿੱਚ ਰਹਿੰਦੇ ਹਨ। ਜਿੱਥੇ ਨਕਲੀ ਦਵਾਈਆਂ ਅਤੇ ਬੇਲੋੜੀਆਂ ਸਰਜਰੀਆਂ ਤੋਂ ਲੈਕੇ ਗੈਰ-ਇਖਲਾਕੀ ਕਲੀਨੀਕਲ ਟਰਾਇਲਾਂ ਨਾਲ ਅਣਗਿਣਤ ਲੋਕ ਪ੍ਰਭਾਵਿਤ ਹੋਏ ਹਨ, ਉੱਥੇ ਬਿਮਾਰੀਆਂ ਪੈਦਾ ਕਰਨ ਵਾਲੇ ਕਾਰਕ ਨੀਤੀਗਤ ਮਾਮਲਿਆਂ ਦੀ ਬਦਨੀਅਤ ਅਤੇ ਸਰਕਾਰੀ ਸਕੀਮਾਂ ਦੇ ਫੇਲ੍ਹ ਹੋਣ ਦਾ ਵੀ ਨਤੀਜਾ ਭੁਗਤਿਆ ਹੈ। ਗੈਰ- ਪ੍ਰੋਸੈਸਡ ਬਜ਼ਾਰੂ ਭੋਜਨ ਨੇ ਜਿੱਥੇ ਗੈਰ-ਸੰਚਾਲਿਤ ਬਿਮਾਰੀਆਂ ਨੂੰ ਮਹਾਂਮਾਰੀ ਦੀ ਹੱਦ ਤੱਕ ਵਧਾ ਦਿੱਤਾ ਹੈ ਉੱਥੇ ਹਵਾ, ਪਾਣੀਂ, ਮਿੱਟੀ ਦੇ ਪ੍ਰਦੂਸ਼ਣ ਅਤੇ ਵਾਤਾਵਰਨ ਤਬਦੀਲੀਆਂ ਨੇ ਕਰੋੜਾਂ ਦੀਆਂ ਜ਼ਿੰਦਗੀਆਂ ਨੂੰ ਵੱਡਾ ਖਤਰਾ ਪੈਦਾ ਕਰ ਦਿੱਤਾ ਹੈ। ਜਮਾਤੀ, ਜਾਤੀ, ਧਾਰਮਿਕ ਅਤੇ ਦੂਸਰੇ ਸਾਮਾਜਿਕ ਵਿਤਕਰਿਆਂ ਨੇ ਹਾਲਤ ਨੂੰ ਹੋਰ ਖਰਾਬ ਕੀਤਾ ਹੈ। ਮੌਜੂਦਾ ਸਮੱਸਿਆਵਾਂ; ਸਿਹਤ ਕਾਮਿਆਂ ਦੇ ਨਜ਼ਰੀਏ ਤੋਂ ਵੇਖਿਆਂ ਹਾਲਾਤ ਚਿੰਤਾਜਨਕ ਦਿਖਾਈ ਦਿੰਦੇ ਹਨ। ਆਸ਼ਾ ਵਰਕਰਾਂ ਹਾਲੇ ਤੱਕ ਆਪਣੇ ਹੱਕਾਂ ਲਈ ਜੱਦੋਜਹਿਦ ਕਰ ਰਹੀਆਂ ਹਨ। ਬਹੁਤੇ ਸਰਕਾਰੀ ਹਸਪਤਾਲਾਂ ਵਿੱਚ ਕੰਮ ਦੀਆਂ ਹਾਲਤਾਂ ਮਾੜੀਆਂ ਹਨ। ਨਿੱਜੀਕਰਨ ਦੇ ਹੱਲੇ ਨੇ ਇਸ ਸਥਿਤੀ ਨੂੰ ਹੋਰ ਵਿਗਾੜਿਆ ਹੈ। ਹੁਣ ਜਦੋਂ ਕਿ ਨਿੱਜੀਕਰਨ ਦੀ ਪ੍ਰਕਿਰਿਆ ਬਹੁਤ ਤੇਜ਼ ਹੋ ਗਈ ਹੈ ਤਾਂ ਕਾਰਪੋਰੇਟ ਹਸਪਤਾਲਾਂ ਵਿੱਚ ਵਪਾਰਿਕ ਅਦਾਰਿਆਂ ਦੇ ਮੁਨਾਫਿਆਂ ਦੀ ਤਰਜ਼ ਤੇ ਡਾਕਟਰਾਂ ਨੂੰ ਟੀਚੇ ਦਿੰਦੇ ਜਾਂਦੇ ਹਨ। ਆਯੂਸ਼ਮਾਨ ਸਕੀਮ ਅਤੇ ਪਬਲਿਕ-ਪ੍ਰਾਈਵੇਟ ਹਿੱਸੇਦਾਰੀ ਰਾਹੀਂ ਸਰਕਾਰੀ ਪੈਸਾ ਜਨਤਕ ਸਿਹਤ ਸੰਸਥਾਵਾਂ ਦੀ ਕੀਮਤ ਤੇ ਪ੍ਰਾਈਵੇਟ ਖਿਡਾਰੀਆਂ ਵੱਲ ਜਾ ਰਿਹਾ ਹੈ। ਨਿੱਜੀਕਰਨ ਨੇ ਮੈਡੀਕਲ ਸਿੱਖਿਆ ਤੇ ਵੀ ਮਾੜਾ ਅਸਰ ਪਾਇਆ ਹੈ। ਹੁਣ ਜਦੋਂ ਪ੍ਰਾਈਵੇਟ ਮੈਡੀਕਲ ਕਾਲਜ ਐੱਮ ਬੀ ਬੀ ਐੱਸ ਕਰਵਾਉਣ ਦਾ ਚਾਲੀ-ਪੰਜਾਹ ਲੱਖ ਵਸੂਲਦੇ ਹਨ ਤਾਂ ਉੱਥੇ ਪੜ੍ਹੇ ਡਾਕਟਰ ਦਾ ਧਿਆਨ ਬਿਮਾਰੀ ਦੇ ਸਾਮਾਜਿਕ-ਆਰਥਿਕ ਪਹਿਲੂਆਂ ਤੇ ਸਿੱਖਿਅਤ ਹੋਣ ਦੀ ਬਜਾਏ ਜਲਦੀ ਜਲਦੀ ਮੋਟੀਆਂ ਫੀਸਾਂ ਦੇ ਰੂਪ ਵਿੱਚ ਦਿੱਤੀ ਆਪਣੀ ਲਾਗਤ ਨੂੰ ਵਾਪਸ ਹਾਸਲ ਕਰਨ ਦੀ ਹੁੰਦੀ ਹੈ। ਮੈਡੀਕਲ ਸਿੱਖਿਆ ਦੀ ਬਹੁ-ਵਿਕਲਪੀ ਸਵਾਲਾਂ (MCQs) ਦੀ ਵਿਧੀ ਨੇ ਮੈਡੀਕਲ ਵਿਦਿਆਰਥੀਆਂ ਵਿੱਚ ਸੋਚਣ ਸ਼ਕਤੀ ਦੇ ਵਿਕਾਸ ਦੀ ਬਜਾਏ ਰੱਟਾ ਲਾਊ ਪ੍ਰਵਿਰਤੀ ਨੂੰ ਪੈਦਾ ਕਰ ਦਿੱਤਾ ਹੈ ਅਤੇ ਹੁਣ ਉਹਨਾਂ ਦਾ ਫੋਕਸ ਇਮਤਿਹਾਨ ਪਾਸ ਕਰਨਾ ਹੀ ਰਹਿ ਗਿਆ ਹੈ ਨਾਂ ਕਿ ਕਲੀਨੀਕਲ ਯੋਗਤਾ ਦਾ ਵਿਕਾਸ ਕਰਨਾ, ਸਿੱਟਾ ਅੱਜ ਜਦੋਂ ਕੋਈ ਬੱਚਾ ਐੱਮਬੀਬ ਐੱਸ ਕਰਕੇ ਬਾਹਰ ਨਿਕਲਦਾ ਹੈ ਤਾਂ ਉਸਦੀ ਕੋਈ ਕੀਮਤ ਨਹੀਂ ਹੁੰਦੀ। ਪੋਸਟ-ਗ੍ਰੈਜੂਏਸ਼ਨ ਕਰਨ ਤੋਂ ਬਾਅਦ ਫੈਲੋਸ਼ਿਪ ਕਰਨ ਦਾ ਰੁਝਾਨ ਮੈਡੀਕਲ ਸਿੱਖਿਆ ਦੇ ਗਿਰਦੇ ਮਿਆਰ ਨੂੰ ਹੀ ਦਰਸਾਉਂਦਾ ਹੈ। ਜਦੋਂ ਸਿਹਤ ਸੰਭਾਲ ਅਤੇ ਸਿਹਤ ਸਹੂਲਤਾਂ ਲਗਾਤਾਰ ਮਹਿੰਗੀਆਂ ਹੋ ਰਹੀਆਂ ਹਨ ਅਤੇ ਜਨਤਕ ਸਿਹਤ ਢਾਂਚਾ ਡਗਮਿਗਾ ਰਿਹਾ ਹੈ ਤਾਂ ਇਸ ਵਰਤਾਰੇ ਤੇ ਚਿੰਤਨ ਕਰਨਾ ਦੀ ਵਾਜਬੀਅਤ ਬਣਦੀ ਹੈ। ਜਨਤਕ ਸਿਹਤ ਸੰਭਾਲ ਦੀ ਜ਼ਿਆਦਾ ਫੰਡਿੰਗ, ਮੁਢਲੇ ਸਿਹਤ ਢਾਂਚੇ ਦਾ ਵਿਸਥਾਰ ਅਤੇ ਪ੍ਰਾਈਵੇਟ ਸਿਹਤ ਅਦਾਰਿਆਂ ਨੂੰ ਰੈਗੂਲਰ ਕਰਨ ਸੰਬੰਧੀ ਅਕਸਰ ਚਰਚਾ ਹੁੰਦੀ ਹੈ ਪਰ ਬਗੈਰ ਸਿਆਸੀ ਇੱਛਾਸ਼ਕਤੀ ਦੇ ਇਸਦੇ ਕੋਈ ਨਤੀਜੇ ਨਹੀਂ ਆ ਰਹੇ। ਇਹਨਾਂ ਗੱਲਾਂ ਨੂੰ ਲਾਗੂ ਕਰਨਾ ਸੱਤਾਧਾਰੀਆਂ ਦੀ ਹਰ ਮੌਕੇ ਤੇ ਗੈਰ-ਸੰਜੀਦਗੀ ਕਰਕੇ ਇੱਕ ਮ੍ਰਿਗ ਤ੍ਰਿਸ਼ਨਾ ਬਣਕੇ ਰਹਿ ਗਈ ਹੈ। ਪਰ ਫ਼ ?ਰ ਵੀ ਸਾਨੂੰ ਭਾਰਤ ਦੇ ਜਨਤਕ ਸਿਹਤ ਪ੍ਰਬੰਧ ਨੂੰ ਬਚਾਉਣ ਲਈ ਯਤਨਸ਼ੀਲ ਹੋਣਾਂ ਚਾਹੀਦਾ ਹੈ। ਡਾਕਟਰ-ਤਬਦੀਲੀ ਦੇ ਦੂਤ; ਡਾਕਟਰ ਸਮਾਜ ਵਿੱਚ ਇੱਕ ਇਖਲਾਕੀ ਤਾਕਤ ਅਤੇ ਰੁਤਬਾ ਰੱਖਦੇ ਹਨ। ਇਹ ਪਹਿਲੂ ਉਹਨਾਂ ਨੂੰ ਸਾਮਾਜਿਕ ਤਬਦੀਲੀ ਦੇ ਮਜ਼ਬੂਤ ਵਾਹਕ ਬਣਾਉਂਦਾ ਹੈ। ਪੇਸ਼ੇਵਰਾਂ ਦੇ ਗਰੁੱਪ ਵਿੱਚੋਂ ਡਾਕਟਰਾਂ ਦਾ ਛੋਟਾ ਪਰ ਮਹੱਤਵਪੂਰਨ ਸਮੂਹ ਹੈ ਜਿਹੜਾ ਰੋਜ਼ਾਨਾ ਅਤੇ ਸਭ ਤੋਂ ਪਹਿਲਾਂ ਵੇਖ ਸਕਦਾ ਹੈ ਕਿ ਗਰੀਬੀ ਕਿਵੇਂ ਕੁਪੋਸ਼ਣ ਵਿੱਚ ਬਦਲਦੀ ਹੈ, ਅਸੁਰੱਖਿਅਤ ਸੜਕਾਂ ਕਿਵੇਂ ਹਾਦਸਿਆਂ ਨੂੰ ਜਨਮ ਦਿੰਦੀਆਂ ਹਨ, ਹਸਪਤਾਲਾਂ ਵਿੱਚ ਟਰਾਮਾ ਦਾ ਬੋਝ ਵੱਧਦਾ ਹੈ, ਕਿਵੇਂ ਸਰਕਾਰੀ ਤੰਤਰ ਦੀ ਅਕੁਸ਼ਲਤਾ ਕੈਂਸਰ, ਗੁਰਦਿਆਂ ਦੇ ਫੇਲ੍ਹ ਹੋਣ, ਤਪਦਿਕ ਅਤੇ ਦੂਸ਼ਿਤ ਪਾਣੀਂ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਫੈਲਾਓ (ਜਿਵੇਂ ਤਾਜ਼ਾ ਘਟਨਾਂ ਇੰਦੋਰ ਵਿੱਚ ਦੂਸ਼ਿਤ ਪਾਣੀਂ ਨਾਲ ਹੋਈਆਂ ਮੌਤਾਂ ਅਤੇ ਪ੍ਰਦੂਸ਼ਣ ਨਾਲ ਦਿੱਲੀ ਵਿੱਚ ਵਧੇ ਤਪਦਿਕ ਦੇ ਮਰੀਜ਼-ਅਨੁਵਾਦਕ) ਦਾ ਕਾਰਨ ਬਣਦੀ ਹੈ। ਇਹਨਾਂ ਪੀੜਤਾਂ ਨੂੰ ਨੇੜਿਓਂ ਤੱਕਣ ਕਰਕੇ ਕਿਸੇ ਹੋਰ ਪੇਸ਼ੇਵਰ ਕਿੱਤੇ ਦੇ ਮੁਕਾਬਲੇ ਡਾਕਟਰਾਂ ਦੀ ਇਖ਼ਲਾਕੀ ਫ਼ਰਜ਼ ਅਤੇ ਤਾਕਤ ਵਿੱਚ ਅਥਾਹ ਵਾਧਾ ਕਰਦੀ ਹੈ। ਇਸ ਕਰਕੇ ਸਾਮਾਜਿਕ ਸੰਸਥਾਵਾਂ, ਅਦਾਲਤਾਂ, ਮੀਡੀਆ ਅਤੇ ਨੀਤੀ ਧਾਰਕਾਂ ਵਿੱਚ ਉਹਨਾਂ ਦੀ ਆਵਾਜ਼ ਦੀ ਆਪਣੀਂ ਹੰਡਣਸਾਰਤਾ ਹੈ ਕਿਉਂਕਿ ਉਹ ਆਪਣੇ ਤਜਰਬਿਆਂ ਵਿੱਚੋਂ ਬੋਲਦੇ ਹਨ ਨਾਂ ਕਿ ਕਿਸੇ ਅਮੂਰਤ ਵਿਚਾਰਧਾਰਾ ਦੇ ਚੌਖਟੇ ਵਿੱਚੋਂ। ਇਹ ਵਿਚਾਰ ਕਿ ਡਾਕਟਰਾਂ ਦੀ ਜ਼ਿੰਮੇਵਾਰੀ ਆਪਣੇ ਕਲੀਨਿਕ ਤੋਂ ਬਾਹਰ ਵੀ ਹੈ, ਕੋਈ ਨਵਾਂ ਵਿਚਾਰ ਨਹੀਂ। ਸਾਡੇ ਮੈਡੀਕਲ ਵਿਦਿਆਰਥੀਆਂ ਨੂੰ ਜਰਮਨੀ ਦੇ ਰੁਡਲੋਫ਼ ਵਿਰਚੋ ਬਾਰੇ ਇਹ ਤਾਂ ਪੜ੍ਹਾ ਦਿੱਤਾ ਜਾਂਦਾ ਹੈ ਕਿ ਉਹ ਆਪਣੀਂ ਸੈੱਲ ਥਿਊਰੀ ਕਰਕੇ ਇੱਕ ਮਹਾਨ ਪੈਥੋਲੋਜਿਸਟ ਸੀ ਪਰ ਉਸਦੇ ਮੈਡੀਕਲ ਖੇਤਰ ਬਾਰੇ ਇਨਕਲਾਬੀ ਵਿਚਾਰਾਂ ਦੀ ਕਦੇ ਵੀ ਚਰਚਾ ਨਹੀਂ ਹੁੰਦੀ। ਸਾਲ 1848 ਵਿੱਚ ਉਸਨੇ ਇੱਕ ਹਫਤਾਵਾਰੀ ਅਖ਼ਬਾਰ 'ਮੈਡੀਕਲ ਰਿਫਾਰਮ' ਸ਼ੁਰੂ ਕੀਤਾ, ਜਿਸ ਵਿੱਚ ਉਸਨੇ ਵਿਚਾਰ ਦਿੱਤਾ ਕਿ ਮੈਡੀਸਨ ਇੱਕ ਸਮਾਜ ਵਿਗਿਆਨ ਹੈ ਅਤੇ ਫਿਜੀਸੀਅਨ ਗਰੀਬ ਦਾ ਕੁਦਰਤੀ ਵਕੀਲ। ਉਸਨੇ ਦਲੀਲ ਦਿੱਤੀ ਕਿ ਬਿਮਾਰੀ ਸਿਰਫ਼ ਬਾਇਲੋਜੀਕਲ ਕ੍ਰਿਆ ਨਹੀਂ ਹੈ ਬਲਕਿ ਇਹ ਸਿਆਸੀ ਅਤੇ ਸਾਮਾਜਕ ਢਾਂਚੇ ਦੀ ਪੈਦਾਇਸ਼ ਹੈ ਜਿਸਨੂੰ ਗ਼ੁਰਬਤ, ਮਾੜੀਆਂ ਰਹਿਣ ਹਾਲਤਾਂ, ਭੁੱਖਮਰੀ, ਅਣਪੜ੍ਹਤਾ ਅਤੇ ਸਿਆਸੀ ਤਾਕਤ ਤੋਂ ਸੱਖਣੀ ਜ਼ਿੰਦਗੀ ਜਨਮ ਦਿੰਦੀ ਹੈ। ਵਿਰਚੋ ਨੇ ਆਪਣੇ ਇਸ ਵਿਚਾਰ ਨੂੰ ਸਿਰਫ਼ ਅਕਾਦਮਿਕ ਲੇਖਣੀਂ ਤੱਕ ਸੀਮਤ ਨਹੀਂ ਰੱਖਿਆ। ਉਸਦਾ ਖ਼ਿਆਲ ਸੀ ਕਿ ਸਿਹਤ ਸੰਭਾਲ ਵਿੱਚ ਨਿੱਗਰ ਬਦਲਾਅ ਢਾਂਚਾਗਤ ਸੁਧਾਰਾਂ ਬਿਨਾਂ ਸੰਭਵ ਨਹੀਂ ਅਤੇ ਇਸ ਕਰਕੇ

SWIFTWRENCH AUTO & DIESEL REPAIR
SWIFTWRENCH AUTO & DIESEL REPAIR RELIABLE SERVICE
Your Car, Our Care
Mobile Mechanic Services - We Come to You!
SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding
Red Seal Certified Reliable On-Time
• Oil Changes - Gas & Diesel
• Brake Service & Replacement
• Battery Testing & Installation
• Check Engine Light Diagnosis
• Fluid Top-UPS & Inspections
• Fleet & Commercial Maintenance
• Pre-Purchase Inspections
• Suspension Repairs

Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds




Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.


Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

ਉਹ ਸਰਗਰਮ ਰਾਜਨੀਤੀ ਵਿੱਚ ਦਾਖ਼ਲ ਹੋਇਆ। ਸਾਲ 1861 ਵਿੱਚ ਉਸਨੇ ਜਰਮਨ ਪ੍ਰੋਗਰੈਸਿਵ ਪਾਰਟੀ ਦਾ ਗਠਨ ਕੀਤਾ ਅਤੇ ਪਰੂਸੀਅਨ ਵਿਧਾਨਪਾਲਿਕਾ ਲਈ ਚੁਣਿਆ ਗਿਆ, ਜਿੱਥੇ ਉਸਨੇ ਓਟੋ ਬਾਨ ਬਿਸਮਾਰਕ ਦੀਆਂ ਏਕਾਅਧਿਕਾਰ ਵਾਦੀ ਅਤੇ ਫ਼ੌਜੀ ਨੀਤੀਆਂ ਦੀ ਆਲੋਚਨਾ ਕੀਤੀ। ਵਿਰਚੋ ਲਗਾਤਾਰ ਇਸ ਗੱਲ ਲਈ ਲੜਦਾ ਰਿਹਾ ਕਿ ਸਰਕਾਰੀ ਫੰਡ ਮਿਲਟਰੀ ਮੁਹਿੰਮਾਂ ਦੀ ਬਜਾਏ ਸੈਨੀਟੇਸ਼ਨ, ਮਕਾਨ-ਉਸਾਰੀ, ਸਿੱਖਿਆ ਅਤੇ ਜਨਤਕ ਸਿਹਤ ਦੇ ਢਾਂਚੇ ਦੀ ਉਸਾਰੀ ਲਈ ਵਰਤਨੇ ਚਾਹੀਦੇ ਹਨ। ਉਸ ਲਈ ਇਹ ਕੋਈ ਸਮਾਜ ਭਲਾਈ ਦੇ ਕਾਰਜ ਨਹੀਂ ਸਨ ਬਲਕਿ ਜ਼ਰੂਰੀ ਮੈਡੀਕਲ ਸੇਵਾਵਾਂ ਦਾ ਹੀ ਵਿਸਥਾਰ ਸਨ। ਰੁਡਲਿਫ ਵਿਰਚੋ 1880 ਤੋਂ 1893 ਤੱਕ ਜਰਮਨੀ ਦੀ ਸੰਸਦ ਦਾ ਮੈਂਬਰ ਰਿਹਾ ਜਿੱਥੇ ਉਹ ਲਗਾਤਾਰ ਆਪਣੇ ਉਪਰੋਕਤ ਵਿਚਾਰਾਂ ਲਈ ਸੰਘਰਸ਼ ਕਰਦਾ ਰਿਹਾ। ਆਪਣੀ ਵਿਧਾਨ ਪਾਲਿਕਾ ਮੈਂਬਰੀ ਨੂੰ ਉਸਨੇ ਮਹਾਂਮਾਰੀ ਵਿਗਿਆਨ ਦੀਆਂ (Epidemiology Observations) ਲੱਭਤਾਂ ਨੂੰ ਨੀਤੀਗਤ ਮੋੜਾ ਦੇਣ ਲਈ ਕਾਮਯਾਬ ਰਿਹਾ ਅਤੇ ਲਗਾਤਾਰ ਇਸ ਗੱਲ ਤੇ ਜ਼ੋਰ ਦਿੰਦਾ ਰਿਹਾ ਕਿ ਫਿਜੀਸੀਅਨਾਂ ਨੂੰ ਉਹਨਾਂ ਸਾਮਾਜਕ ਅਲਾਮਤਾਂ ਦੇ ਖਿਲਾਫ਼ ਖੜਨਾਂ ਚਾਹੀਦਾ ਹੈ ਜਿਹੜੀਆਂ ਰੋਗਾਂ ਨੂੰ ਜਨਮ ਦਿੰਦੀਆਂ ਹਨ। ਹਸਪਤਾਲ ਅਤੇ ਲੈਬੋਰਟਰੀ ਤੋਂ ਬਾਹਰ ਨਿਕਲਕੇ ਅਖ਼ਬਾਰਾਂ, ਪਾਰਲੀਮੈਂਟ ਅਤੇ ਜਨਤਕ ਬਹਿਸਾਂ ਰਾਹੀਂ ਵਿਰਚੋ ਨੇ ਇੱਕ ਮਿਸਾਲ ਕਾਇਮ ਕੀਤੀ ਕਿ ਫਿਜੀਸੀਅਨ ਸਿਰਫ਼ ਇੱਕ ਸੁਸਤ ਜਿਹਾ ਤਕਨੀਕੀ ਕਾਮਾ ਹੀ ਨਹੀਂ ਹੁੰਦਾ ਬਲਕਿ ਸਾਮਾਜਕ ਤਬਦੀਲੀ ਦਾ ਇੱਕ ਸਰਗਰਮ ਵਾਹਕ ਵੀ ਹੁੰਦਾ ਹੈ। ਪਰ ਵਿਰਚੋ ਦੀ ਵਿਰਾਸਤ ਕੋਈ ਇਕਲੋਤੀ ਉਦਾਹਰਣ ਨਹੀਂ ਹੈ। ਸਾਲ 1985 ਵਿੱਚ ਇੰਟਰਨੈਸ਼ਨਲ ਫਿਜੀਸੀਅਨਜ਼ ਫਾਰ ਦ ਪ੍ਰੀਵੈਨਸਨ ਆਫ਼ ਨਿਊਕਲੀਅਰ ਵਾਰ ਨਾਂ ਦੀ ਸੰਸਥਾ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ ਜਿਸਨੇ ਆਪਣੀ ਵਿਗਿਆਨਕ ਸੋਚ ਅਤੇ ਇਖ਼ਲਾਕੀ ਤਾਕਤ ਨਾਲ ਪ੍ਰਮਾਣੂ ਪ੍ਰਸਾਰ ਦੇ ਸਿਹਤ ਅਤੇ ਮਨੁੱਖਤਾ ਲਈ ਖਤਰਿਆਂ ਬਾਰੇ ਇੱਕ ਮੁਹਿੰਮ ਚਲਾਈ ਹੋਈ ਸੀ। ਇਸ ਸੰਸਥਾ ਦੇ ਕਾਰਜ ਨੇ ਦਰਸਾਇਆ ਕਿ ਕਿਵੇਂ ਮੈਡੀਕਲ ਗਿਆਨ ਕੌਮਾਂਤਰੀ ਸਿਆਸੀ ਹਿੰਸਾ ਦੇ ਖਿਲਾਫ਼ ਇੱਕ ਆਵਾਜ਼ ਬਣ ਸਕਦਾ ਹੈ ਅਤੇ ਸੁਰੱਖਿਆ ਬਹਿਸਾਂ ਨੂੰ ਮਨੁੱਖਤਾ ਦੀ ਹੋਂਦ ਅਤੇ ਸਿਹਤ ਸਰੋਕਾਰਾਂ ਦੇ ਇਰਦ ਗਿਰਦ ਲਿਆ ਸਕਦਾ ਹੈ। ਇਸੇ ਤਰ੍ਹਾਂ ਡਾਕਟਰਾਂ ਦਾ ਦਮਨਕਾਰੀ ਸ਼ਾਸਨ ਵਿਰੁੱਧ ਸੰਘਰਸ਼ ਦੀ ਸ਼ਾਨਦਾਰ ਪ੍ਰੰਪਰਾ ਰਹੀ ਹੈ। ਦੱਖਣੀ ਅਫ਼ਰੀਕਾ ਵਿੱਚ ਰੰਗਭੇਦ ਦੀ ਨੀਤੀ ਦੇ ਚਲਦਿਆਂ ਉੱਥੋਂ ਦੇ ਡਾਕਟਰਾਂ ਨੇ ਜਥੇਬੰਦ ਹੋਕੇ ਸਿਹਤ ਸੇਵਾਵਾਂ ਵਿੱਚ ਨਸਲੀ ਵਿਤਕਰੇ, ਦਸਤਾਵੇਜ਼ਾਂ ਨਾਲ ਛੇੜਛਾੜ ਅਤੇ ਹਿੰਸਕ ਰੰਗਭੇਦੀ ਪ੍ਰਸ਼ਾਸਨ ਨਾਲ ਮੈਡੀਕਲ ਮੈਨੇਜਮੈਂਟ ਦੀ ਮਿਲੀਭੁਗਤ ਨੂੰ ਜੱਗ ਜ਼ਾਹਰ ਕੀਤਾ। ਡਾਕਟਰਾਂ ਦੇ ਵੱਡੇ ਹਿੱਸੇ ਨੇ ਰੰਗਭੇਦੀ ਨੀਤੀਆਂ ਦਾ ਵਿਰੋਧ ਕੀਤਾ ਅਤੇ ਮੈਡੀਕਲ ਇਖਲਾਕ ਦਾ ਝੰਡਾ ਬੁਲੰਦ ਰੱਖਿਆ। ਹਿੰਦੁਸਤਾਨ ਵਿੱਚ ਵੀ ਬਤੌਰ ਸਾਮਾਜ ਸੁਧਾਰਕ ਡਾਕਟਰਾਂ ਦੀ ਆਪਣੀਂ ਇੱਕ ਰਵਾਇਤ ਰਹੀ ਹੈ। ਡਾ ਮਧੂ ਲਕਸ਼ਮੀ ਰੈੱਡੀ ਦੀ ਉਦਾਹਰਣ ਸਾਡੇ ਸਾਹਮਣੇ ਹੈ ਜਿਸਨੇ ਸਾਮਾਜਕ ਅਨਿਆਂ ਦੇ ਖਿਲਾਫ਼ ਆਪਣੀ ਮੈਡੀਕਲ ਯੋਗਤਾ ਨੂੰ ਵਰਤਿਆ।

ਭਾਰਤ ਦੀ ਪਹਿਲੀ ਮਹਿਲਾ ਡਾ ਅਤੇ ਵਿਧਾਨਕਾਰ ਹੋਣ ਦੇ ਬਾਵਜੂਦ ਉਸਨੇ ਬਾਲ ਵਿਆਹ ਤੇ ਦੇਵਦਾਸੀ ਪ੍ਰਥਾ ਦੇ ਵਿਰੁੱਧ ਅਤੇ ਸਿੱਖਿਆ ਅਤੇ ਰਾਜਨੀਤਕ ਖੇਤਰ ਵਿੱਚ ਔਰਤਾਂ ਦੀ ਹਿੱਸੇਦਾਰੀ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ। ਡਾ. ਰੈੱਡੀ ਨੇ ਦਿਖਾਇਆ ਕਿ ਮੈਡੀਕਲ ਅਥਾਰਟੀ ਲਿੰਗ ਸਮਾਨਤਾ, ਸਮਾਜ ਸੁਧਾਰ ਅਤੇ ਸਮਾਜ ਭਲਾਈ ਲਈ ਕੰਮ ਕਰਨ ਲਈ ਓਪੀਡੀ ਵਿੱਚੋਂ ਬਾਹਰ ਨਿਕਲਣਾਂ ਪੈਂਦਾ ਹੈ। ਸੁਮੱਚੇ ਰੂਪ ਵਿੱਚ ਇਹ ਸਾਰੀਆਂ ਉਦਾਹਰਣਾਂ ਦੱਸਦੀਆਂ ਹਨ ਕਿ ਫਿਜੀਸੀਅਨ ਦਾ ਰੋਲ ਸਿਰਫ਼ ਬਿਮਾਰੀ ਦੇ ਬੁੱਝਣ ਅਤੇ ਇਲਾਜ਼ ਤੱਕ ਸੀਮਤ ਨਹੀਂ ਰਹਿਣਾਂ ਚਾਹੀਦਾ। ਕੁੱਲ ਆਲਮ ਦੀ ਤਵਾਰੀਖ਼ ਵਿੱਚ ਅਨੇਕਾਂ ਵਾਰ ਡਾਕਟਰ ਜਨਤਕ ਖੇਤਰ ਵਿੱਚ ਦਾਖ਼ਲ ਹੋਏ ਅਤੇ ਬੇਇਨਸਾਫੀਆਂ, ਏਕਾਅਧਿਕਾਰ ਅਤੇ ਢਾਂਚਾਗਤ ਹਿੰਸਾ ਦੇ ਖਿਲਾਫ਼ ਜੂਝਣ ਦੀ ਰੁਡਲਿਫ ਵਿਰਚੋ ਦੀ ਉਸ ਵਿਰਾਸਤ ਦਾ ਝੰਡਾ ਬੁਲੰਦ ਰੱਖਿਆ ਜਿਸ ਅਨੁਸਾਰ ਡਾਕਟਰੀ ਵਿਗਿਆਨ ਨੂੰ ਸਾਮਾਜਕ ਤਬਦੀਲੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਿਆਸੀ ਜਵਾਬਦੇਹੀ; ਹੁਣ ਸਮਾਂ ਹੈ ਕਿ ਭਾਰਤ ਵਿੱਚ ਵੀ ਸਵਾਲ ਕਰਨੇ ਸ਼ੁਰੂ ਕਰਨ ਕਿ ਉਹਨਾਂ ਦੀਆਂ ਓਪੀਡੀਆਂ ਵਿੱਚ ਰੋਗ ਦੇ ਲਾਇਲਾਜ ਹੋਣ ਦੀ ਸਟੇਜ ਤੇ ਪਹੁੰਚ ਕੇ ਮਰੀਜ਼ਾਂ ਦੀ ਭੀੜ ਕਿਉਂ ਆਉਂਦੀ ਹੈ? ਜਿਹੜੀ ਦਵਾਈ ਉਹ ਮਰੀਜ਼ ਨੂੰ ਲਿਖਦੇ ਹਨ ਉਹ ਉਹਨਾਂ ਦੀ ਖਰੀਦ ਪਹੁੰਚ ਤੋਂ ਬਾਹਰ ਕਿਉਂ ਹੁੰਦੀ ਹੈ? ਇਸਤੋਂ ਵੱਧ ਜਿਹੜੇ ਇਲਾਜ ਮਰੀਜ਼ ਕਰਵਾ ਸਕਦੇ ਹਨ, ਉਹਨਾਂ ਦੀਆਂ ਦਵਾਈਆਂ ਬੇਅਸਰ ਕਿਉਂ ਹੁੰਦੀਆਂ ਹਨ? ਕੈਂਸਰ ਮਾਹਿਰਾਂ ਨੂੰ ਪੁੱਛਣਾਂ ਚਾਹੀਦਾ ਹੈ ਕਿ ਕਿਉਂ ਤੰਬਾਕੂ ਅਤੇ ਅਲਕੋਹਲ ਦੀਆਂ ਮਸ਼ਹੂਰੀਆਂ ਬਿਨਾਂ ਰੋਕ ਟੋਕ ਦੇ ਚਲਦੀਆਂ ਹਨ। ਧੂਆਂ ਰਹਿਤ ਤੰਬਾਕੂ ਤਾਂ ਸਸਤਾ ਹੋ ਗਿਆ ਹੈ ਪਰ ਭਾਰਤ ਦੇ ਮਰੀਜ਼ ਕੈਂਸਰ ਦੀਆਂ ਨਵੀਆਂ ਅਤੇ ਜਾਨ-ਬਚਾਊ ਦਵਾਈਆਂ ਖਰੀਦਣ ਦੀ ਸਮਰੱਥਾ ਨਹੀਂ ਰੱਖਦੇ? ਆਰਥੋ ਅਤੇ ਨਿਊਰੋ ਸਰਜਨ ਲਾਜ਼ਮੀ ਪੁੱਛਣ ਕਿ ਭਾਰਤ ਦਾ ਟਰੈਫਿਕ ਹਾਦਸਿਆਂ ਦੀ ਗਿਣਤੀ ਕਿਉਂ ਵੱਧ ਰਹੀ ਹੈ? ਗੁਰਦਿਆਂ ਦੇ ਮਾਹਿਰਾਂ ਦਾ ਸਵਾਲ ਬਣਦਾ ਹੈ ਕਿ ਕਿਉਂ ਡਾਇਲਸਿਸ ਦੀ ਜ਼ਰੂਰਤ ਦਿਨ-ਬ-ਦਿਨ ਕਿਉਂ ਵੱਧ ਰਹੀ ਹੈ ਅਤੇ ਮਰੀਜ਼ਾਂ ਨੂੰ ਡਾਇਲਸਿਸ ਦੀ ਸਹੂਲਤ ਨਦਾਰਦ ਕਿਉਂ ਹੈ? ਜੱਚਾ ਮਾਹਿਰਾਂ ਨੂੰ ਪੁੱਛਣਾਂ ਬਣਦਾ ਹੈ ਕਿ ਇੱਕੀਵੀਂ ਸਦੀ ਵਿੱਚ ਵੀ ਗਰਭਵਤੀ ਔਰਤਾਂ ਵਿੱਚ ਖ਼ੂਨ ਦੀ ਨਿਰੰਤਰ ਘਾਟ ਕਿਉਂ ਹੈ? ਛਾਤੀ ਰੋਗ ਮਾਹਿਰ ਐਨੇ ਸਾਲਾਂ ਦੀ ਮਿਹਨਤ ਦੇ ਬਾਵਜੂਦ ਵੀ ਤਪਦਿਕ ਕਿਉਂ ਨਹੀਂ ਖ਼ਤਮ ਕਰ ਸਕੇ? ਉਪਰੋਕਤ ਸਵਾਲਾਂ ਤੋਂ ਇੱਕ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਹ ਜਾਂ ਤਾਂ ਨੀਤੀਗਤ ਅਸਫ਼ਲਤਾ ਹੈ ਜਾਂ ਫ਼ ?ਰ ਨੀਤੀਆਂ ਸਿਰਫ਼ ਕਾਗ਼ਜ਼ਾਂ ਦਾ ਹੀ ਸ਼ਿੰਗਾਰ ਬਣਦੀਆਂ ਹਨ ਅਤੇ ਉਹਨਾਂ ਨੂੰ ਲਾਗੂ ਕਰਨ ਲਈ ਕੋਈ ਸੰਜੀਦਾ ਸਿਆਸੀ ਇੱਛਾਸ਼ਕਤੀ ਹੀ ਨਹੀਂ ਹੈ। ਸਮੇਂ ਦੀ ਸਿਆਸਤ ਤਾਂ ਸਾਨੂੰ ਉਹਨਾਂ ਅਨੇਕਾਂ 'ਉਦਯੋਗਾਂ' ਤੱਕ ਲੈ ਜਾਂਦੀ ਹੈ ਜਿੱਥੇ ਸਿਹਤ ਸਮੇਤ ਲੋਕ ਸਰੋਕਾਰਾਂ ਦੀ ਬਜਾਏ ਮੁਨਾਫ਼ੇਖੋਰ ਸਿਸਟਮ ਦੀ ਪੁੱਗਦੀ ਹੈ, ਜਿਸਨੂੰ ਸਰਕਾਰੀ ਰੱਖਿਆ ਛੱਤਰੀ ਵੀ ਹਾਸਲ ਹੁੰਦੀ ਹੈ। ਭਾਰਤ ਦਾ ਸਿਹਤ ਢਾਂਚਾ ਤਾਂ ਇੱਕ ਟੋਕਰੀ ਦੀ ਤਰ੍ਹਾਂ ਹੈ ਜਿਸ ਵਿੱਚ ਖ਼ਲਕਤ ਦੇ ਦੁੱਖਾਂ ਨੂੰ ਸੰਭਾਲਿਆ ਜਾਂਦਾਂ ਹੈ, ਦੁੱਖਾਂ ਦੀ ਗੰਦਗੀ ਨੂੰ ਟੋਕਰੀ ਤੋਂ ਬਾਹਰ ਡੁੱਲਣ ਦੀ ਮਨਾਹੀ ਹੈ ਤਾਂ ਜੋ ਫਰਸ਼ ਗੰਦਾ ਨਾਂ ਹੋ ਜਾਵੇ। ਹੁਣ ਇਹ ਟੋਕਰੀ ਵੀ ਭਰ ਚੁੱਕੀ ਹੈ ਪਰ ਸਾਡੀ ਕੋਸ਼ਿਸ਼ ਤਾਂ ਵਧੀਆ ਤੋਂ ਵਧੀਆ ਪੋਚਾ ਲਾਕੇ ਪੈਣ ਵਾਲੇ ਧੱਬਿਆਂ ਨੂੰ ਧੋਣ ਤੱਕ ਸੀਮਤ ਹੈ। ਪਰ ਟੈਸਟਾਂ ਅਤੇ ਇਲਾਜ ਰੂਪੀ ਇਹ ਪੋਚੇ ਵੀ ਹੁਣ ਬੇਅਸਰ ਹੋ ਰਹੇ ਹਨ, ਰੋਗਾਂ ਦਾ ਟੋਕਰਾ ਉੱਛਲ ਵੀ ਰਿਹਾ ਹੈ, ਟੋਕਰੇ ਵਿੱਚ ਛੇਕ ਵੀ ਕੀਤੇ ਜਾ ਰਹੇ ਹਨ ਜਿਵੇਂ ਕਿ ਬੇਮੁਹਾਰਾ ਨਿੱਜੀਕਰਨ, ਪਬਲਿਕ - ਪ੍ਰਾਈਵੇਟ ਪਾਰਟਨਰ ਸ਼ਿੱਪ ਅਤੇ ਲਗਾਤਾਰ ਘੱਟਦਾ ਸਿਹਤ ਬਜਟ, ਜਨਤਕ ਸਿਹਤ ਸੰਭਾਲ ਦੇ ਗਲ ਗੂਠਾ ਦੇ ਰਿਹਾ ਹੈ। ਹੁਣ ਡਾਕਟਰਾਂ ਦੀ ਉਹਨਾਂ ਪ੍ਰਤੀ ਇੱਕ ਇਖ਼ਲਾਕੀ ਜ਼ਿੰਮੇਵਾਰੀ ਬਣਦੀ ਜਿਹਨਾਂ ਨੇ ਉਹਨਾਂ ਦੀ ਡਾਕਟਰੀ ਪੜ੍ਹਾਈ ਦੇ ਦਿਨਾਂ ਵਿੱਚ ਆਪਣੀਆਂ ਦੇਹਾਂ ਡਾਕਟਰਾਂ ਦੇ ਸਪੁਰਦ ਕੀਤੀਆਂ ਤਾਂ ਜੋ ਉਹ ਮੈਡੀਕਲ ਸਿੱਖਿਆ ਗ੍ਰਹਿਣ ਕਰ ਸਕਣ। ਸਾਮਾਜਕ ਤਬਦੀਲੀ ਲਈ ਇਹਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਚੁੱਪ ਰਹਿਣਾਂ, ਨਿਰਪੱਖਤਾ ਨਹੀਂ ਹੁੰਦੀ ਬਲਕਿ ਉਸ ਸਮੇਂ ਸੋਚ ਸਮਝਕੇ ਧਾਰਨ ਕੀਤੀ ਡਰੂ ਪਹੁੰਚ ਹੁੰਦੀ ਹੈ ਜਦੋਂ ਅਸੀਂ ਸਮਾਜ ਸਾਥੋਂ ਅਗਵਾਈ ਦੀ ਮੰਗ ਕਰਦਾ ਹੈ। ਹਿੰਦੁਸਤਾਨ ਵਰਗੇ ਦੇਸ਼ ਜਿੱਥੇ ਅਸਾਵਾਂਪਣ ਸਿਖਰ ਤੇ ਹੈ, ਉੱਥੇ ਸਮਾਜ ਦਾ ਇੱਕ ਹਿੱਸਾ ਹੈ ਜਿਸਦੀ ਆਵਾਜ਼ ਹੀ ਨਹੀਂ ਸੁਣੀਂ ਜਾ ਰਹੀ। ਇਸ ਅਣਸੁਣੀਆਂ ਆਵਾਜ਼ਾਂ ਦੀ ਪ੍ਰਤੀਨਿਧਤਾ ਕਰਕੇ ਸਮਾਜ ਦੀਆਂ ਜੀਵੰਤ ਸਚਾਈਆਂ ਨੂੰ ਜਨਤਕ ਤੌਰ 'ਤੇ ਉਭਾਰਨਾ ਮੈਡੀਕਲ ਕਿੱਤੇ ਦੀ ਪੇਸ਼ੇਵਰ ਜ਼ਿੰਮੇਵਾਰੀ ਵੀ ਹੈ, ਇਖ਼ਲਾਕੀ ਧਰਮ ਵੀ। ਡਾਕਟਰਾਂ ਨੇ ਬਿਮਾਰੀ ਦਾ ਇਲਾਜ਼ ਹੀ ਨਹੀਂ ਕਰਨਾ ਬਲਕਿ ਇਹਨਾਂ ਬਿਮਾਰੀਆਂ ਨੂੰ ਪੈਦਾ ਕਰਨ ਵਾਲੇ ਸਿਸਟਮ ਤੇ ਵੀ ਚੋਟ ਮਾਰਨੀ ਹੈ।


Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles,
Tiles on Walls, Kitchen, Washroom or anywhere in Home.
You can upgrade your Kitchen or Washroom

ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com

Universal Health
It's all about "U"
PHARMACY

Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar B.Comm. CPA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ
ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ
ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਔਰਤਾਂ ਲਈ ਘਰ ਵੀ ਬਣਿਆ ਇੱਕ ਖ਼ਤਰਨਾਕ ਥਾਂ

ਕੁਲਦੀਪ



ਅਜੋਕੇ ਮਾਹੌਲ ਵਿੱਚ ਜਦੋਂ ਹਰ ਅਖ਼ਬਾਰ, ਟੀ.ਵੀ. ਦੀ ਖ਼ਬਰ ਵਿੱਚ 5 ਵਿੱਚੋਂ ਇੱਕ ਖ਼ਬਰ ਔਰਤਾਂ ਨਾਲ਼ ਹੁੰਦੇ ਬਰਬਰ ਬਲਾਤਕਾਰਾਂ, ਛੇੜ-ਛਾੜ, ਜਿਣਸੀ ਹਿੰਸਾ, ਘਰੇਲੂ ਹਿੰਸਾ ਆਦਿ ਦੀ ਹੋਵੇ ਤਾਂ ਹਰ ਮਾਂ-ਬਾਪ ਨੂੰ ਧੀ ਦੇ ਘਰੋਂ ਬਾਹਰ ਜਾਣ ਬਾਅਦ ਓਨਾ ਚਿਰ ਧੁੜਕੂ ਲੱਗਾ ਰਹਿੰਦਾ ਹੈ ਜਦੋਂ ਤੱਕ ਉਹ ਘਰ ਵਾਪਸ ਨਹੀਂ ਆ ਜਾਂਦੀ। ਇਹਨਾਂ ਵਿੱਚੋਂ ਧੀ ਦੀ ਘਰ ਵਾਪਸੀ ਨੂੰ ਲੈ ਕੇ ਚਿੰਤਾ ਕਰ ਰਹੇ ਇਹਨਾਂ ਸਾਰੇ ਮਾਪਿਆਂ ਵਿੱਚ ਹਰ ਰੋਜ਼ ਪਤਾ ਨਹੀਂ ਕਿੰਨੇ ਮਾਪਿਆਂ ਦੇ ਕਾਲਜੇ ਰੁੱਗ ਭਰਿਆ ਜਾਂਦਾ ਹੈ ਜਦੋਂ ਉਹਨਾਂ ਨੂੰ ਖ਼ਬਰ ਮਿਲ਼ਦੀ ਹੈ ਕਿ ਕਿਸੇ ਵਹਿਸ਼ੀ ਦਰਿੰਦੇ ਨੇ ਉਹਨਾਂ ਦੀ ਬਾਲੜੀ ਦੀ ਪੱਤ ਰੋਲ ਦਿੱਤੀ, ਜਾਂ ਉਹ ਸਵੇਰੇ ਘਰੋਂ ਤਾਂ ਗਈ ਪਰ ਵਾਪਸ ਨਹੀਂ ਆਈ, ਜਾਂ ਉਸ 'ਤੇ ਕਿਸੇ ਨੇ ਤੇਜ਼ਾਬ ਸੁੱਟ ਦਿੱਤਾ, ਜਾਂ ਉਸਦਾ ਬਲਾਤਕਾਰ ਕਰਨ ਮਗਰੋਂ ਗਲਾ ਘੁੱਟ ਕੇ ਜਾਂ ਗਲਾ ਕੱਟ ਕੇ ਕਤਲ਼ ਕਰ ਦਿੱਤਾ। ਸਾਡੇ ਦੇਸ਼ ਵਿੱਚ ਹਰ-ਰੋਜ਼ ਹਜ਼ਾਰਾਂ ਮਾਪਿਆਂ ਦੇ ਵਿਹੜੇ ਦੀਆਂ ਖ਼ੁਸ਼ੀਆਂ ਦਾ ਕਤਲ਼ ਹੁੰਦਾ ਹੈ। ਪਰ ਧੀਆਂ ਲਈ ਸੁਰੱਖਿਅਤ ਸਮਝੇ ਜਾਂਦੇ ਘਰ ਵੀ ਉਹਨਾਂ ਲਈ ਹੁਣ ਸੁਰੱਖਿਅਤ ਨਹੀਂ ਰਹੇ ਹਨ ਕਿਉਂਕਿ ਘਰਾਂ ਵਿੱਚ ਔਰਤਾਂ ਨਾਲ਼ ਪਰਿਵਾਰਕ ਮਰਦਾਂ ਪਿਉ, ਭਰਾ, ਚਾਚਾ, ਤਾਇਆ, ਮਾਮਾ, ਮਾਸੜ ਆਦਿ ਦੁਆਰਾ ਛੇੜ-ਛਾੜ, ਬਲਾਤਕਾਰ, ਕਤਲ਼ ਆਦਿ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ 'ਤੇ ਪਿਛਲੇ ਕੁੱਝ ਅਰਸੇ ਦੌਰਾਨ ਸੰਸਾਰ ਪੱਧਰ 'ਤੇ ਬਹੁਤ ਸਾਰੀਆਂ ਰਿਪੋਰਟਾਂ ਆਈਆਂ ਹਨ। ਜਦੋਂ ਮੈਨੂੰ ਪਤਾ ਲੱਗਿਆ ਕਿ ਸੰਸਾਰ ਵਿੱਚ ਹਰ-ਰੋਜ਼ 137 ਔਰਤਾਂ ਦਾ ਕਤਲ਼ ਹੁੰਦਾ ਹੈ ਤਾਂ ਸੁਣ ਕੇ ਹੱਥ ਸੁੰਨ ਹੋ ਗਏ। ਸੋਚ ਰਿਹਾ ਸੀ ਕਿ ਅੱਜ ਪਤਾ ਨਹੀਂ ਕਿਹੜੀਆਂ-ਕਿਹੜੀਆਂ ਅਭਾਗਣਾਂ ਇਹਨਾਂ ਕਤਲ਼ੇਆਮਾਂ ਦਾ ਸ਼ਿਕਾਰ ਬਣਨਗੀਆਂ। ਕਿਉਂਕਿ ਮੈਂ ਕੱਲ੍ਹ ਹੀ ਸੰਸਾਰ ਭਰ ਭਾਰਤ ਸਮੇਤ - ਵਿੱਚ ਔਰਤਾਂ ਨਾਲ਼ ਹੁੰਦੀ ਹਿੰਸਾ, ਛੇੜ-ਛਾੜ, ਕਤਲ਼, ਬਲਾਤਕਾਰਾਂ, ਉਧਾਲੇ, ਵੇਚ-ਖਰੀਦ ਦੀਆਂ ਕੁੱਝ ਰਿਪੋਰਟਾਂ ਪੜ੍ਹ ਕੇ ਹਟਿਆ ਸੀ ਜਿਹਨਾਂ ਵਿੱਚ ਇੱਕ ਗੱਲ ਨੇ ਮਨ ਨੂੰ ਹਲੂਣ ਦਿੱਤਾ ਕਿ ਇਹਨਾਂ ਵਾਰਦਾਤਾਂ ਨੂੰ ਅੰਜ਼ਾਮ ਦੇਣ ਵਾਲ਼ੇ ਜ਼ਿਆਦਾਤਰ ਔਰਤਾਂ ਦੇ ਪਰਿਵਾਰਕ ਮੈਂਬਰ ਹੀ ਹਨ। ਇਹਨਾਂ ਬਾਰੇ ਆਪਾਂ ਸੰਖੇਪ ਵਿੱਚ ਚਰਚਾ ਕਰਦੇ ਹਾਂ।

ਨਵੰਬਰ, 2018 ਵਿੱਚ 'ਯੂਨਾਇਟਿਡ ਨੇਸ਼ਨਜ਼ ਆਫ਼ਿਸ ਔਨ ਡਰੱਗਜ਼ ਐਂਡ ਕਰਾਇਮ' (ਯੂਐਨਓਡੀਸੀ) ਨੇ 'ਮਨੁੱਖੀ ਕਤਲ਼ਾਂ ਉੱਤੇ ਆਲਮੀ ਅਧਿਐਨ' ਵਿਸ਼ੇ 'ਤੇ ਇੱਕ ਰਿਪੋਰਟ ਵਿਆਨਾ (ਆਸਟ੍ਰੀਆ) ਤੋਂ ਜਾਰੀ ਕੀਤੀ। ਇਹ ਰਿਪੋਰਟ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਇਸ ਸੰਸਥਾ ਨੇ ਏਸ਼ੀਆ, ਅਮਰੀਕਾ, ਅਫ਼ਰੀਕਾ, ਯੂਰੋਪ, ਓਸ਼ੇਨੀਆਂ ਆਦਿ ਮਹਾਂਦੀਪਾਂ ਦੇ ਕੁੱਝ ਦੇਸ਼ਾਂ ਵਿੱਚ ਔਰਤਾਂ ਨਾਲ਼ ਵਾਪਰਦੀਆਂ ਹਿੰਸਕ ਵਾਰਦਾਤਾਂ ਦਾ ਸਰਵੇ ਕੀਤਾ। ਇਸਦੇ ਨਤੀਜੇ ਬਹੁਤ ਹੀ ਹੈਰਾਨ ਕਰਨ ਵਾਲ਼ੇ ਹਨ। ਇਸ ਰਿਪੋਰਟ ਵਿੱਚ ਸਾਲ 2017 ਵਿੱਚ ਔਰਤਾਂ ਦੇ ਹੋਏ 87,000 ਕਤਲ਼ਾਂ ਦੀ ਜਾਂਚ-ਪੜਤਾਲ ਕੀਤੀ ਗਈ। ਜਿਸ ਵਿੱਚੋਂ ਇਹ ਗੱਲ ਉੱਭਰ ਕੇ ਆਈ ਕਿ ਇਹਨਾਂ 87000 ਕਤਲ਼ਾਂ ਵਿੱਚੋਂ 58% ਔਰਤਾਂ ਦੇ ਕਤਲ਼ ਉਹਨਾਂ ਦੇ ਹੀ ਜੀਵਨ ਸਾਥੀਆਂ ਜਾਂ ਪਰਿਵਾਰਕ ਮੈਂਬਰਾਂ ਵੱਲੋਂ ਕੀਤੇ ਗਏ ਸਨ। ਯਾਨੀ ਇੱਕ ਸਾਲ ਵਿੱਚ ਆਲਮੀ ਪੱਧਰ 'ਤੇ ਹੋਣ ਵਾਲ਼ੇ ਕਤਲ਼ਾਂ ਵਿੱਚੋਂ ਤਕਰੀਬਨ 50,000 ਕਤਲ਼ ਜੀਵਨ ਸਾਥੀ (ਮੌਜੂਦਾ ਜਾਂ ਸਾਬਕਾ) ਜਾਂ ਪਰਿਵਾਰਕ ਮੈਂਬਰਾਂ ਦੁਆਰਾ ਕੀਤੇ ਗਏ ਸਨ। ਜਿਨ੍ਹਾਂ ਵਿੱਚ ਦਹੇਜ ਲਈ ਕਤਲ਼, ਅਣਖ ਦੇ ਨਾਂ 'ਤੇ ਕਤਲ਼, ਜਾਦੂ-ਟੂਣੇ ਤਹਿਤ ਕਤਲ਼, ਅਸੁਖਾਵੇਂ ਸਰੀਰਕ ਸਬੰਧਾਂ ਆਦਿ ਕਾਰਨਾਂ ਕਰਕੇ ਹੋਏ ਕਤਲ਼ਾਂ ਦੀ ਤਫ਼ਸੀਲ ਹੈ। ਇਸ ਰਿਪੋਰਟ ਅਨੁਸਾਰ 1 ਲੱਖ ਵਸੋਂ ਵਿੱਚੋਂ 100 ਔਰਤਾਂ ਬਲਾਤਕਾਰ ਜਾਂ ਸਰੀਰਕ ਹਿੰਸਾ ਦੀਆਂ ਸ਼ਿਕਾਰ ਹਨ। ਇਹ ਰਿਪੋਰਟ ਔਰਤਾਂ 'ਤੇ ਹੁੰਦੇ ਜ਼ਬਰ, ਹਿੰਸਾ, ਛੇੜ-ਛਾੜ, ਬਲਾਤਕਾਰਾਂ ਆਦਿ ਦੀ ਭਾਵੇਂ ਪੂਰੀ ਤਸਵੀਰ ਪੇਸ਼ ਨਹੀਂ ਕਰਦੀ ਪਰ ਇਹ ਗੱਲ ਬਾਖ਼ੂਬੀ ਉਭਾਰਦੀ ਹੈ ਕਿ ਔਰਤਾਂ ਘਰਾਂ ਵਿੱਚ ਵੀ ਮਹਿਫ਼ੂਜ਼ ਨਹੀਂ ਹਨ। ਘਰੋਂ ਬਾਹਰ ਔਰਤਾਂ ਨਾਲ਼ ਹਰ-ਰੋਜ਼ ਜੋ ਦੁਰ-ਵਿਹਾਰ ਹੁੰਦਾ ਹੈ ਉਸ ਬਾਰੇ ਤਾਂ ਅਸੀਂ ਅਖ਼ਬਾਰਾਂ, ਟੀ.ਵੀ. ਚੈਨਲਾਂ ਆਦਿ ਰਾਹੀਂ ਬਾਖ਼ੂਬੀ ਜਾਣੂ ਹਾਂ ਪਰ ਘਰਾਂ ਵਿੱਚ ਵੀ ਔਰਤ ਦੀ ਇਹ ਹਾਲਤ ਹੈ ਇਸਦਾ ਅੰਦਾਜ਼ਾ ਇਸ ਰਿਪੋਰਟ ਤੋਂ ਬਾਖ਼ੂਬੀ ਲਗਾਇਆ ਜਾ ਸਕਦਾ ਹੈ। ਭਾਵੇਂ ਇਸ ਰਿਪੋਰਟ ਵਿੱਚ ਪਿਉਆਂ, ਭਰਾਵਾਂ, ਤਾਏ-ਚਾਚੇ-ਮਾਸੀ-ਮਾਮੇ ਦੇ ਮੁੰਡਿਆਂ, ਦਾਦਿਆਂ, ਤਾਇਆਂ, ਗੁਆਂਢੀਆਂ ਦੁਆਰਾ ਔਰਤਾਂ ਦੇ ਹੁੰਦੇ ਬਲਾਤਕਾਰਾਂ ਤੇ ਛੇੜ-ਛਾੜ ਦਾ ਅੰਕੜਾ ਨਹੀਂ ਪੇਸ਼ ਕੀਤਾ, ਜੇਕਰ ਇਹ ਅੰਕੜਾ ਵੀ ਜੋੜ ਲਿਆ ਜਾਵੇ ਦਾ ਤਸਵੀਰ ਬਹੁਤ ਹੀ ਭਿਅੰਕਰ ਬਣਦੀ ਹੈ। ਅੱਗੇ ਅਸੀਂ ਭਾਰਤ ਵਿੱਚ ਹੁੰਦੇ ਅਜਿਹੇ ਜ਼ੁਰਮਾਂ ਬਾਰੇ ਗੱਲ ਵਿੱਚ ਇਹ ਗੱਲ ਕਰਾਂਗੇ। ਰਿਪੋਰਟ ਅਨੁਸਾਰ 2017 ਵਿੱਚ ਪਰਿਵਾਰਕ ਮੈਂਬਰਾਂ ਦੁਆਰਾ ਔਰਤਾਂ ਦੇ ਹੋਏ 50,000 ਕਤਲ਼ਾਂ ਵਿੱਚੋਂ ਸਭ ਤੋਂ ਵੱਧ ਕਤਲ਼ ਏਸ਼ੀਆ (20000) ਤੇ ਅਫ਼ਰੀਕਾ (19000) ਮਹਾਂਦੀਪਾਂ ਵਿੱਚ ਹੋਏ ਹਨ। ਅਮਰੀਕਾ (8000), ਯੂਰੋਪ (3000) ਓਸ਼ੇਨੀਆ (300) ਵਿੱਚ ਗਿਣਤੀ ਘੱਟ ਹੈ।

ਇਹਦਾ ਕਾਰਨ ਵੀ ਸਮਝ ਆਉਂਦਾ ਕਿ ਵਿਕਸਿਤ ਸਰਮਾਏਦਾਰਾ ਦੇਸ਼ਾਂ ਵਿੱਚ ਜਿੱਥੇ ਸਰਮਾਏਦਾਰਾ ਸਮਾਜ ਜਗੀਰਦਾਰੀ ਵਿਰੁੱਧ ਬੇਕਿਰਕ ਘੋਲ਼ ਰਾਹੀਂ ਸਥਾਪਿਤ ਹੋਇਆ ਉੱਥੇ ਇਹ ਸਮੱਸਿਆ ਮੁਕਾਬਲਤਨ ਘੱਟ ਹੈ। ਕਿਉਂਕਿ ਜਗੀਰੂ ਸਮਾਜ ਵਿਰੁੱਧ ਲੜਾਈ ਦੌਰਾਨ ਸਰਮਾਏਦਾਰਾਂ ਨੇ ਅਜ਼ਾਦੀ-ਬਰਾਬਰੀ-ਭਾਈਚਾਰੇ ਦੇ ਝੰਡੇ ਹੇਠ ਇੱਕ ਲੜਾਈ ਲੜੀ ਅਤੇ ਔਰਤ ਦੀ ਅਜ਼ਾਦੀ ਲਈ ਔਰਤ ਵਿਰੋਧੀ ਮਾਨਸਿਕਤਾ ਵਿਰੁੱਧ ਘੋਲ਼ ਚਲਾਇਆ ਅਤੇ ਔਰਤ ਦੇ ਅਜ਼ਾਦੀ ਦੇ ਹੱਕ ਦੀ ਤਾਂਘ ਨੂੰ ਜ਼ੁਬਾਨ ਦਿੱਤੀ। ਇੱਕ ਲੰਬੀ ਪ੍ਰਕਿਰਿਆ ਦੌਰਾਨ ਇਹਨਾਂ ਵਿਕਸਿਤ ਦੇਸ਼ਾਂ ਵਿੱਚ ਔਰਤ ਨੂੰ ਬਰਾਬਰੀ ਦੇ ਹੱਕ ਮਿਲ਼ੇ ਅਤੇ ਔਰਤ ਵਿਰੋਧੀ ਮਾਨਸਿਕਤਾ ਵਿੱਚ ਮੁਕਾਬਲਤਨ ਕਮੀ ਆਈ। ਭਾਵੇਂ ਔਰਤ ਦੀ ਇਸ ਅਜ਼ਾਦੀ ਪਿੱਛੇ ਮੰਡੀ ਦੀਆਂ ਗਿਣਤੀਆਂ-ਮਿਣਤੀਆਂ ਕੰਮ ਕਰ ਰਹੀਆਂ ਸਨ ਪਰ ਪੱਛੜੇ ਮੁਲਕਾਂ - ਜਿੱਥੇ ਸਰਮਾਏਦਾਰੀ ਜਗੀਰਦਾਰੀ ਨਾਲ਼ ਗੰਢ-ਤੁੱਪ ਕਰਕੇ ਜਾਂ ਉਹਨਾਂ ਨੂੰ ਰਾਇਤਾਂ ਦੇ ਕੇ ਸੱਤ੍ਹਾ 'ਚ ਆਈ - ਦੇ ਮੁਕਾਬਲੇ ਵਿਕਸਿਤ ਦੇਸ਼ਾਂ ਦੀਆਂ ਔਰਤਾਂ ਪਹਿਲੀਆਂ ਅਜ਼ਾਦੀਆਂ ਮਾਨਣ ਦੀਆਂ ਗਵਾਹ ਬਣੀਆਂ। ਸਮਾਜ ਵਿੱਚ ਆਪਣੇ ਹੱਕਾਂ ਲਈ ਜੂਝੀਆਂ ਵਿਰਾਂਗਣਾਂ ਦਾ ਵੀ ਇੱਕ ਸ਼ਾਨ੍ਹਮੱਤਾ ਇਤਿਹਾਸ ਹੈ ਜਿੱਥੇ ਔਰਤਾਂ ਨੇ ਲਹੂ ਡੋਲ੍ਹ ਕੇ ਆਪਣੇ ਹੱਕ ਲਏ।

ਇਸ ਰਿਪੋਰਟ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਜਿੱਥੇ ਘਰੋਂ ਬਾਹਰ ਨਿੱਕਲ ਕੇ ਔਰਤਾਂ ਨੂੰ ਛੇੜ-ਛਾੜ, ਉਧਾਲੇ, ਬਲਾਤਕਾਰ, ਕਤਲ਼ ਵਰਗੇ ਘਟੀਆ ਕੁਕਰਮਾਂ ਦੇ ਸ਼ਿਕਾਰ ਹੋਣ ਦਾ ਧੁੜਕੂ ਹਮੇਸ਼ਾ ਲੱਗਾ ਰਹਿੰਦਾ ਹੈ ਅਤੇ ਅਸੀਂ ਰੋਜ਼ ਅਖ਼ਬਾਰਾਂ, ਟੀਵੀ. ਚੈਨਲਾਂ, ਸੋਸ਼ਲ ਮੀਡੀਆ ਉੱਤੇ ਬਰਬਰ ਬਲਾਤਕਾਰਾਂ, ਛੇੜ-ਛਾੜ ਜਿਹੇ ਕੁਕਰਮਾਂ ਬਾਰੇ ਪੜ੍ਹਦੇ-ਸੁਣਦੇ ਜਾਂ ਦੇਖਦੇ ਰਹਿੰਦੇ ਹਾਂ। ਉੱਥੇ ਇਹ ਰਿਪੋਰਟ ਦਿਖਾਉਂਦੀ ਹੈ ਕਿ ਘਰ ਦੀ ਚਾਰ-ਦਿਵਾਰੀ ਅੰਦਰ ਵੀ ਉਹ ਮਹਿਫ਼ੂਜ਼ ਨਹੀਂ ਹੈ। ਕਤਲ਼, ਬਲਾਤਕਾਰ, ਛੇੜ-ਛਾੜ ਦੇ ਡਰ ਦਾ ਪ੍ਰੇਤ-ਪਰਛਾਵਾਂ ਘਰੇ ਵੀ ਉਹਦਾ ਪਿੱਛਾ ਨਹੀਂ ਛੱਡਦਾ। ਜਿਸ ਕਰਕੇ ਘਰ ਵਿੱਚ ਵੀ ਉਹ ਇਉਂ ਮਹਿਸੂਸ ਕਰਦੀ ਹੈ ਜਿਵੇਂ ਬੱਕਰੀ ਬਘਿਆੜਾਂ ਦੇ ਪਿੰਜਰੇ ਵਿੱਚ ਕਰਦੀ ਹੋਵੇ। ਅਜਿਹੇ ਬਲਾਤਕਾਰੀ ਮਾਨਸਿਕਤਾ ਭਰੇ ਮਾਹੌਲ ਵਿੱਚ ਬਹੁਤ ਸਾਰੀਆਂ ਔਰਤਾਂ ਨੂੰ ਆਪਣੇ ਪਤੀ, ਦੋਸਤ, ਭਰਾ, ਪਿਤਾ, ਚਾਚਾ, ਤਾਇਆ, ਗੁਆਂਢੀ ਮਰਦ ਆਦਿ ਸਭ ਉਹਨਾਂ ਭੁੱਖੇ ਭੇੜੀਆਂ ਵਰਗੇ ਲੱਗਦੇ ਹਨ ਜੋ ਮੌਕਾ ਮਿਲ਼ਦੇ ਕਦੋਂ ਵੀ ਉਹਨਾਂ 'ਤੇ ਟੁੱਟ ਪੈਣਗੇ। ਇਹ ਵੀ ਓਨੀ ਹੀ ਸੱਚਾਈ ਹੈ ਕਿ ਘਰਾਂ ਅੰਦਰਲੇ ਅਜਿਹੇ ਬਹੁਤ ਸਾਰੇ ਦਰਿੰਦੇ ਮੌਕਾ ਮਿਲ਼ਦੇ ਔਰਤਾਂ 'ਤੇ ਝਪਟ ਪੈਂਦੇ ਹਨ। ਹਵਸ ਦੀ ਅੱਗ ਵਿੱਚ ਅੰਨ੍ਹੇ ਹੋਏ ਅਜਿਹੇ ਵਹਿਸ਼ੀਆਂ ਨੂੰ ਆਪਣੀਆਂ ਨਿੱਕੀਆਂ-ਨਿੱਕੀਆਂ ਬਾਲੜੀਆਂ ਦੀ ਵੀ ਹੋਸ਼ ਨਹੀਂ ਰਹਿੰਦੀ ਸਗੋਂ ਆਪਣੀ ਹਵਸ ਦੇ ਮਸਤ ਹਾਥੀ ਦੇ ਪੈਰਾਂ ਹੇਠ ਮਾਸੂਮ ਜਿੰਦਾਂ ਨੂੰ ਮਸਲ ਦਿੰਦੇ ਹਨ। ਅਜਿਹੀਆਂ ਵਾਰਦਾਤਾਂ ਬਾਰੇ ਅਸੀਂ ਸਾਰੇ ਭਲੀ-ਭਾਂਤ ਜਾਣਦੇ ਹਾਂ।

ਇਸ ਰਿਪੋਰਟ ਅਨੁਸਾਰ ਇਹ ਕਤਲ਼ ਅਸੁਖਾਵੇਂ ਸਬੰਧਾਂ, ਘਰੇਲੂ ਝਗੜਿਆਂ, ਅਣਖ ਲਈ ਕਤਲ਼, ਦਹੇਜ ਲਈ ਹੋਏ ਕਤਲ਼, ਨਸ਼ੇ ਕਾਰਨ, ਅਸੁਖਾਵੇਂ ਸਰੀਰਿਕ ਸਬੰਧਾਂ, ਜਾਦੂ-ਟੂਣੇ ਸਬੰਧੀ ਆਦਿ ਕਈ ਕਾਰਨਾਂ ਕਰਕੇ ਹੋਏ ਹਨ। ਰਿਪੋਰਟ ਵਿੱਚ ਇਹਨਾਂ ਦੇ ਵੱਖ-ਵੱਖ ਵਰਗ ਬਣਾ ਕੇ ਹਰ ਵਰਗ 'ਚ ਹੋਏ ਕਤਲ਼ ਦੀ ਗੱਲ ਕੀਤੀ ਗਈ ਹੈ। ਜਿਸਦਾ ਕਾਰਨ ਉਹ ਮਰਦ ਦਾ ਖ਼ੁਦ ਨੂੰ ਔਰਤ ਤੋਂ ਉੱਚਾ ਸਮਝਣ ਦੀ ਸੋਚ ਜਾਂ ਉਸਦੇ ਵੱਧ ਕਾਮੀ ਹੋਣ ਨੂੰ ਦੱਸਦੇ ਹਨ। ਜਾਂ ਕੁੱਝ ਹੋਰ ਕਾਰਨ ਦੱਸਦੇ ਹਨ ਜਿਵੇਂ ਦੋਸ਼ੀ ਮਰਦ ਦਾ ਘੱਟ ਪੜ੍ਹਿਆ-ਲਿਖਿਆ ਹੋਣਾ, ਆਰਥਿਕ ਤੌਰ 'ਤੇ ਗ਼ਰੀਬ, ਮਾਨਸਿਕ ਤੌਰ 'ਤੇ ਪ੍ਰੇਸ਼ਾਨ, ਨਸ਼ੇੜੀ, ਵੱਧ ਹਵਸੀ ਆਦਿ। ਪਰ ਮੁੱਖ ਗੱਲ ਜੋ ਇਹ ਰਿਪੋਰਟ ਨਹੀਂ ਪੇਸ਼ ਕਰਦੀ ਜਾਂ ਸਰਮਾਏਦਾਰਾਂ ਦੀ ਚਾਕਰੀ ਕਰਨ ਕਰਕੇ ਇਸਦੇ ਮੁਲਾਜ਼ਮ ਕਰਨ ਦਾ ਮਾਦਾ ਨਹੀਂ ਰੱਖਦੇ ਉਹ ਇਹ ਕਿ ਇਹ ਕਤਲ਼ ਰਿਸ਼ਤਿਆਂ ਵਿੱਚ ਹੋਈ ਸਰਮਾਏ ਦੀ ਘੁਸਪੈਠ ਕਰਕੇ ਹੋਣ ਵਾਲ਼ੇ ਠੰਢੇ ਕਤਲ਼ ਹਨ। ਰਿਪੋਰਟ ਵਿੱਚ ਕਿਤੇ-ਕਿਤੇ ਨਾਰੀਵਾਦੀ ਨਜ਼ਰੀਆ ਭਾਰੂ ਹੈ। ਜਾਂ ਇਹਦੇ ਕਾਰਨ ਉਹ ਮਰਦਾਂ ਦੀ ਸੋਚ ਨੂੰ ਦੋਸ਼ੀ ਠਹਿਰਾਉਂਦੇ ਹਨ ਜੋ ਆਪਣੇ ਆਪ ਨੂੰ ਔਰਤ ਨਾਲ਼ੋਂ ਉੱਚਾ ਸਮਝਦੇ ਹਨ ਜਾਂ ਔਰਤ ਨੂੰ ਦਬਾ ਕੇ ਰੱਖਣਾ ਚਾਹੁੰਦੇ ਹਨ ਆਦਿ-ਆਦਿ। ਇਹਦੇ ਕਾਰਨਾਂ ਦੀ ਗੱਲ ਆਪਾਂ ਅੱਗੇ ਕਰਦੇ ਹਾਂ।

ਹੁਣ ਗੱਲ ਕਰਦੇ ਹਾਂ ਮੇਰੇ 'ਮਹਾਨ' ਤੇ 'ਬਦਲ ਰਹੇ' ਭਾਰਤ ਦੀ, ਜਿਸਦੀ ਮਹਾਨਤਾ ਦਸੰਬਰ 2017 ਵਿੱਚ ਆਈ 'ਕੌਮੀ ਅਪਰਾਧ ਰਿਕਾਰਡ ਬਿਊਰੋ' (ਐਨਸੀਆਰਬੀ) ਦੀ ਰਿਪੋਰਟ ਉਜਾਗਰ ਕਰ ਦਿੰਦੀ ਹੈ। ਇਸ ਰਿਪੋਰਟ ਵਿੱਚ ਸਾਲ 2016 ਦੌਰਾਨ ਭਾਰਤ ਵਿੱਚ ਹੋਏ ਅਪਰਾਧਾਂ ਦੀ ਸੂਚੀ ਦਾ ਅੰਕੜਾ ਜਾਰੀ ਕੀਤਾ ਹੈ ਜੋ ਦਰਜ ਹੋਏ ਕੇਸਾਂ 'ਤੇ ਅਧਾਰਿਤ ਹੈ। ਇਸ ਰਿਪੋਰਟ ਦੇ ਤੀਜੇ ਪਾਠ ਵਿੱਚ ਔਰਤਾਂ 'ਤੇ ਹੁੰਦੇ ਜ਼ਬਰ, ਹਿੰਸਾ, ਬਲਾਤਕਾਰ, ਜ਼ਬਰਦਸਤੀ, ਅਣਖ ਦੇ ਨਾਂ 'ਤੇ ਕਤਲ਼, ਉਧਾਲੇ, ਬੰਧੇਜਾਂ, ਛੇੜ-ਛਾੜ ਦਾ ਅੰਕੜਾ ਹੈਰਾਨ ਕਰਨ ਵਾਲ਼ਾ ਹੈ। ਪਰ ਉਪਰੋਕਤ ਰਿਪੋਰਟ ਵਾਂਗ ਇਸ ਰਿਪੋਰਟ ਵਿੱਚ ਵੀ ਜੋ ਚੀਜ਼ ਧਿਆਨ ਖਿੱਚਦੀ ਹੈ ਉਹ ਇਹ ਕਿ ਸਾਲ 2016 ਦੌਰਾਨ ਭਾਰਤ ਵਿੱਚ ਔਰਤਾਂ ਦੇ ਹੋਏ ਕੁੱਲ ਬਲਾਤਕਾਰਾਂ ਵਿੱਚੋਂ 94.6% ਬਲਾਤਕਾਰਾਂ ਦੇ ਦੋਸ਼ੀ ਉਹਨਾਂ ਦੇ ਜਾਣਕਾਰ - ਜਿਹਨਾਂ ਵਿੱਚ ਦੋਸਤ, ਪਤੀ, ਭਰਾ, ਪਿਉ, ਦਾਦਾ, ਚਾਚਾ, ਤਾਇਆ, ਮਾਮਾ, ਮਾਸੜ, ਚਚੇਰਾ/ਮਮੇਰਾ/ਮਸੇਰ ਭਰਾ, ਗੁਆਂਢੀ ਜਾਂ ਕੋਈ ਨਾ ਕੋਈ ਰਿਸ਼ਤੇਦਾਰ ਸ਼ਾਮਿਲ ਹੈ - ਹਨ। ਐਨਸੀਆਰਬੀ ਅਨੁਸਾਰ ਸਾਲ 2016 ਦੌਰਾਨ ਭਾਰਤ ਵਿੱਚ ਔਰਤਾਂ ਨਾਲ਼ ਹੋਈ ਹਿੰਸਾ, ਬਲਾਤਕਾਰ, ਛੇੜਛਾੜ, ਕਤਲ਼ ਆਦਿ ਦੇ ਕੁੱਲ 3,38,954 ਕੇਸ ਦਰਜ਼ ਹੋਏ ਹਨ। ਯਾਦ ਰਹੇ ਇਹ ਗਿਣਤੀ ਕੇਵਲ ਦਰਜ ਹੋਏ ਕੇਸਾਂ ਦੀ ਹੈ ਜਦਕਿ ਇਸ ਤੋਂ ਵੱਧ ਅਜਿਹੇ ਕੇਸ ਹੁੰਦੇ ਹਨ ਜੋ ਇੱਜਤ, ਮਾਣ-ਮਰਿਆਦਾ, ਲੋਕ-ਲਾਜ ਕਰਕੇ ਜਾਂ ਦੋਸ਼ੀ ਧਿਰ ਵੱਲੋਂ ਪੈਸੇ ਜਾਂ ਸਿਆਸੀ ਜ਼ੋਰ ਕਰਕੇ ਦਬਾ ਦਿੱਤੇ ਜਾਂਦੇ ਹਨ ਜਾਂ ਰਫ਼ਾ-ਦਫ਼ਾ ਕਰ ਦਿੱਤੇ ਜਾਂਦੇ ਹਨ ਅਤੇ ਜਿਸ ਤੋਂ ਅਸੀਂ ਸਾਰੇ ਭਲੀ-ਭਾਂਤ ਜਾਣੂ ਹਾਂ। ਇਸ ਰਿਪੋਰਟ ਵਿੱਚ ਸਾਲ 2016 ਦੌਰਾਨ ਵੱਖ-ਵੱਖ ਢੰਗਾਂ ਨਾਲ਼ ਔਰਤ ਵਿਰੁੱਧ ਹੋਏ ਇਹਨਾਂ ਵਹਿਸ਼ੀ ਜ਼ੁਰਮਾਂ ਦਾ ਵੇਰਵਾ







ਦਿੱਤਾ ਹੋਇਆ ਹੈ, ਇਹਦੇ ਬਾਰੇ ਸੰਖੇਪ ਚਰਚਾ ਆਪਾਂ ਹੁਣ ਕਰਾਂਗੇ:

ਛੇੜ-ਛਾੜ, ਦਹੇਜ ਆਦਿ ਤੋਂ ਤੰਗ ਆ ਕੇ ਔਰਤਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ = 4485
ਪਤੀ ਤੇ ਸਾਕ-ਸਬੰਧੀਆਂ ਵੱਲੋਂ ਸਤਾਏ ਜਾਣ ਦੇ ਕੇਸ = 110434
ਉਧਾਲੇ/ਅਗਵਾ ਦੀਆਂ ਸ਼ਿਕਾਰ ਔਰਤਾਂ = 66544 (ਜ਼ਬਰਦਸਤੀ ਵਿਆਹ, ਕਤਲ਼, ਬਲਾਤਕਾਰ, ਵੇਚਣ ਆਦਿ ਦੇ ਮਕਸਦ ਨਾਲ਼ ਇਹ ਉਧਾਲੇ ਹੋਏ)।
ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਦੀ ਗਿਣਤੀ = 41239 (ਜਿਸ 'ਚ 2171 ਸਮੂਹਿਕ ਬਲਾਤਕਾਰ ਦੇ ਕੇਸ)
ਹਮਲਾ/ਹਿੰਸਾ = 112754 (9789 ਔਰਤਾਂ ਨਾਲ਼ ਹਿੰਸਾ ਬਲਾਤਕਾਰ ਲਈ ਹੋਈ)
ਹਿਰਾਸਤ ਦੌਰਾਨ ਬਲਾਤਕਾਰ = 16
ਹਿਰਾਸਤ ਦੌਰਾਨ ਬਲਾਤਕਾਰ ਦੇ ਯਤਨ= 5732
ਹਿਰਾਸਤ ਦੌਰਾਨ ਗ਼ੈਰ-ਕੁਦਰਤੀ ਜ਼ੁਰਮ = 493
ਜਿਣਸੀ ਛੇੜ-ਛਾੜ = 27422
ਨੰਗਾ ਕਰਨ ਦੇ ਮਕਸਦ ਨਾਲ਼ ਹੋਏ ਜ਼ੁਰਮ= 9789
ਇੱਜਤ ਨੂੰ ਠੇਸ ਪਹੁੰਚਾਉਣ ਦੇ ਮਕਸਦ ਨਾਲ਼ ਹੋਏ ਜ਼ੁਰਮ = 7356
ਦਹੇਜ ਸਬੰਧੀ ਜ਼ੁਰਮ = 9683

ਔਰਤਾਂ ਦੇ ਹੋਏ ਕੁੱਲ 39068 ਬਲਾਤਕਾਰਾਂ ਵਿੱਚੋਂ 16863 ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਦੀ ਉਮਰ 6 ਸਾਲ ਤੋਂ ਘੱਟ ਅਤੇ 18 ਸਾਲ ਦੇ ਵਿਚਕਾਰ ਸੀ। 16462 ਔਰਤਾਂ ਦੀ ਉਮਰ 18 ਤੋਂ 30 ਦੇ ਵਿਚਕਾਰ ਸੀ। 5192 ਦੀ ਉਮਰ 30 ਤੋਂ 45, 494 ਔਰਤਾਂ ਦੀ ਉਮਰ 45 ਤੋਂ 60 ਅਤੇ 57 ਦੀ ਤਾਂ 60 ਸਾਲ ਤੋਂ ਵੀ ਉੱਪਰ ਸੀ। ਕੁੱਲ ਬਲਾਤਕਾਰਾਂ ਦੀਆਂ ਸ਼ਿਕਾਰ ਔਰਤਾਂ ਵਿੱਚ 43% ਬੱਚੀਆਂ ਹਨ ਜਿਹਨਾਂ ਵਿੱਚ 5% ਤਾਂ 12 ਸਾਲ ਤੋਂ ਵੀ ਘੱਟ ਉਮਰ ਦੀਆਂ ਹਨ। ਭਾਰਤ ਵਿੱਚ ਬਲਾਤਕਾਰ ਦੀਆਂ ਸ਼ਿਕਾਰ 20 ਔਰਤਾਂ ਵਿੱਚ ਇੱਕ ਬੱਚੀ ਹੈ ਜੋ 12 ਸਾਲ ਤੋਂ ਘੱਟ ਉਮਰ ਦੀ ਹੈ। ਬਲਾਤਕਾਰ ਦੇ ਇਹਨਾਂ ਕੁੱਲ 39068 ਕੇਸਾਂ ਵਿੱਚੋਂ 36859 ਦੋਸ਼ੀ ਅਜਿਹੇ ਹਨ ਜੋ ਬਲਾਤਕਾਰ ਦੀ ਸ਼ਿਕਾਰ ਔਰਤ/ਬੱਚੀ ਦੇ ਪਿਤਾ, ਭਰਾ, ਮਸੇਰ, ਚਾਚੇ, ਤਾਏ, ਗੁਆਂਢੀ ਜਾਂ ਰਿਸ਼ਤੇਦਾਰ ਸਨ। ਯਾਨੀ 2016 ਵਿੱਚ ਔਰਤਾਂ ਦੇ ਹੋਏ ਕੁੱਲ ਬਲਾਤਕਾਰਾਂ ਵਿੱਚੋਂ 94.6% ਬਲਾਤਕਾਰ ਪਰਿਵਾਰ, ਰਿਸ਼ਤੇਦਾਰਾਂ ਜਾਂ ਸਬੰਧੀਆਂ ਦੁਆਰਾ ਕੀਤੇ ਗਏ ਹਨ।

ਵਿਕਸਿਤ ਦੇਸ਼ਾਂ ਵਿੱਚ - ਜਿਨ੍ਹਾਂ ਨੂੰ ਇੱਕ ਹੱਦ ਤੱਕ ਔਰਤਾਂ ਲਈ ਸੁਰੱਖਿਅਤ ਦੇਸ਼ ਮੰਨਿਆ ਜਾਂਦਾ ਹੈ ਵੀ ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਵਿੱਚ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਅਮਰੀਕਾ ਦੀ ਹੀ ਜੇਕਰ ਮਿਸਾਲ ਲਈਏ ਤਾਂ ਉੱਥੋਂ ਦੀ ਇੱਕ ਸੰਸਥਾ 'ਕੌਮੀ ਅੰਕੜੇ ਅਤੇ ਘਰੇਲੂ ਹਿੰਸਾ' (ਐਨਸੀਏਡੀਵੀ) ਅਨੁਸਾਰ ਅਜੋਕੇ ਅਮਰੀਕਾ ਵਿੱਚ ਹਰ 4 ਔਰਤਾਂ ਵਿੱਚੋਂ ਇੱਕ ਪਤੀ ਵੱਲੋਂ ਭਿਅੰਕਰ ਸਰੀਰਕ ਹਿੰਸਾ, ਜਿਣਸੀ ਹਿੰਸਾ, ਸੱਟ-ਫੇਟ ਜਾਂ ਹੋਰ ਗੰਭੀਰ ਹਮਲੇ ਦੀ ਸ਼ਿਕਾਰ ਹੈ। 10 ਵਿੱਚੋਂ 1 ਔਰਤ ਜੀਵਨ ਸਾਥੀ ਵੱਲੋਂ ਬਲਾਤਕਾਰ ਦੀ ਸ਼ਿਕਾਰ ਹੈ। 5 ਵਿੱਚੋਂ 1 ਔਰਤ ਆਪਣੇ ਪੂਰੇ ਜੀਵਨ ਦੌਰਾਨ ਬਲਾਤਕਾਰ ਦੀ ਸ਼ਿਕਾਰ ਹੁੰਦੀ ਹੈ। ਅਮਰੀਕਾ ਵਿੱਚ ਔਰਤਾਂ ਦੇ ਹੁੰਦੇ ਕੁੱਲ ਕਤਲ਼ਾਂ ਵਿੱਚ 20% ਕਤਲ਼ ਪਤੀ ਜਾਂ ਪਰਿਵਾਰ ਮੈਂਬਰਾਂ ਦੁਆਰਾ ਕੀਤੇ ਜਾਂਦੇ ਹਨ।

ਯੂਕੇ ਦੀ ਇੱਕ ਸੰਸਥਾ 'ਇੰਗਲੈਂਡ ਤੇ ਵੇਲਜ਼ ਲਈ ਜ਼ੁਰਮ ਦਾ ਸਰਵੇ' ਅਨੁਸਾਰ 2017 ਵਿੱਚ ਇੰਗਲੈਂਡ ਵਿੱਚ 16 ਤੋਂ 59 ਸਾਲ ਦੀ ਉਮਰ ਵਿਚਕਾਰ ਦੀਆਂ 510000 ਔਰਤਾਂ ਜਿਣਸੀ ਹਿੰਸਾ ਦੀਆਂ ਸ਼ਿਕਾਰ ਹੋਈਆਂ ਜਿਹਨਾਂ ਵਿੱਚੋਂ 80% ਨੇ ਰਿਪੋਰਟ ਹੀ ਨਹੀਂ ਕੀਤੀ।

ਰੂਸ ਵਿੱਚ 2016 ਦੌਰਾਨ 14000 ਔਰਤਾਂ ਘਰੇਲੂ ਹਿੰਸਾ ਦੀਆਂ ਸ਼ਿਕਾਰ ਹੋਈਆਂ। ਯਾਦ ਰਹੇ ਇਹ ਉਹੀ ਰੂਸ ਹੈ ਜਿਸ ਵਿੱਚ ਕਿਸੇ ਸਮੇਂ (1918-1956) ਨੌਜਵਾਨ ਪੀੜ੍ਹੀ ਨੂੰ ਵੇਸਵਾ, ਜਿਣਸੀ ਹਿੰਸਾ, ਬਲਾਤਕਾਰ ਆਦਿ ਸ਼ਬਦਾਂ ਦੇ ਮਤਲਬ ਵੀ ਨਹੀਂ ਪਤਾ ਹੁੰਦੇ ਸਨ। ਅਫ਼ਗਾਨਿਸਤਾਨ ਵਿੱਚ 2016 ਦੌਰਾਨ 5132 ਹਿੰਸਾ ਤੇ 241 ਕਤਲ਼ਾਂ ਦੇ ਕੇਸ ਦਰਜ ਹੋਏ। ਜਰਮਨੀ ਵਿੱਚ ਵੀ 2016 ਦੌਰਾਨ 24522 ਕੇਸ ਜਿਣਸੀ ਹਿੰਸਾ ਦੇ ਦਰਜ ਹੋਏ ਹਨ। ਫਰਾਂਸ ਵਿੱਚ 2016 ਦੌਰਾਨ 85,424 ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਬਣੀਆਂ। ਇਹ ਉਹੀ ਫਰਾਂਸ ਹੈ ਜਿੱਥੋਂ ਦੇ ਲੋਕਾਂ ਨੇ ਔਰਤ ਮੁਕਤੀ ਦਾ ਪਰਚਮ ਕਿਸੇ ਸਮੇਂ ਬਹੁਤ ਜ਼ੋਰਦਾਰ ਢੰਗ ਨਾਲ਼ ਉਠਾਇਆ ਸੀ। ਤਕਰੀਬਨ ਸਾਰੇ ਹੀ ਦੇਸ਼ਾਂ ਵਿੱਚ ਔਰਤ ਵਿਰੋਧੀ ਜ਼ੁਰਮਾਂ ਵਿੱਚ ਵਾਧਾ ਹੋ ਰਿਹਾ ਹੈ। ਇਹਨਾਂ ਰਿਪੋਰਟਾਂ ਤੋਂ ਅਸੀਂ ਔਰਤ ਦੀ ਦਿਨੋ-ਦਿਨ ਨਿੱਘਰ ਰਹੀ ਹਾਲਤ ਦਾ ਅੰਦਾਜ਼ਾ ਲਾ ਸਕਦੇ ਹਾਂ।

ਜੇਕਰ ਇਹਨਾਂ ਤਾਜ਼ਾ ਰਿਪੋਰਟਾਂ ਨੂੰ ਪਿਛਲੇ ਸਮੇਂ ਨਾਲ਼ ਤੁਲਨਾ ਕੇ ਦੇਖੀਏ ਤਾਂ ਔਰਤ ਵਿਰੋਧੀ ਅਪਰਾਧਾਂ ਵਿੱਚ ਬਹੁਤ ਵਾਧਾ ਹੋਇਆ ਹੈ। ਪਰ ਇਸਦਾ ਕਾਰਨ ਇਹ ਨਾ ਸਮਝ ਲਿਆ ਜਾਵੇ ਕਿ ਬੀਤਿਆ ਸਮਾਜ ਜ਼ਿਆਦਾ ਔਰਤ ਪੱਖੀ ਸੀ। ਭਾਵੇਂ ਕਿ ਪਹਿਲਾਂ ਵੀ ਔਰਤਾਂ ਵਿਰੁੱਧ ਅਜਿਹੇ ਅਪਰਾਧ ਹੁੰਦੇ ਸਨ ਪਰ ਪਿਛਲੇ ਦਹਾਕੇ ਤੋਂ ਅਜਿਹੇ ਜ਼ੁਰਮਾਂ ਵਿੱਚ ਅਤੇ ਇਹਨਾਂ ਦੀ ਬਰਬਰਤਾ ਵਿੱਚ ਹੈਰਾਨੀਜਨਕ ਵਾਧਾ ਹੋਇਆ ਹੈ। ਔਰਤ ਵਿਰੋਧੀ ਇਹਨਾਂ ਜ਼ੁਰਮਾਂ ਪਿੱਛੇ ਵੀ ਸਰਮਾਏ ਦੀ ਗਤੀ ਦਾ ਤਰਕ ਕੰਮ ਕਰ ਰਿਹਾ ਹੈ। ਸਰਮਾਏ ਦੇ ਤਰਕ ਨੇ ਹੀ ਕਿਸੇ ਸਮੇਂ ਔਰਤ ਦੀ ਅਜ਼ਾਦੀ ਦਾ ਪਰਚਮ ਪਹਿਲੀ ਵਾਰ ਇਤਿਹਾਸ ਦੇ ਰੰਗਮੰਚ 'ਤੇ ਲਹਿਰਾਇਆ ਸੀ ਕਿਉਂਕਿ ਮਨੁੱਖੀ ਇਤਿਹਾਸ ਦਾ ਇਹ ਪਹਿਲਾਂ ਸਮਾਜ ਸੀ ਜਿਸਨੇ ਔਰਤ ਦੀ ਅਜ਼ਾਦੀ ਦੀ ਸਧਰ ਨੂੰ ਜ਼ੁਬਾਨ ਦਿੱਤੀ ਅਤੇ ਅੱਜ ਇਸੇ ਤਰਕ ਤਹਿਤ ਹੀ ਉਹ ਹਰ ਤਰ੍ਹਾਂ ਦੀ ਔਰਤ ਵਿਰੋਧੀ ਮਾਨਸਿਕਤਾ ਨੂੰ ਉਗਾਸਾ ਦੇ ਰਿਹਾ ਹੈ। ਭਾਵੇਂ ਸਰਮਾਏਦਾਰੀ ਨੇ ਜਗੀਰਦਾਰੀ ਵਿਰੁੱਧ ਆਪਣੀ ਲੜਾਈ ਦੌਰਾਨ ਜੇਕਰ ਔਰਤ ਮੁਕਤੀ ਦਾ ਝੰਡਾ ਚੁੱਕਿਆ ਤਾਂ ਉਹ ਕਿਸੇ ਉੱਚੀ ਨੈਤਿਕ ਜ਼ਿੰਮੇਵਾਰੀ ਕਰਕੇ ਨਹੀਂ। ਸਗੋਂ ਸਰਮਾਏਦਾਰੀ ਦਾ ਔਰਤ ਦੀ ਅਜ਼ਾਦੀ ਦੇ ਹੱਕ ਦਾ ਸੰਕਲਪ ਔਰਤ ਦੁਆਰਾ ਮੰਡੀ ਵਿੱਚ ਆਪਣੀ ਕਿਰਤ ਸ਼ਕਤੀ ਵੇਚਣ ਦੀ ਅਜ਼ਾਦੀ ਦੇ ਹੱਕ ਤੋਂ ਅੱਗੇ ਨਹੀਂ ਜਾਂਦਾ। ਭਾਵੇਂ ਸਰਮਾਏਦਾਰਾ ਇਨਕਲਾਬਾਂ ਦਾ ਔਰਤ ਨੂੰ ਘਰ ਦੀ ਚਾਰਦੀਵਾਰੀ ਤੇ ਮਰਦ ਦੀ ਚੌਧਰ ਤੋਂ ਮੁਕਤ ਕਰਵਾਉਣ ਵਿੱਚ ਵੱਡਾ ਯੋਗਦਾਨ ਸੀ। ਪਰ ਕਿਉਂਕਿ ਅਜੋਕਾ ਸਰਮਾਏਦਾਰੀ ਸਮਾਜ ਵੀ ਇੱਕ ਜਮਾਤੀ ਸਮਾਜ ਹੈ ਜੋ ਬਹੁਤ-ਗਿਣਤੀ ਕਿਰਤੀਆਂ ਦੀ ਬਰਬਰ ਲੁੱਟ ਨੂੰ ਵਾਜਬ ਮੰਨਦਾ ਹੈ ਅਤੇ ਜਿਵੇਂ-ਜਿਵੇਂ ਇਹ ਸਮਾਜ ਵਿਕਾਸ ਕਰਦਾ ਹੈ ਉਸੇ ਰੂਪ ਵਿੱਚ ਗ਼ਰੀਬੀ ਦੇ ਮਹਾਂ-ਸਾਗਰਾਂ ਵਿੱਚ ਅਮੀਰੀ ਦੇ ਟਾਪੂ ਨਿੱਤ ਵਧਦੇ ਰਹਿੰਦੇ ਹਨ।

ਅੱਜ ਮਰਨ ਕਿਨਾਰੇ ਪਿਆ ਇਹ ਪ੍ਰਬੰਧ ਆਪਣੇ ਇਸੇ ਮੰਡੀ ਦੇ ਤਰਕ ਨਾਲ਼ ਹੀ ਔਰਤ ਵਿਰੋਧੀ ਮਾਨਸਿਕਤਾ ਨੂੰ ਉਗਾਸਾ ਦੇ ਰਿਹਾ ਹੈ। ਕਿਉਂਕਿ ਪਿਛਲੇ ਸਮੇਂ ਤੋਂ ਲਗਾਤਾਰ ਮੰਦੀ ਦੀ ਮਾਰ ਵਿੱਚ ਨਿੱਤ ਡੂੰਘਾ ਧਸਦਾ ਇਹ ਸਮਾਜ ਅਤੇ ਮੁਨਾਫ਼ੇ ਦੀ ਡਿੱਗਦੀ ਦਰ ਸਰਮਾਏਦਾਰਾਂ ਨੂੰ ਲਗਾਤਾਰ ਮੁਨਾਫ਼ਾ ਬਣਾਈ ਰੱਖਣ ਲਈ ਕਰੋ ਜਾਂ ਮਰੋ ਦੀ ਹਾਲਤ ਵਿੱਚ ਧੱਕ ਰਹੀ ਹੈ। ਤਾਂ ਅੱਜ ਤਿੱਖੇ ਮੁਕਾਬਲੇ, ਸੰਕਟ ਅਤੇ ਵਾਧੂ ਪੈਦਾਵਾਰ - ਲੋਕਾਂ ਦੀਆਂ ਲੋੜਾਂ ਅਨੁਸਾਰ ਵਾਧੂ ਨਹੀਂ ਸਗੋਂ ਖਰੀਦਣ ਦੀ ਸਮਰੱਥਾ ਅਨੁਸਾਰ ਵਾਧੂ - ਦੇ ਸਮੇਂ ਸਰਮਾਏਦਾਰ ਹਰ ਤਰ੍ਹਾਂ ਦੇ ਅਣ-ਮਨੁੱਖੀ ਕੰਮ ਵਿੱਚ ਨਿਵੇਸ਼ ਕਰ ਰਹੇ ਹਨ ਜਿਵੇਂ ਵੇਸਵਾਗਮਨੀ, ਪੋਰਨ ਸੱਨਅਤ, ਲੱਚਰ ਫ਼ਿਲਮਾਂ ਤੇ ਗੀਤ-ਸੰਗੀਤ, ਕਾਮ-ਗੁੱਡੀਆਂ ਦੀ ਮੰਡੀ ਆਦਿ। ਸਰਮਾਏਦਾਰਾ ਮੀਡੀਆ ਅਜਿਹੀਆਂ ਫਿਲਮਾਂ, ਗੀਤਾਂ, ਸੀਰੀਅਲਾਂ ਰਾਹੀਂ ਅਸ਼ਲੀਲਤਾ, ਲੱਚਰਤਾ, ਹਿੰਸਾ, ਛਲ-ਕਪਟ, ਦੇ ਜ਼ਹਿਰੀਲੇ ਟੀਕੇ ਲਾ-ਲਾ ਕੇ ਇਨਸਾਨਾਂ ਦੇ ਮਨੁੱਖੀ ਸਾਰਤੱਤ ਨੂੰ ਗੰਧਲਾ ਕਰ ਰਿਹਾ ਹੈ। ਇਸ ਮੁਨਾਫ਼ਾਖੋਰ ਪ੍ਰਬੰਧ ਦੇ ਪੈਦਾਵਾਰੀ ਖੇਤਰ ਵਿੱਚ ਵੀ ਜਿੱਥੇ ਹਰ ਬੰਦਾ ਦੂਜੇ ਦਾ ਵਿਰੋਧੀ ਹੈ, ਇੱਕ ਦੀ ਸਫ਼ਲਤਾ ਦੂਜੇ ਦੀ ਅਸਫ਼ਲਤਾ ਹੈ, ਇੱਕ ਦੀ ਅਮੀਰੀ ਬਹੁਤਿਆਂ ਦੀ ਕੰਗਾਲੀ ਦੀ ਸ਼ਰਤ ਹੈ। ਇੱਥੇ ਹਰ ਇਨਸਾਨ ਦੂਜੇ ਦਾ ਵਿਰੋਧੀ ਹੈ ਅਤੇ ਹਰ ਤਰ੍ਹਾਂ ਦਾ ਛਲ-ਕਪਟ ਤੇ ਕਮੀਨਗੀ ਕਰਕੇ ਉਸ ਤੋਂ ਅੱਗੇ ਨਿਕਲਨਾ ਚਾਹੁੰਦਾ ਹੈ। ਇਹ ਕੋਈ ਵਿਅਕਤੀਆਂ ਦੀ ਇੱਛਾ ਨਹੀਂ ਸਗੋਂ ਸਮਾਜਿਕ ਸਬੰਧਾਂ ਦੀ ਸਰਗਰਮੀ ਦਾ ਪ੍ਰਗਟਾਅ ਹੈ। ਅਜਿਹਾ ਮਾਹੌਲ ਹਰ ਵਿਅਕਤੀ ਨੂੰ ਸਵੈ-ਕੇਂਦਰਿਤ, ਸਵਾਰਥੀ ਅਤੇ ਮਤਲਬਪ੍ਰਸਤ ਸ਼ਖ਼ਸ਼ੀਅਤ ਦਿੰਦਾ ਹੈ ਜੋ ਸੰਕਟਾਂ ਦੇ ਸਮੇਂ ਹੋਰ ਸੰਘਣੀ ਹੋ ਜਾਂਦੀ ਹੈ ਅਤੇ ਵਿਅਕਤੀ ਆਪਣੇ ਆਪ 'ਤੇ ਕੇਂਦਰਿਤ ਇੱਕ ਠੰਡੇ ਦਿਲ ਵਾਲ਼ਾ ਤੇ ਭਾਵਨਾਹੀਣ ਸਰਮਾਏ ਦਾ ਭਗਤ ਬਣ ਜਾਂਦਾ ਹੈ। ਕਿਸੇ ਸਮੇਂ ਮਾਰਕਸ ਨੇ ਆਰਥਿਕ ਤੇ ਦਾਰਸ਼ਨਿਕ ਹੱਥ ਲਿਖਤਾਂ ਵਿੱਚ ਸਰਮਾਏਦਾਰੀ ਦੁਆਰਾ ਮਨੁੱਖ ਨੂੰ ਖ਼ੁਦਗ਼ਰਜ਼ ਬਣਾਏ ਜਾਣ ਬਾਰੇ ਬੜਾ ਸਟੀਕ ਕਿਹਾ ਸੀ ਕਿ 'ਸਰਮਾਇਆ ਵਿਅਕਤੀ ਤੇ ਵਿਅਕਤੀ ਵਿਚਾਲੇ ਨੰਗੀ ਚਿੱਟੀ ਖ਼ੁਦਗ਼ਰਜ਼ੀ ਅਤੇ ਭਾਵਨਾਹੀਣ ਨਕਦ ਭੁਗਤਾਨ ਤੋਂ ਬਿਨ੍ਹਾਂ ਹਰ ਰਿਸ਼ਤੇ ਨੂੰ ਖ਼ਤਮ ਕਰ ਦਿੰਦਾ ਹੈ। ਇਹੀ ਸੱਚ ਅਜੋਕੇ ਸਮਾਜ ਵਿੱਚ ਸੰਘਣਾ ਹੋ ਕੇ ਜਾਹਰ ਹੋ ਰਿਹਾ ਹੈ।'

ਦੂਜਾ ਅਜੋਕੇ ਸਰਮਾਏਦਾਰਾ ਸਮਾਜ ਵਿੱਚ ਵੀ ਭਾਵੇਂ ਖ਼ੁਦ ਜੀਵਨ ਸਾਥੀ ਦੀ ਚੋਣ ਦਾ ਸਵਾਲ ਇੱਕ ਜਮਹੂਰੀਅਤ ਦੇ ਘੇਰੇ ਦਾ ਸਵਾਲ ਹੈ। ਸਰਮਾਏਦਾਰੀ ਸਮਾਜ ਵਿੱਚ ਭਾਵੇਂ ਇੱਕ ਹੱਦ ਤੱਕ ਜੀਵਨ ਸਾਥੀ ਖ਼ੁਦ ਚੁਣਨ ਦੀ ਵਿਅਕਤੀ ਕੋਲ਼ ਚੋਣ ਹੈ ਭਾਵੇਂ ਭਾਰਤ ਵਰਗੇ ਦੇਸ਼ਾਂ ਦੇ ਨੌਜਵਾਨਾਂ ਨੂੰ ਉਹਨਾਂ ਦਾ ਇਹ ਜਮਹੂਰੀ ਹੱਕ ਵੀ ਹਾਲੇ ਪੂਰੀ ਤਰ੍ਹਾਂ ਨਹੀਂ ਮਿਲ਼ਿਆ ਪਰ ਇੱਥੇ ਵੀ ਜ਼ਿਆਦਤਰ ਪਿਆਰ ਸਬੰਧ ਜਾਇਦਾਦ ਸਬੰਧਾਂ ਅਨੁਸਾਰ ਬਣਦੇ ਹਨ। ਪਤੀ-ਪਤਨੀ ਵਿੱਚੋਂ ਜਿਸਦੀ ਜਾਇਦਾਦ ਜਾਂ ਕਮਾਈ ਜ਼ਿਆਦਾ ਹੋਵੇ ਉਹ ਦੂਜੇ 'ਤੇ ਹਾਵੀ ਰਹਿੰਦਾ ਹੈ ਅਤੇ ਮਰਦ ਅੱਜ ਵੀ ਆਰਥਿਕ ਤੌਰ 'ਤੇ ਔਰਤਾਂ 'ਤੇ ਭਾਰੂ ਹੈ। ਅੱਜ-ਕੱਲ੍ਹ ਕਚਹਿਰੀ, ਥਾਣਿਆਂ ਵਿੱਚ ਝਗੜਿਆਂ ਦੇ ਚੱਲ ਰਹੇ ਕੇਸਾਂ ਵਿੱਚੋਂ 90% ਝਗੜੇ ਤੇ ਕਲੇਸ਼ ਜਾਇਦਾਦ ਨਾਲ਼ ਸਬੰਧਿਤ ਹਨ।

ਮਨੁੱਖਾਂ ਦੇ ਆਪਸੀ ਰਿਸ਼ਤੇ ਵੀ ਪੈਦਾਵਾਰੀ ਰਿਸ਼ਤਿਆਂ ਤੋਂ ਟੁੱਟੇ ਹੋਏ ਨਹੀਂ ਹੁੰਦੇ। ਜੇਕਰ ਅਸੀਂ ਇਤਿਹਾਸ ਦਾ ਅਧਿਐਨ ਕਰੀਏ ਤਾਂ ਦੇਖਦੇ ਹਾਂ ਕਿ ਜਦੋਂ ਪੈਦਾਵਾਰੀ ਸਬੰਧ ਬਰਾਬਰੀ ਵਾਲ਼ੇ ਸਨ ਅਤੇ ਇੱਕ ਵਿਅਕਤੀ ਦੁਆਰਾ ਦੂਜੇ ਦੀ ਵਾਫ਼ਰ ਹੜੱਪਣ ਦਾ ਸੰਕਲਪ ਨਹੀਂ ਸੀ ਤਾਂ ਉਸ ਸਮੇਂ ਔਰਤ 'ਤੇ ਮਰਦ ਦੇ ਦਾਬੇ ਦੇ ਸਬੂਤ ਵੀ ਨਹੀਂ ਮਿਲ਼ਦੇ। ਪਰ ਜਦੋਂ ਸਮਾਜ ਜਮਾਤ ਰਹਿਤ ਤੋਂ ਜਮਾਤਾਂ ਵਿੱਚ ਵੰਡਿਆ ਗਿਆ ਤਾਂ ਉਦੋਂ ਹੀ ਸ਼ੁਰੂ ਹੋਈ ਔਰਤ ਦੀ ਮਤਹਿਤੀ ਜੋ ਗ਼ੁਲਾਮਦਾਰੀ ਤੇ ਜਗੀਰਦਾਰੀ ਸਮਾਜਾਂ ਵਿੱਚ ਆਪਣੇ ਚਰਮ ਬਿੰਦੂ 'ਤੇ ਪਹੁੰਚੀ ਅਤੇ ਇਹਨਾਂ ਸਮਾਜਾਂ ਵਿੱਚ ਔਰਤ ਪੂਰੀ ਤਰ੍ਹਾਂ ਮਰਦ ਦੇ ਰਹਿਮੋ-ਕਰਮ ਦੇ ਮਤਹਿਤ ਹੋ ਗਈ। ਪਰ ਜਦੋਂ ਇਤਿਹਾਸ ਦੇ ਰੰਗਮੰਚ 'ਤੇ ਇੱਕ ਨਵੀਂ ਜਮਾਤ - ਸਰਮਾਏਦਾਰ - ਪ੍ਰਗਟ ਹੋਈ ਤਾਂ ਉਸਨੇ ਮਜ਼ਦੂਰਾਂ ਦੀ ਲੋੜ ਦੇ ਆਪਣੇ ਹਿੱਤ ਕਰਕੇ, ਆਪਣੇ ਅਜ਼ਾਦੀ-ਬਰਾਬਰੀ-ਭਾਈਚਾਰੇ ਦੇ ਨਾਅਰੇ ਹੇਠ ਔਰਤ ਦੀ ਅਜ਼ਾਦੀ - ਭਾਵੇਂ ਅਜ਼ਾਦ ਹੋਣ ਦੀ ਸੱਧਰ ਔਰਤ ਵਿੱਚ ਉਦੋਂ ਤੋਂ ਹੀ ਪੈਦਾ ਹੋ ਗਈ ਸੀ ਜਦੋਂ ਉਹ ਗ਼ੁਲਾਮ ਹੋਈ ਸੀ ਪਰ ਉਦੋਂ ਸਮਾਜਿਕ-ਇਤਿਹਾਸਕ ਕਾਰਨਾਂ ਕਰਕੇ ਉਸ ਸੱਧਰ ਨੂੰ ਜ਼ੁਬਾਨ ਨਹੀਂ ਮਿਲ ਸਕੀ - ਦਾ ਸਵਾਲ ਵੀ ਉਠਾਇਆ ਅਤੇ ਉਸਨੂੰ ਘਰਾਂ ਦੀ ਚਾਰਦਿਵਾਰੀ ਵਿੱਚੋਂ ਬਾਹਰ ਕੱਢਣ ਵਿੱਚ ਇੱਕ ਉਸਾਰੂ ਯੋਗਦਾਨ ਪਾਇਆ। ਪਰ ਇਹ ਪ੍ਰਕਿਰਿਆ ਵੀ ਦੋ ਢੰਗਾਂ ਨਾਲ਼ ਸੰਸਾਰ ਵਿੱਚ ਚੱਲੀ। ਫਰਾਂਸ, ਇੰਗਲੈਂਡ ਆਦਿ ਦੇਸ਼ਾਂ ਵਿੱਚ ਜਿੱਥੇ ਜਗੀਰਦਾਰੀ ਨਾਲ਼ ਫੈਸਲਾਕੁੰਨ ਲੜਾਈ ਲੜੀ ਗਈ ਉੱਥੇ ਜਗੀਰਦਾਰੀ ਸਬੰਧਾਂ ਸਮੇਤ ਹਰ ਤਰ੍ਹਾਂ ਦੇ ਮੱਧਯੁਗੀ ਸਦਾਚਾਰ ਦਾ ਪਰਦਾ ਚਾਕ ਕੀਤਾ ਗਿਆ ਜਿਸਦੇ ਅੰਗ ਵਜੋਂ ਔਰਤ ਵਿਰੋਧੀ ਮਾਨਸਿਕਤਾ ਵਿਰੁੱਧ ਵੀ ਲੜਾਈ ਲੜੀ ਗਈ। ਪਰ ਜਿਹਨਾਂ ਸਮਾਜਾਂ ਵਿੱਚ ਸਰਮਾਏਦਾਰਾ ਸਮਾਜ ਜਗੀਰਦਾਰੀ ਨਾਲ਼ ਗੰਢ-ਤੁੱਪ ਜਾਂ ਸਮਝੌਤਿਆਂ ਰਾਹੀਂ ਹੋਂਦ ਵਿੱਚ ਆਏ ਉੱਥੇ ਔਰਤ ਵਿਰੋਧੀ ਮਾਨਸਿਕਤਾ, ਪਿੱਤਰਸੱਤ ?ਹਾ ਆਦਿ ਅਲਾਮਤਾਂ ਅਜੋਕੇ ਸਮਾਜ ਨੂੰ ਵਿਰਸੇ ਵਿੱਚ ਮਿਲ਼ੀਆਂ।

ਪਰ ਸਰਮਾਏਦਾਰਾ ਢਾਂਚਾ ਵੀ ਔਰਤ ਨੂੰ ਦੁਜੈਲੇ - ਪੈਦਾਵਾਰੀ ਪ੍ਰਕਿਰਿਆ ਤੇ ਸਮਾਜਿਕ ਹੈਸੀਅਤ ਵਿੱਚ - ਪੱਧਰ ਦੀ ਥਾਂ ਹੀ ਦਿੰਦਾ ਹੈ ਕਿਉਂਕਿ ਔਰਤ ਦੀ ਅਜ਼ਾਦੀ ਦਾ ਉਸਦਾ ਸੰਕਲਪ ਔਰਤ ਨੂੰ ਘਰਾਂ ਦੀ ਚਾਰਦਿਵਾਰੀ 'ਚੋਂ ਕੱਢ ਕੇ ਮੰਡੀ ਵਿੱਚ ਆਪਣੀ ਕਿਰਤ ਤੇ ਸੁਹੱਪਣ ਵੇਚਣ ਦੀ ਅਜ਼ਾਦੀ ਤੋਂ ਅੱਗੇ ਨਹੀਂ ਜਾਂਦਾ। ਭਾਵੇਂ ਇਹਦਾ ਭੋਂਪੂ ਮੀਡੀਆ ਦਿਨ-ਰਾਤ ਔਰਤ ਦੇ ਵਿਕਾਸ ਜਾਂ ਬਰਾਬਰੀ ਦੇ ਸੋਅਲੇ ਗਾਉਂਦਾ ਰਹੇ। ਆਰਥਿਕ ਤੌਰ 'ਤੇ ਮਰਦ ਦਾ ਹਾਲੇ ਵੀ ਗਲਬਾ ਹੋਣਾ, ਕੰਮਾਂ ਵਿੱਚ ਔਰਤਾਂ ਦੀਆਂ ਘੱਟ ਤਨਖਾਹਾਂ, ਕੰਮ ਥਾਵਾਂ 'ਤੇ ਉਹਨਾਂ ਨਾਲ਼ ਹੁੰਦਾ ਵਿਤਕਰਾ, ਕੁੱਝ ਵਿਸ਼ੇਸ਼ ਕੰਮ ਸਿਰਫ਼ ਮਰਦਾਂ ਲਈ, ਨੌਕਰਸ਼ਾਹੀ ਦੇ ਵੱਡੇ ਅਹੁਦਿਆਂ ਵਿੱਚ ਔਰਤਾਂ ਦੀ ਫੀਸਦ ਮਰਦਾਂ ਨਾਲ਼ੋਂ ਘੱਟ ਹੋਣਾ, ਔਰਤ ਦੇ ਸੁਹੱਪਣ ਦਾ ਜਿਣਸੀਕਰਨ ਕਰਨਾ, ਆਦਿ ਗੱਲਾਂ ਤੋਂ ਔਰਤ ਦੀ ਦੂਜੈਲੀ ਸਥਿਤੀ ਦਾ ਪਤਾ ਲੱਗਦਾ ਹੈ ਜੋ ਕਿ ਪੱਛੜੇ ਮੁਲਕਾਂ ਵਿੱਚ ਹੋਰ ਵੀ ਭਿਅੰਕਰ ਹੈ। ਜਿਵੇਂ ਸਾਡੇ ਭਾਰਤ ਵਿੱਚ ਹਾਲੇ ਵੀ ਭਾਵੇਂ ਕਾਨੂੰਨੀ ਤੌਰ 'ਤੇ ਔਰਤਾਂ ਨੂੰ ਜਾਇਦਾਦ ਦੇ ਵਾਰਸੀ ਹੱਕ ਮਿਲ਼ੇ ਹਨ ਪਰ ਜਮੀਨੀ ਪੱਧਰ 'ਤੇ ਉਹ ਨਾ ਦੇ ਬਰਾਬਰ ਲਾਗੂ ਹਨ।

ਇਸ ਸਮਾਜ ਵਿੱਚ ਕਿਉਂਕਿ ਹਰ ਬੰਦੇ ਨੂੰ ਆਪਣੇ ਮੁਨਾਫ਼ੇ ਦੀ ਚਿੰਤਾ ਹੈ ਤਾਂ ਅਜਿਹੇ ਮੁਕਾਬਲੇ ਕਾਰਨ ਵਿਅਕਤੀ ਸਵੈ-ਕੇਂਦਰਿਤ, ਮਤਲਬੀ, ਖ਼ੁਦਗ਼ਰਜ਼ ਬਣਦਾ ਹੈ ਅਤੇ ਮੁਕਾਬਲੇ ਦੀ ਚੂਹਾ ਦੌੜ ਵਿੱਚ ਉਹ ਭੀੜ ਵਿੱਚ ਵੀ ਬੇਗਾਨਾ ਹੁੰਦਾ ਹੈ। ਜਿਵੇਂ-ਜਿਵੇਂ ਢਾਂਚੇ ਦਾ ਸੰਕਟ ਵਧਦਾ ਹੈ ਗ਼ਰੀਬੀ, ਬੇਰੁਜ਼ਗਾਰੀ ਆਦਿ ਵਧਦੀ ਹੈ। ਆਮ ਲੋਕਾਂ 'ਤੇ ਮਹਿਗਾਈ, ਕਰਾਂ, ਗ਼ਰੀਬੀ, ਬੇਰੁਜ਼ਗਾਰੀ ਦੀ ਮਾਰ ਵਧਦੀ ਹੈ, ਜੋ ਕੰਮ ਕਰਦੇ ਹਨ ਉਹਨਾਂ 'ਤੇ ਵੱਧ ਕੰਮ ਦਾ




ਬੋਝ ਹੁੰਦਾ ਹੈ ਅਤੇ ਵਿਹਲਿਆਂ ਨੂੰ ਬੇਰੁਜ਼ਗਾਰੀ ਦਾ ਦੈਂਤ ਡਰਾਉਂਦਾ ਹੈ। ਕੀਮਤਾਂ 'ਤੇ ਟੈਕਸਾਂ ਦਾ ਬੋਝ ਵਧਣ ਕਰਕੇ ਲੋਕਾਂ ਦੀ ਆਮਦਨ ਘਟਦੀ ਹੈ। ਅਜਿਹੇ ਮਹੌਲ ਵਿੱਚ ਵਿਅਕਤੀ ਇੰਨਾ ਖ਼ੁਦਗ਼ਰਜ਼ ਹੋ ਜਾਂਦਾ ਹੈ ਕਿ ਉਸਨੂੰ ਘਰ ਵਿੱਚ ਬੈਠੇ ਬਜ਼ੁਰਗ਼ ਮਾਂ, ਪਿਉ, ਬੱਚੇ ਜਾਂ ਪਤਨੀ ਵੀ ਬੋਝ ਲੱਗਦੀ ਹੈ। ਘਰਾਂ ਵਿੱਚ ਝਗੜੇ, ਕਲੇਸ਼ ਵਧਦੇ ਹਨ। ਉੱਤੋਂ ਅਸ਼ਲੀਲ, ਲੱਚਰ, ਹਿੰਸਕ, ਵਹਿਸ਼ੀ, ਛਲ-ਕਪਟ, ਪੈਂਤੜੇਬਾਜ਼ੀ, ਸਵਾਰਥ, ਨਿੱਜਵਾਦ, ਵਿਰੋਧੀ ਨੂੰ ਖੂੰਜੇ ਲਾਉਣ ਦੇ ਨਵੇਂ-ਨਵੇਂ ਤੇ ਬਰਬਰ ਤਰੀਕੇ ਦੱਸਦੇ ਕਲਾ ਰੂਪਾਂ ਫ਼ਿਲਮਾਂ, ਸੀਰੀਅਲ, ਰਿਐਲਿਟੀ ਸ਼ੋਆਂ ਆਦਿ - ਦਾ ਹੜ੍ਹ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰਦਾ ਹੈ। ਭਾਵੇਂ ਅਜਿਹੇ ਕਲਾ ਰੂਪ ਲੋਕਾਂ ਦੇ ਆਪਸੀ ਸਬੰਧਾਂ ਵਿੱਚ ਰਿਸ ਰਹੇ ਫੋੜਿਆਂ ਨੂੰ ਹੀ ਦਿਖਾਉਂਦੇ ਹਨ ਪਰ ਸਮੱਸਿਆਵਾਂ ਦੇ ਵਿਗਿਆਨਕ ਟਰੀਟਮੈਂਟ - ਕਿਉਂਕਿ ਸਰਮਾਏਦਾਰਾ ਸਮਾਜ ਵਿੱਚ ਕਲਾ ਕਿਰਤਾਂ ਵੀ ਵੇਚਣ ਲਈ ਪੈਦਾ ਕੀਤੀਆਂ ਜਾਂਦੀਆਂ ਹਨ ਇਸ ਕਰਕੇ ਇਸ ਖੇਤਰ ਦੇ ਸਰਮਾਏਦਾਰਾਂ ਦੀ ਵੀ ਮੁਨਾਫ਼ੇ ਤੋਂ ਬਿਨ੍ਹਾਂ ਹੋਰ ਕਿਸੇ ਗੱਲ ਵਿੱਚ ਨਾ ਰੁਚੀ ਹੁੰਦੀ ਹੈ ਤੇ ਨਾ ਹੀ ਹਿੱਤ - ਦੀ ਘਾਟ ਕਰਕੇ ਅਲਾਮਤਾਂ ਪ੍ਰਤੀ ਵਿਅਕਤੀ ਦੀ ਘਿ ?ਰਣਾ ਜਗਾਉਣ ਦੀ ਬਜਾਏ ਸਗੋਂ ਵਿਅਕਤੀ ਦੀ ਅਲਾਮਤ ਵਿੱਚ ਰੁਚੀ ਪੈਦਾ ਕਰਦੇ ਹਨ। ਜਿਵੇਂ ਜ਼ਿਆਦਾਤਰ ਭਾਰਤੀ ਫ਼ਿਲਮਾਂ ਗੁੰਡਿਆਂ, ਨੌਕਰਸ਼ਾਹਾਂ, ਸਰਮਾਏਦਾਰਾ ਆਗੂਆਂ, ਗੈਂਗ ਸਟਾਰਾਂ, ਧਨ-ਪਸ਼ੂਆਂ ਆਦਿ ਪ੍ਰਤੀ ਦਰਸ਼ਕ ਵਿੱਚ ਘਿਣ ਪੈਦਾ ਨਹੀਂ ਕਰਦੀਆਂ ਸਗੋਂ ਹਮਦਰਦੀ ਦੇ ਭਾਵ ਜਗਾਉਂਦੀਆਂ ਹਨ।

ਪਛੜੇ ਮੁਲਕਾਂ ਵਿੱਚ ਦਾਜ-ਦਹੇਜ ਦੀ ਪ੍ਰਥਾ, ਔਰਤ ਨੂੰ ਹੀਣੀ, ਅਬਲਾ, ਕਮਜ਼ੋਰ, ਮਰਦ ਦੇ ਪੈਰ ਦੀ ਜੁੱਤੀ, ਬੱਚੇ ਪੈਦਾ ਕਰਨ ਦੀ ਮਸ਼ੀਨ ਤੇ ਉਸਨੂੰ ਦੇਹ-ਭੋਗ ਦੀ ਵਸਤੂ ਸਮਝਣ ਵਾਲ਼ੀ ਮਾਨਸਿਕਤਾ ਦਾ ਜਦੋਂ ਮੀਡੀਆ ਦੁਆਰਾ ਪਰੋਸੀ ਜਾ ਰਹੀ ਅਸ਼ਲੀਲਤਾ, ਲੱਚਰਤਾ ਤੇ ਨੰਗੇਜ਼ ਨਾਲ਼ ਰਲਾਅ ਹੁੰਦਾ ਹੈ ਤਾਂ ਭਿਅੰਕਰ ਨਤੀਜ਼ੇ ਸਾਹਮਣੇ ਆਉਂਦੇ ਹਨ। ਇੱਥੇ ਇਸ ਗੱਲ ਦਾ ਕਾਰਨ ਵੀ ਸਮਝ ਆਉਂਦਾ ਕਿ ਨਵ-ਉਦਾਰਵਾਦ ਤੋਂ ਪਹਿਲਾਂ ਦੇ ਸਮਾਜ ਵਿੱਚ ਬਲਾਤਕਾਰ, ਛੇੜ-ਛਾੜ, ਜਿਣਸੀ ਸ਼ੋਸ਼ਣ ਆਦਿ ਕਿਉਂ ਘੱਟ ਸਨ। ਕਿਉਂਕਿ ਨਵ-ਉਦਾਰਵਾਦ ਤੋਂ ਬਾਅਦ ਇੰਟਰਨੈੱਟ, ਮੋਬਾਇਲਾਂ, ਤਕਨਾਲੋਜੀ ਆਦਿ ਦੇ ਵਿਸਥਾਰ ਨੇ ਪੋਰਨ, ਅਸ਼ਲੀਲ, ਲੱਚਰ ਤੇ ਹਿੰਸਕ ਫ਼ਿਲਮਾਂ ਲੋਕਾਂ ਦੀਆਂ ਜੇਬਾਂ ਵਿੱਚ ਪਾ ਦਿੱਤੀਆਂ ਹਨ। ਪਹਿਲਾਂ ਤੋਂ ਹੀ ਔਰਤ ਨੂੰ ਦੇਹ-ਭੋਗ ਦੀ ਵਸਤੂ ਸਮਝਣ ਵਾਲ਼ੀ ਮਾਨਸਿਕਤਾ ਦਾ ਸੰਪਰਕ ਜਦੋਂ ਅਜਿਹੀ ਲੱਚਰਤਾ ਨਾਲ਼ ਹੋਇਆ ਤਾਂ ਨਤੀਜਾ ਸਾਡੇ ਸਾਹਮਣੇ ਹੈ। ਵਿਕਸਿਤ ਦੇਸ਼ਾਂ ਵਿੱਚ ਵੀ ਨਿਘਾਰ ਦੇ ਕਾਰਨ ਲਾਗਤਾਰ ਤਿੱਖਾ ਹੋ ਰਿਹਾ ਸਮਾਜ ਦਾ ਸੰਕਟ ਅਤੇ ਇਹੀ ਲੱਚਰਤਾ ਹੈ ਜਿਸਨੇ ਉਹਨਾਂ ਦੇ ਔਰਤ ਦੀ ਅਜ਼ਾਦੀ ਤੇ ਬਰਾਬਰੀ ਵਾਲ਼ੇ ਸਭ ਆਦਰਸ਼ਾਂ ਨੂੰ ਖੂੰਝੇ ਲਾਉਣਾ ਸ਼ੁਰੂ ਕਰ ਦਿੱਤਾ ਹੈ।

ਮੁਨਾਫ਼ੇ 'ਤੇ ਟਿਕੇ ਇਸ ਪ੍ਰਬੰਧ ਵਿੱਚ ਜਿੱਥੇ ਹਰ ਵੱਡੀ ਮੱਛੀ ਛੋਟੀ ਮੱਛੀ ਨੂੰ ਖਾ ਜਾਂਦੀ ਹੈ। ਜਿੱਥੇ ਇੱਕ ਦੀ ਸਫ਼ਲਤਾ ਬਹੁਤਿਆਂ ਦੀ ਅਸਫਲਤਾ ਵਿੱਚੋਂ ਪੈਦਾ ਹੁੰਦੀ ਹੈ। ਮੰਡੀ ਦੀ ਇਸ ਵੇਚ ਖਰੀਦ ਵਿੱਚ ਕੋਈ ਜਿੱਤਦਾ ਹੈ ਅਤੇ ਕੋਈ ਹਾਰਦਾ ਹੈ। ਜਿੱਤ ਦੇ ਜਸ਼ਨਾਂ ਲਈ ਵੀ ਸ਼ਰਾਬ, ਵੇਸਵਾਵਾਂ, ਕੈਸੀਨੋ, ਬਾਰ-ਕਲੱਬ, ਡਾਂਸ ਕਲੱਬ ਆਦਿ ਹਾਜ਼ਰ ਹਨ ਅਤੇ ਹਾਰ ਦੀ ਨਿਰਾਸ਼ਾ ਦੇ ਨਿਕਾਸ ਲਈ ਵੀ ਹਾਜ਼ਰ ਹਨ। ਪੋਰਨ ਫਿਲਮਾਂ ਜਿਹਨਾਂ ਵਿੱਚ ਰੇਪ, ਹਿੰਸਕ ਰੇਪ, ਸਮੂਹਿਕ ਰੇਪ, ਬੱਚੀਆਂ ਦੇ ਰੇਪ ਆਦਿ ਦੇ ਦ੍ਰਿਸ਼ਾਂ ਰਾਹੀਂ ਇਨਸਾਨ ਨੂੰ ਔਰਤ ਪ੍ਰਤੀ ਅਸੰਵੇਦਨਸ਼ੀਲ ਤੇ ਵਹਿਸ਼ੀ ਬਣਾਇਆ ਜਾਂਦਾ ਹੈ। ਇਹ ਸਭ ਚੀਜ਼ਾਂ ਔਰਤ ਵਿਰੋਧੀ ਮਾਨਸਿਕਤਾ ਨੂੰ ਉਗਾਸਾ ਦੇਣ ਦਾ ਕੰਮ ਕਰਦੀਆਂ ਹਨ।

ਜਮਾਤੀ ਸਮਾਜ ਵਿੱਚ ਕਿਉਂਕਿ ਆਰਥਿਕ ਤੇ ਸਰੀਰਕ ਪੱਖੋਂ ਭਾਰੂ ਧਿਰ ਲਾਜ਼ਮੀ ਹੀ ਕਮਜ਼ੋਰ ਧਿਰ ਦੀ ਕਮਜ਼ੋਰੀ ਦਾ ਫਾਇਦਾ ਆਪਣਾ ਉੱਲੂ ਸਿੱਧਾ ਕਰਨ ਦੇ ਮਕਸਦ ਨਾਲ਼ ਉਠਾਉਂਦੀ ਹੈ। ਪੈਦਾਵਾਰੀ ਪ੍ਰਕਿਰਿਆ ਵਿੱਚ ਔਰਤ ਨਾਲ਼ ਵਖਰੇਵਾਂ, ਸਮਾਜਿਕ-ਸੱਭਿਆਚਾਰਕ ਵਖਰੇਵਾਂ ਅਤੇ ਪੱਛੜੇ ਮੁਲਕਾਂ ਵਿੱਚ ਤਾਂ ਲੋਕਾਂ ਨੂੰ ਵਿਰਸੇ ਵਿੱਚ ਹੀ ਔਰਤ ਵਿਰੋਧੀ ਮਾਨਸਿਕਤਾ ਮਿਲ਼ੀ ਹੋਈ ਹੈ। ਮੁਨਾਫੇ 'ਤੇ ਟਿਕਿਆ ਅਜੋਕਾ ਪ੍ਰਬੰਧ ਮੁਨਾਫ਼ੇ ਦੀ ਲਾਗਤਾਰ ਡਿੱਗਦੀ ਦਰ ਦੇ ਸਮੇਂ ਆਪਣੇ ਮੁਨਾਫ਼ੇ ਖਰੇ ਕਰਨ ਲਈ ਸਭ ਵਿਗਾੜਾਂ ਨੂੰ ਫਿਰ ਪੈਦਾ ਕਰ ਰਿਹਾ। ਇੱਥੋਂ ਤੱਕ ਕਿ ਜਿਹਨਾਂ ਅਲਾਮਤਾਂ ਵਿਰੁੱਧ - ਜਿਵੇਂ ਔਰਤ ਵਿਰੋਧੀ ਮਾਨਸਿਕਤਾ - ਇਸਨੇ ਖ਼ੁਦ ਲੜਾਈ ਲੜੀ ਸੀ ਅੱਜ ਇਹ ਖ਼ੁਦ ਆਪਣੀ ਅੰਦਰੂਨੀ ਗਤੀ ਦੇ ਤਾਰਕਿਕ ਨਤੀਜੇ ਵਜੋਂ ਇਸ ਮਾਨਸਿਕਤਾ ਨੂੰ ਖਾਦ-ਪਾਣੀ ਦੇ ਰਿਹਾ ਹੈ। ਇਸ ਨੂੰ ਛੋਟ ਦੇ ਕੇ ਔਰਤ ਦੀ ਮੁਕਤੀ ਦੀ ਗੱਲ ਕਰਨਾ ਇਸ ਤਰ੍ਹਾਂ ਹੋਵੇਗਾ ਜਿਵੇਂ ਕੈਂਸਰ ਦੇ ਮਰੀਜ ਨੂੰ ਬਿਮਾਰੀ ਦੇ ਵਿਗਿਆਨਕ ਕਾਰਨਾਂ ਦੀ ਜਾਂਚ ਕਰੇ ਬਿਨਾਂ ਤੇ ਇਲਾਜ ਬਿਨ੍ਹਾਂ ਹਾਏ-ਬੂ ਕਰਦੇ-ਕਰਦੇ ਹੀ ਮੌਤ ਦੇ ਤਰਸ 'ਤੇ ਛੱਡ ਦੇਣਾ। ਕਿਉਂਕਿ ਕਿਸੇ ਵੀ ਅਲਾਮਤ ਜਾਂ ਬੁਰਾਈ ਦੇ ਵਿਗਿਆਨਕ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਉਸਦੇ ਖ਼ਾਤਮੇ ਲਈ ਬਣਦੇ ਯਤਨ ਨਾ ਕਰਨਾ ਵੀ ਉਸਦੇ ਹੱਕ 'ਚ ਭੁਗਤਣਾ ਹੈ। ਅੱਜ ਜੇਕਰ ਅਸੀਂ ਔਰਤਾਂ ਅਤੇ ਨਿੱਕੀਆਂ-ਨਿੱਕੀਆਂ ਬਾਲੜੀਆਂ ਨਾਲ਼ ਹੋ ਰਹੇ ਅਜਿਹੇ ਬਰਬਰ ਤੇ ਵਹਿਸ਼ੀ ਅਪਰਾਧਾਂ ਵਿਰੁੱਧ ਇੱਕਜੁੱਟ ਹੋ ਕੇ ਅਤੇ ਔਰਤਾਂ ਨੂੰ ਇਹਨਾਂ ਵਿਰੁੱਧ ਜਥੇਬੰਦ ਕਰਕੇ ਘੋਲ਼ ਨਹੀਂ ਕਰਦੇ ਤਾਂ ਅਸੀਂ ਸਮਾਜ ਵਿੱਚ ਨਿੱਤ ਵਾਪਰਦੇ ਇਹਨਾਂ ਬਰਬਰ ਜ਼ੁਰਮਾਂ ਦੇ ਭਾਇਵਾਲ ਸਾਬਿਤ ਹੋਵਾਂਗੇ।



# ਦੇਸ਼ਾਂ ਦੀ ਵਿਸ਼ਵ ਵਿਵਸਥਾ ਠੱਪ, ਨਵੇਂ ਯੁੱਗ ਦੀ ਤਿਆਰੀ

## ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਮਿਡਲ-ਪਾਵਰ ਦੇਸ਼ਾਂ ਨੂੰ ਨਵੇਂ ਆਜ਼ਾਦ ਵਪਾਰਿਕ ਜੋੜ-ਤੋੜ ਦਾ ਸੱਦਾ



ਡਾ. ਹਰਦੀਪ ਸਿੰਘ
ਅਟਵਾਲ
ਕੈਮਬ੍ਰਿਜ, ਓਨਟਾਰੀਓ

ਪਿਛਲੇ ਕੁਝ ਅਰਸੇ ਤੋਂ ਟਰੰਪ ਨੇ ਦੂਜੇ ਦੇਸ਼ਾਂ 'ਤੇ ਟੈਰਿਫ ਲਾਉਣ, ਕੌਮਾਂਤਰੀ ਸੰਸਥਾਵਾਂ ਦੇ ਅਸੂਲਾਂ ਤੋਂ ਇਨਕਾਰ ਕਰਨ, ਗ੍ਰੀਨਲੈਂਡ ਅਤੇ ਕੈਨੇਡਾ ਦੇ ਕਬਜ਼ੇ ਦੀਆਂ ਵਾਰ-ਵਾਰ ਧਮਕੀਆਂ, ਆਜ਼ਾਦ ਦੇਸ਼ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਅਗਵਾ ਕਰਨ ਆਦਿ ਦੇ ਰੂਪ 'ਚ ਹਮਲਾਵਰ ਵਿਵਹਾਰ ਦਿਖਾਇਆ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਐਲਾਨੀ ਗਈ ਟੈਰਿਫ ਜੰਗ ਤੋਂ ਬਾਅਦ ਸਾਰੇ ਆਜ਼ਾਦ ਹੈਸੀਅਤ ਦੇਸ਼ਾਂ ਨੇ ਨਵੇਂ ਟ੍ਰੇਡ ਪਾਰਟਨਰ ਲੱਭਣ ਲਈ ਹੱਥ ਪੱਲੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਵੀ ਰੱਖਿਆਤਮਕ ਕਾਰਵਾਈਆਂ ਨਾਲ ਇਸ ਵਿਉਪਾਰਕ ਜੰਗ ਅਤੇ ਦੇਸ਼ ਦੀ ਖ਼ੁਦ-ਮੁਖ਼ਤਿਆਰੀ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਅਮਰੀਕਾ ਦਾ ਟਰੰਪ ਪ੍ਰਸ਼ਾਸਨ ਆਪਣੀ ਪੂਰੀ ਧੌਂਸ ਨਾਲ ਪੂਰੀ ਦੁਨੀਆ 'ਤੇ ਇੱਕੋ ਇੱਕ ਸਾਮਰਾਜੀ ਸੁਪਰ-ਪਾਵਰ ਵਜੋਂ ਪੇਸ਼ ਕਰ ਰਿਹਾ ਹੈ। ਸਾਰੇ ਮੱਧ ਵਰਗੀ ਦੇਸ਼ ਇੱਕ ਦੂਜੇ ਵੱਲ ਵੇਖ ਰਹੇ ਹਨ ਕਿ 'ਬਿੱਲੀ ਨੂੰ ਕੌਣ ਘੰਟੀ ਬੰਨੇਗਾ'। ਇਹ ਪਹਿਲੀ ਵਾਰ ਹੈ ਜਦੋਂ ਕੈਨੇਡਾ ਦੇ ਰਾਸ਼ਟਰਪਤੀ ਮਾਰਕ ਕਾਰਨੀ ਨੇ ਦਾਵੋਸ, ਸਵਿਟਜ਼ਰਲੈਂਡ ਵਿਖੇ 'ਵਿਸ਼ਵ ਆਰਥਿਕ ਫੋਰਮ' ਦੇ ਸਟੇਜ 'ਤੇ ਖੁੱਲ੍ਹ ਕੇ ਐਲਾਨ ਕੀਤਾ ਹੈ ਕਿ ਮਹਾਂਸ਼ਕਤੀਆਂ ਦੀ ਪੁਰਾਣੀ ਵਿਸ਼ਵ ਵਿਵਸਥਾ ਟੁੱਟ ਗਈ ਹੈ, ਅਤੇ ਕਿਸੇ ਨੂੰ ਵੀ ਉਮੀਦ ਨਹੀਂ ਕਰਨੀ ਚਾਹੀਦੀ ਕਿ ਪੁਰਾਣੇ ਦਿਨ ਦੁਬਾਰਾ ਆ ਜਾਣਗੇ। ਨਵੀਂ ਵਿਸ਼ਵ ਵਿਵਸਥਾ ਬਣ ਰਹੀ ਹੈ ਅਤੇ ਹੁਣ ਮਿਡਲ-ਪਾਵਰ ਦੇਸ਼ਾਂ ਨੂੰ ਦੁਨੀਆ ਵਿੱਚ ਨਵੇਂ ਸਹਿਯੋਗੀ ਲੱਭਣ ਲਈ ਆਪਣੇ ਢੰਗ ਨਾਲ ਸੋਚਣਾ ਪਏਗਾ। ਉਨ੍ਹਾਂ ਦਾ ਨਵਾਂ ਐਲਾਨੀਆ ਥੀਸਿਸ ਮੌਜੂਦਾ ਵਿਸ਼ਵ ਦਾ ਇੱਕ ਪ੍ਰਤਿਭਾਸ਼ਾਲੀ ਆਰਥਿਕ ਵਿਸ਼ਲੇਸ਼ਣ ਹੈ ਅਤੇ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਧੱਕੇਸ਼ਾਹੀ ਦੀਆਂ ਰਣਨੀਤੀਆਂ ਖ਼ਿਲਾਫ਼, ਕੈਨੇਡਾ ਨੂੰ ਭਵਿੱਖ ਦੇ ਨਵੇਂ ਰਾਹ ਵੱਲ ਲੈ ਜਾਵੇਗਾ। ਇਸ ਭਾਸ਼ਣ ਰਾਹੀਂ ਉਨ੍ਹਾਂ ਸਾਰੇ ਦੇਸ਼ਾਂ ਨੂੰ ਇੱਕ ਰਾਹ ਵੀ ਦਿਖਾਇਆ ਅਤੇ ਕੈਨੇਡਾ ਇੱਕ ਵਿਸ਼ਵ ਨੇਤਾ ਵਜੋਂ ਪ੍ਰਗਟ ਹੋਇਆ ਹੈ। ਇਸ ਨੂੰ "ਕਾਰਨੀ ਸਿਧਾਂਤ" ਵੀ ਕਿਹਾ ਜਾ ਸਕਦਾ ਹੈ।

ਅੱਜ, ਕੈਨੇਡਾ ਅਤੇ ਦੂਸਰੇ ਯੂਰੋਪੀਅਨ ਭਾਈਵਾਲ ਦੇਸ਼ਾਂ ਨੂੰ ਉਸੇ ਸੁਪਰ-ਪਾਵਰ ਦੇਸ਼ ਤੋਂ ਖ਼ਤਰਾ ਹੈ ਜਿਸ 'ਤੇ ਉਹ ਸਭ ਤੋਂ ਵੱਧ ਭਰੋਸਾ ਕਰਦੇ ਸੀ। ਅਸੀਂ ਵੇਖਦੇ ਹਾਂ ਕਿ ਅਜਿਹੇ ਮੌਕੇ ਮਾਰਕ ਕਾਰਨੀ ਨੇ ਵਿਸ਼ਵ ਪੱਧਰ 'ਤੇ ਦੇਸ਼ ਦੇ ਪ੍ਰੋਫਾਈਲ ਨੂੰ ਵਧਾਉਣ ਵਿੱਚ ਕੋਈ ਸਮਾਂ ਨਹੀਂ ਗੁਆਇਆ। ਕੈਨੇਡਾ ਵੱਲੋਂ, ਨਵੇਂ ਆਰਥਿਕ ਗੱਠਜੋੜ, ਸੁਧਾਰੀਆਂ ਵਿਦੇਸ਼ ਨੀਤੀਆਂ ਅਤੇ ਫੌਜੀ ਖਰਚਿਆਂ ਵਿੱਚ ਵਾਧੇ ਕੀਤਾ ਜਾ ਰਿਹਾ ਹੈ। ਇਸ ਨਾਲ, ਕੈਨੇਡੀਅਨ ਪ੍ਰਧਾਨ ਮੰਤਰੀ, ਇੱਕ ਆਗਿਆਕਾਰੀ "ਬੁਆਏ ਸਕਾਊਟ" ਦਾ ਅਕਸ ਮਜ਼ਬੂਤ ਕਰਨ ਦੀ ਬਜਾਏ, ਸੰਸਾਰ ਨੂੰ ਇਹ ਸੰਦੇਸ਼ ਭੇਜ ਰਹੇ ਹਨ ਕਿ, "ਹਾਂ, ਕੈਨੇਡਾ ਕੁਝ ਕਰ ਸਕਦਾ ਹੈ ਕੁਝ ਰਾਹਤ ਦੇਣ ਵਾਲੀ ਭਾਵਨਾ ਹੈ ਕਿ ਮੌਜੂਦਾ ਸੰਸਾਰ ਲਈ ਖਾਸ ਤੌਰ 'ਤੇ ਕੈਨੇਡਾ ਲਈ ਇਸ ਸੰਕਟ ਦੇ ਸਿਖਰ 'ਤੇ ਇਹ ਨੇਤਾ ਸਿਆਣਾ ਪ੍ਰਤੀਭਾਸ਼ਾਲੀ ਗਿਣਿਆ ਜਾ ਰਿਹਾ ਹੈ। ਇਸ ਸਮੇਂ ਕੈਨੇਡਾ ਦੇ ਅੰਤਰਰਾਸ਼ਟਰੀ ਅਕਸ ਨੂੰ ਨਵੀਂ ਪਟਰੀ ਚਾੜ੍ਹਣਾ ਅਤੇ ਡਰਾਈਵ ਦੇਣਾ, ਸੌਖਾ ਕੰਮ ਨਹੀਂ ਹੈ। ਬਹੁਤ ਜ਼ਿਆਦਾ ਮੁਸ਼ਕਲ ਅਤੇ ਕਰਨ ਨੂੰ ਬਹੁਤ ਜ਼ਿਆਦਾ ਬਕਾਇਆ ਹੈ, ਜੋਕਿ ਕੈਨੇਡਾ ਵਰਗੇ ਦੇਸ਼ ਨੂੰ ਪਰਿਭਾਸ਼ਿਤ ਕਰ ਰਿਹਾ ਹੈ ਜਿਸਨੇ ਸ਼ੁਰੂ ਤੋਂ ਹੀ ਯੂ.ਐਸ.ਏ ਅਮਰੀਕਾ ਤੇ ਲਗਾਤਾਰ ਆਪਣੀ ਨਿਰਭਰਤਾ ਦਿਖਾਈ ਹੈ। ਘੱਟੋ-ਘੱਟ ਇਸ ਸਮੇਂ ਵੀ ਇਹ ਤੈਅ ਕੀਤਾ ਜਾ ਰਿਹਾ ਹੈ ਕਿ ਕੈਨੇਡਾ ਦੇਸ਼ ਅਸਲ ਵਿੱਚ ਹੈ ਕੀ? ਇਸ ਨੂੰ ਕੀ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ? ਕੈਨੇਡਾ ਦੇ ਬਦਲੇ ਰੁਖ ਨੇ ਹੁਣ ਯੂ.ਐਸ.ਏ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੀ ਨਿਰਾਸ਼ ਕੀਤਾ, ਜਿਸਨੇ ਆਮ ਸਾਮਰਾਜੀ ਧੌਂਸ ਨਾਲ ਇਹ ਕਹਿ ਕੇ ਜਵਾਬ ਦਿੱਤਾ ਕਿ "ਕੈਨੇਡਾ ਸੰਯੁਕਤ ਰਾਜ ਦੇ ਸਿਰ ਤੋਂ ਹੀ ਜੀਉਂਦਾ ਹੈ"। ਪਰ ਮਾਰਕ ਕਾਰਨੀ ਨੇ ਇਸ ਦੇ ਜਵਾਬ ਵਿਚ ਪ੍ਰਤੀਕ੍ਰਿਆ ਦਿੱਤੀ ਕਿ ਕੈਨੇਡਾ ਇਸ ਲਈ ਜਿਉਂਦਾ ਹੈ ਕਿਉਂਕਿ ਅਸੀਂ ਕੈਨੇਡੀਅਨ ਹਾਂ।

ਸਵਿਟਜ਼ਰਲੈਂਡ ਦੇ ਦਾਵੋਸ ਸ਼ਹਿਰ ਵਿਖੇ, 'ਵਰਲਡ ਇਕਨਾਮਿਕ ਫੌਰਮ' ਦੀ ਕਾਨਫਰੰਸ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੰਸਾਰ ਦੇ ਦੇਸ਼ਾਂ ਦੇ ਪ੍ਰਤੀਨੀਧੀਆਂ ਸਾਹਮਣੇ, ਅਮਰੀਕੀ ਰਾਸ਼ਟਰਪਤੀ ਟਰੰਪ ਦਾ ਨਾਮ ਲਏ ਬਿਨਾਂ ਦਿੱਤਾ ਗਿਆ ਭਾਸ਼ਣ, ਭਵਿੱਖ ਦੇ ਇਤਿਹਾਸ ਦੀਆਂ ਪਾਠ ਪੁਸਤਕਾਂ ਵਿੱਚ ਇੱਕ ਨਵੇਂ ਯੁੱਗ ਨੂੰ ਉਲੀਕਣ ਵਾਲੇ ਭਾਸ਼ਣ ਵਜੋਂ ਦਰਜ ਕੀਤਾ ਜਾਵੇਗਾ। ਭਾਸ਼ਣ ਵਿਚਲਾ ਵਿਸ਼ਲੇਸ਼ਣ ਡੂੰਘਾ, ਸਟੀਕ ਅਤੇ "ਮਿਡਲ ਪਾਵਰ" ਦੇਸ਼ਾਂ ਲਈ ਬਹੁਤ ਢੁਕਵਾਂ ਅਤੇ ਲਾਹੇਵੰਦ ਹੈ। ਇੱਥੇ ਮਾਰਕ ਕਾਰਨੀ ਦੇ ਭਾਸ਼ਣ ਦੇ ਭਾਗਾਂ ਦਾ ਪੂਰਾ ਵੇਰਵਾ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਭਾਸ਼ਣ ਵਿੱਚ ਮਾਰਕ ਕਾਰਨੀ ਨੇ ਕਿਹਾ "ਕੈਨੇਡਾ ਅਤੇ ਦੁਨੀਆਂ ਲਈ ਇਸ ਮੋੜ 'ਤੇ ਤੁਹਾਡੇ ਵਿਚਕਾਰ ਹੋਣਾ ਖੁਸ਼ੀ ਦੀ ਗੱਲ ਹੈ - ਅਤੇ ਇੱਕ ਫਰਜ਼ ਹੈ। ਅੱਜ, ਮੈਂ ਵਿਸ਼ਵ ਵਿਵਸਥਾ ਦੇ ਟੁੱਟਣ, ਇੱਕ ਚੰਗੀ ਕਹਾਣੀ ਦੇ ਅੰਤ ਅਤੇ ਇੱਕ ਬੇਰਹਿਮ ਹਕੀਕਤ ਦੀ ਸ਼ੁਰੂਆਤ ਬਾਰੇ ਗੱਲ ਕਰਾਂਗਾ ਜਿੱਥੇ ਮਹਾਨ ਸ਼ਕਤੀਆਂ ਵਿੱਚ ਭੂ-ਰਾਜਨੀਤੀ ਬਗੈਰ ਜਿਸੇ ਰੋਕਟੋਕ ਦੇ ਹੈ। ਪਰ ਮੈਂ ਤੁਹਾਨੂੰ ਇਹ ਵੀ ਕਹਿੰਦਾ ਹਾਂ ਕਿ ਹੋਰ ਦੇਸ਼, ਖਾਸ ਤੌਰ 'ਤੇ ਕੈਨੇਡਾ ਵਰਗੀਆਂ ਮਿਡਲ-ਸ਼ਕਤੀਆਂ, ਸ਼ਕਤੀਹੀਣ ਨਹੀਂ ਹਨ। ਉਨ੍ਹਾਂ ਕੋਲ ਇੱਕ ਨਵੀਂ ਸੰਸਾਰ ਵਿਵਸਥਾ ਬਣਾਉਣ ਦੀ ਸਮਰੱਥਾ ਹੈ ਜੋ ਸਾਡੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਹੈ, ਜਿਵੇਂ ਕਿ ਮਨੁੱਖੀ ਅਧਿਕਾਰਾਂ ਦਾ ਸਨਮਾਨ, ਟਿਕਾਊ ਵਿਕਾਸ, ਇਕਜੁੱਟਤਾ, ਪ੍ਰਭੂਸੱਤਾ ਅਤੇ ਰਾਜਾਂ ਦੀ ਖੇਤਰੀ ਅਖੰਡਤਾ। ਘੱਟ ਸ਼ਕਤੀਸ਼ਾਲੀ ਦੀ ਸ਼ਕਤੀ ਇਮਾਨਦਾਰੀ ਨਾਲ ਸ਼ੁਰੂ ਹੁੰਦੀ ਹੈ। ਹਰ ਰੋਜ਼ ਸਾਨੂੰ ਯਾਦ ਦਿਵਾਇਆ ਜਾਂਦਾ ਹੈ ਕਿ ਅਸੀਂ ਮਹਾਨ ਸ਼ਕਤੀਆਂ ਦੀ ਦੁਸ਼ਮਣੀ ਵਾਲੇ ਯੁੱਗ ਵਿੱਚ ਰਹਿੰਦੇ ਹਾਂ। ਜਿਥੇ ਨਿਯਮ-ਅਧਾਰਤ ਆਰਡਰ ਫਿੱਕਾ ਪੈ ਰਿਹਾ ਹੈ ਕਿ ਤਾਕਤਵਰ ਉਹ ਕਰਦੇ ਹਨ ਜੋ ਉਹ ਕਰ ਸਕਦੇ ਹਨ, ਅਤੇ ਕਮਜ਼ੋਰ ਉਹ ਕਰਦੇ ਹਨ ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ।"

ਇਨ੍ਹਾਂ ਕਿਹਾ, "ਥੂਸੀਡਾਈਡਜ਼ ਦੀ ਇਸ ਕਹਾਵਤ ਨੂੰ ਅਟੱਲ ਵਜੋਂ ਪੇਸ਼ ਕੀਤਾ ਗਿਆ ਹੈ - ਅੰਤਰਰਾਸ਼ਟਰੀ ਸੰਬੰਧਾਂ ਦਾ ਕੁਦਰਤੀ ਤਰਕ ਆਪਣੇ ਆਪ ਨੂੰ ਮੁੜ ਸਥਾਪਿਤ ਕਰਦਾ ਹੈ ਅਤੇ ਇਸ ਤਰਕ ਦਾ ਸਾਹਮਣਾ ਕਰਦੇ ਹੋਏ, ਦੇਸ਼ਾਂ ਲਈ ਇਕੱਠੇ ਰਹਿਣ ਦੀ ਇੱਕ ਮਜ਼ਬੂਤ ਪ੍ਰਵਿਰਤੀ ਹੈ। ਅਨੁਕੂਲ ਹੋਣ ਲਈ। ਮੁਸੀਬਤ ਤੋਂ ਬਚਣ ਲਈ। ਇਹ ਉਮੀਦ ਕਰਨ ਲਈ ਕਿ ਆਗਿਆਪਾਲਣ ਸੁਰੱਖਿਆ ਖਰੀਦੇਗੀ। ਹੁਣ ਇਹ ਨਹੀਂ ਹੋਵੇਗਾ।" ਮੱਧ-ਸ਼ਕਤੀ ਦੁਆਰਾ, ਮਹਾਂ-ਸ਼ਕਤੀਆਂ ਦੀਆਂ ਲਗਾਈਆਂ ਤਖ਼ਤੀਆਂ 'ਤੇ ਟਿੱਪਣੀ ਕਰਦਿਆਂ, ਉਨ੍ਹਾਂ ਅੱਗੇ ਕਿਹਾ, "ਹੁਣ ਸਮਾਂ ਆ ਗਿਆ ਹੈ ਕਿ ਕੰਪਨੀਆਂ ਅਤੇ ਦੇਸ਼ ਇਨ੍ਹਾਂ ਤਖ਼ਤੀਆਂ ਨੂੰ ਹਟਾ ਦੇਣ। ਦਹਾਕਿਆਂ ਤੋਂ ਕੈਨੇਡਾ ਜਿਹੇ ਦੇਸ਼ ਉਸ ਦੇਸ਼ ਦੇ ਤਹਿਤ ਖੁਸ਼ਹਾਲ ਹੁੰਦੇ ਰਹੇ ਹਨ ਜਿਸ ਨੂੰ ਅਸੀਂ ਨਿਯਮ-ਅਧਾਰਿਤ ਅੰਤਰਰਾਸ਼ਟਰੀ ਵਿਵਸਥਾ ਕਹਿੰਦੇ ਹਾਂ। ਅਸੀਂ ਇਸ ਦੀਆਂ ਸੰਸਥਾਵਾਂ ਵਿੱਚ ਸ਼ਾਮਲ ਹੋਏ, ਇਸਦੇ ਸਿਧਾਂਤਾਂ ਦੀ ਪ੍ਰਸ਼ੰਸਾ ਕੀਤੀ ਅਤੇ ਇਸਦੀ ਭਵਿੱਖਬਾਣੀ ਤੋਂ ਸਹਾਇਤਾ ਪ੍ਰਾਪਤ ਕੀਤੀ। ਅਸੀਂ ਇਸ ਦੀ ਸੁਰੱਖਿਆ ਵਿੱਚ ਕਦਰਾਂ-ਕੀਮਤਾਂ 'ਤੇ ਅਧਾਰਿਤ ਵਿਦੇਸ਼ ਨੀਤੀਆਂ ਨੂੰ ਅੱਗੇ ਵਧਾ ਸਕਦੇ ਹਾਂ।

ਮੌਜੂਦਾ ਅੰਤਰ-ਰਾਸ਼ਟਰੀ ਵਿਵਸਥਾ ਵਿੱਚ 'ਜਿਸ ਕੀ ਲਾਠੀ, ਉਸ ਕੀ ਭੈਂਸ' ਦੀ ਕਹਾਵਤ ਵਾਂਗ ਸੁਪਰ-ਪਾਵਰਾਂ ਨੂੰ ਦੋਸ਼ ਦਿੰਦੇ ਹੋਏ, ਉਨ੍ਹਾਂ ਇਕਬਾਲ ਕਰਦਿਆਂ ਕਿਹਾ "ਅਸੀਂ ਜਾਣਦੇ ਸੀ ਕਿ ਅੰਤਰਰਾਸ਼ਟਰੀ ਨਿਯਮ-ਅਧਾਰਤ ਵਿਵਸਥਾ ਦੀ ਕਹਾਣੀ ਅੰਸ਼ਕ ਤੌਰ 'ਤੇ ਝੂਠੀ ਸੀ। ਸਚਾਈ ਇਹ ਹੈ ਕਿ ਸਭ ਤੋਂ ਤਾਕਤਵਰ ਆਪਣੇ ਫਾਇਦੇ ਲਈ ਇਨ੍ਹਾਂ ਨਿਯਮਾਂ ਤੋਂ ਆਪ ਨੂੰ ਛੋਟ ਪ੍ਰਾਪਤ ਕਰ ਲੈਣ। ਇਹ ਵਪਾਰ ਨਿਯਮ ਵਿਤਕਰੇ ਵਾਲੇ ਢੰਗ ਨਾਲ ਲਾਗੂ ਕੀਤੇ ਗਏ ਸਨ। ਇਹ ਅੰਤਰਰਾਸ਼ਟਰੀ ਕਾਨੂੰਨ ਮੁਲਜ਼ਮ ਜਾਂ ਪੀੜਤ ਦੀ ਪਛਾਣ ਦੇ ਅਧਾਰ ਤੇ ਵੱਖੋ ਵੱਖਰੀ ਸਖਤੀ ਨਾਲ ਲਾਗੂ ਹੁੰਦਾ ਹੈ। ਇਹ ਗੱਲ ਲਾਭਦਾਇਕ ਸੀ ਅਤੇ ਅਮਰੀਕੀ ਦਬਦਬੇ ਨੇ ਖਾਸ ਤੌਰ 'ਤੇ ਜਨਤਕ ਚੀਜ਼ਾਂ ਪ੍ਰਦਾਨ ਕਰਨ ਵਿੱਚ ਸਹਾਇਤਾ ਕੀਤੀ: ਖੁੱਲੇ ਸਮੁੰਦਰੀ ਮਾਰਗਾਂ, ਇੱਕ ਸਥਿਰ ਵਿੱਤੀ ਪ੍ਰਣਾਲੀ, ਸਮੂਹਿਕ ਸੁਰੱਖਿਆ ਅਤੇ ਵਿਵਾਦਾਂ ਨੂੰ ਹੱਲ ਕਰਨ ਲਈ ਫਰੇਮਵਰਕ ਲਈ ਸਹਾਇਤਾ। ਇਸ ਲਈ, ਅਸੀਂ ਵਿੰਡੋ ਵਿੱਚ ਇਸ ਦੀ ਤਖ਼ਤੀ ਰੱਖੀ। ਅਸੀਂ ਰਸਮਾਂ ਵਿੱਚ ਹਿੱਸਾ ਲਿਆ। ਇਸ ਖ਼ਿਲਾਫ਼ ਵੱਡੇ ਪੱਧਰ 'ਤੇ ਬਿਆਨਬਾਜ਼ੀ ਅਤੇ ਹਕੀਕਤ ਦੇ ਵਿਚਕਾਰ ਪਾੜੇ ਨੂੰ ਬੋਲਣ ਤੋਂ ਪਰਹੇਜ਼ ਕੀਤਾ। ਇਹ ਸੌਦਾ ਹੁਣ ਕੰਮ ਨਹੀਂ ਕਰਦਾ'।

ਮਾਰਕ ਕਾਰਨੀ ਨੇ ਇੱਕ ਦਲੇਰਾਨਾ ਪ੍ਰਗਟਾਵੇ ਵਿੱਚ ਕਿਹਾ ਕਿ "ਮੈਨੂੰ ਸਿੱਧਾ ਬੋਲਣ ਦਿਓ: ਅਸੀਂ ਇੱਕ ਟੁੱਟਣ ਦੇ ਕਿਨਾਰੇ ਹਾਂ, ਨਾ ਕਿ ਇੱਕ ਪਰਿਵਰਤਨ ਦੇ। ਪਿਛਲੇ ਦੋ ਦਹਾਕਿਆਂ ਦੌਰਾਨ, ਵਿੱਤ, ਸਿਹਤ, ਊਰਜਾ ਅਤੇ ਭੂ-ਰਾਜਨੀਤੀ ਵਿੱਚ ਸੰਕਟਾਂ ਦੀ ਇੱਕ ਲੜੀ ਨੇ ਅਤਿਅੰਤ ਗਲੋਬਲ ਏਕੀਕਰਣ ਦੇ ਜੋਖਮਾਂ ਨੂੰ ਉਜਾਗਰ ਕੀਤਾ ਹੈ। ਹਾਲ ਹੀ ਵਿੱਚ, ਮਹਾਨ ਸ਼ਕਤੀਆਂ ਨੇ ਆਰਥਿਕ ਏਕੀਕਰਣ ਨੂੰ ਹਥਿਆਰਾਂ ਵਜੋਂ ਵਰਤਣਾ ਸ਼ੁਰੂ ਕੀਤਾ। ਟੈਰਿਫ ਨੂੰ ਹਥਿਆਰ ਦੇ ਤੌਰ 'ਤੇ। ਜ਼ਬਰਦਸਤੀ ਦੇ ਤੌਰ 'ਤੇ ਵਿੱਤੀ ਬੁਨਿਆਦੀ ਢਾਂਚਾ। ਕਮਜ਼ੋਰੀਆਂ ਦੇ ਰੂਪ ਵਿੱਚ ਸਪਲਾਈ ਚੇਨ ਦਾ ਸ਼ੋਸ਼ਣ ਕੀਤਾ ਜਾਣਾ ਹੈ। ਜਦੋਂ ਏਕੀਕਰਣ ਤੁਹਾਡੀ ਅਧੀਨਗੀ ਦਾ ਸਰੋਤ ਬਣ ਜਾਂਦਾ ਹੈ ਤਾਂ ਤੁਸੀਂ ਏਕੀਕਰਣ ਦੁਆਰਾ ਆਪਸੀ ਲਾਭ ਦੇ ਝੂਠ ਦੇ ਅੰਦਰ ਨਹੀਂ ਰਹਿ ਸਕਦੇ'।

ਉਨ੍ਹਾਂ ਦੱਸਿਆ ਕਿ "ਵਿਸ਼ਵ ਵਪਾਰ ਸੰਗਠਨ, ਸੰਯੁਕਤ ਰਾਸ਼ਟਰ, ਸੀ.ਓ.ਪੀ ਜੋਕਿ ਸਮੂਹਿਕ ਸਮੱਸਿਆ ਹੱਲ ਕਰਨ ਦਾ ਆਰਕੀਟੈਕਚਰ ਹਨ, ਇਨ੍ਹਾਂ ਬਹੁਪੱਖੀ ਸੰਸਥਾਵਾਂ ਜਿਨ੍ਹਾਂ 'ਤੇ ਮੱਧ ਸ਼ਕਤੀਆਂ ਨਿਰਭਰ ਕਰਦੀਆਂ ਹਨ, ਖ਼ਤਮ ਹੋ ਰਹੀਆਂ ਹਨ। ਬਹੁਤ ਸਾਰੇ ਦੇਸ਼ ਇਹੀ ਸਿੱਟੇ ਕੱਢ ਰਹੇ ਹਨ। ਉਨ੍ਹਾਂ ਨੂੰ ਊਰਜਾ, ਭੋਜਨ, ਮਹੱਤਵਪੂਰਨ ਖਣਿਜਾਂ, ਵਿੱਤ ਅਤੇ ਸਪਲਾਈ ਚੇਨ ਵਿੱਚ ਵਧੇਰੇ ਰਣਨੀਤਕ ਖੁਦਮੁਖਤਿਆਰੀ ਵਿਕਸਿਤ ਕਰਨੀ ਚਾਹੀਦੀ ਹੈ। ਇਹ ਧੱਕ ਸਮਝ ਆਉਣ ਵਾਲੀ ਹੈ। ਇੱਕ ਦੇਸ਼ ਜੋ ਆਪਣੇ ਆਪ ਨੂੰ ਭੋਜਨ ਨਹੀਂ ਦੇ ਸਕਦਾ, ਆਪਣੇ ਆਪ ਨੂੰ ਬਾਲਣ ਨਹੀਂ ਦੇ ਸਕਦਾ, ਜਾਂ ਆਪਣੀ ਰੱਖਿਆ ਨਹੀਂ ਕਰ ਸਕਦਾ, ਉਸ ਕੋਲ ਘੱਟ ਵਿਕਲਪ ਹਨ। ਜਦੋਂ ਇਹ ਨਿਯਮ ਹੁਣ ਤੁਹਾਡੀ ਰੱਖਿਆ ਨਹੀਂ ਕਰਦੇ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੀ ਰੱਖਿਆ ਕਰਨੀ ਚਾਹੀਦੀ ਹੈ। ਪਰ ਆਓ ਅਸੀਂ ਇਸ ਬਾਰੇ ਸਪੱਸ਼ਟ ਨਜ਼ਰ ਰੱਖੀਏ ਕਿ ਇਹ ਦੌਰ ਸਾਨੂੰ ਕਿੱਥੇ ਲੈ ਕੇ ਜਾਵੇਗਾ । ਇਹ 'ਕਿਲ੍ਹਿਆਂ ਦੀ ਦੁਨੀਆਂ' ਬਹੁਤ ਗਰੀਬ, ਵਧੇਰੇ ਨਾਜ਼ੁਕ ਅਤੇ ਘੱਟ ਟਿਕਾਊ ਹੋਵੇਗੀ"

ਉਸਨੇ ਅੱਗੇ ਕਿਹਾ, "ਇੱਕ ਹੋਰ ਸੱਚਾਈ ਹੈ: ਜੇ ਸੁਪਰ-ਪਾਵਰਾਂ ਆਪਣੀ ਸ਼ਕਤੀ ਅਤੇ ਆਪਣੇ ਹਿੱਤਾਂ ਲਈ ਨਿਯਮਾਂ ਅਤੇ ਕਦਰਾਂ ਕੀਮਤਾਂ ਦੇ ਦਿਖਾਵੇ ਨੂੰ ਵੀ ਤਿਆਗ ਦਿੰਦੀਆਂ ਹਨ, ਤਾਂ "ਲੈਣ-ਦੇਣ ਵਟਾਂਦਰੇ ਨਿਯਮ" ਦੇ ਲਾਭਾਂ ਨੂੰ ਲੈਣਾ ਮੁਸ਼ਕਲ ਹੋ ਜਾਂਦਾ ਹੈ। ਇਜ਼ਾਰੇਦਾਰ ਤਾਕਤਾਂ ਆਪਣੇ ਸੰਬੰਧਾਂ ਨੂੰ ਲਗਾਤਾਰ ਮੁਦਰੀਕਰਨ ਨਹੀਂ ਕਰ ਸਕਦੀਆਂ। ਸਹਿਯੋਗੀ ਅਨਿਸ਼ਚਿਤਤਾ ਦੇ ਵਿਰੁੱਧ ਵਿਭਿੰਨਤਾ ਲਿਆਉਣਗੇ। ਬੀਮਾ ਖਰੀਦੋ। ਵਿਕਲਪਾਂ ਨੂੰ ਵਧਾਓ। ਇਹ ਪ੍ਰਭੂਸੱਤਾ ਦਾ ਪੁਨਰ ਨਿਰਮਾਣ ਕਰਦਾ ਹੈ - ਪ੍ਰਭੂਸੱਤਾ ਜੋ ਇੱਕ ਵਾਰ ਨਿਯਮਾਂ ਵਿੱਚ ਅਧਾਰਤ ਸੀ, ਪਰ ਦਬਾਅ ਨੂੰ ਝੱਲਣ ਦੀ ਯੋਗਤਾ ਵਿੱਚ ਤੇਜ਼ੀ ਨਾਲ ਐਂਕਰ ਲਾਇਆ ਜਾਵੇਗਾ"

ਉਨ੍ਹਾਂ ਕਿਹਾ, "ਇਸ ਤਰ੍ਹਾਂ ਦਾ ਰਿਸਕ ਮੈਨੇਜਮੈਂਟ ਕਿਸੇ ਕੀਮਤ 'ਤੇ ਆਉਂਦਾ ਹੈ, ਇਸ ਲਈ ਰਣਨੀਤਕ ਖੁਦਮੁਖਤਿਆਰੀ, ਪ੍ਰਭੂਸੱਤਾ ਦੀ ਕੀਮਤ ਵੀ ਸਾਂਝੀ ਕੀਤੀ ਜਾ ਸਕਦੀ ਹੈ। ਲਚਕੀਲੇਪਣ ਵਿੱਚ ਸਮੂਹਕ ਨਿਵੇਸ਼, ਹਰ ਕਿਸੇ ਨੂੰ ਆਪਣਾ ਕਿਲ੍ਹਾ ਬਣਾਉਣ ਨਾਲੋਂ ਸਸਤਾ ਹੁੰਦਾ ਹੈ। ਸਾਂਝੇ ਮਾਪਦੰਡ ਖਿੰਡਣਾ ਘਟਾਉਂਦੇ ਹਨ। ਇੱਕ ਦੂਜੇ ਦੇ ਪੂਰਕ ਹੋਣਾਂ ਇੱਕ ਸਕਾਰਾਤਮਕ ਏਕਾ ਹੈ।"

ਕੈਨੇਡਾ ਦੇ ਭਵਿੱਖ ਦੇ ਮਾਰਗ ਦੀ ਉਦਾਹਰਣ ਦਿੰਦੇ ਹੋਏ ਮੱਧ-ਸ਼ਕਤੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਕੈਨੇਡਾ ਵਰਗੀਆਂ ਮੱਧਮ ਸ਼ਕਤੀਆਂ ਲਈ ਸਵਾਲ ਇਹ ਨਹੀਂ ਹੈ, ਕੀ ਇਸ ਨਵੀਂ ਹਕੀਕਤ ਦੇ ਅਨੁਕੂਲ ਹੋਣਾ ਹੈ ਜਾਂ ਨਹੀਂ। ਸਾਨੂੰ ਲਾਜ਼ਮੀ ਤੌਰ 'ਤੇ ਕਰਨਾ ਚਾਹੀਦਾ ਹੈ। ਸਵਾਲ ਇਹ ਹੈ ਕਿ ਕੀ ਅਸੀਂ ਸਿਰਫ ਉੱਚੀਆਂ ਕੰਧਾਂ ਬਣਾਈਏ ਜਾਂਕਿ ਅਸੀਂ ਕੁਝ ਹੋਰ ਹੰਭਲਾ ਮਾਰ ਸਕਦੇ ਹਾਂ। ਸਭ ਤੋਂ ਪਹਿਲਾਂ, ਕੈਨੇਡਾ ਵੇਕ-ਅਪ ਕਾਲ ਸੁਣਨ ਵਾਲਿਆਂ ਵਿੱਚੋਂ ਇੱਕ ਸੀ, ਜਿਸ ਨਾਲ ਅਸੀਂ ਆਪਣੀ ਰਣਨੀਤਕ ਸਥਿਤੀ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ। ਕੈਨੇਡੀਅਨ ਜਾਣਦੇ ਹਨ ਕਿ ਸਾਡੀ ਪੁਰਾਣੀ ਆਰਾਮਦਾਇਕ ਧਾਰਨਾ ਹੁਣ ਜਾਇਜ਼ ਨਹੀਂ ਹੈ ਕਿ ਸਾਡੀ ਭੂਗੋਲ ਅਤੇ ਗੱਠਜੋੜ ਦੀ ਮੈਂਬਰਸ਼ਿਪ ਨੇ ਆਪਣੇ ਆਪ ਖੁਸ਼ਹਾਲੀ ਅਤੇ ਸੁਰੱਖਿਆ ਪ੍ਰਦਾਨ ਕੀਤੀ ਹੈ। ਸਾਡੀ ਨਵੀਂ ਪਹੁੰਚ ਉਸ 'ਤੇ ਨਿਰਭਰ ਕਰਦੀ ਹੈ ਜਿਸ ਨੂੰ ਅਲੈਗਜ਼ੈਂਡਰ ਸਟੱਬ ਨੇ "ਕਦਰਾਂ-ਕੀਮਤਾਂ-ਅਧਾਰਤ ਯਥਾਰਥਵਾਦ" ਕਿਹਾ ਹੈ, ਜਾਂ, ਇਹ ਵੀ ਕਹਿ ਸਕਦੇ ਹਾਂ, ਸਾਡਾ ਉਦੇਸ਼ ਸਿਧਾਂਤਕ ਅਤੇ ਵਿਹਾਰਕ ਹੋਣਾ ਹੈ। ਬੁਨਿਆਦੀ ਕਦਰਾਂ-ਕੀਮਤਾਂ ਤੋ ਭਾਵ : ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ, ਸੰਯੁਕਤ ਰਾਸ਼ਟਰ ਚਾਰਟਰ ਦੇ ਅਨੁਕੂਲ ਹੋਣ ਤੋਂ ਇਲਾਵਾ ਤਾਕਤ ਦੀ ਵਰਤੋਂ ਦੀ ਮਨਾਹੀ, ਮਨੁੱਖੀ ਅਧਿਕਾਰਾਂ ਦਾ ਸਨਮਾਨ ਪ੍ਰਤੀ ਸਾਡੀ ਵਚਨਬੱਧਤਾ ਵਿੱਚ ਸਿਧਾਂਤਕ ਪ੍ਰਤੀਬਧਤਾ। ਅਸੀਂ ਖੁੱਲ੍ਹੀਆਂ ਅੱਖਾਂ ਨਾਲ ਵਿਆਪਕ, ਰਣਨੀਤਕ ਤੌਰ 'ਤੇ ਰੁੱਝੇ ਹੋਏ ਹਾਂ'।

ਉਨ੍ਹਾਂ ਨੇ ਕੈਨੇਡਾ ਬਾਰੇ ਗੱਲ ਜਾਰੀ ਰੱਖੀ, "ਅਸੀਂ ਵਿਸ਼ਵ ਵਿਵਸਥਾ ਦੀ ਨਕਦੀ ਦੀ ਤਰਲਤਾ, ਇਸ ਨਾਲ ਪੈਦਾ ਹੋਣ ਵਾਲੇ ਜੋਖਮਾਂ ਅਤੇ ਅੱਗੇ ਜੋ ਕੁਝ ਹੋਵੇਗਾ ਉਸ ਲਈ ਦਾਅ ਦੇ ਮੱਦੇਨਜ਼ਰ, ਆਪਣੇ ਪ੍ਰਭਾਵ ਨੂੰ ਵੱਧ ਤੋਂ ਵੱਧ ਕਰਨ ਲਈ ਵਿਆਪਕ ਰੁਝੇਵਿਆਂ ਨੂੰ ਤਰਜੀਹ ਦੇ ਰਹੇ ਹਾਂ। ਅਸੀਂ ਹੁਣ ਸਿਰਫ ਆਪਣੀਆਂ ਕਦਰਾਂ-ਕੀਮਤਾਂ ਦੀ ਤਾਕਤ 'ਤੇ ਭਰੋਸਾ ਨਹੀਂ ਕਰ ਰਹੇ, ਬਲਕਿ ਆਪਣੀ ਤਾਕਤ ਦੇ ਮੁੱਲ 'ਤੇ ਵੀ ਭਰੋਸਾ ਕਰ ਰਹੇ ਹਾਂ। ਅਸੀਂ ਦੇਸ਼ ਵਿੱਚ ਤਾਕਤ ਦਾ ਨਿਰਮਾਣ ਕਰ ਰਹੇ ਹਾਂ। ਜਦੋਂ ਤੋਂ ਮੇਰੀ ਸਰਕਾਰ ਨੇ ਅਹੁਦਾ ਸੰਭਾਲਿਆ ਹੈ, ਅਸੀਂ ਆਮਦਨ, ਪੂੰਜੀ ਲਾਭ ਅਤੇ ਵਪਾਰਕ ਨਿਵੇਸ਼ 'ਤੇ ਟੈਕਸਾਂ ਵਿੱਚ ਕਟੌਤੀ ਕੀਤੀ ਹੈ, ਅਸੀਂ ਅੰਤਰ-ਸੂਬਾਈ ਵਪਾਰ ਲਈ ਸਾਰੀਆਂ ਫ਼ੈਡਰਲ ਪੱਧਰ ਦੀਆਂ ਰੁਕਾਵਟਾਂ ਨੂੰ ਹਟਾ ਦਿੱਤਾ ਹੈ ਅਤੇ ਅਸੀਂ ਊਰਜਾ, ਏ.ਆਈ., ਮਹੱਤਵਪੂਰਨ ਖਣਿਜਾਂ, ਨਵੇਂ ਵਪਾਰਕ ਕੋਰੀਡੋਰ ਅਤੇ ਇਸ ਤੋਂ ਅੱਗੇ ਇੱਕ ਟ੍ਰਿਲੀਅਨ ਡਾਲਰ ਦੇ ਨਿਵੇਸ਼ ਨੂੰ ਤੇਜ਼ੀ ਨਾਲ ਟਰੈਕ ਕਰ ਰਹੇ ਹਾਂ। ਅਸੀਂ 2030 ਤੱਕ ਆਪਣੇ ਰੱਖਿਆ ਖਰਚਿਆਂ ਨੂੰ ਦੁੱਗਣਾ ਕਰ ਰਹੇ ਹਾਂ ਅਤੇ ਅਜਿਹਾ ਉਨ੍ਹਾਂ ਤਰੀਕਿਆਂ ਨਾਲ ਕਰ ਰਹੇ ਹਾਂ ਜੋ ਸਾਡੇ ਘਰੇਲੂ ਉਦਯੋਗਾਂ ਦਾ ਨਿਰਮਾਣ ਕਰਦੇ ਹਨ। ਅਸੀਂ ਵਿਦੇਸ਼ਾਂ ਵਿੱਚ ਤੇਜ਼ੀ ਨਾਲ ਵਿਭਿੰਨਤਾ ਲਿਆ ਰਹੇ ਹਾਂ। ਅਸੀਂ ਯੂਰੋਪੀਅਨ ਯੂਨੀਅਨ ਨਾਲ ਇੱਕ ਵਿਆਪਕ ਰਣਨੀਤਕ ਭਾਈਵਾਲੀ 'ਤੇ ਸਹਿਮਤ ਹੋਏ ਹਾਂ, ਜਿਸ ਵਿੱਚ ਯੂਰਪ ਦੇ ਰੱਖਿਆ ਖਰੀਦ ਪ੍ਰਬੰਧਾਂ ਵਿੱਚ ਐਸ.ਏ.ਐਫ.ਈ ਵਿੱਚ ਸ਼ਾਮਲ ਹੋਣਾ ਸ਼ਾਮਲ ਹੈ। ਅਸੀਂ ਪਿਛਲੇ ਛੇ ਮਹੀਨਿਆਂ ਵਿੱਚ ਚਾਰ ਮਹਾਂਦੀਪਾਂ 'ਤੇ ਬਾਰਾਂ ਹੋਰ ਵਪਾਰ ਅਤੇ ਸੁਰੱਖਿਆ ਸਮਝੌਤਿਆਂ 'ਤੇ ਹਸਤਾਖਰ ਕੀਤੇ ਹਨ।

ਨਵੇਂ ਵਪਾਰਕ ਭਾਈਵਾਲਾਂ ਨਾਲ ਨਵੇਂ ਵਪਾਰਕ ਸਮਝੌਤਿਆਂ ਬਾਰੇ ਉਨ੍ਹਾਂ ਨੇ ਕਿਹਾ, "ਪਿਛਲੇ ਕੁਝ ਦਿਨਾਂ ਵਿੱਚ, ਅਸੀਂ ਚੀਨ ਅਤੇ ਕਤਰ ਨਾਲ ਨਵੀਂ ਰਣਨੀਤਕ ਭਾਈਵਾਲੀ ਪੂਰੀ ਕੀਤੀ ਹੈ। ਅਸੀਂ ਭਾਰਤ, ASEAN, ਥਾਈਲੈਂਡ, ਫਿਲੀਪੀਨਜ਼, ਮਰਕੋਸੁਰ ਨਾਲ ਮੁਕਤ ਵਪਾਰ ਸਮਝੌਤਿਆਂ 'ਤੇ ਗੱਲਬਾਤ ਕਰ ਰਹੇ ਹਾਂ। ਵਿਸ਼ਵਵਿਆਪੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਹਾਇਤਾ ਲਈ, ਅਸੀਂ ਵੇਰੀਏਬਲ ਜਿਓਮੈਟਰੀ ਦਾ ਪਿੱਛਾ ਕਰ ਰਹੇ ਹਾਂ - ਕਦਰਾਂ ਕੀਮਤਾਂ ਅਤੇ ਹਿੱਤਾਂ ਦੇ ਅਧਾਰ 'ਤੇ ਵੱਖ-ਵੱਖ ਮੁੱਦਿਆਂ ਲਈ ਵੱਖੋ ਵੱਖਰੇ ਗੱਠਜੋੜ। ਯੂਕ੍ਰੇਨ 'ਤੇ ਅਸੀਂ Coailiton of the Willing ਦੇ ਮੁੱਖ ਮੈਂਬਰ ਹਾਂ ਅਤੇ ਇਸ ਦੀ ਰੱਖਿਆ ਅਤੇ ਸੁਰੱਖਿਆ ਵਿੱਚ ਪ੍ਰਤੀ ਵਿਅਕਤੀ ਸਭ ਤੋਂ ਵੱਡੇ ਯੋਗਦਾਨ ਪਾਉਣ ਵਾਲਿਆਂ ਵਿੱਚੋਂ ਇੱਕ ਹਾਂ।"

ਗ੍ਰੀਨਲੈਂਡ ਅਤੇ ਆਰਕਟਿਕ ਕਬਜ਼ੇ ਦੀ ਧਮਕੀ ਬਾਰੇ ਉਨ੍ਹਾਂ ਨੇ ਕੈਨੇਡਾ ਦੇ ਸਟੈਂਡ ਬਾਰੇ ਕਿਹਾ, "ਆਰਕਟਿਕ ਪ੍ਰਭੂਸੱਤਾ 'ਤੇ ਅਸੀਂ ਗ੍ਰੀਨਲੈਂਡ ਅਤੇ ਡੈਨਮਾਰਕ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਾਂ ਅਤੇ ਗ੍ਰੀਨਲੈਂਡ ਦੇ ਭਵਿੱਖ ਨੂੰ ਨਿਰਧਾਰਤ ਕਰਨ ਦੇ ਉਨ੍ਹਾਂ ਦੇ ਵਿਲੱਖਣ ਅਧਿਕਾਰ ਦਾ ਪੂਰਾ ਸਮਰਥਨ ਕਰਦੇ ਹਾਂ। ਆਰਟੀਕਲ 5 ਪ੍ਰਤੀ ਸਾਡੀ ਵਚਨਬੱਧਤਾ ਅਟੁੱਟ ਹੈ। ਅਸੀਂ ਗੱਠਜੋੜ ਦੇ ਉੱਤਰੀ ਅਤੇ ਪੱਛਮੀ ਪਾਸਿਆਂ ਨੂੰ ਹੋਰ ਸੁਰੱਖਿਅਤ ਕਰਨ ਲਈ ਆਪਣੇ ਨਾਟੋ ਸਹਿਯੋਗੀਆਂ (ਨੋਰਡਿਕ ਬਾਲਟਿਕ 8 ਸਮੇਤ) ਨਾਲ ਕੰਮ ਕਰ ਰਹੇ ਹਾਂ, ਜਿਸ ਵਿੱਚ ਕੈਨੇਡਾ ਦੇ ਓਵਰ-ਦਿ-ਹੋਰੀਜ਼ਨ ਰਾਡਾਰ, ਪਣਡੁੱਬੀਆਂ, ਹਵਾਈ ਜਹਾਜ਼ਾਂ ਅਤੇ ਬੂਟਾਂ ਵਿੱਚ ਬੇਮਿਸਾਲ ਨਿਵੇਸ਼ ਸ਼ਾਮਲ ਹਨ। ਕੈਨੇਡਾ ਗ੍ਰੀਨਲੈਂਡ 'ਤੇ ਟੈਰਿਫ ਦਾ ਸਖਤ ਵਿਰੋਧ ਕਰਦਾ ਹੈ ਅਤੇ ਆਰਕਟਿਕ ਲਈ ਸੁਰੱਖਿਆ ਅਤੇ ਖੁਸ਼ਹਾਲੀ ਦੇ ਸਾਂਝੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਕੇਂਦਰਿਤ ਗੱਲਬਾਤ ਦੀ ਮੰਗ ਕਰਦਾ ਹੈ।'

ਅੰਤਰਰਾਸ਼ਟਰੀ ਪੱਧਰ 'ਤੇ ਨਵੀਂ ਵਪਾਰ ਯੋਜਨਾਬੰਦੀ 'ਤੇ ਉਨ੍ਹਾਂ ਅੱਗੇ ਕਿਹਾ, "ਬਹੁਪੱਖੀ





ਵਪਾਰ 'ਤੇ, ਅਸੀਂ ਟ੍ਰਾਂਸ-ਪੈਸੀਫਿਕ ਭਾਈਵਾਲੀ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਇੱਕ ਪੁਲ ਬਣਾਉਣ ਦੇ ਯਤਨਾਂ ਦਾ ਸਮਰਥਨ ਕਰ ਰਹੇ ਹਾਂ, ਜਿਸ ਨਾਲ 1.5 ਬਿਲੀਅਨ ਲੋਕਾਂ ਦਾ ਇੱਕ ਨਵਾਂ ਵਪਾਰਕ ਬਲਾਕ ਬਣਾਇਆ ਜਾ ਰਿਹਾ ਹੈ। ਮਹੱਤਵਪੂਰਨ ਖਣਿਜਾਂ 'ਤੇ ਅਸੀਂ ਜੀ-7 ਅੰਦਰ ਹੀ ਖਰੀਦਦਾਰਾਂ ਦੇ ਕਲੱਬ ਬਣਾ ਰਹੇ ਹਾਂ ਤਾਂ ਜੋ ਵਿਸ਼ਵ ਕੇਂਦਰਿਤ ਸਪਲਾਈ ਤੋਂ ਦੂਰ ਵਿਭਿੰਨਤਾ ਲਿਆ ਸਕੇ। ਏ.ਆਈ. 'ਤੇ ਅਸੀਂ ਸਮਾਨ ਸੋਚ ਵਾਲੇ ਲੋਕਤੰਤਰਾਂ ਨਾਲ ਸਹਿਯੋਗ ਕਰ ਰਹੇ ਹਾਂ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਸਾਨੂੰ ਆਖਰਕਾਰ ਹੇਜਮੋਨ ਅਤੇ ਹਾਈਪਰ-ਸਕੇਲਰਾਂ ਵਿਚਕਾਰ ਚੋਣ ਕਰਨ ਲਈ ਮਜਬੂਰ ਨਹੀਂ ਕੀਤਾ ਜਾਵੇਗਾ। ਇਹ ਭੋਲਾ ਬਹੁਪੱਖੀਵਾਦ ਨਹੀਂ ਹੈ। ਨਾ ਹੀ ਇਹ ਘਟਦੀਆਂ ਸੰਸਥਾਵਾਂ 'ਤੇ ਨਿਰਭਰ ਕਰ ਰਿਹਾ ਹੈ। ਇਹ ਗੱਠਜੋੜ ਬਣ ਰਿਹਾ ਹੈ ਜੋ ਸਹਿਭਾਗੀਆਂ ਨਾਲ ਮੁੱਦੇ ਦੁਆਰਾ ਮੁੱਦੇ 'ਤੇ ਕੰਮ ਕਰਦੇ ਹਨ, ਜੋ ਇਕੱਠੇ ਕੰਮ ਕਰਨ ਲਈ ਕਾਫ਼ੀ ਸਾਂਝਾ ਅਧਾਰ ਸਾਂਝਾ ਕਰਦੇ ਹਨ। ਕੁਝ ਮਾਮਲਿਆਂ ਵਿੱਚ, ਇਹ ਰਾਸ਼ਟਰਾਂ ਦੀ ਵੱਡੀ ਬਹੁਗਿਣਤੀ ਹੋਵੇਗੀ। ਇਹ ਵਪਾਰ, ਨਿਵੇਸ਼, ਸੱਭਿਆਚਾਰ ਵਿੱਚ ਸੰਪਰਕਾਂ ਦਾ ਇੱਕ ਸੰਘਣਾ ਨੈਟਵਰਕ ਬਣ ਰਿਹਾ ਹੈ ਜਿਸ 'ਤੇ ਅਸੀਂ ਭਵਿੱਖ ਦੀਆਂ ਚੁਣੌਤੀਆਂ ਅਤੇ ਮੌਕਿਆਂ ਲਈ ਖਿੱਚ ਸਕਦੇ ਹਾਂ।"

ਉਨ੍ਹਾਂ ਨੇ ਮਿਡਲ-ਪਾਵਰਜ਼ ਨੂੰ ਇੱਕ ਚੇਤਾਵਨੀ ਦਿੰਦਿਆਂ, ਉਨ੍ਹਾਂ ਕਿਹਾ, "ਮੱਧ-ਸ਼ਕਤੀਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ 'ਜੇ ਤੁਸੀਂ ਮੇਜ਼ 'ਤੇ ਨਹੀਂ ਹੋ, ਤਾਂ ਤੁਸੀਂ ਖਾਣੇ ਦੇ ਮੈਨੂ 'ਤੇ ਹੋ'। ਸੁਪਰ-ਪਾਵਰਾਂ ਇਕੱਲੇ ਹੀ ਖਰਚਾ ਚੁੱਕ ਸਕਦੀਆਂ ਹਨ ਕਿਉਂਕਿ ਉਨ੍ਹਾਂ ਕੋਲ ਮਾਰਕੀਟ ਦਾ ਆਕਾਰ, ਫੌਜੀ ਸਮਰੱਥਾ, ਸ਼ਰਤਾਂ ਨੂੰ ਨਿਰਧਾਰਤ ਕਰਨ ਦਾ ਲਾਭ ਹੈ ਪਰ ਮੱਧ-ਸ਼ਕਤੀਆਂ ਇਹ ਨਹੀਂ ਕਰ ਸਕਦੀਆਂ। ਪਰ ਜਦੋਂ ਅਸੀਂ ਸਿਰਫ ਇੱਕ ਦਬਦਬੇ ਨਾਲ ਦੁਵੱਲੀ ਗੱਲਬਾਤ ਕਰਦੇ ਹਾਂ, ਤਾਂ ਅਸੀਂ ਕਮਜ਼ੋਰੀ ਦੇ ਧਰਾਤਲ ਤੋਂ ਗੱਲਬਾਤ ਕਰਦੇ ਹਾਂ। ਜੋ ਵੀ ਪੇਸ਼ਕਸ਼ ਕੀਤੀ ਜਾਂਦੀ ਹੈ ਅਸੀਂ ਉਸ ਨੂੰ ਦਬਾਅ ਨਾਲ ਸਵੀਕਾਰ ਕਰ ਲੈਂਦੇ ਹਾਂ। ਅਸੀਂ ਇਸ ਪੇਸ਼ਕਸ਼ ਦੀ ਯੋਗਤਾ ਲਈ ਸਭ ਤੋਂ ਵੱਧ ਅਨੁਕੂਲ ਬਣਨ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਾਂ। ਇਹ ਪ੍ਰਭੂਸੱਤਾ ਨਹੀਂ ਹੈ। ਇਹ ਅਧੀਨਗੀ ਨੂੰ ਸਵੀਕਾਰ ਕਰਦੇ ਹੋਏ, ਪ੍ਰਭੂਸੱਤਾ ਦਾ ਪ੍ਰਦਰਸ਼ਨ ਹੈ। ਸੁਪਰ-ਪਾਵਰਾਂ ਦੀ ਦੁਸ਼ਮਣੀ ਦੇ ਭੇੜ ਵਾਲੀ ਦੁਨੀਆਂ ਵਿੱਚ, ਵਿਚਕਾਰਲੇ ਦੇਸ਼ਾਂ ਕੋਲ ਇੱਕ ਵਿਕਲਪ ਹੁੰਦਾ ਹੈ: ਇੱਕ ਪੱਖ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਨਾ ਜਾਂ ਪ੍ਰਭਾਵ ਨਾਲ ਤੀਜਾ ਰਸਤਾ ਬਣਾਉਣ ਲਈ ਇਕੱਠੇ ਹੋਣਾ। ਜੇ ਅਸੀਂ ਇਕੱਠੇ ਚਲਣ ਦੀ ਚੋਣ ਕਰਦੇ ਹਾਂ, ਤਾਂ ਸਖਤੀ ਵਾਲੀ ਸ਼ਕਤੀ ਦੇ ਉਭਾਰ ਨੂੰ, ਸਾਨੂੰ ਅਮਨ੍ਹੇ-ਜ਼ੋਰ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਕਿ ਜਾਇਜ਼ਤਾ, ਅਖੰਡਤਾ ਅਤੇ ਨਿਯਮਾਂ ਦੀ ਸ਼ਕਤੀ ਮਜ਼ਬੂਤ ਨਾ ਰਹੇ। ਜੋ ਮੈਨੂੰ ਹੈਵਲ ਵੱਲ ਵਾਪਸ ਲਿਆਉਂਦਾ ਹੈ । ਮੱਧ-ਸ਼ਕਤੀਆਂ ਲਈ "ਸੱਚਾਈ ਵਿੱਚ ਰਹਿਣਾ" ਦਾ ਕੀ ਅਰਥ ਹੋਵੇਗਾ ? ਇਸਦਾ ਅਰਥ ਹੈ ਹਕੀਕਤ ਦਾ ਨਾਮ ਦੇਣਾ। "ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ" ਨੂੰ ਸੱਦਣਾ ਬੰਦ ਕਰੋ ਜਿਵੇਂ ਕਿ ਇਹ ਅਜੇ ਵੀ ਇਸ਼ਤਿਹਾਰ ਦੇ ਅਨੁਸਾਰ ਕੰਮ ਕਰਦੀ ਹੈ। ਸਿਸਟਮ ਨੂੰ ਕਹੋ ਕਿ ਇਹ ਕੀ ਹੈ: ਮਹਾਨ ਸ਼ਕਤੀਆਂ ਦੀ ਦੁਸ਼ਮਣੀ ਨੂੰ ਤੇਜ਼ ਕਰਨ ਦਾ ਦੌਰ, ਜਿੱਥੇ ਸਭ ਤੋਂ ਸ਼ਕਤੀਸ਼ਾਲੀ ਆਰਥਿਕ ਏਕੀਕਰਣ ਨੂੰ ਧੱਕਾ ਕਰਨ ਦੇ ਹਥਿਆਰ ਵਜੋਂ ਵਰਤਦੇ ਹੋਏ ਆਪਣੇ ਹਿੱਤ-ਪੂਰਤੀ ਲਈ ਭਜਦੇ ਹਨ। ਇਸਦਾ ਅਰਥ ਹੈ ਨਿਰੰਤਰ ਕੰਮ ਕਰਨਾ। ਸਹਿਯੋਗੀਆਂ ਅਤੇ ਵਿਰੋਧੀਆਂ 'ਤੇ ਉਹੀ ਮਾਪਦੰਡ ਲਾਗੂ ਕਰੋ। ਜਦੋਂ ਮੱਧ-ਸ਼ਕਤੀਆਂ ਕਦੇ ਇੱਕ ਪਾਸੇ ਤਾਂ ਆਰਥਿਕ ਧਮਕੀਆਂ ਦੀ ਆਲੋਚਨਾ ਕਰਦੀਆਂ ਅਤੇ ਦੂਜੇ ਪਾਸੇ ਇਹ ਚੁੱਪ ਰਹਿੰਦੀਆਂ ਹਨ, ਤਾਂ ਹੀ ਅਸੀਂ ਵਿੰਡੋ ਵਿੱਚ ਉਸੇ ਦੀਆਂ ਤਖ਼ਤੀਆਂ ਰੱਖ ਰਹੇ ਹਾਂ। ਇਸਦਾ ਅਰਥ ਹੈ ਉਸ ਨੂੰ ਹੋਰ ਬਣਾਉਣਾ ਜਿਸ ਵਿੱਚ ਅਸੀਂ ਵਿਸ਼ਵਾਸ ਕਰਨ ਦਾ ਅਸੀਂ ਦਾਅਵਾ ਕਰਦੇ ਹਾਂ। ਪੁਰਾਣੇ ਆਰਡਰ ਨੂੰ ਬਹਾਲ ਕਰਨ ਦੀ ਉਡੀਕ ਕਰਨ ਦੀ ਬਜਾਏ, ਸੰਸਥਾਵਾਂ ਅਤੇ ਸਮਝੌਤੇ ਬਣਾਓ ਜੋ ਵਰਣਨ ਕੀਤੇ ਅਨੁਸਾਰ ਹੀ ਕੰਮ ਕਰਨ ਅਤੇ ਇਸਦਾ ਅਰਥ ਹੈ ਉਸ ਦੇ ਉਤਸਾਹ ਨੂੰ ਘਟਾਉਣਾ ਜੋ ਜ਼ਬਰਦਸਤੀ ਨੂੰ ਸਮਰੱਥ ਬਣਾਉਂਦਾ ਹੈ। ਇੱਕ ਮਜ਼ਬੂਤ ਘਰੇਲੂ ਆਰਥਿਕਤਾ ਦਾ ਨਿਰਮਾਣ ਹਮੇਸ਼ਾ ਹਰ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵਿਭਿੰਨਤਾ ਸਿਰਫ ਆਰਥਿਕ ਸਮਝਦਾਰੀ ਨਹੀਂ ਹੈ; ਇਹ ਇਮਾਨਦਾਰ ਵਿਦੇਸ਼ ਨੀਤੀ ਦੀ ਪਦਾਰਥਕ ਬੁਨਿਆਦ ਹੈ। ਦੇਸ਼ ਆਪਣੀ ਬਦਲਾ ਲਉ ਕਮਜ਼ੋਰੀ ਨੂੰ ਘਟਾ ਕੇ, ਇੱਕ ਸਿਧਾਂਤਕ ਸਟੈਂਡ ਦੇ ਅਧਿਕਾਰ ਪ੍ਰਾਪਤ ਕਰ ਸਕਦੇ ਹਨ।"

ਆਪਣੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕੈਨੇਡਾ ਬਾਰੇ ਵੀ ਸਪੱਸ਼ਟ ਕਰਦਿਆਂ ਕਿਹਾ, "ਕੈਨੇਡਾ ਕੋਲ ਉਹ ਕੁਝ ਹੈ ਜੋ ਦੁਨੀਆ ਚਾਹੁੰਦੀਂ ਹੈ। ਅਸੀਂ ਊਰਜਾ ਦੀ ਮਹਾਂਸ਼ਕਤੀ ਹਾਂ। ਸਾਡੇ ਕੋਲ ਮਹੱਤਵਪੂਰਨ ਖਣਿਜਾਂ ਦੇ ਵਿਸ਼ਾਲ ਭੰਡਾਰ ਹਨ। ਸਾਡੇ ਕੋਲ ਦੁਨੀਆ ਦੀ ਸਭ ਤੋਂ ਵੱਧ ਪੜ੍ਹੀ-ਲਿਖੀ ਆਬਾਦੀ ਹੈ। ਸਾਡੇ ਪੈਨਸ਼ਨ ਫੰਡ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਆਧੁਨਿਕ ਨਿਵੇਸ਼ਕਾਂ ਵਿੱਚੋਂ ਇੱਕ ਹਨ। ਸਾਡੇ ਕੋਲ ਪੂੰਜੀ, ਪ੍ਰਤਿਭਾ ਅਤੇ ਫੈਸਲਾਕੁੰਨ ਤੌਰ 'ਤੇ ਕੰਮ ਕਰਨ ਦੀ ਅਥਾਹ ਵਿੱਤੀ ਸਮਰੱਥਾ ਵਾਲੀ ਸਰਕਾਰ ਹੈ ਅਤੇ ਸਾਡੇ ਕੋਲ ਉਹ ਕਦਰਾਂ ਕੀਮਤਾਂ ਹਨ ਜਿਨ੍ਹਾਂ ਦੀ ਬਹੁਤ ਸਾਰੇ ਹੋਰ ਇੱਛਾ ਰੱਖਦੇ ਹਨ। ਕੈਨੇਡਾ ਇੱਕ ਬਹੁਲਵਾਦੀ ਸਮਾਜ ਹੈ ਜੋ ਕੰਮ ਕਰਦਾ ਹੈ। ਸਾਡਾ ਜਨਤਕ ਵਰਗ ਉੱਚਾ, ਵਿਭਿੰਨ ਅਤੇ ਮੁਫ਼ਤ ਹੈ। ਕੈਨੇਡੀਅਨ ਟਿਕਾਊਪਣ ਲਈ ਵਚਨਬੱਧ ਰਹਿੰਦੇ ਹਨ। ਅਸੀਂ ਇੱਕ ਸਥਿਰ, ਭਰੋਸੇਮੰਦ ਭਾਈਵਾਲ ਹਾਂ, ਇੱਕ ਸਾਥੀ ਜੋ ਲੰਬੇ ਸਮੇਂ ਲਈ ਰਿਸ਼ਤਿਆਂ ਨੂੰ ਬਣਾਉਂਦਾ ਹੈ ਅਤੇ ਉਨ੍ਹਾਂ ਦੀ ਕਦਰ ਕਰਦਾ ਹੈ। ਕੈਨੇਡਾ ਕੋਲ ਕੁਝ ਹੋਰ ਹੈ: ਜੋ ਕੁਝ ਹੋ ਰਿਹਾ ਹੈ ਉਸ ਦੀ ਮਾਨਤਾ ਅਤੇ ਉਸ ਅਨੁਸਾਰ ਕੰਮ ਕਰਨ ਦਾ ਦ੍ਰਿੜ ਇਰਾਦਾ। ਅਸੀਂ ਸਮਝਦੇ ਹਾਂ ਕਿ ਇਸ ਵਿਵਸਥਾ ਦਾ ਟੁੱਟਣਾ, ਅਨੁਕੂਲਤਾ ਦੀ ਮੰਗ ਵਧ ਕਰਦਾ ਹੈ। ਇਹ ਸੰਸਾਰ ਬਾਰੇ ਇਮਾਨਦਾਰੀ ਦੀ ਮੰਗ ਕਰਦਾ ਹੈ ਜਿਵੇਂ ਕਿ ਇਹ ਹੈ। ਅਸੀਂ ਤਖ਼ਤੀਆਂ ਨੂੰ ਖਿੜਕੀ ਤੋਂ ਬਾਹਰ ਕੱਢ ਰਹੇ ਹਾਂ। ਹੁਣ ਪੁਰਾਣਾ ਵਰਡ-ਆਰਡਰ ਵਾਪਸ ਨਹੀਂ ਆ ਰਿਹਾ। ਸਾਨੂੰ ਇਸ ਦਾ ਸੋਗ ਨਹੀਂ ਕਰਨਾ ਚਾਹੀਦਾ। ਨੋਸਟਲਜੀਆ ਕੋਈ ਰਣਨੀਤੀ ਨਹੀਂ ਹੈ। ਪਰ ਫ੍ਰੈਕਚਰ ਤੋਂ ਅਸੀਂ ਕੁਝ ਬਿਹਤਰ, ਮਜ਼ਬੂਤ ਅਤੇ ਵਧੇਰੇ ਨਿਆਂਪੂਰਨ ਬਣਾ ਸਕਦੇ ਹਾਂ। ਇਹ ਮੱਧ-ਸ਼ਕਤੀਆਂ ਦਾ ਕੰਮ ਹੈ, ਜਿਨ੍ਹਾਂ ਕੋਲ ਕਿਲ੍ਹਿਆਂ ਦੀ ਦੁਨੀਆਂ ਤੋਂ ਸਭ ਤੋਂ ਵੱਧ ਗੁਆਉਣਾ ਹੈ ਅਤੇ ਸੱਚੇ ਸਹਿਯੋਗ ਦੀ ਦੁਨੀਆ ਤੋਂ ਸਭ ਤੋਂ ਵੱਧ ਲਾਭ ਪ੍ਰਾਪਤ ਕਰਨਾ ਹੈ। ਸ਼ਕਤੀਸ਼ਾਲੀ ਲੋਕਾਂ ਕੋਲ ਆਪਣੀ ਸ਼ਕਤੀ ਹੁੰਦੀ ਹੈ। ਪਰ ਸਾਡੇ ਕੋਲ ਜੋ ਕੁਝ ਵੀ ਹੈ - ਦਿਖਾਵਾ ਕਰਨਾ ਬੰਦ ਕਰੋ, ਹਕੀਕਤ ਦਾ ਨਾਮ ਦੇਵੋ, ਘਰ ਵਿੱਚ ਆਪਣੀ ਤਾਕਤ ਅਤੇ ਮਿਲ ਕੇ ਕੰਮ ਕਰਨ ਦੀ ਸਮਰੱਥਾ ਬਣਾਓ। ਇਹ ਕੈਨੇਡਾ ਦਾ ਰਾਹ ਹੈ। ਅਸੀਂ ਇਸ ਨੂੰ ਖੁੱਲ੍ਹ ਕੇ ਅਤੇ ਭਰੋਸੇ ਨਾਲ ਚੁਣ ਰਹੇ ਹਾਂ।"

ਦੁਨੀਆ ਭਰ ਦੀਆਂ ਸੰਸਥਾਵਾਂ ਅਤੇ ਚਿੰਤਕਾਂ ਨੇ ਉਨ੍ਹਾਂ ਦੇ ਅਜਿਹੇ ਐਲਾਨ 'ਤੇ ਪ੍ਰਤੀਕ੍ਰਿਆ ਦਿੱਤੀ ਜਿਸ ਨੂੰ 'ਕਾਰਨੀ ਸਿਧਾਂਤ' ਕਿਹਾ ਜਾ ਸਕਦਾ ਹੈ। 'ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਰਾਸ਼ਟਰੀ ਪਛਾਣ ਦੀ ਸ਼ੇਪਿੰਗ' ਨਾਮੀ ਕਿਤਾਬ ਦੇ ਲੇਖਕ ਰੇਮੰਡ ਬਲੇਕ ਦਾ ਕਹਿਣਾ ਹੈ ਕਿ ਕੈਨੇਡਾ ਦੇ ਇਤਿਹਾਸ ਵਿੱਚ ਇਹ ਗੱਲ ਮਿਸਾਲ ਵਾਲੀ ਹੈ। ਦਾਵੋਸ ਵਿਖੇ ਉਸਨੇ ਬਾਕੀ ਦੁਨੀਆ ਨੂੰ "ਅਧੀਨਗੀ ਨੂੰ ਸਵੀਕਾਰ ਕਰਦੇ ਹੋਏ ਪ੍ਰਭੂਸੱਤਾ ਦੀ ਕਾਰਗੁਜ਼ਾਰੀ" ਦੇ ਵਿਰੁੱਧ ਚੇਤਾਵਨੀ ਦਿੱਤੀ, ਉਸ ਸਮੇਂ ਆਪਣਾ ਹੌਂਸਲਾ ਵਿਖਾਇਆ ਜਦੋਂ ਯੂਰਪੀਅਨ ਲੋਕਾਂ ਨੂੰ ਇਹ ਸਾਬਤ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ ਕਿ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਹੈ ਕਿ ਨਹੀਂ "ਮੈਂ ਕਿਸੇ ਹੋਰ ਪ੍ਰਧਾਨ ਮੰਤਰੀ ਦੇ ਭਾਸ਼ਣ ਬਾਰੇ ਨਹੀਂ ਸੋਚ ਸਕਦਾ ਜਿਸ ਦਾ ਅਜਿਹਾ ਪ੍ਰਭਾਵ ਹੋਵੇ।" ਇਹ ਅੰਤਰਰਾਸ਼ਟਰੀ ਧਿਆਨ ਖਿੱਚਣ ਦੇ ਦੁਰਲੱਭ ਮੌਕੇ ਹਨ ਅਤੇ ਕਾਰਨੀ ਇਹ ਜਾਣਦਾ ਸੀ। ਉਸਨੇ ਨਿਰਾਸ਼ ਨਹੀਂ ਕੀਤਾ।

ਪਰ ਭਵਿੱਖ ਦੇ ਲੰਬੇ ਸਮੇਂ ਵਿੱਚ ਜੇਤੂ ਭਾਸ਼ਣ ਇਸ ਗੱਲ ਨੂੰ ਯਕੀਨੀ ਨਹੀਂ ਬਣਾਏਗਾ ਕਿ ਮਾਰਕ ਕਾਰਨੀ ਇੱਕ ਸਫਲ ਪ੍ਰਧਾਨ ਮੰਤਰੀ ਹੋਵੇਗਾ। ਕੈਨੇਡਾ ਦੇ ਲੈਸਟਰ ਪੀਅਰਸਨ, ਨੋਬਲ ਸ਼ਾਂਤੀ ਪੁਰਸਕਾਰ ਜੇਤੂ ਨੇ ਟਿਪਣੀ ਕੀਤੀ ਕਿ ਪ੍ਰਧਾਨ ਮੰਤਰੀ ਵੱਲੋਂ ਵਿਸ਼ਵ ਪੱਧਰ 'ਤੇ ਨਾਮਣਾ ਖੱਟਣਾ, ਉਨ੍ਹਾਂ ਲਈ ਲੰਬੇ ਸਮੇਂ ਦੀ ਰਾਜਨੀਤਿਕ ਸਫ਼ਲਤਾ ਵਿੱਚ ਅਨੁਵਾਦ ਨਹੀਂ ਕਰਦਾ। ਸਭ ਕੁਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕੈਨੇਡੀਅਨਾਂ ਲਈ ਇਹ ਕੀ ਆਰਥਿਕ ਨਤੀਜੇ ਪੈਦਾ ਕਰ ਸਕਦਾ ਹੈ। ਇੱਕ ਪਲ ਲਈ, ਇਹ ਅਜੇ ਵੀ ਸਪੱਸ਼ਟ ਜਾਪਦਾ ਹੈ ਕਿ ਉਹ ਕੋਸ਼ਿਸ਼ ਕਰਨ ਲਈ ਸਭ ਤੋਂ ਵਧੀਆ ਵਿਅਕਤੀ ਹੈ। ਮਾਰਕ ਕਾਰਨੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ। ਅਸੀਂ ਹੁਣ ਸੰਯੁਕਤ ਰਾਜ ਦੀ ਸੁਰੱਖਿਆ ਅਤੇ ਸਦਭਾਵਨਾ 'ਤੇ ਭਰੋਸਾ ਨਹੀਂ ਕਰ ਸਕਦੇ ਅਤੇ ਨਾ ਹੀ ਸਾਡੇ ਆਲੇ ਦੁਆਲੇ ਦੀ ਦੁਨੀਆ ਦੀ ਸਥਿਰਤਾ 'ਤੇ। ਵਿਲੀਅਮ ਲਿਓਨ ਮੈਕੇਂਜ਼ੀ ਕਿੰਗ ਦੀ ਪਰਿਭਾਸ਼ਾ ਦੇ ਅਨੁਸਾਰ, ਕੈਨੇਡਾ "ਬਹੁਤ ਜ਼ਿਆਦਾ ਭੂਗੋਲ ਅਤੇ ਬਹੁਤ ਘੱਟ ਸਮੇਂ ਦਾ ਇਤਿਹਾਸ" ਹੈ। ਇਹ ਲੰਬੇ ਸਮੇਂ ਤੋਂ ਇੱਕ ਰੱਖਿਆਤਮਕ ਰਾਸ਼ਟਰ ਰਿਹਾ ਹੈ ਅਤੇ ਹੁਣ ਇਸ ਨੂੰ ਇੱਕ ਹਮਲਾਵਰ ਵਿੱਚ ਬਦਲਣ ਲਈ ਕਿਹਾ ਜਾ ਰਿਹਾ ਹੈ। ਇਹ ਤਬਦੀਲੀ ਵਧੇਰੇ ਫੌਜੀ ਤਾਕਤ, ਲੜਾਈ ਦੇ ਸੁਭਾਅ ਨੂੰ ਦਰਸਾਉਂਦੀ ਹੈ, ਦੁਨੀਆ ਬਾਰੇ ਨਵਾਂ ਦ੍ਰਿਸ਼ਟੀਕੋਣ ਅਤੇ ਮੁੱਕਦੀ ਗੱਲ, ਇੱਕ ਵੱਖਰੀ ਪਛਾਣ ਹੈ।



ਨਰਾਇਣ ਦੱਤ
84275-11770

# ਦੋ ਸਮਾਨਤਾਵਾਂ ਵਾਲੇ ਅਦਾਲਤੀ ਫੈਸਲੇ

5 ਜਨਵਰੀ 2026 ਨੂੰ ਸੁਪਰੀਮ ਕੋਰਟ ਨੇ ਆਖ਼ਿਰ ਸਾਲਾਂ ਬੱਧੀ ਸਮੇਂ ਦੇ ਲੰਬੇ ਅਦਾਲਤੀ ਗਧੀਗੇੜ ਵਿੱਚੋਂ ਲੰਘਦਿਆਂ ਦਿੱਲੀ ਦੰਗਿਆਂ ਦੌਰਾਨ ਦੇਸ਼ ਧ੍ਰੋਹ ਦੇ ਦੋਸ਼ਾਂ ਅਧੀਨ ਪੰਜ ਸਾਲ ਤੋਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਕੈਦ ਵਿਦਿਆਰਥੀ ਕਾਰਕੁੰਨਾਂ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਦੀ ਜਮਾਨਤ ਪਟੀਸ਼ਨ ਖਾਰਜ਼ ਅਤੇ ਗੁਲਫਿਸ਼ਾ ਫਾਤਿਮਾ ਸਮੇਤ ਚਾਰ ਹੋਰ ਕਾਰਕੁੰਨਾਂ ਨੂੰ ਜ਼ਮਾਨਤ ਦੇ ਦਿੱਤੀ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਨਾਬਾਲਗ ਕਿਰਨਜੀਤ ਕੌਰ ਨੂੰ ਦਿਨ ਦਿਹਾੜੇ ਅਗਵਾ ਕਰਨ ਤੋਂ ਬਾਅਦ ਸਮੂਹਿਕ ਬਲਾਤਕਾਰ ਕਰਨ ਉਪਰੰਤ ਕਤਲ ਕਰਨ ਵਾਲੇ ਦਰਿੰਦਿਆਂ ਨੂੰ ਸਜ਼ਾ ਦਿਵਾਉਣ ਲਈ ਬਣੀ ਐਕਸ਼ਨ ਕਮੇਟੀ ਮਹਿਲਕਲਾਂ ਦੇ ਤਿੰਨ ਲੋਕ ਆਗੂਆਂ ਸੰਬੰਧੀ ਸੁਣਾਈ ਸਜ਼ਾ ਬਾਰੇ ਫ਼ੈਸਲੇ ਦੀ ਯਾਦ ਤਾਜ਼ਾ ਕਰਵਾ ਦਿੱਤੀ। 3 ਮਾਰਚ 2001 ਨੂੰ ਦਰਜ ਹੋਏ ਇਸ ਝੂਠੇ ਕਤਲ ਕੇਸ ਵਿੱਚ 11 ਫਰਵਰੀ 2008 ਨੂੰ ਨਰਾਇਣ ਦੱਤ ਅਤੇ ਮਾਸਟਰ ਪ੍ਰੇਮ ਕੁਮਾਰ ਨੂੰ ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਬਰੀ ਕਰਦਿਆਂ ਮਨਜੀਤ ਧਨੇਰ ਦੀ ਉਮਰ ਕੈਦ ਸਜ਼ਾ ਬਰਕਰਾਰ ਰੱਖ ਦਿੱਤੀ ਸੀ।

ਇਹ ਦੋਵੇਂ ਅਦਾਲਤੀ ਫ਼ੈਸਲੇ ਲੋਕ ਸਰੋਕਾਰਾਂ ਨਾਲ ਬਹੁਤ ਨੇੜਿਓਂ ਜੁੜੇ ਹੋਏ ਹਨ। ਇੱਕ ਘਟਨਾ ਕੇਂਦਰੀ ਸੱਤਾ ਦੇ ਐਨ ਨੱਕ ਥੱਲੇ ਦਿੱਲੀ ਅਤੇ ਦੂਜੀ 300 ਕਿਲੋਮੀਟਰ ਪੰਜਾਬ ਦੇ ਪੇਂਡੂ ਖੇਤਰ ਮਹਿਲਕਲਾਂ ਦੀ ਹੈ। ਦੋਵੇਂ ਕੇਸ, ਸਥਾਪਤੀ ਖ਼ਿਲਾਫ਼ ਚੱਲ ਰਹੇ ਸੰਘਰਸ਼ ਦੀਆਂ ਸਮਾਨਤਾਵਾਂ ਵਾਲੇ ਹਨ। ਇਹਨਾਂ ਅਤੇ ਅਨੇਕਾਂ ਹੋਰ ਅਦਾਲਤੀ ਕੇਸਾਂ ਦੇ ਫ਼ੈਸਲਿਆਂ (ਇਨਸਾਫ਼ ਨਹੀਂ) ਨੇ ਨਿਆਂ ਦੇ ਮੰਦਿਰ ਦੇ ਲੋਕ ਵਿਰੋਧੀ ਕਿਰਦਾਰ ਪ੍ਰਤੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੱਤੀ। ਰਾਮ ਜਨਮ ਭੂਮੀ, ਕਸ਼ਮੀਰ ਬਾਰੇ ਧਾਰਾ 370 ਅਤੇ ਹਿੰਡਨਬਰਗ ਫਾਈਲਾਂ ਸਬੰਧੀ ਕੇਸਾਂ ਦੇ ਫ਼ੈਸਲੇ ਇਸ ਦੀ ਉੱਘੜਵੀਆਂ ਉਦਾਹਰਣਾਂ ਹਨ। ਪਹਿਲਾਂ ਜ਼ਿਕਰ ਕੀਤੇ ਦੋਵੇਂ ਫ਼ੈਸਲਿਆਂ ਵਿੱਚ ਇੱਕ ਪਾਸੇ ਕੁੱਝ ਰਾਹਤ ਸੀ/ਹੈ ਤਾਂ ਦੂਜੇ ਪਾਸੇ ਵਡੇਰੀ ਚੁਣੌਤੀ ਸੀ ਅਤੇ ਹੈ। ਦੋਵੇਂ ਸੰਘਰਸ਼ਾਂ ਦੀ ਧਾਰ ਸੰਸਥਾਗਤ ਢਾਂਚੇ ਦੇ ਖ਼ਿਲਾਫ਼ ਹੈ। ਮਹਿਲਕਲਾਂ ਲੋਕ ਘੋਲ ਔਰਤਾਂ ਖ਼ਿਲਾਫ਼ ਹੁੰਦੇ ਸੰਸਥਾਗਤ ਜ਼ਬਰ ਖ਼ਿਲਾਫ਼ ਸੀ ਤਾਂ ਦੂਜਾ ਸੀਏਏ, ਐਨ ਆਰਸੀ ਵੀ ਘੱਟ ਗਿਣਤੀਆਂ ਪ੍ਰਤੀ ਮੋਦੀ ਹਕੂਮਤ ਦੀ ਢਾਂਚਾਗਤ ਪਹੁੰਚ ਖਿਲਾਫ਼ ਸੀ/ਹੈ।

ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਸਮੇਤ ਹੋਰਨਾਂ ਵਾਲਾ ਕੇਸ ਤਾਂ ਹਾਲੇ ਮੁੱਢਲੇ ਦੌਰ ਦਾ ਹੀ ਹੈ। ਇਸ ਦੇ ਸਾਲਾਂ ਬੱਧੀ ਸਮੇਂ ਤੱਕ ਕਿਸੇ ਤਣ ਪੱਤਣ ਲੱਗਣ ਦੀ ਉਮੀਦ ਵੀ ਨਹੀਂ ਹੈ। ਫਰਵਰੀ 2020 ਵਿੱਚ ਮੋਦੀ ਹਕੂਮਤ ਵੱਲੋਂ ਆਪਣੇ 'ਇੱਕ ਮੁਲਕ, ਇੱਕ ਕੌਮ' ਦੇ ਮਨੂਵਾਦੀ ਸੰਕਲਪ ਤਹਿਤ ਲਿਆਂਦੇ ਸੀਏਏ-ਐਨਆਰਸੀ ਖਿਲਾਫ਼ ਸ਼ਹੀਨ ਬਾਗ ਦਿੱਲੀ ਵਿਖੇ ਮੋਰਚਾ ਲਾਇਆ ਗਿਆ ਸੀ। ਇਸ ਸੰਘਰਸ਼ ਦੌਰਾਨ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਸਮੇਤ ਅਨੇਕਾਂ ਹੋਰ ਕਾਰਕੁਨਾਂ ਖਿਲਾਫ਼ ਦੇਸ਼ ਧ੍ਰੋਹ ਦੇ ਝੂਠੇ ਮੁਕੱਦਮੇ ਦਰਜ਼ ਕੀਤੇ ਗਏ। ਪੰਜ ਸਾਲ ਬੀਤਣ ਤੇ ਵੀ ਹਾਲੇ ਤੱਕ ਕੇਸ ਨਾਲ ਸੰਬੰਧਿਤ ਗਵਾਹ ਨਹੀਂ ਭੁਗਤੇ। ਸ਼ਾਹੀਨ ਬਾਗ ਸੰਘਰਸ਼ ਦੌਰਾਨ ਸੁਯੋਜਿਤ ਦੰਗਿਆਂ ਵਿੱਚ ਇਨ੍ਹਾਂ ਵਿਦਿਆਰਥੀ/ਸਮਾਜਿਕ ਕਾਰਕੁੰਨਾਂ ਨੂੰ ਸਿਰਫ਼ ਉਨ੍ਹਾਂ ਦੇ ਇਸ ਸੰਘਰਸ਼ ਦੌਰਾਨ ਦਿੱਤੇ ਗਏ ਭਾਸ਼ਨਾਂ ਨੂੰ ਆਧਾਰ ਬਣਾਕੇ ਸ਼ਾਮਿਲ ਕੀਤਾ ਗਿਆ, ਦੂਜੇ ਪਾਸੇ ਭਾਜਪਾ ਦੇ ਅਨੁਰਾਗ ਠਾਕੁਰ ਵੱਲੋਂ ਸਟੇਜ ਤੋਂ ਲਾਇਆ ਗਿਆ ਨਾਅਰਾ, 'ਦੇਸ਼ ਕੇ ਗਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਇਨ੍ਹਾਂ ਹੀ ਅਦਾਲਤਾਂ ਨੇ ਅਣਦੇਖਿਆਂ ਕਰ ਦਿੱਤਾ ਅਤੇ ਕਿਹਾ ਕਿ ਜੇਕਰ ਇਹ ਮੁਸਕਰਾ ਕੇ ਕਿਹਾ ਗਿਆ ਹੈ ਤਾਂ ਇਹ ਗੁਨਾਹ ਨਹੀਂ ਬਣਦਾ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮਹਿਲਕਲਾਂ ਲੋਕ ਘੋਲ ਦੇ ਤਿੰਨ ਆਗੂਆਂ ਦਾ 03-03-2001 ਨੂੰ ਵਾਪਰੇ ਘਟਨਾਕ੍ਰਮ ਵਿੱਚ ਸਬੰਧਿਤ ਕੇਸ ਦਾ ਵਾਹ ਵਾਸਤਾ ਨਾਂ ਹੋਣ ਦੇ ਬਾਵਜੂਦ ਵੀ, ਤਿੰਨਾਂ ਨੂੰ ਪੂਰੀ ਸਾਜਿਸ਼ ਤਹਿਤ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਵੱਲੋਂ ਸ਼ਾਮਲ ਕਰ ਦਿੱਤਾ ਗਿਆ।

**ਲੋਕ ਟਾਕਰੇ ਦੀ ਮਿਸਾਲ ਮਹਿਲਕਲਾਂ ਲੋਕ ਘੋਲ** : 11 ਫਰਵਰੀ 2008 ਨੂੰ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਬਰਕਰਾਰ ਰੱਖੀ ਮਨਜੀਤ ਧਨੇਰ ਦੀ ਉਮਰ ਕੈਦ ਸਜ਼ਾ ਦੀ ਚੁਣੌਤੀ ਨੂੰ ਸਵੀਕਾਰ ਕਰਦਿਆਂ 'ਲੋਕ ਹੀ ਇਤਿਹਾਸ ਦੇ ਅਸਲ ਸਿਰਜਨਹਾਰ ਹੁੰਦੇ ਹਨ' ਦੀ ਸੱਚਾਈ ਨੂੰ ਗ੍ਰਹਿਣ ਕਰਦਿਆਂ ਮੁੱਖ ਤੌਰ 'ਤੇ ਲੋਕਾਂ 'ਤੇ ਟੇਕ ਰੱਖਕੇ ਨਿਹੱਕੀ ਉਮਰ ਕੈਦ ਸਜ਼ਾ ਰੱਦ ਕਰਵਾਉਣ ਲਈ ਸੰਘਰਸ਼ ਨੂੰ ਅੱਗੇ ਵਧਾਉਣ ਅਤੇ ਦਾਅਪੇਚ ਵਜੋਂ ਕਾਨੂੰਨੀ ਪ੍ਰਕਿਰਿਆ ਨੂੰ ਵਰਤਣ ਦਾ ਸੁਚੇਤ ਫ਼ੈਸਲਾ ਕੀਤਾ। ਅਨੇਕਾਂ ਮੋੜਾਂ ਘੋੜਾਂ ਅਤੇ ਚੁਣੌਤੀਆਂ ਦਾ 18 ਸਾਲ ਪੂਰੀ ਦ੍ਰਿੜਤਾ ਨਾਲ ਟਾਕਰਾ ਕਰਦਿਆਂ 3 ਸਤੰਬਰ 2019 ਨੂੰ ਸੁਪਰੀਮ ਕੋਰਟ ਵੱਲੋਂ ਮਨਜੀਤ ਧਨੇਰ ਦੀ ਉਮਰ ਕੈਦ ਸਜ਼ਾ ਬਰਕਰਾਰ ਰੱਖਣ ਉਪਰੰਤ ਵੀ ਸੰਘਰਸ਼ ਦਾ ਪੱਲਾ ਘੁੱਟ ਕੇ ਫੜੀਂ ਰੱਖਿਆ। ਬਿਲਕੁਲ ਪੇਂਡੂ ਖੇਤਰ ਦੀ ਇਸ ਘਟਨਾ ਦੀ ਉਸ ਸਮੇਂ ਅਤੇ ਹੁਣ ਵੀ ਵੱਡੇ ਮੀਡੀਆ ਘਰਾਣਿਆਂ, ਨਾਮਵਰ ਬੁੱਧੀਜੀਵੀਆਂ ਦੀਆਂ ਨਜ਼ਰਾਂ ਵਿੱਚ ਬਹੁਤ ਜ਼ਿਆਦਾ ਚਰਚਾ ਨਹੀਂ ਹੈ। ਪਰ ਜਿਸ ਚੇਤੰਨ ਦ੍ਰਿੜਤਾ ਨਾਲ ਇਸ



ਪੇਂਡੂ ਜਨ ਆਧਾਰ ਅਤੇ ਸੀਮਤ ਘੇਰੇ ਵਾਲੇ ਜਾਨਹੂਲਵੇਂ ਲੋਕ ਘੋਲ ਨੇ ਨਵੇਂ ਦੌਰ ਦੀ ਚੁਣੌਤੀ ਲਈ ਸਾਂਝੇ ਵਿਸ਼ਾਲ ਵਾਲੇ ਘੱਟੋ-ਘੱਟ ਸਮਝ ਦੇ ਅਧਾਰ 'ਤੇ ਉੱਭਰੇ ਏਕੇ ਨਾਲ ਸੰਘਰਸ਼ ਦੀ ਅਗਾਊਂ ਠੋਸ ਵਿਉਂਤਬੰਦੀ ਕੀਤੀ, ਉਹ ਆਪਣੇ ਆਪ ਇਤਿਹਾਸ ਦਾ ਮਘਦਾ ਸੂਹਾ ਪੰਨਾ ਹੈ। ਆਪਣੇ ਆਗੂ ਦੀ ਸਜ਼ਾ ਰੱਦ ਕਰਵਾਉਣ ਦੇ ਸੰਘਰਸ਼ ਨੂੰ ਪੜਾਅ ਦਰ ਪੜਾਅ ਅੱਗੇ ਵਧਾਇਆ ਅਤੇ ਸੰਘਰਸ਼ਸ਼ੀਲ ਕਾਫ਼ਲਿਆਂ ਨੂੰ ਸਜ਼ਾ ਰੱਦ ਕਰਵਾਉਣ ਦੇ ਅਗਲੇਰੇ ਲੰਬੇ ਚੱਲਣ ਵਾਲੇ ਸੰਘਰਸ਼ ਲਈ ਕਿਸਾਨਾਂ-ਮਜ਼ਦੂਰਾਂ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ, ਮੁਲਾਜਮਾਂ, ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਰੰਗਕਰਮੀਆਂ, ਸਾਹਿਤਕਾਰਾਂ, ਜਮਹੂਰੀ ਹਿੱਸਿਆਂ, ਤਰਕਸ਼ੀਲਾਂ, ਬੇਰੁਜ਼ਗਾਰਾਂ, ਠੇਕਾ ਕਾਮਿਆਂ, ਪੱਤਰਕਾਰਾਂ ਆਦਿ ਨੂੰ ਹਰ ਪੱਖੋਂ ਸ਼ਮੂਲੀਅਤ ਨਾਲ ਤਿਆਰ ਕੀਤਾ। 30 ਸਤੰਬਰ 2019 ਤੋਂ 14 ਨਵੰਬਰ 2019 ਤੱਕ 46 ਦਿਨ) ਬਰਨਾਲਾ ਜੇਲ੍ਹ ਅੱਗੇ ਚੱਲੇ ਪੱਕੇ ਸਾਂਝੇ ਗੁਲਦਸਤੇ ਰੂਪੀ ਸੰਘਰਸ਼ ਨੇ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਕੇ ਨਵਾਂ ਵਿਲੱਖਣ ਇਤਿਹਾਸ ਸਿਰਜ ਦਿੱਤਾ। ਅੱਜ ਵੀ ਇਹ ਸੰਘਰਸ਼ ਔਰਤਾਂ ਦੀ ਮੁਕੰਮਲ ਮੁਕਤੀ ਲਈ, ਨਵੇਂ ਸਮਾਜ ਦੀ ਸਿਰਜਣਾ ਕਰਨ ਲਈ ਚੱਲ ਰਹੀ ਜੱਦੋਜਹਿਦ ਨਾਲ ਜੋੜਕੇ ਅੱਗੇ ਵਧ ਰਿਹਾ ਹੈ।

**ਮੋਦੀ ਹਕੂਮਤ ਦਾ ਫਿਰਕੂ ਫਾਸ਼ੀ ਹੱਲਾ ਵੱਡੀ ਚੁਣੌਤੀ** : ਦੂਜੇ ਪਾਸੇ 2020 ਵਿੱਚ ਮੋਦੀ ਹਕੂਮਤ ਨੇ ਪੂਰੇ ਯੋਜਨਾਬੱਧ ਢੰਗ ਨਾਲ ਦਿੱਲੀ ਦੰਗਿਆਂ ਵਿੱਚ ਅਨੇਕਾਂ ਵਿਦਿਆਰਥੀਆਂ, ਸਮਾਜਿਕ ਕਾਰਕੁਨਾਂ, ਘੱਟ ਗਿਣਤੀ ਮੁਸਲਿਮ ਭਾਈਚਾਰੇ ਨੂੰ ਦੇਸ਼ ਧ੍ਰੋਹ ਦੇ ਮੁਕੱਦਮੇ ਵਿੱਚ ਸ਼ਾਮਿਲ ਕਰਕੇ ਜੇਲ੍ਹਾਂ ਵਿੱਚ ਡੱਕ ਦਿੱਤਾ। ਇਨ੍ਹਾਂ ਆਗੂਆਂ ਖਿਲਾਫ਼ ਲਾਈ ਗਈ ਬਦਨਾਮ ਦੇਸ਼ ਧ੍ਰੋਹ ਦੀ ਧਾਰਾ ਇਸ ਪ੍ਰਬੰਧ ਨੂੰ ਵਸੀਹ ਤਾਕਤਾਂ ਬਖਸ਼ਦੀ ਹੈ। ਮੋਦੀ ਹਕੂਮਤ ਦਾ ਇਹ ਹਮਲਾ ਭਾਵੇਂ ਕੋਈ ਨਵਾਂ ਨਹੀਂ ਹੈ ਪਰ 2014 ਵਿੱਚ ਸਤਾ ਸੰਭਾਲਣ ਤੋਂ ਬਾਅਦ ਉਹ ਇਸ ਏਜੰਡੇ ਨੂੰ ਹਰ ਖੇਤਰ ਵਿੱਚ ਬਹੁਤ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਚਰਚਾ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਪਲੇਟਫਾਰਮਾਂ ਉੱਪਰ ਹੋ ਰਹੀ ਹੈ। ਨਾਮਵਰ ਸਮਾਜ ਸ਼ਾਸ਼ਤਰੀਆਂ, ਵਕੀਲਾਂ, ਬੁੱਧੀਜੀਵੀਆਂ ਤੋਂ ਲੈਕੇ ਨਿਊਯਾਰਕ ਦੇ ਮੇਅਰ ਜੋਹਰਾਨ ਮਮਦਾਨੀ ਤੱਕ ਨੇ ਇਨ੍ਹਾਂ ਆਗੂਆਂ ਨੂੰ ਬਿਨਾਂ ਮੁਕੱਦਮਾ ਚਲਾਇਆਂ ਸਾਲਾਂ ਬੱਧੀ ਜੇਲ੍ਹਾਂ ਵਿੱਚ ਡੱਕੀਂ ਰੱਖਣ ਦੀ ਨਿਖੇਧੀ ਕਰਦਿਆਂ ਰਿਹਾਅ ਕਰਨ ਦੀ ਮੰਗ ਕਰਕੇ ਆਪਣੇ ਸਰੋਕਾਰਾਂ ਦਾ ਪ੍ਰਗਟਾਵਾ ਕੀਤਾ ਹੈ।

ਮੋਦੀ ਹਕੂਮਤ ਸਾਮਰਾਜੀਆਂ, ਦੇਸੀ ਬਦੇਸ਼ੀ ਵੱਡੇ ਕਾਰਪੋਰੇਟ ਘ੍ਰਾਣਿਆਂ ਨੂੰ ਮੁਲਕ ਦੇ ਕੁਦਰਤੀ ਮਾਲ ਖ਼ਜ਼ਾਨੇ ਅਤੇ ਸਸਤੀ ਕਿਰਤ ਸ਼ਕਤੀ ਲੁਟਾਉਣ ਲਈ ਆਰਥਿਕ ਸੁਧਾਰਾਂ ਦੀ ਪ੍ਰਕਿਰਿਆਂ ਨੂੰ ਬਹੁਤ ਤੇਜ਼ੀ ਨਾਲ ਲਾਗੂ ਕਰਨ ਦੇ ਰਾਹ ਪਈ ਹੋਈ ਹੈ। ਬੁੱਧੀਜੀਵੀ ਸਮਾਜਿਕ ਕਾਰਕੁੰਨ ਮੋਦੀ ਹਕੂਮਤ ਦੇ ਕਾਰਪੋਰੇਟ ਘਰਾਣਿਆਂ ਨੂੰ ਅਥਾਹ ਮੁਨਾਫ਼ੇ ਬਖਸ਼ਣ ਦੇ ਰਾਹ ਦਾ ਵੱਡਾ ਰੋੜਾ ਹਨ। ਉਮਰ ਖ਼ਾਲਿਦ, ਸ਼ਰਜੀਲ ਇਮਾਮ ਸਮੇਤ ਦੇਸ਼ ਧ੍ਰੋਹ ਦੇ ਸਭ ਤੋਂ ਵੱਧ ਕੇਸ ਜੰਮੂ-ਕਸ਼ਮੀਰ ਵਿੱਚ ਘੱਟ ਗਿਣਤੀ ਮੁਸਲਿਮ ਭਾਈਚਾਰੇ ਖਿਲਾਫ਼ ਦਰਜ਼ ਹੋ ਰਹੇ ਹਨ। ਇਹਨਾਂ ਮੁਕੱਦਮਿਆਂ ਬਾਰੇ 2 ਦਸੰਬਰ 2023 ਨੂੰ ਲੋਕ ਸਭਾ ਵਿੱਚ ਗ੍ਰਹਿ ਰਾਜ ਮੰਤਰੀ ਨਿੱਤਿਆ ਨੰਦ ਰਾਏ ਵੱਲੋਂ ਜਾਰੀ ਕੀਤੇ ਅੰਕੜੇ ਖ਼ੁਦ ਇਨ੍ਹਾਂ ਕੇਸਾਂ ਦੇ ਝੂਠੇ ਹੋਣ ਦੀ ਪੁਸ਼ਟੀ ਕਰਦੇ ਹਨ। ਦਰਜ ਹੋਏ ਇਨ੍ਹਾਂ 10775 ਕੇਸਾਂ ਵਿੱਚੋਂ ਸਿਰਫ਼ 335 ਕੇਸਾਂ ਵਿੱਚ ਸਜ਼ਾ ਹੋਈ। ਸਜ਼ਾ ਹੋਣ ਦੀ ਦਰ ਮਹਿਜ ਸਿਰਫ਼ 3.1% ਹੈ।

ਇਸੇ ਹੀ ਤਰ੍ਹਾਂ ਔਰਤਾਂ ਖਿਲਾਫ਼ ਹੋ ਰਹੇ ਜ਼ੁਲਮਾਂ ਦਾ ਵਰਤਾਰਾ ਵੱਡੀ ਚੁਣੌਤੀ ਵਜੋਂ ਦਰਪੇਸ਼ ਹੈ। ਔਰਤਾਂ ਖਿਲਾਫ਼ ਸੰਗੀਨ ਅਪਰਾਧ (ਅਗਵਾ, ਸਰੀਰਕ ਛੇੜਛਾੜ, ਬਲਾਤਕਾਰ, ਕਤਲ, ਦਾਜ ਦਹੇਜ ਕਾਰਨ ਕਤਲ) ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ 2022 ਦੇ ਅੰਕੜਿਆਂ ਅਨੁਸਾਰ 4 ਲੱਖ 45 ਹਜਾਰ 256 ਮੁਕੱਦਮੇ ਦਰਜ ਹੋਏ। ਹਰ ਘੰਟੇ ਔਰਤਾਂ ਖਿਲਾਫ਼ ਜਬਰ-ਜੁਲਮ ਦੀਆਂ ਘਟਨਾਵਾਂ ਦੀਆਂ 51 ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ। 2021 ਵਿੱਚ ਬਲਾਤਕਾਰ ਦੇ ਹਰ ਰੋਜ਼ 86 ਅਤੇ ਪੂਰੇ ਸਾਲ ਵਿੱਚ 31677 ਕੇਸ ਦਰਜ ਹੋਏ।

ਉਪਰੋਕਤ ਘਟਨਾਵਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਮਹਿਲਕਲਾਂ ਲੋਕ ਘੋਲ ਦੇ ਆਗੂ ਦੀ ਉਮਰ ਕੈਦ ਸਜ਼ਾ ਰੱਦ ਕਰਵਾਕੇ ਮਨ ਨੂੰ ਤਸੱਲੀ ਦੇਣ ਵਾਲੀ ਗੱਲ ਨਹੀਂ ਹੈ ਸਗੋਂ ਔਰਤਾਂ ਖਿਲਾਫ਼ ਹੁੰਦੇ ਜਬਰ ਜਾਂ ਮੋਦੀ ਹਕੂਮਤ ਦੇ ਵੱਡੇ ਜਾਬਰ ਫਿਰਕੂ ਫਾਸ਼ੀ ਹੱਲੇ ਦਾ ਟਾਕਰਾ ਕਰਨ ਦੀ ਚੁਣੌਤੀ ਦਰਪੇਸ਼ ਹੈ। ਉਮਰ ਖਾਲਿਦ, ਸ਼ਰਜੀਲ ਇਮਾਮ ਅਤੇ ਹੋਰਨਾਂ ਖਿਲਾਫ਼ ਦੇਸ਼ ਧ੍ਰੋਹ ਦੇ ਧੜਾਧੜ ਬਣਾਏ ਜਾ ਰਹੇ ਮੁਕੱਦਮਿਆਂ ਤੋਂ ਨਿਜਾਤ ਪਾਉਣ ਲਈ 'ਜਬਰ-ਜੁਲਮ ਖਿਲ਼ਾਫ਼ ਲੋਕ ਟਾਕਰੇ ਦੀ ਮਿਸਾਲ, ਮਹਿਲਕਲਾਂ ਲੋਕ ਘੋਲ' ਇੱਕ ਆਹਲਾ ਮਿਸਾਲ ਹੈ ਕਿ ਕਿਵੇਂ ਇੱਕ ਛੋਟੇ ਪੇਂਡੂ ਖਿੱਤੇ ਦੇ ਜਥੇਬੰਦ ਲੋਕ ਸਾਂਝੀ ਮਿਸਾਲੀ ਲਾਮਬੰਦੀ ਰਾਹੀਂ ਵੱਡੀ ਚੁਣੌਤੀ ਦਾ ਟਾਕਰਾ ਕਰਕੇ ਹਕੂਮਤ ਨੂੰ ਝੁਕਣ ਲਈ ਮਜ਼ਬੂਰ ਕਰ ਸਕਦੇ ਹਨ। ਜਿੱਤ ਹਾਸਿਲ ਕਰ ਕਰਕੇ ਨਵਾਂ ਸ਼ਾਨਾਮੱਤਾ ਇਤਿਹਾਸ ਸਿਰਜ ਸਕਦੇ ਹਨ।

ਲੋਕਤਾ ਦਾ ਜਬਰ-ਜੁਲਮ ਖਿਲਾ਼ਫ਼ ਟਾਕਰੇ ਦਾ, ਜੂਝ ਮਰਨ ਦਾ, ਕੁਰਬਾਨੀਆਂ ਦੇਣ ਦਾ, ਜਾਬਰਾਂ ਦੇ ਨੱਕ ਮੋੜਨ ਦਾ ਸੂਰਬੀਰਤਾ ਭਰਿਆ ਇਤਿਹਾਸ ਸਦੀਆਂ ਪੁਰਾਣਾ ਹੈ। ਸ਼ਾਇਰ ਜਗਤਾਰ ਦੀਆਂ ਇਨ੍ਹਾਂ ਸਤਰਾਂ ਨੂੰ ਪੱਲੇ ਬੰਨ੍ਹਕੇ ਅੱਗੇ ਵਧਦੇ ਰਹੀਏ :

**ਹਰ ਮੋੜ ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ**
**ਫਿਰ ਵੀ ਅਸੀਂ ਰੁਕੇ ਨਾ। ਸਾਡਾ ਵੀ ਵੇਖ ਜੇਰਾ।**

ਦਰ ਹਕੀਕਤ ਮੋਦੀ ਹਕੂਮਤ ਦੀਆਂ ਮੌਜੂਦਾ ਦੌਰ ਦੀਆਂ ਫਿਰਕੂ ਫਾਸ਼ੀ ਚੁਣੌਤੀਆਂ ਸੰਗ ਭਿੜਨ ਲਈ ਇਨਕਲਾਬੀ ਤਾਕਤ ਵੱਖ-ਵੱਖ ਹਿੱਸਿਆਂ ਵਿੱਚ ਵੰਡੀ ਹੋਣ ਕਰਕੇ ਬੇਹੱਦ ਕਮਜ਼ੋਰ ਅਵਸਥਾ ਵਿੱਚ ਹੈ। ਫਿਰ ਵੀ ਇਕੱਠੇ ਹੋਣ ਅਤੇ ਜਾਬਰਾਂ ਨੂੰ ਗੋਡਣੀਏਂ ਕਰਨ ਦੀਆਂ ਅਥਾਹ ਸੰਭਾਵਨਾਵਾਂ ਮੌਜੂਦ ਹਨ। ਆਓ, ਮੌਜੂਦਾ ਸਮੇਂ ਦਾ ਹਾਣੀ ਬਣਨ ਲਈ ਵਿਗਿਆਨਕ ਵਿਚਾਰਧਾਰਾ ਗ੍ਰਹਿਣ ਕਰਦਿਆਂ ਬਰਾਬਰਤਾ ਵਾਲਾ ਨਵਾਂ ਸਮਾਜ ਸਿਰਜਣ ਲਈ ਯਤਨਾਂ ਨੂੰ ਜਰਬ੍ਹਾਂ ਦਈਏ।

ਯੂਕਰੇਨ ਵਿੱਚ ਜੰਗ-ਇੱਕ ਇਤਿਹਾਸ

# ਅਮਰੀਕਾ ਨੇ ਉੱਤਰ-ਸੋਵੀਅਤ ਵਿਵਸਥਾ 'ਚ ਪਈਆਂ ਦਰਾੜਾਂ ਦਾ ਕਿਵੇਂ ਫਾਇਦਾ ਉਠਾਇਆ

(ਇਹ ਲੇਖ ਪਹਿਲੀ ਵਾਰ ਮੰਥਲੀ ਰਿਵੀਊ ਮੈਗਜ਼ੀਨ ਦੇ ਜੂਨ 2025 ਦੇ ਅੰਕ ਵਿੱਚ ਛਪਿਆ ਸੀ-ਅਨੁਵਾਦਕ)




ਥੌਮਸ ਆਈ. ਪੇਲੀ ਅਨੁ.: ਸੁਖਵੰਤ ਹੁੰਦਲ



ਯੂਕਰੇਨ ਅਤੇ ਰੂਸ ਵਿਚਕਾਰ ਚੱਲ ਰਹੀ ਜੰਗ ਅੰਦਰੂਨੀ ਅਤੇ ਬਾਹਰੀ ਕਾਰਕਾਂ ਨਾਲ ਚੱਲ ਰਹੀ ਹੈ। ਉਹ ਕਾਰਕ ਕੈਂਚੀ ਦੇ ਦੋ ਫਲਾਂ (ਬਲੇਡਾਂ) ਵਾਂਗ ਹਨ ਅਤੇ ਲੜਾਈ ਨੂੰ ਸਮਝਣ ਲਈ ਦੋਵਾਂ ਫਲਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਬਾਹਰੀ ਕਾਰਕ ਠੰਢੀ ਜੰਗ ਤੋਂ ਬਾਅਦ ਅਮਰੀਕਾ ਦੀ ਭੂ-ਰਾਜਨੀਤਕ ਰਣਨੀਤੀ (ਜੀਓ-ਪੁਲੀਟੀਕਲਸਟਰੈਟਜੀ) ਅਤੇ ਅਮਰੀਕਾ ਦੇ ਸਮਰਥਨ ਅਧੀਨ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨੌਰਥ ਐਟਲਾਂਟਕ ਟਰੀਟੀ ਆਰਗੇਨਾਈਜੇਸ਼ਨ-ਨੇਟੋ) ਦੇ ਪੂਰਬ ਵੱਲ ਪਸਾਰ ਨਾਲ ਸੰਬੰਧਿਤ ਹਨ। ਉਸ ਪਸਾਰ ਨੂੰ ਸਿਰਫ਼ ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਪੈਦਾ ਹੋਈਆਂ ਦਰਾੜਾਂ (ਅੰਦਰੂਨੀ ਕਾਰਕਾਂ) ਦੇ ਹਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ। ਬਾਹਰੀ ਕਾਰਕ ਲੜਾਈ ਨੂੰ ਉਕਸਾਉਣ ਅਤੇ ਸ਼ਾਂਤੀ ਵਿੱਚ ਰੁਕਾਵਟ ਪਾਉਣ ਵਿੱਚ ਸ਼ਾਮਲ ਅਮਰੀਕਾ ਦੀ ਭੂਮਿਕਾ ਨੂੰ ਉਜਾਗਰ ਕਰਦੇ ਹਨ।

ਬਾਹਰੀ ਅਤੇ ਅੰਦਰੂਨੀ ਕਾਰਕ ਵੱਖ-ਵੱਖ ਸਮੇਂ 'ਤੇ ਕਾਰਜਸ਼ੀਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਪੂਰਾ ਅਸਰ ਵਿਖਾਉਣ ਲਈ ਸਮਾਂ ਲੱਗਦਾ ਹੈ, ਇਸ ਕਰਕੇ ਲੜਾਈ ਨੂੰ ਸਮਝਣ ਲਈ ਇਤਿਹਾਸ ਬਹੁਤ ਮਹੱਤਵਪੂਰਨ ਹੈ। ਇਹ ਦੋਵਾਂ ਕਾਰਕਾਂ ਦੇ ਸਮੂਹ ਤਿੰਨ ਮੁੱਖ ਘਟਨਾਵਾਂ ਵਾਲੇ ਸਮਾਂ-ਕ੍ਰਮ (ਟਾਈਮ ਲਾਈਨ) ਵਿੱਚ ਕੰਮ ਕਰਦੇ ਹਨ। ਪਹਿਲੀ ਘਟਨਾ ਹੈ ਯੂਕਰੇਨ ਦਾ ਅਗਸਤ 1991 ਵਿੱਚ ਸੋਵੀਅਤ ਯੂਨੀਅਨ ਤੋਂ ਅਜ਼ਾਦੀ ਦਾ ਐਲਾਨ। ਦੂਜੀ ਘਟਨਾ ਫਰਵਰੀ 2014 ਵਿੱਚ ਮੇਡਨ ਦਾ ਰਾਜਪਲਟਾ (ਮੇਡਨ ਕੂ) ਹੈ, ਜਿਸ ਨੇ ਜਮਹੂਰੀ ਤਰੀਕੇ ਨਾਲ ਚੁਣੇ ਗਏ ਅਤੇ ਯੂਕਰੇਨੀ ਖੁਦਮੁਖਤਾਰੀ ਅਤੇ ਗੁੱਟ ਨਿਰਲੇਪ ਰੱਖਿਆ ਨੀਤੀ ਦੇ ਹਿਮਾਇਤੀ ਯੂਕਰੇਨੀ ਰਾਸ਼ਟਰਪਤੀ ਵਿਕਟਰ ਯਾਨੂਕੋਵਿਚ ਨੂੰ ਗੱਦੀਉਂ ਲਾਹ ਦਿੱਤਾ। ਤੀਜੀ ਘਟਨਾ 24 ਫਰਵਰੀ 2022 ਨੂੰ ਰੂਸ ਦੀ ਯੂਕਰੇਨ ਵਿੱਚ ਫੌਜੀ ਦਖਲਅੰਦਾਜ਼ੀ ਹੈ। ਇਹ ਸਮਾਂ-ਕ੍ਰਮ (ਟਾਈਮ ਲਈਨ) ਬਹੁਤ ਕੁਝ ਉਜਾਗਰ ਕਰਨ ਵਾਲਾ ਹੈ। ਅਮਰੀਕਾ ਅਤੇ ਉਸ ਦੇ ਨੇਟੋ ਵਿਚਲੇ ਹਿਮਾਇਤੀਆਂ ਦੇ ਨਜ਼ਰੀਏ ਅਨੁਸਾਰ ਇਹ ਲੜਾਈ ਫਰਵਰੀ 2022 ਵਿੱਚ ਸ਼ੁਰੂ ਹੋਈ (ਭਾਵੇਂ ਕਿ ਕਈ ਵਾਰ ਉਹ ਕਹਿੰਦੇ ਹਨ ਕਿ ਇਹ 2014 ਦੇ ਰਾਜਪਲਟੇ ਤੋਂ ਬਾਅਦ ਰੂਸ ਵੱਲੋਂ ਕ੍ਰੀਮੀਆ ਨੂੰ ਜਿੱਤਣ ਨਾਲ ਸ਼ੁਰੂ ਹੋਈ)। ਇਸ ਨਜ਼ਰੀਏ ਨਾਲ ਉਹ ਇਤਿਹਾਸ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ। ਰੂਸ ਦੇ ਸਿੱਧੇ ਨਜ਼ਰੀਏ ਅਨੁਸਾਰ ਇਹ ਲੜਾਈ ਫਰਵਰੀ 2014 ਦੇ ਰਾਜਪਲਟੇ ਨਾਲ ਸ਼ੁਰੂ ਹੋਈ। ਇਸ ਨਜ਼ਰੀਏ ਨਾਲ ਇਤਿਹਾਸ ਅਤੇ ਯੂਕਰੇਨ ਵਿੱਚ ਘਰੇਲੂ ਜੰਗ ਦੀ ਸ਼ੁਰੂਆਤ ਰੂਸ ਦੀ ਸਿਆਸੀ ਪੁਜੀਸ਼ਨ ਦਾ ਕੇਂਦਰੀ ਹਿੱਸਾ ਬਣ ਜਾਂਦੇ ਹਨ। ਸਮਝ ਵਿੱਚਲਾ ਇਹ ਬੁਨਿਆਦੀ ਫ਼ਰਕ ਗੱਲਬਾਤ ਨਾਲ ਰਾਜਨੀਤਿਕ ਸਮਝੌਤੇ ਦੀ ਸੰਭਾਵਨਾ ਵਿੱਚ ਅੜਿੱਕਾ ਬਣਦਾ ਹੈ। ਇਹ ਸਮਝਣਾ ਬਹੁਤ ਮੁਸ਼ਕਿਲ ਹੈ ਕਿ ਇਸ ਫ਼ਰਕ ਨੂੰ ਕਿਵੇਂ ਮੇਟਿਆ ਜਾ ਸਕਦਾ ਹੈ, ਕਿਉਂਕਿ ਇਤਿਹਾਸ (ਰਾਜਪਲਟੇ ਅਤੇ ਉਸ ਤੋਂ ਬਾਅਦ ਦੀ ਘਰੇਲੂ ਜੰਗ) ਨੂੰ ਧਿਆਨ ਵਿੱਚ ਰੱਖਣ ਨਾਲ ਇੱਕ ਬਿਲਕੁਲ ਵੱਖਰੀ ਕਹਾਣੀ ਸਾਹਮਣੇ ਆਉਂਦੀ ਹੈ।

ਅਮਰੀਕਾ/ਨੇਟੋ ਵੱਲੋਂ ਇਤਿਹਾਸ ਨੂੰ ਨਕਾਰਨਾ ਅਤੇ ਲੜਾਈ ਨੂੰ ਸਿਰਫ਼ ਫਰਵਰੀ 2022 ਦੇ ਰੂਸੀ 'ਹਮਲੇ' ਦਾ ਨਤੀਜਾ ਸਮਝਣ ਦਾ ਰੁਝਾਨ ਪ੍ਰਾਪੇਗੰਢੇ ਦੀ ਜੰਗ ਵਿੱਚ ਇੱਕ ਵੱਡਾ ਫ਼ਾਇਦਾ ਪਹੁੰਚਾਉਂਦਾ ਹੈ। ਲੜਾਈ ਨੂੰ ਰੂਸ ਦੀ ਫ਼ੌਜੀ ਦਖਲਅੰਦਾਜ਼ੀ ਤੋਂ ਸ਼ੁਰੂ ਹੋਇਆ ਮੰਨਣਾ ਇੱਕ ਸਰਲ ਅਤੇ ਅਸਾਨੀ ਨਾਲ ਸਮਝ ਵਿੱਚ ਆਉਣ ਵਾਲੀ ਕਹਾਣੀ ਹੈ। ਪੱਛਮੀ ਲੋਕਾਂ ਨੂੰ ਇਤਿਹਾਸ ਬਾਰੇ ਬਹੁਤ ਘੱਟ ਗਿਆਨ ਜਾਂ ਦਿਲਚਸਪੀ ਹੈ; ਇਹ ਗੱਲ ਲੜਾਈ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਅਟਲਾਂਟਿਕ ਤੋਂ ਪਾਰ ਦੇ ਅਮਰੀਕਾ ਵਿੱਚ ਖ਼ਾਸ ਤੌਰ 'ਤੇ ਸੱਚ ਹੈ। ਪੱਛਮੀ ਮੀਡੀਏ ਨੂੰ ਵੀ ਇਤਿਹਾਸ ਵਿੱਚ ਦਿਲਚਸਪੀ ਨਹੀਂ ਹੈ, ਕਿਉਂਕਿ ਇਸ ਨੂੰ ਸਮਝਾਉਣਾ ਔਖਾ ਹੈ ਅਤੇ ਦਿਲਚਸਪੀ ਨਾ ਰੱਖਣ ਵਾਲੇ ਲੋਕਾਂ ਦੇ ਮੱਦੇਨਜ਼ਰ ਵਪਾਰਕ ਤੌਰ 'ਤੇ ਨੁਕਸਾਨਦੇਹ ਹੈ। ਇਹ ਬਣਤਰ ਪੱਛਮ ਵਿੱਚ ਅਮਰੀਕਾ/ਨੇਟੋ ਦੀ ਕਹਾਣੀ ਦੀ ਮਜ਼ਬੂਤੀ ਨੂੰ ਸਮਝਾਉਣ ਵਿੱਚ ਮਦਦ ਕਰਦੀ ਹੈ। ਬੇਸ਼ੱਕ ਇਤਿਹਾਸ ਨੂੰ ਨਕਾਰਨਾ ਪ੍ਰਚਾਰ ਲਈ ਲਾਹੇਵੰਦ ਹੈ, ਪਰ ਇਹ ਨਾ ਤਾਂ ਸੱਚ ਦੀ ਸੇਵਾ ਕਰਦਾ ਹੈ ਅਤੇ ਨਾ ਹੀ ਸ਼ਾਂਤੀ ਦੀ, ਕਿਉਂਕਿ ਇਹ ਲੜਾਈ ਦੇ ਉਹਨਾਂ ਕਾਰਨਾਂ ਨੂੰ ਨਕਾਰਦਾ ਹੈ, ਜਿਨ੍ਹਾਂ ਨੂੰ ਹੱਲ ਕਰਨਾ ਸ਼ਾਂਤੀ ਕਾਇਮ ਕਰਨ ਲਈ ਜ਼ਰੂਰੀ ਹੈ।

### ਯੂਕਰੇਨ ਦੀ ਲੜਾਈ ਨੂੰ ਸਮਝਣਾ: ਅੰਦਰੂਨੀ ਅਤੇ ਬਾਹਰੀ ਕਾਰਨ

ਪੱਛਮ, ਅਮਰੀਕਾ/ਨੇਟੋ ਵੱਲੋਂ ਲੜਾਈ ਦੀ ਜੋ ਕਹਾਣੀ ਪੇਸ਼ ਕੀਤੀ ਜਾਂਦੀ ਹੈ, ਉਸ ਵਿੱਚ ਇਤਿਹਾਸ ਦੀ ਗੱਲ ਬਹੁਤ ਘੱਟ ਹੈ। ਜਿੰਨੀ ਥੋੜ੍ਹੀ ਜਿਹੀ ਗੱਲ ਇਤਿਹਾਸ ਦੀ ਆਉਂਦੀ ਹੈ, ਉਸ ਵਿੱਚ 1990 ਤੋਂ ਬਾਅਦ ਵਿੱਚ ਨੇਟੋ ਦੇ ਪੂਰਬ ਵੱਲ ਪਸਾਰ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਫਿਰ ਉਸ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ। ਸਹੀ ਇਤਿਹਾਸਕ ਸਮਝ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਸ਼ੁਰੂ ਹੁੰਦੀ ਹੈ। ਸੋਵੀਅਤ ਯੂਨੀਅਨ ਦੇ ਟੁੱਟਣ ਦੇ ਉਸ ਅਮਲ ਦਾ ਵੇਰਵਾ ਵਲਾਦੀਸਲਾਵ ਜ਼ੁਬੋਕ ਨੇ ਆਪਣੀ ਕਿਤਾਬ ਕੋਲੈਪਸ: ਦ ਫਾਲ ਆਫ਼ ਦ ਸੋਵੀਅਤ ਯੂਨੀਅਨ ਵਿੱਚ ਦਿੱਤਾ ਹੈ। ਟੁੱਟਣ ਦਾ ਇਹ ਅਮਲ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਨੇ ਲੜਾਈ ਲਈ ਜ਼ਮੀਨ ਤਿਆਰ ਕੀਤੀ।

ਜਿਵੇਂ ਉੱਪਰ ਦੱਸਿਆ ਗਿਆ ਹੈ, ਲੜਾਈ ਨੂੰ ਕੈਂਚੀ ਦੇ ਰੂਪਕ ਨਾਲ ਸਮਝਿਆ ਜਾ ਸਕਦਾ ਹੈ। ਇਕ ਫਲ (ਬਲੇਡ) ਅੰਦਰੂਨੀ ਹੈ: ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਪੈਦਾ ਹੋਇਆ ਲੜਾਈ ਨੂੰ ਉਤਸ਼ਾਹਿਤ ਕਰਨ ਵਾਲਾ ਵਾਤਾਵਰਨ (ਕਨਫਲਿਕਟ-ਪ੍ਰੋਨ ਇਨਵਾਇਰਮੈਂਟ)। ਦੂਜਾ ਫਲ (ਬਲੇਡ) ਅਮਰੀਕਾ ਵਲੋਂ ਲਗਾਤਾਰ ਕੀਤੀ ਜਾਂਦੀ ਦਖਲਅੰਦਾਜ਼ੀ ਹੈ, ਜਿਸ ਵਿੱਚ ਨੇਟੋ ਦਾ ਪੂਰਬ ਵੱਲ ਬਾਹਰੀ ਪਸਾਰ ਵੀ ਸ਼ਾਮਲ ਹੈ। ਲੜਾਈ ਦੇ ਕਾਰਨਾਂ, ਇਸ ਦੇ ਹੌਲੀ ਹੌਲੀ ਵਾਧੇ ਅਤੇ ਇਸ ਦੇ ਸਿਆਸੀ ਹੱਲ ਵਿੱਚ ਆਉਣ ਵਾਲੀ ਮੁਸ਼ਕਿਲ ਨੂੰ ਸਮਝਣ ਲਈ ਇਹ ਦੋਵੇਂ ਫਲ? (ਬਲੇਡ) ਜ਼ਰੂਰੀ ਹਨ।

### ਅੰਦਰੂਨੀ ਫਲ: ਸੋਵੀਅਤ ਯੂਨੀਅਨ ਦਾ ਟੁੱਟਣਾ

ਸੋਵੀਅਤ ਯੂਨੀਅਨ ਦੇ ਟੁੱਟਣ ਦਾ ਜਮਹੂਰੀ ਕ੍ਰਾਂਤੀ ਨਾਲ ਕੋਈ ਸੰਬੰਧ ਨਹੀਂ ਸੀ। ਬਲਕਿ, ਜ਼ੁਬੋਕ ਮੁਤਾਬਕ, ਉਸ ਦੇ ਬੀਜ ਮਿਖਾਇਲ ਗੋਰਬਾਚੋਵ ਦੇ 1985 ਵਿੱਚ ਸੱਤਾ ਵਿੱਚ ਆਉਣ ਤੋਂ ਪਹਿਲਾਂ ਹੀ ਉੱਗਣ ਲੱਗ ਪਏ ਸਨ। ਕੇਂਦਰ ਕਮਜ਼ੋਰ ਹੋ ਰਿਹਾ ਸੀ ਅਤੇ ਉਸ ਕਮਜ਼ੋਰੀ ਨੂੰ ਮਹਿਸੂਸ ਕਰਦਿਆਂ, ਕਈ ਸੋਵੀਅਤ ਗਣਰਾਜਾਂ ਦੇ ਨੇਤਾਵਾਂ ਨੇ ਇੱਕ ਰੋਸਮਈ ਕੌਮਵਾਦੀ (ਨੈਸ਼ਨਲਿਸਟ) ਵਿਚਾਰ ਚਰਚਾ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਵਿੱਚ ਦਾਅਵਾ ਕੀਤਾ ਜਾਂਦਾ ਸੀ ਕਿ ਹਰੇਕ ਗਣਰਾਜ ਦਾ ਸਿਸਟਮ ਅਤੇ ਦੂਜੇ ਗਣਰਾਜਾਂ ਵੱਲੋਂ ਆਰਥਿਕ ਸ਼ੋਸ਼ਣ ਕੀਤਾ ਗਿਆ ਸੀ। ਵਿਚਾਰ ਚਰਚਾ ਨੇ ਸੋਵੀਅਤ ਗਣਰਾਜਾਂ ਦੇ ਨੇਤਾਵਾਂ ਨੂੰ ਵੈਧਤਾ ਦਿੱਤੀ ਅਤੇ ਵੱਖ ਹੋਣ ਦੇ ਬੀਜ ਬੀਜੇ, ਜਿਸ ਤੋਂ ਘਟਨਾਵਾਂ ਦੀ ਇਕ ਲੜੀ (ਡੋਮੀਨੋ-ਅਫੈਕਟ) ਵਾਂਗ ਟੁੱਟਣ ਦੇ ਅਮਲ ਬਾਰੇ ਪਤਾ ਲਗਦਾ ਹੈ। ਜਦੋਂ ਇੱਕ ਗਣਰਾਜ ਵੱਖ ਹੋ ਗਿਆ, ਤਾਂ ਬਾਕੀ ਸਾਰੇ ਵੀ ਜਲਦੀ ਹੀ ਵੱਖ ਹੋਣ ਲਈ ਤਿਆਰ ਹੋ ਗਏ। ਗਣਰਾਜਾਂ ਦੇ ਮੌਜੂਦਾ ਨੇਤਾਵਾਂ ਨੇ ਸੱਤਾ ਦੇ ਸਿਆਸੀ ਵਾਰਸ ਬਣ ਕੇ ਆਪਣੀ ਸਥਿਤੀ ਮਜ਼ਬੂਤ ਕੀਤੀ ਅਤੇ ਆਪਣੇ ਆਪ ਨੂੰ ਅਮੀਰ ਬਣਾਇਆ।

ਉਸ ਪੈਟਰਨ ਦਾ ਇੱਕ ਰੂਪ ਸਾਰੀਆਂ ਸਾਬਕਾ ਗਣਰਾਜਾਂ ਵਿੱਚ ਦਿਖਾਈ ਦਿੰਦਾ ਹੈ, ਪਰ ਇਸ ਨੇ ਤਿੰਨ ਮਹੱਤਵਪੂਰਨ ਦਰਾੜਾਂ ਪੈਦਾ ਕੀਤੀਆਂ: ਨਵੀਆਂ ਪੈਦਾ ਹੋਈਆਂ ਕੌਮੀ ਦੁਸ਼ਮਣੀਆਂ, ਵੱਖ ਵੱਖ ਗਣਰਾਜਾਂ ਵਿੱਚ ਪਿੱਛੇ ਰਹਿ ਗਏ ਰੂਸੀ ਲੋਕ ਅਤੇ ਵਿਵਾਦਿਤ ਇਲਾਕੇ। ਇਹ ਤਿੰਨੋਂ ਯੂਕਰੇਨ ਵਿੱਚ ਖਾਸ ਤੌਰ ਤੇ ਪ੍ਰਮੁੱਖ ਸਨ ਅਤੇ ਯੂਕਰੇਨ-ਰੂਸ ਲੜਾਈ ਦੇ ਮੁੱਖ ਕਾਰਨ ਸਨ। ਇਹਨਾਂ ਤਿੰਨਾਂ ਵਿੱਚੋਂ, ਸਭ ਤੋਂ ਮਹੱਤਵਪੂਰਨ ਨਵੀਆਂ ਪੈਦਾ ਹੋਈਆਂ ਕੌਮੀ ਦੁਸ਼ਮਣੀਆਂ ਹਨ ਜੋ ਕੈਂਚੀ ਦੇ ਫਲਕ੍ਰਮ (ਪਿਵਟ ਪਿਨ) ਵਜੋਂ ਕੰਮ ਕਰਦੇ ਹਨ ਅਤੇ ਲੜਾਈ ਨਾਲ ਜੁੜੇ ਕੈਂਚੀ ਦੇ ਅੰਦਰੂਨੀ ਅਤੇ ਬਾਹਰੀ ਫਲਾਂ ਨੂੰ ਜੋੜਦੇ ਹਨ।

ਕੌਮੀ ਦੁਸ਼ਮਣੀਆਂ ਯੂਕਰੇਨ ਵਿੱਚ ਖਾਸ ਤੌਰ 'ਤੇ ਪਰਚੰਡ ਸਾਬਤ ਹੋਈਆਂ ਹਨ, ਜਿਨ੍ਹਾਂ ਦਾ ਇਕ ਲੰਮਾ ਇਤਿਹਾਸਕ ਪਿਛੋਕੜ ਹੈ। ਯੂਕਰੇਨ ਅਤੇ ਡੌਨ ਦਾ ਖੇਤਰ ਰੂਸ ਦੇ 1918-1922 ਦੇ ਘਰੇਲੂ ਯੁੱਧ ਦੇ ਮੁੱਖ ਰਣਖੇਤਰ ਸਨ, ਜਿਵੇਂ ਕਿ ਮਿਖਾਇਲ ਸ਼ੋਲੋਖੋਵ ਦੇ ਮਹਾਂਕਾਵਿਕ ਨਾਵਲਾਂ ਐਂਡ ਕੁਆਈਟ ਫਲੋਜ਼ ਦੀ ਡਾਨ (ਡਾਨ ਵਹਿੰਦਾ ਰਿਹਾ) ਅਤੇ ਡਾਨ ਫਲੋਜ਼ ਹੋਮ ਟੂ ਦੀ ਸੀਅ ਵਿੱਚ ਦਰਸਾਇਆ ਗਿਆ ਹੈ। ਯੂਕਰੇਨ ਦੀ ਕੌਮੀ ਦੁਸ਼ਮਣੀ ਨੂੰ 1930 ਦੇ ਦਹਾਕੇ ਵਿੱਚ ਜੋਸਫ਼ ਸਟਾਲਿਨ ਵੱਲੋਂ ਯੂਕਰੇਨੀ ਖੇਤੀਬਾੜੀ ਦੇ ਸਮੂਹਕੀਕਰਨ ਨੇ ਹੋਰ ਵਧਾ ਦਿੱਤਾ ਸੀ, ਜੋ ਯੂਕਰੇਨ ਵਿੱਚ ਕਾਲ ਦਾ ਕਾਰਨ ਬਣਿਆ ਸੀ ਅਤੇ ਜਿੱਸ ਵਿੱਚ ਲੱਖਾਂ ਲੋਕ ਮਾਰੇ ਗਏ ਸਨ। ਯੂਕਰੇਨੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਉਸ ਕਾਲ ਨੂੰ ਸਿਆਸੀ ਤੌਰ 'ਤੇ ਵਰਤ ਕੇ ਰੂਸ-ਵਿਰੋਧੀ ਭਾਵਨਾਵਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਦਾਅਵਾ ਕੀਤਾ ਹੈ ਕਿ ਇਹ ਯੂਕਰੇਨ ਵਿੱਚ 'ਭੁੱਖਮਰੀ' ਨਾਲ ਪੈਦਾ ਹੋਈ ਨਸਲਕੁਸ਼ੀ ਸੀ। ਹਕੀਕਤ ਇਹ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਕਾਲ ਯੂਕਰੇਨ ਵਿਰੁੱਧ ਨਸਲੀ ਆਧਾਰ 'ਤੇ ਚਲਾਈ ਮੁਹਿੰਮ ਦਾ ਨਤੀਜਾ ਸੀ। ਬਲਕਿ, ਇਹ ਮਾੜੀਆਂ ਫਸਲਾਂ ਅਤੇ ਸਟਾਲਿਨ ਦੇ ਸ਼ਾਸਨ ਵੱਲੋਂ ਸੋਵੀਅਤ ਯੂਨੀਅਨ ਦੇ ਸਾਰੇ ਕਿਸਾਨ 'ਕੁਲਕ' ਵਰਗ ਵਿਰੁੱਧ ਚਲਾਈ ਮੁਹਿੰਮ ਦੇ ਸੰਯੋਗ ਦਾ ਨਤੀਜਾ ਸੀ।

1930ਵਿਆਂ ਵਿੱਚ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ, ਯੂਕਰੇਨ ਵਿੱਚ ਸਟੈਪਨ ਬਾਂਡੇਰਾ ਦੀ ਅਗਵਾਈ ਹੇਠ ਇੱਕ ਜ਼ੋਰਦਾਰ ਭੂਮੀਗਤ ਫਾਸ਼ੀਵਾਦੀ ਕੌਮਵਾਦੀ (ਫਾਸ਼ਿਸਟ ਨੈਸ਼ਨਲਿਸਟ) ਲਹਿਰ ਸੀ। ਉਨ੍ਹਾਂ ਤਾਕਤਾਂ ਨੇ ਨਾਜ਼ੀ ਜਰਮਨੀ ਨਾਲ ਮਿਲ ਕੇ ਸੋਵੀਅਤ ਯੂਨੀਅਨ ਵਿਰੁੱਧ ਲੜਾਈ ਲੜੀ ਸੀ ਅਤੇ ਯੂਕਰੇਨ ਵਿੱਚ ਯੂਕਰੇਨ ਦੀ ਯਹੂਦੀ ਆਬਾਦੀ ਦੇ ਕਤਲਾਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਤੇ 1950ਵਿਆਂ ਦੇ ਸ਼ੁਰੂ ਵਿੱਚ, ਉਨ੍ਹਾਂ ਨੇ ਪੱਛਮੀ ਯੂਕਰੇਨ ਵਿੱਚ ਹੇਠਲੀ ਪੱਧਰ ਦਾ ਵਿਦਰੋਹ ਜਾਰੀ ਰੱਖਿਆ, ਜਿਸ ਦੀ ਬਰਤਾਨੀਆ ਦੀ ਸੀਕਰੇਟ ਸਰਵਿਸ ਐਮ 16 ਅਤੇ ਕੁੱਝ ਹੱਦ ਤੱਕ ਸੀ ਆਈ ਏ ਨੇ ਮਦਦ ਕੀਤੀ ਸੀ।

ਸੋਵੀਅਤ ਯੂਨੀਅਨ ਦੇ ਟੁੱਟਣ ਨਾਲ, ਉਨ੍ਹਾਂ ਫਾਸ਼ੀਵਾਦੀ ਕੌਮਵਾਦੀ ਤਾਕਤਾਂ ਨੂੰ ਮੁੜ ਸੁਰਜੀਤ ਅਤੇ ਉਤਸ਼ਾਹਿਤ ਕੀਤਾ ਗਿਆ। ਉਹ 2014 ਦੇ ਮੇਡਨ ਦੇ ਰਾਜ ਪਲਟੇ ਤੋਂ ਬਾਅਦ ਕਾਫ਼ੀ ਡੂੰਘੀਆਂ ਹੋ ਗਈਆਂ, ਅਤੇ 2022 ਦੀ ਰੂਸੀ ਫੌਜੀ ਦਖਲਅੰਦਾਜ਼ੀ ਤੋਂ ਬਾਅਦ ਹੋਰ ਮਜ਼ਬੂਤ ਹੋ ਗਈਆਂ ਹਨ। ਹੁਣ ਬਾਂਡੇਰਾ ਯੂਕਰੇਨ ਵਿੱਚ ਇਕ ਵਿਆਪਕ ਅਤੇ ਅਧਿਕਾਰਤ ਤੌਰ 'ਤੇ ਮਸ਼ਹੂਰ ਹਸਤੀ ਹੈ, ਖਾਸ ਕਰਕੇ ਪੱਛਮੀ ਯੂਕਰੇਨ ਵਿੱਚ। ਉਸ ਦੇ ਨਾਂ ਤੇ ਗਲੀਆਂ ਦੇ ਨਾਂ ਰੱਖੇ ਗਏ ਹਨ, ਉਸ ਦੇ ਸਨਮਾਨ ਵਿੱਚ ਬੁੱਤ ਲਗਾਏ ਗਏ ਹਨ, ਉਸ ਦੀ ਤਸਵੀਰ ਡਾਕ ਟਿਕਟ 'ਤੇ ਹੈ ਅਤੇ ਉਸ ਨੂੰ ਕੌਮ ਦਾ ਹੀਰੋ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ, ਬਾਂਡੇਰਾ ਨੂੰ ਯੂਕਰੇਨ ਦੀ ਫੌਜ ਵੱਲੋਂ ਸਤਿਕਾਰਿਆ ਜਾਂਦਾ ਹੈ ਅਤੇ ਫੌਜ ਦੇ ਵਸ਼ਿਸ਼ਟ (ਇਲੀਟ) ਅਤੇ ਮਸ਼ਹੂਰ ਅੰਗ ਅਜ਼ੋਵ ਬ੍ਰਿਗੇਡ ਵਿੱਚ ਉਸ ਦੀ ਖਾਸ ਮਹੱਤਵਪੂਰਨ ਥਾਂ ਹੈ। ਸੰਨ 2022 ਦੀ ਰੂਸੀ ਦਖਲਅੰਦਾਜ਼ੀ ਤੋਂ ਪਹਿਲਾਂ ਇਸ ਭੈੜੀ ਹਕੀਕਤ ਨੂੰ ਸਯੁੰਕਤ ਰਾਜ ਅਮਰੀਕਾ ਅਤੇ ਪੱਛਮ ਵਿੱਚ ਵਿਆਪਕ ਤੌਰ ਤੇ ਸਵੀਕਾਰ ਕੀਤਾ ਜਾਂਦਾ ਸੀ, ਪਰ ਹੁਣ ਇਸ ਨੂੰ ਯੂਕਰੇਨ ਦੇ ਹੱਕ ਵਿੱਚ ਅਤੇ ਰੂਸ ਵਿਰੁੱਧ ਪ੍ਰਾਪੇਗੰਢੇ ਦੇ ਯਤਨਾਂ ਦੇ ਹਿੱਸੇ ਵਜੋਂ ਕਾਫ਼ੀ ਦਬਾ ਦਿੱਤਾ ਗਿਆ ਹੈ।

ਇਸ ਸੰਬੰਧ ਵਿੱਚ ਇਜ਼ਰਾਈਲ ਦਾ ਯੂਕਰੇਨ ਵੱਲ ਰਵੱਈਆ ਸਿੱਖਿਆ ਦੇਣ ਵਾਲਾ ਹੈ। ਲੜਾਈ ਦੌਰਾਨ, ਇਜ਼ਰਾਈਲ ਨੇ ਯੂਕਰੇਨ ਦੀ ਮਦਦ ਕਰਨ ਲਈ ਬਹੁਤ ਘੱਟ ਰੁਚੀ ਵਿਖਾਈ ਹੈ, ਭਾਵੇਂ ਕਿ ਦੋਵਾਂ ਦੇ ਸੰਯੁਕਤ ਰਾਜ ਅਮਰੀਕਾ ਨਾਲ ਨੇੜਲੇ ਸੰਬੰਧ ਹਨ ਅਤੇ ਅਮਰੀਕਾ ਦੋਵਾਂ ਦੀ ਹਿਮਾਇਤ ਕਰਦਾ ਹੈ। ਇਹ ਵਿਹਾਰ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਇਜ਼ਰਾਈਲ ਨੇ ਯੂਕਰੇਨ ਵਿੱਚ ਨਵ-ਨਾਜ਼ੀ ਗਤੀਵਿਧੀਆਂ ਦੀ ਵਿਆਪਕ ਮੌਜੂਦਗੀ ਅਤੇ ਸਰਕਾਰੀ ਸਮਰਥਨ ਬਾਰੇ ਵਾਰ-ਵਾਰ ਸ਼ਿਕਾਇਤਾਂ ਕੀਤੀਆਂ ਹਨ। ਇਜ਼ਰਾਈਲ ਦਾ ਰੁਖ ਯੂਕਰੇਨ ਅੰਦਰ ਦੁਸ਼ਮਣੀਆਂ ਦੇ ਚਰਿੱਤਰ ਦੀ ਭੈੜੀ ਹਕੀਕਤ ਦਾ ਘਿਰਣਾਯੋਗ ਸਬੂਤ ਹੈ।

ਸੰਖੇਪ ਵਿੱਚ ਮੁੜ ਸੁਰਜੀਤ ਕੀਤੀਆਂ ਕੌਮਵਾਦੀ ਦੁਸ਼ਮਣੀਆਂ ਯੂਕਰੇਨ ਵਿੱਚ ਖਾਸ ਤੌਰ ਤੇ ਗੰਭੀਰ ਤੇ ਭੈੜੀਆਂ ਸਨ। ਜੰਗ ਨੂੰ ਸਮਝਣ ਦੇ ਮਕਸਦ ਲਈ, ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਦੁਸ਼ਮਣੀਆਂ ਨੇ ਅਜਿਹੇ ਡੂੰਘੇ ਜ਼ਖਮ ਪੈਦਾ ਕੀਤੇ ਜਿਹਨਾਂ ਵਿੱਚੋਂ ਅੰਦਰ ਅਤੇ ਬਾਹਰ ਨੂੰ ਖ਼ੂਨ ਵਗਦਾ ਸੀ।

ਦੂਜੀ ਦਰਾੜ ਸਾਬਕਾ ਸੋਵੀਅਤ ਗਣਰਾਜਾਂ ਵਿੱਚ ਪਿੱਛੇ ਰਹਿ ਗਏ ਰੂਸੀ ਲੋਕਾਂ ਦੀਆਂ ਅਬਾਦੀਆਂ ਨਾਲ ਸੰਬੰਧਿਤ ਸੀ। ਇੱਕ ਵਾਰ ਫਿਰ, ਇਹ ਸਮੱਸਿਆ ਯੂਕਰੇਨ ਵਿੱਚ ਖਾਸ ਤੌਰ ਤੇ ਪਰਚੰਡ ਸੀ, ਜਿੱਥੇ ਸੋਵੀਅਤ ਯੂਨੀਅਨ ਦੌਰਾਨ ਬਣਾਈਆਂ ਸਰਹੱਦਾਂ ਅਧੀਨ ਜ਼ਮੀਨ ਦੇ ਅਜਿਹੇ ਵੱਡੇ ਇਲਾਕੇ ਯੂਕਰੇਨ ਵਿੱਚ ਸ਼ਾਮਲ ਕੀਤੇ ਗਏ ਸਨ ਜੋ ਭਾਸ਼ਾਈ ਅਤੇ ਸਭਿਆਚਾਰਕ ਤੌਰ 'ਤੇ ਰੂਸੀ ਸਨ। ਅਬਾਦੀ ਦੀ ਇਹ ਸਮੱਸਿਆ ਸਾਬਕਾ ਬਾਲਟਿਕ ਗਣਰਾਜਾਂ ਵਿੱਚ ਵੀ ਮਹੱਤਵਪੂਰਨ ਸੀ, ਖਾਸ ਕਰਕੇ ਲਾਤਵੀਆ ਅਤੇ ਐਸਟੋਨੀਆ ਅਤੇ ਜਾਰਜੀਆ ਵਿੱਚ।

1989 ਵਿੱਚ, ਰੂਸੀ ਮੂਲ ਦੇ ਲੋਕ ਯੂਕਰੇਨ ਦੀ 51.5 ਮਿਲੀਅਨ ਆਬਾਦੀ ਦਾ 22.1 ਪ੍ਰਤੀਸ਼ਤ ਸਨ। ਰੂਸੀ ਭਾਸ਼ਾ ਬੋਲਣ ਵਾਲੇ ਦੇਸ਼ ਦੇ ਪੂਰਬ ਅਤੇ ਦੱਖਣ ਵਿੱਚ ਭਾਰੀ ਗਿਣਤੀ ਵਿੱਚ ਉਹਨਾਂ ਇਲਾਕਿਆਂ ਵਿੱਚ ਕੇਂਦਰਿਤ ਸਨ, ਜੋ ਇਤਿਹਾਸਕ ਤੌਰ 'ਤੇ ਰੂਸ ਦਾ ਹਿੱਸਾ ਰਹੇ ਸਨ। ਰੂਸੀ ਭਾਸ਼ਾ ਬੋਲਣ ਵਾਲਿਆਂ ਦੀ ਇਸ ਕੇਂਦਰਿਤ ਗਿਣਤੀ ਦੇ ਪੈਟਰਨ ਦਾ ਮਤਲਬ ਸੀ ਕਿ ਯੂਕਰੇਨ ਸਿਆਸੀ ਤੌਰ 'ਤੇ ਵੰਡਿਆ ਹੋਇਆ ਸੀ ਅਤੇ ਬਦਤਰ ਨਜ਼ਰੀਏ ਅਨੁਸਾਰ, ਘਰੇਲੂ ਯੁੱਧ ਅਤੇ ਵੱਖਵਾਦ ਲਈ ਤਿਆਰ ਸੀ।

ਡੂੰਘੀ ਸਿਆਸੀ ਵੰਡ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ 2010 ਦੀ ਰਾਸ਼ਟਰਪਤੀ ਦੀ ਚੋਣ ਦੇ ਦੂਜੇ ਰਾਊਂਡ ਵਿੱਚ ਦੇਸ਼ ਦੇ ਪੂਰਬੀ ਅੱਧੇ ਹਿੱਸੇ ਨੇ ਪੂਰੀ ਤਰ੍ਹਾਂ ਯਾਨੂਕੋਵਿਚ ਨੂੰ ਵੋਟਾਂ ਪਾਈਆਂ ਸਨ ਅਤੇ ਪੱਛਮੀ ਅੱਧੇ ਹਿੱਸੇ ਨੇ ਪੂਰੀ ਤਰ੍ਹਾਂ ਨੈਸ਼ਨਲਿਸਟ ਯੂਲੀਆ ਤਿਮੋਸ਼ੈਂਕੋ ਨੂੰ ਵੋਟਾਂ ਪਾਈਆਂ ਸਨ।

ਪਿੱਛੇ ਰਹਿ ਗਏ ਰੂਸੀ ਮੂਲ ਦੇ ਲੋਕਾਂ ਦੀ ਸਮੱਸਿਆ ਫਿਰ ਕੌਮੀ ਦੁਸ਼ਮਣੀਆਂ ਦੀ ਸਮੱਸਿਆ ਨਾਲ ਜੁੜ ਗਈ ਜਦੋਂ ਨਵੇਂ ਅਜ਼ਾਦ ਗਣਰਾਜਾਂ ਨੇ ਕੌਮਵਾਦੀ ਸੱਭਿਆਚਾਰਕ ਸਫ਼ਾਏ (ਨੈਸ਼ਨਲਿਸਟ ਕਲਚਰਲ ਕਲੈਨਜ਼ਿੰਗ) ਦੀਆਂ ਨੀਤੀਆਂ ਅਪਣਾਈਆਂ ਜੋ ਰੂਸੀ ਸੱਭਿਆਚਾਰ ਅਤੇ ਭਾਸ਼ਾ ਦੇ ਇਤਿਹਾਸ ਅਤੇ ਮੌਜੂਦਗੀ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੀਆਂ ਸਨ। ਅਜਿਹਾ ਸੱਭਿਆਚਾਰਕ ਸਫ਼ਾਇਆ ਸਿਆਸੀ ਡਰਾਵੇ ਅਤੇ ਵਿਤਕਰੇ ਦਾ ਇੱਕ ਰੂਪ ਹੈ। ਇੱਕ ਵਾਰ ਫਿਰ, ਯੂਕਰੇਨ ਇਨ੍ਹਾਂ ਮਾਮਲਿਆਂ ਵਿੱਚ ਸਭ ਤੋਂ ਬੁਰਾ ਸੀ, ਉਸ ਤੋਂ ਬਾਅਦ ਬਾਲਟਿਕ ਗਣਰਾਜ ਆਉਂਦੇ ਹਨ। ਯੂਕਰੇਨ ਦਾ ਸੱਭਿਆਚਾਰਕ ਸਫਾਇਆ ਉਹਨਾਂ ਲੜੀਵਾਰ ਕਾਨੂੰਨਾਂ ਵਿੱਚ ਪ੍ਰਤੱਖ ਦਿਖਾਈ ਦਿੰਦਾ ਹੈ ਜੋ ਸਿਰਫ ਯੂਕਰੇਨੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿੰਦੇ ਹਨ ਅਤੇ ਰੂਸੀ 'ਤੇ ਪਾਬੰਦੀ ਲਗਾਉਂਦੇ ਹਨ। ਇਹ ਰੂਸੀ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਿਕ ਵਿਅਕਤੀਆਂ ਨੂੰ ਸਨਮਾਨਿਤ ਕਰਨ ਵਾਲੇ ਸਮਾਰਕਾਂ ਨੂੰ ਗੈਰਕਾਨੂੰਨੀ ਠਹਿਰਾਉਣ ਅਤੇ ਢਾਹੁਣ ਦੇ ਅਮਲ ਵਿੱਚ ਵੀ ਪ੍ਰਤੱਖ ਦਿਖਾਈ ਦਿੰਦਾ ਹੈ, ਜੋ ਰੂਸ ਦੇ ਦਖਲ ਤੋਂ ਬਾਅਦ ਤੇਜ਼ ਹੋ ਗਿਆ ਹੈ।

ਆਖਰ ਵਿੱਚ ਪਿੱਛੇ ਰਹਿ ਗਏ ਰੂਸੀ ਮੂਲ ਦੇ ਲੋਕਾਂ ਦੀ ਕਿਸਮਤ ਅਤੇ ਉਹਨਾਂ ਨਾਲ ਹੁੰਦਾ ਸਲੂਕ ਜਾਤੀ (ਐਥਨਿਕ) ਪਛਾਣ ਕਰਕੇ ਰੂਸ ਲਈ ਸਿਆਸੀ ਚਿੰਤਾ ਦਾ ਵੀ ਵਿਸ਼ਾ ਸੀ। ਇਹ ਲੋਕ ਸੋਵੀਅਤ ਯੂਨੀਅਨ ਦੇ ਨਾਗਰਿਕ ਸਨ ਅਤੇ ਉਹ ਯੂਐਸਐਸਆਰ ਦੇ ਅਚਾਨਕ ਟੁੱਟਣ ਕਾਰਨ ਰੂਸ ਤੋਂ ਸਿਆਸੀ ਤੌਰ ਤੇ ਵੱਖ ਹੋ ਗਏ। ਭਾਵੇਂ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਅਮਲ ਦੀਆਂ ਸ਼ਰਤਾਂ ਅਨੁਸਾਰ ਉਹ ਰੂਸੀ ਨਾਗਰਿਕ ਨਹੀਂ ਸਨ, ਪਰ ਉਹ ਭਾਸ਼ਾ, ਸੱਭਿਆਚਾਰ ਅਤੇ ਪਛਾਣ ਦੇ ਮਾਮਲੇ ਵਿੱਚ ਇਤਿਹਾਸਕ ਤੌਰ ਤੇ ਰੂਸ ਨਾਲ ਜੁੜੇ ਹੋਏ ਸਨ ਅਤੇ ਆਪਣੇ ਆਪ ਨੂੰ ਰੂਸੀ ਸਮਝਦੇ ਸਨ। ਨਤੀਜੇ ਵਜੋਂ ਪਿੱਛੇ ਰਹਿ ਗਏ ਰੂਸੀ ਲੋਕਾਂ ਦੀਆਂ ਅਬਾਦੀਆਂ ਨੇ ਰੂਸ ਨੂੰ ਸਾਬਕਾ ਗਣਰਾਜਾਂ ਅੰਦਰ ਨਰਮ ਸ਼ਕਤੀ (ਸਾਫਟ ਪਾਵਰ) ਸਥਾਪਤ ਕਰਨ ਦਾ ਮੌਕਾ ਦਿੱਤਾ। ਇਸ ਤੋਂ ਇਲਾਵਾ, ਪੂਰਬ ਅਤੇ ਦੱਖਣ ਵਿੱਚ ਬਹੁਤ ਸਾਰੇ ਰੂਸੀ ਬੋਲਣ ਵਾਲੇ ਯੂਕਰੇਨੀਆਂ ਕੋਲ ਰੂਸੀ ਅਤੇ ਯੂਕਰੇਨੀ ਦੋਵੇਂ ਨਾਗਰਿਕਤਾਵਾਂ ਸਨ।

ਤੀਜੀ ਦਰਾੜ ਵਿਵਾਦਿਤ ਖੇਤਰਾਂ ਨਾਲ

ਸੰਬੰਧਿਤ ਸੀ। ਇਹ ਦਰਾੜ ਸ਼ੁਰੂ ਵਿੱਚ ਸਭ ਤੋਂ ਘੱਟ ਮਹੱਤਵਪੂਰਨ ਸੀ, ਪਰ ਇਹ ਹੌਲੀ ਹੌਲੀ ਵਧਦੀ ਹੋਈ ਇੱਕ ਨਿਰਣਾਇਕ ਮੁੱਦਾ ਬਣ ਗਈ ਹੈ। ਰੂਸ ਨੇ ਹਮੇਸ਼ਾਂ ਮਹਿਸੂਸ ਕੀਤਾ ਹੈ ਕਿ ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਉਸ ਨੂੰ ਖੇਤਰੀ ਤੌਰ 'ਤੇ ਘਾਟਾ ਪਿਆ ਹੈ। ਯੂਕਰੇਨ ਦੇ ਪੂਰਬੀ ਅਤੇ ਦੱਖਣੀ ਹਿੱਸਿਆਂ ਵਿੱਚ 1922 ਅਤੇ 1954 ਵਿੱਚ ਕ੍ਰਮਵਾਰ ਕੀਤੇ ਵਾਧੇ ਉਦੋਂ ਹੋਏ ਸਨ ਜਦੋਂ ਯੂਕਰੇਨ ਅਤੇ ਰੂਸ ਸੋਵੀਅਤ ਯੂਨੀਅਨ ਅਧੀਨ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ ਅਤੇ ਸੋਵੀਅਤ ਯੂਨੀਅਨ ਦੇ ਟੁੱਟਣ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਸੀ। ਇਸ ਦੇ ਬਾਵਜੂਦ, ਰੂਸ ਨੇ ਸ਼ੁਰੂ ਵਿੱਚ 1994 ਦੇ ਬੁਖਾਰੈਸਟ ਮੈਮੋਰੈਂਡਮ ਸਮਝੌਤੇ ਰਾਹੀਂ ਬੇਲਾਰੂਸ, ਕਜ਼ਾਖਸਤਾਨ ਅਤੇ ਯੂਕਰੇਨ ਦੀਆਂ ਨਵੀਆਂ ਸਰਹੱਦਾਂ ਨੂੰ ਮੰਨ ਲਿਆ ਸੀ। ਸਰਹੱਦਾਂ ਦੀ ਮਾਨਤਾ ਦੇ ਬਦਲੇ, ਤਿੰਨਾਂ ਹੀ ਸਾਬਕਾ ਗਣਰਾਜਾਂ ਨੇ ਸਾਰੇ ਪਰਮਾਣੂ ਹਥਿਆਰ ਵਾਪਸ ਕੀਤੇ ਸਨ ਅਤੇ ਨਿਊਕਲੀਅਰ ਨੌਨ-ਪਰੋਲੀਫਿਰੇਸ਼ਨ ਟਰੀਟੀ (ਪ੍ਰਮਾਣੂ ਪਸਾਰ ਨਾ ਕਰਨ ਦੀ ਸੰਧੀ) 'ਤੇ ਦਸਤਖਤ ਕੀਤੇ ਸਨ। ਇਸ ਤੋਂ ਇਲਾਵਾ, ਸੇਵਾਸਟੋਪੋਲ ਵਿੱਚ ਰੂਸ ਦੇ ਕਾਲੇ ਸਾਗਰ ਵਿੱਚਲੇ ਨੌਸੈਨਾ ਅੱਡੇ (ਬਲੈਕ ਸੀ ਨੇਵਲ ਬੇਸ) ਦੀ ਸਮੱਸਿਆ ਨੂੰ 1997 ਵਿੱਚ ਲੰਮੇ ਸਮੇਂ ਲਈ ਲੀਜ਼ ਦੇ ਸਮਝੌਤੇ 'ਤੇ ਦਸਖ਼ਤ ਕਰਕੇ ਹੱਲ ਕੀਤਾ ਗਿਆ ਸੀ ਜਿਸ ਵਿੱਚ 2010 ਵਿੱਚ ਖਾਰਕੀਵ ਸਮਝੌਤੇ ਨਾਲ ਵਾਧਾ ਕੀਤਾ ਗਿਆ ਸੀ।

ਉਹ ਨਾਜ਼ੁਕ ਖੇਤਰੀ ਸੰਤੁਲਨ ਅਮਰੀਕਾ ਦੇ ਸਮਰਥਨ ਨਾਲ ਕੀਤੇ 2014 ਦੇ ਮੇਡਨ ਰਾਜਪਲਟੇ ਨਾਲ ਤਬਾਹ ਹੋ ਗਿਆ, ਜਿਸ ਨੇ ਚੁਣੇ ਹੋਏ ਰਾਸ਼ਟਰਪਤੀ ਨੂੰ ਗੱਦੀਉਂ ਲਾਹਿਆ ਸੀ ਅਤੇ ਇਕ ਰੂਸ ਵਿਰੋਧੀ ਕੌਮਵਾਦੀ (ਐਂਟੀ ਰਸ਼ੀਅਨ ਨੈਸ਼ਨਲਿਸਟ) ਨੂੰ ਸੱਤਾ 'ਤੇ ਬਿਠਾਇਆ ਸੀ। ਇਸ ਦੇ ਜੁਆਬ ਵਿੱਚ ਰੂਸ ਨੇ ਇਕ ਜਨਮਤ (ਪਲੈਬੀਸਾਈਟ) ਤੋਂ ਬਾਅਦ ਕ੍ਰੀਮੀਆ ਦੀ ਜ਼ਿਆਦਾਤਰ ਰੂਸੀ ਬੋਲਣ ਵਾਲੀ ਆਬਾਦੀ ਦੇ ਮਜ਼ਬੂਤ ਸਮਰਥਨ ਨਾਲ ਕ੍ਰੀਮੀਆ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਯੂਕਰੇਨ ਅੰਦਰ ਘਰੇਲੂ ਜੰਗ ਵੀ ਭੜਕ ਉੱਠੀ, ਜਿਸ ਵਿੱਚ ਡੌਨਬਾਸ ਦੇ ਚਾਰ ਪੂਰਬੀ ਪ੍ਰਾਂਤਾਂ ਨੇ ਰਾਜਪਲਟੇ ਦੀ ਵੈਧਤਾ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਨੇ ਖੇਤਰੀ ਦਰਾੜ ਨੂੰ ਪਿੱਛੇ ਰਹਿ ਗਏ ਰੂਸੀ ਜਾਤੀ ਦੇ ਲੋਕਾਂ ਦੇ ਮੁੱਦੇ ਨਾਲ ਜੋੜ ਦਿੱਤਾ।

ਇਸ ਤੋਂ ਬਾਅਦ ਇੱਕ ਦੂਜਾ ਨਾਜ਼ੁਕ ਸੰਤੁਲਨ ਹੋਂਦ ਵਿੱਚ ਆਇਆ, ਜਿਸ ਵਿੱਚ ਰੂਸ ਨੇ ਨੇਟੋ ਨਾਲ ਮਿਲ ਕੇ 2014 ਵਿੱਚ ਸ਼ੁਰੂ ਕੀਤੀ ਗਈ ਮਿੰਸਕ ਸ਼ਾਂਤੀ ਪ੍ਰਕਿਰਿਆ ਰਾਹੀਂ ਘਰੇਲੂ ਜੰਗ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਪ੍ਰਕਿਰਿਆ ਦਾ ਮਕਸਦ ਡੌਨਬਾਸ ਵਿੱਚ ਲੜਾਈ ਨੂੰ ਖਤਮ ਕਰਨਾ ਅਤੇ ਇੱਕ ਅਜਿਹਾ ਸਿਆਸੀ ਹੱਲ ਲੱਭਣਾ ਸੀ ਜੋ ਖੇਤਰ ਨੂੰ ਸਭ ਧਿਰਾਂ ਨੂੰ ਸਵੀਕਾਰ ਹੋਣ ਵਾਲੀ ਖੁਦਮੁਖਤਾਰੀ ਪ੍ਰਦਾਨ ਕਰੇ। ਇਹ ਦੂਜਾ ਸੰਤੁਲਨ ਵਧੇਰੇ ਕਮਜ਼ੋਰ ਹੁੰਦਾ ਗਿਆ ਅਤੇ ਅੰਤ ਵਿੱਚ ਰੂਸ ਦੀ 2022 ਦੀ ਫੌਜੀ ਦਖਲਅੰਦਾਜ਼ੀ ਅਤੇ ਡੌਨਬਾਸ ਦੇ ਪ੍ਰਾਂਤਾਂ ਨੂੰ ਕਬਜ਼ੇ ਵਿੱਚ ਲੈਣ ਨਾਲ ਖਤਮ ਹੋ ਗਿਆ। ਇਸ ਕਬਜ਼ੇ ਨੇ ਵਿਵਾਦਿਤ ਖੇਤਰਾਂ ਦੀ ਦਰਾੜ ਨੂੰ ਯੂਕਰੇਨ ਦੇ ਨੇਟੋ ਨਾਲ ਸੰਬੰਧ ਨਾਲ ਮਿਲ ਕੇ ਇਕ ਜ਼ਰੂਰੀ ਮੁੱਦੇ ਵਿੱਚ ਬਦਲ ਦਿੱਤਾ।

**ਬਾਹਰੀ ਫਲ: ਲੜਾਈ ਦੇ ਭੂ-ਰਾਜਨੀਤਕ ਕਾਰਨ**

ਲੜਾਈ ਵਾਲੀ ਕੈਂਚੀ ਦਾ ਦੂਜਾ ਫਲ (ਬਲੇਡ) ਲੜਾਈ ਦੇ ਬਾਹਰੀ ਚਾਰ ਕਾਰਨ ਹਨ। ਉਹਨਾਂ ਵਿੱਚ ਸ਼ਾਮਲ ਹਨ: ਅਮਰੀਕਾ ਦੀ ਅਗਵਾਈ ਵਿੱਚ ਨੇਟੋ ਦਾ ਪੂਰਬ ਵੱਲ ਪਸਾਰ, ਯੂਕਰੇਨ ਵਿੱਚ ਅਮਰੀਕਾ ਦੀ ਅੰਦਰੂਨੀ ਦਖਲਅੰਦਾਜ਼ੀ, ਅਮਰੀਕਾ ਦੀ ਨਿਉਕਨਜ਼ਰਵੇਟਿਵ ਭੂ-ਰਾਜਨੀਤਿਕ ਰਣਨੀਤੀ (ਜਿਸ ਨੂੰ ਅਮਰੀਕਾ ਦੇ ਮਿਲਟਰੀ ਇੰਡਸਟ ?ਰੀਅਲ ਕੰਪਲੈਕਸ ਦਾ ਸਮਰਥਨ ਪ੍ਰਾਪਤ ਹੈ), ਅਤੇ ਜਮਹੂਰੀਅਤ ਲਈ ਅਖੌਤੀ ਉਤਸ਼ਾਹ। ਸੰਯੁਕਤ ਰਾਜ ਅਮਰੀਕਾ ਇਨ੍ਹਾਂ ਚਾਰੇ ਬਾਹਰੀ ਕਾਰਨਾਂ ਦੇ ਪਿੱਛੇ ਕੰਮ ਕਰਦੀ ਸ਼ਕਤੀ ਹੈ, ਇਸ ਲਈ ਇਹ ਜਾਇਜ਼ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਾਸ਼ਿੰਗਟਨ ਨੇ ਲੜਾਈ ਨੂੰ ਉਕਸਾਇਆ ਹੈ ਅਤੇ ਚਲਦੀ ਰੱਖਿਆ ਹੈ।

ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਬਾਹਰੀ ਕਾਰਨ ਅਮਰੀਕਾ ਦੀ ਅਗਵਾਈ ਵਿੱਚ ਨੇਟੋ ਦਾ ਪੂਰਬ ਵੱਲ ਪਸਾਰ ਹੈ। ਪਸਾਰ ਦਾ ਇਹ ਏਜੰਡਾ ਵਾਸ਼ਿੰਗਟਨ ਤੋਂ ਉਗਮਿਆ ਸੀ ਅਤੇ ਇਸ ਨੂੰ ਬਿੱਲ ਕਲਿੰਟਨ ਦੇ ਪ੍ਰਸ਼ਾਸਨ ਨੇ 1994 ਵਿੱਚ ਅਧਿਕਾਰਤ ਤੌਰ ਤੇ ਹਰੀ ਝੰਡੀ ਦਿੱਤੀ ਸੀ।

ਇੱਕ ਪ੍ਰਵਾਨਿਤ ਤੱਥ ਇਹ ਹੈ ਕਿ ਪੂਰਬੀ ਜਰਮਨੀ ਦੀ ਮੈਂਬਰਸ਼ਿਪ ਨੂੰ ਛੱਡ ਕੇ, ਰੂਸ ਨੇ ਇਸ ਪਸਾਰ ਦਾ ਲਗਾਤਾਰ ਵਿਰੋਧ ਕੀਤਾ ਹੈ। ਉਸ ਦੀ ਹਮੇਸ਼ਾਂ ਇਹ ਦਲੀਲ ਰਹੀ ਹੈ ਕਿ ਨੇਟੋ ਦਾ ਪੂਰਬ ਵੱਲ ਪਸਾਰ ਰੂਸ ਦੀ ਕੌਮੀ ਸੁਰੱਖਿਆ ਲਈ ਖਤਰਾ ਪੈਦਾ ਕਰਦਾ ਹੈ। ਰੂਸ ਇਹ ਵੀ ਦਾਅਵਾ ਕਰਦਾ ਹੈ ਕਿ ਇਹ ਠੰਢੀ ਜੰਗ ਨੂੰ ਖਤਮ ਕਰਨ ਅਤੇ ਵਾਰਸਾ ਪੈਕਟ ਨੂੰ ਭੰਗ ਕਰਨ ਦੇ ਹਿੱਸੇ ਵਜੋਂ ਗੋਰਬਾਚੋਵ ਨਾਲ ਕੀਤੇ ਸਮਝੌਤੇ ਅਤੇ ਉਸ ਨੂੰ ਦਿੱਤੇ ਭਰੋਸਿਆਂ ਦੀ ਉਲੰਘਣਾ ਹੈ। ਸੰਨ 1994 ਵਿੱਚ, ਰਾਸ਼ਟਰਪਤੀ ਬੋਰਿਸ ਯੈਲਤਸਿਨ ਨੇ ਕਲਿੰਟਨ ਨਾਲ ਆਪਣੇ ਸਿਖਰ ਸੰਮੇਲਨ ਵਿੱਚ ਨੇਟੋ ਦੇ ਪਸਾਰ ਦਾ ਗੁੱਸੇ ਨਾਲ ਅਤੇ ਖੁੱਲ੍ਹੇਆਮ ਵਿਰੋਧ ਕੀਤਾ ਸੀ। ਇਹ ਘਟਨਾ ਪੱਛਮੀ ਮੀਡੀਏ ਵਲੋਂ ਇਕ ਹਊਏ (ਬੋਗੀਮੈਨ) ਵਜੋਂ ਚਿਤਰੇ ਜਾਂਦੇ ਵਲਾਦੀਮੀਰ ਪੁਤਿਨ ਦੇ ਉਭਾਰ ਤੋਂ ਬਹੁਤ ਪਹਿਲਾਂ ਦੀ ਹੈ ਅਤੇ ਇਹ ਦਿਖਾਉਂਦੀ ਹੈ ਕਿ ਨੇਟੋ ਦੇ ਪਸਾਰ ਦੇ ਨਤੀਜਿਆਂ ਨੂੰ ਪੁਤਿਨ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਯੈਲਤਸਿਨ ਸ਼ਾਂਤੀ ਲਈ ਭਾਈਵਾਲ ਸੀ, ਫਿਰ ਵੀ ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਨੇ ਠੰਡੀ ਜੰਗ ਨੂੰ ਖਤਮ ਕਰਨ ਲਈ ਗੋਰਬਾਚੋਵ ਨਾਲ ਬਣਾਈ ਸਮਝ ਤੋਂ ਮੂੰਹ ਮੋੜ ਲਿਆ ਸੀ।

ਰਣਨੀਤਕ ਨਜ਼ਰੀਏ ਤੋਂ ਨੇਟੋ ਦਾ ਪੂਰਬ ਵੱਲ ਪਸਾਰ ਇਕ ਤਿੰਨ-ਪੜਾਵੀ ਅਮਲ ਵਜੋਂ ਦਿਖਾਈ ਦਿੰਦਾ ਹੈ। ਪਹਿਲੇ ਪੜਾਅ ਵਿੱਚ 1999 ਵਿੱਚ ਮੱਧ ਯੂਰਪ ਦੇ ਵਾਰਸਾ ਪੈਕਟ ਦੇ ਸਾਬਕਾ ਮੈਂਬਰ ਮੁੱਖ ਦੇਸ਼ਾਂ (ਚੈੱਕ ਗਣਰਾਜ, ਹੰਗਰੀ ਅਤੇ ਪੋਲੈਂਡ) ਨੂੰ ਸ਼ਾਮਲ ਕੀਤਾ ਗਿਆ। ਦੂਜੇ ਪੜਾਅ ਵਿੱਚ 2004 ਵਿੱਚ ਸਾਬਕਾ ਬਾਲਟਿਕ ਗਣਰਾਜਾਂ (ਐਸਟੋਨੀਆ, ਲਾਤਵੀਆ ਅਤੇ ਲਿਥੂਆਨੀਆ) ਨੂੰ ਸ਼ਾਮਲ ਕੀਤਾ ਗਿਆ, ਜਿਸ ਨੇ ਇਸ ਅਮਲ ਨੂੰ ਹੋਰ ਤਿੱਖਾ ਕਰ ਦਿੱਤਾ ਕਿਉਂਕਿ ਇਸ ਵਿੱਚ ਸਾਬਕਾ ਸੋਵੀਅਤ ਯੂਨੀਅਨ ਦੇ ਉਹ ਹਿੱਸੇ ਸ਼ਾਮਲ ਕੀਤੇ ਗਏ ਜਿਹਨਾਂ ਦੀਆਂ ਸਰਹੱਦਾਂ ਰੂਸ ਨਾਲ ਲਗਦੀਆਂ ਸਨ। ਤੀਜਾ ਪੜਾਅ, ਜੋ ਅਜੇ ਮੁਕੰਮਲ ਨਹੀਂ ਹੋਇਆ, ਯੂਕਰੇਨ ਅਤੇ ਜਾਰਜੀਆ ਨਾਲ ਤੀਬਰ ਗੱਲਬਾਤ ਨਾਲ ਸੰਬੰਧਿਤ ਹੈ, ਜਿਸ ਦਾ ਮਕਸਦ ਸਾਬਕਾ ਸੋਵੀਅਤ ਯੂਨੀਅਨ ਦੇ ਇਹਨਾਂ ਸਾਬਕਾ ਗਣਰਾਜਾਂ ਨੂੰ ਨੇਟੋ ਵਿੱਚ ਸ਼ਾਮਲ ਕਰਨਾ ਹੈ। ਇਸ ਨਾਲ ਨੇਟੋ ਦਾ ਸਾਬਕਾ ਸੋਵੀਅਤ ਯੂਨੀਅਨ ਵਿੱਚ ਪ੍ਰਵੇਸ਼ ਬਹੁਤ ਜ਼ਿਆਦਾ ਵਧ ਜਾਂਦਾ ਅਤੇ ਰੂਸ ਦੁਆਲੇ ਘੇਰੇ ਨੂੰ ਹੋਰ ਵਿਸ਼ਾਲ ਕਰ ਦਿੰਦਾ ਹੈ। (ਚੌਥੇ ਪੜਾਅ ਵਿੱਚ, ਯੂਕਰੇਨੀ-ਰੂਸੀ ਜੰਗ ਸ਼ੁਰੂ ਹੋਣ ਤੋਂ ਬਾਅਦ, ਫਿਨਲੈਂਡ ਅਤੇ ਸਵੀਡਨ ਨੂੰ ਕ੍ਰਮਵਾਰ 2023 ਅਤੇ 2024 ਵਿੱਚ ਨੇਟੋ ਵਿੱਚ ਸ਼ਾਮਲ ਕੀਤਾ ਗਿਆ।)

ਇਸ ਤੋਂ ਇਲਾਵਾ, ਯੂਕਰੇਨ ਰੂਸ ਦੇ ਦਿਲ ਵਿੱਚ ਇੱਕ ਬਰਛੇ ਵਾਂਗ ਖੁੱਭਿਆ ਹੋਇਆ ਹੈ। ਆਪਣੇ ਸਭ ਤੋਂ ਨੇੜੇ ਦੇ ਬਿੰਦੂ ਤੋਂ, ਇਸ ਦੀ ਸਰਹੱਦ ਮਾਸਕੋ ਤੋਂ ਸਿਰਫ਼ ਤਿੰਨ ਸੌ ਮੀਲ ਦੂਰ ਹੈ। ਨਤੀਜੇ ਵਜੋਂ, ਯੂਕਰੇਨ ਨੂੰ ਨੇਟੋ ਵਿੱਚ ਸ਼ਾਮਲ ਕਰਨ ਨਾਲ ਰੂਸ ਅਤੇ ਨੇਟੋ ਦੇ ਮੈਂਬਰ ਮੁਲਕਾਂ ਵਿਚਕਾਰ ਪੈਂਦੀ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਨਿਰਪੱਖ ਜ਼ਮੀਨ (ਲੈਂਡ ਬਫਰ) ਖਤਮ ਹੋ ਜਾਵੇਗੀ ਅਤੇ ਨੇਟੋ ਦੀਆਂ ਛੋਟੀ ਅਤੇ ਮੱਧਮ ਦੂਰੀ ਦੀਆਂ ਮਿਜ਼ਾਈਲਾਂ ਰੂਸ ਦੇ ਕੇਂਦਰੀ ਇਲਾਕੇ ਨੂੰ ਖਤਰੇ ਵਿੱਚ ਪਾ ਸਕਣਗੀਆਂ। ਇਹ ਸਾਰੇ ਡਰ ਵਰਤਮਾਨ ਲੜਾਈ ਨਾਲ ਸੱਚ ਸਾਬਤ ਹੋ ਚੁੱਕੇ ਹਨ।

ਇਨ੍ਹਾਂ ਕਾਰਨਾਂ ਕਰਕੇ, ਪੜਾਅ 3 ਵੱਲੋਂ ਪੈਦਾ ਕੀਤਾ ਖਤਰਾ ਊਠ ਦੀ ਪਿੱਠ ਨੂੰ ਤੋੜਨ ਵਾਲਾ ਆਖਰੀ ਤਿਣਕਾ ਸਾਬਤ ਹੋਇਆ। ਇਸ ਲਈ, ਰੂਸ ਨੇ ਹੋਰ ਪਸਾਰ ਨੂੰ ਰੋਕਣ ਲਈ ਫੌਜੀ ਤਾਕਤ ਨਾਲ ਜਵਾਬ ਦਿੱਤਾ। ਸੰਨ 2008 ਵਿੱਚ, ਰੂਸ ਨੇ ਤਾਕਤ ਦੀ ਵਰਤੋਂ ਕਰਕੇ ਜਾਰਜੀਆ ਵੱਲੋਂ ਅਮਰੀਕਾ ਦੇ ਉਤਸ਼ਾਹ ਨਾਲ ਦੱਖਣੀ ਉਸੇਸ਼ੀਆ ਨੂੰ ਮੁੜ ਕਬਜ਼ੇ ਵਿੱਚ ਲੈਣ ਲਈ ਕੀਤੀ ਜਾ ਰਹੀ ਕੋਸ਼ਿਸ਼ ਨੂੰ ਰੋਕਿਆ ਸੀ ਅਤੇ ਸੰਨ 2014 ਵਿੱਚ ਇਸ ਨੇ ਯੂਕਰੇਨ ਵਿੱਚ ਦਖਲ ਦਿੱਤਾ। ਜਾਰਜੀਆ ਦੀ ਲੜਾਈ ਸ਼ਾਂਤ ਹੋ ਗਈ, ਪਰ ਯੂਕਰੇਨ ਵਿੱਚ ਇਹ ਬਹੁਤ ਬਦਤਰ ਅੰਦਰੂਨੀ ਦਰਾੜਾਂ ਅਤੇ ਅਮਰੀਕਾ ਦੀ ਅੰਦਰੂਨੀ ਦਖਲਅੰਦਾਜ਼ੀਆਂ ਕਾਰਨ ਦੁੱਖਦ ਤੌਰ ਤੇ ਹੋਰ ਡੂੰਘੀ ਹੋ ਗਈ।

ਨੇਟੋ ਦੇ ਪਸਾਰ ਨਾਲ ਕਈ ਸਵਾਲ ਉਠਦੇ ਹਨ, ਜਿਨ੍ਹਾਂ ਵਿੱਚੋਂ ਪਹਿਲਾ ਹੈ: ਕੀ ਪਸਾਰ ਨੇ ਗੋਰਬਾਚੋਵ ਨਾਲ ਕੀਤੇ ਸਮਝੌਤੇ ਦੀ ਉਲੰਘਣਾ ਕੀਤੀ ਹੈ? ਪੂਰਬੀ ਜਰਮਨੀ ਤੋਂ ਅੱਗੇ ਨੇਟੋ ਦਾ ਪਸਾਰ ਨਾ ਕਰਨ ਦੇ ਵਾਅਦੇ ਨੂੰ ਵਿਸਥਾਰ ਵਿੱਚ ਦਰਸਾਉਣ ਵਾਲੀ ਕਿਸੇ ਅਧਿਕਾਰਤ ਸੰਧੀ 'ਤੇ ਕਦੇ ਦਸਖ਼ਤ ਨਹੀਂ ਕੀਤੇ ਗਏ। ਫਿਰ ਵੀ, ਇਹ ਸਬੂਤ ਹਨ ਕਿ ਗੋਰਬਾਚੋਵ ਨਾਲ ਵਾਅਦੇ ਕੀਤੇ ਗਏ ਸਨ ਕਿ ਅਗਾਂਹ ਪਸਾਰ ਨਹੀਂ ਹੋਵੇਗਾ। ਸਭ ਤੋਂ ਵਧੀਆ ਸਬੂਤ ਅਮਰੀਕੀ ਰਾਜਦੂਤ ਜੈਕ ਮੈਟਲਾਕ ਜੂਨੀਅਰ ਦਾ ਹੈ, ਜੋ ਸੋਵੀਅਤ ਯੂਨੀਅਨ ਵਿੱਚ ਆਖਰੀ ਅਮਰੀਕੀ ਰਾਜਦੂਤ ਸੀ। ਉਹ ਦਸਦਾ ਹੈ ਕਿ ਠੰਡੀ ਜੰਗ ਨੂੰ ਖਤਮ ਕਰਨ ਵਾਲੇ 1989 ਦੇ ਮਾਲਟਾ ਸਿਖਰ ਸੰਮੇਲਨ ਵਿੱਚ ਜਾਰਜ ਐਚ. ਡਬਲਿਊ. ਬੁਸ਼ ਨੇ ਸਪੱਸ਼ਟ ਵਾਅਦੇ ਕੀਤੇ ਸਨ ਕਿ ਨੇਟੋ ਦਾ ਪਸਾਰ ਨਹੀਂ ਹੋਵੇਗਾ। ਸਵਿਟਜ਼ਰਲੈਂਡ ਦੇ ਪੱਤਰਕਾਰ ਗਾਏ ਮੇਤਨ ਨੇ ਵੀ ਰਿਕਾਰਡ ਕੀਤਾ ਹੈ ਕਿ ਅਮਰੀਕੀ ਵਿਦੇਸ਼ ਮੰਤਰੀ ਜੇਮਜ਼ ਬੇਕਰ, ਜਰਮਨ ਚਾਂਸਲਰ ਹੈਲਮੁਟ ਕੋਹਲ, ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਅਤੇ ਫਰਾਂਸੀਸੀ ਰਾਸ਼ਟਰਪਤੀ ਫਿਰਾਂਸੂਆ ਮਿਟੇਰਾਂ ਨੇ ਪਸਾਰ ਨਾ ਕਰਨ ਕਰਨ ਦੀਆਂ ਸੁਰੱਖਿਆ ਗਰੰਟੀਆਂ ਦਿੱਤੀਆਂ ਸਨ।

ਜੇ ਵਿਰੋਧੀ ਤੱਥ ਵਜੋਂ ਇਹ ਮੰਨ ਵੀ ਲਿਆ ਜਾਵੇ ਕਿ ਪਸਾਰ ਨਾ ਕਰਨ ਦਾ ਕੋਈ ਵਾਅਦਾ ਨਹੀਂ ਕੀਤਾ ਗਿਆ ਸੀ, ਫਿਰ ਵੀ ਮੁਢਲਾ ਸਵਾਲ ਖੜ੍ਹਾ ਰਹਿੰਦਾ ਹੈ ਕਿ ਨੇਟੋ ਦਾ ਪਸਾਰ ਕਿਉਂ ਕੀਤਾ ਗਿਆ। ਨੇਟੋ ਨੂੰ ਇੱਕ 'ਰੱਖਿਆਤਮਕ' ਗਠਜੋੜ ਵਜੋਂ ਸਥਾਪਿਤ ਕੀਤਾ ਗਿਆ ਸੀ, ਜੋ ਕਿ ਇਸ ਦਾ ਚਾਰਟਰ ਮਿਸ਼ਨ ਹੈ। ਇਹ ਸਮਝਣਾ ਆਸਾਨ ਹੈ ਕਿ ਪੋਲੈਂਡ, ਰੋਮਾਨੀਆ ਅਤੇ ਸਾਬਕਾ ਬਾਲਟਿਕ ਗਣਰਾਜ ਰੱਖਿਆਤਮਕ ਸੁਰੱਖਿਆ ਪ੍ਰਾਪਤ ਕਰਨ ਲਈ ਨੇਟੋ ਵਿੱਚ ਕਿਉਂ ਸ਼ਾਮਲ ਹੋਣਾ ਚਾਹੁੰਦੇ ਸਨ। ਪਰ ਸਹੀ ਸਵਾਲ, ਜਿਹੜਾ ਕਦੇ ਨਹੀਂ ਪੁੱਛਿਆ ਜਾਂਦਾ, ਇਹ ਹੈ: ਸੰਯੁਕਤ ਰਾਜ ਅਮਰੀਕਾ ਜਾਂ ਯੂਨਾਈਟਿਡ ਕਿੰਗਡਮ ਉਨ੍ਹਾਂ ਨੂੰ ਕਿਉਂ ਸ਼ਾਮਲ ਕਰਨਾ ਚਾਹੁੰਦੇ ਸਨ? ਨਵੇਂ ਮੈਂਬਰ ਦੇਸ਼ ਮਾਮੂਲੀ ਫੌਜੀ ਯੋਗਤਾਵਾਂ ਅਤੇ ਝਗੜਿਆਂ ਦੇ ਖਤਰਿਆਂ ਦੇ ਟੋਕਰੇ ਲੈ ਕੇ ਆਏ ਸਨ। ਦੂਜੇ ਸ਼ਬਦਾਂ ਵਿੱਚ, ਜੇਕਰ ਨੇਟੋ ਦੇ ਮੂਲ ਉਦੇਸ਼ ਰੱਖਿਆਤਮਕ ਗਠਜੋੜ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਨਵੇਂ ਮੈਂਬਰ ਦੇਸ਼ ਮੌਜੂਦਾ ਨੇਟੋ ਮੈਂਬਰਾਂ ਲਈ ਸੁਰੱਖਿਆ ਦੇ ਮਾਮਲੇ ਵਿੱਚ ਨਿਰੋਲ ਨਕਾਰਾਤਮਕ ਵਾਧਾ ਸਨ।

ਇਸੇ ਤਰ੍ਹਾਂ, ਨੇਟੋ ਦੇ ਪਸਾਰ ਲਈ 'ਸ਼ਕਤੀ ਦਾ ਸੰਤੁਲਨ' ਬਣਾਈ ਰੱਖਣ ਦਾ ਕੋਈ ਤਰਕ ਨਹੀਂ ਸੀ, ਕਿਉਂਕਿ ਵਾਰਸਾ ਪੈਕਟ 25 ਫਰਵਰੀ 1991 ਨੂੰ ਰਸਮੀ ਤੌਰ ਤੇ ਭੰਗ ਕਰ ਦਿੱਤਾ ਗਿਆ ਸੀ। ਸ਼ਕਤੀ ਸੰਤੁਲਨ ਦੇ ਵਿਚਾਰਾਂ ਨੇ ਇਤਿਹਾਸਕ ਤੌਰ ਤੇ ਯੂਰਪੀ ਮਹਾਂਦੀਪ ਦੇ ਗਠਜੋੜਾਂ ਦੀ ਬਣਤਰ ਨੂੰ ਪ੍ਰੇਰਿਤ ਕੀਤਾ ਹੈ, ਅਤੇ ਸੰਤੁਲਨ ਨਿਸ਼ਚਿਤ ਰੂਪ ਵਿੱਚ ਅਤੇ ਪੂਰਨ ਤੌਰ 'ਤੇ ਨੇਟੋ ਦੇ ਹੱਕ ਵਿੱਚ ਬਦਲ ਗਿਆ ਸੀ। ਉਸ ਕਸਵੱਟੀ ਅਨੁਸਾਰ, ਨੇਟੋ ਦਾ ਪਸਾਰ ਸਪੱਸ਼ਟ ਰੂਪ ਵਿੱਚ ਹਮਲਾਵਰੀ ਸੀ।

ਅੰਤ ਵਿੱਚ ਇੱਕ ਸਧਾਰਨ ਸਵਾਲ ਹੈ: ਅਟਲਾਂਟਿਕ ਮਹਾਂਸਾਗਰ ਦੇ ਦੂਜੇ ਪਾਸੇ, ਪੂਰਬੀ ਸੰਯੁਕਤ ਰਾਜ ਤੋਂ ਛੇ ਹਜ਼ਾਰ ਮੀਲ ਦੂਰ, ਰੂਸ ਦੀ ਸਰਹੱਦ 'ਤੇ ਅਮਰੀਕੀ ਫੌਜ ਦੀ ਤਾਇਨਾਤੀ ਨਾਲ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਕਿਵੇਂ ਵਧਦੀ ਹੈ? ਜਵਾਬ ਹੈ ਕਿ ਨਹੀਂ ਵਧਦੀ। ਇਹ ਦਿਖਾਉਂਦਾ ਹੈ ਕਿ ਨੇਟੋ ਦੇ ਪਸਾਰ ਦਾ ਉਦੇਸ਼ ਕਦੇ ਵੀ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਨਾਲ ਸੰਬੰਧਿਤ ਨਹੀਂ ਸੀ, ਸਗੋਂ ਇਹ ਅਮਰੀਕਾ ਦੀ ਵਿਸ਼ਵ ਵਿਆਪੀ ਸਰਦਾਰੀ ਨਾਲ ਸੰਬੰਧਿਤ ਸੀ। ਸਹੀ ਸਵਾਲ ਪੁੱਛਣ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਨੇਟੋ ਦਾ ਪਸਾਰ ਰੂਸ ਵਿਰੁੱਧ ਇੱਕ ਹਮਲਾਵਰੀ ਕਦਮ ਸੀ।

**ਤੀਜਾ ਸਵਾਲ ਹੈ:** ਕੀ ਨੇਟੋ ਦਾ ਪਸਾਰ ਇੱਕ ਤਰ੍ਹਾਂ ਦੇ ਭੰਬਲਭੂਸੇ ਵਿੱਚ ਹੋਈ ਗਲਤੀ ਸੀ ਜਿਸ ਦੇ ਅਣਕਿਆਸੇ ਨਤੀਜੇ ਨਿਕਲੇ? ਜਵਾਬ ਹੈ ਕਿ ਨਹੀਂ, ਅਤੇ ਇਹ ਜਵਾਬ ਵੀ ਪੂਰਨ ਸਪੱਸ਼ਟ ਹੈ। ਰੂਸ ਨੇ ਨੇਟੋ ਪਸਾਰ ਵਿਰੁੱਧ ਆਪਣੀ ਵਿਰੋਧਤਾ ਖੁੱਲ੍ਹ ਕੇ ਪ੍ਰਗਟ ਕੀਤੀ ਸੀ, ਜਿਸ ਦਾ ਪ੍ਰਤੱਖ ਸੂਬਤ 1994 ਵਿੱਚ ਬੁਡਾਪੈਸਟ ਵਿੱਚ ਕਲਿੰਟਨ ਅਤੇ ਯੇਲਤਸਿਨ ਵਿਚਕਾਰ ਹੋਈ ਝੜਪ ਸੀ, ਜਿਸ ਵਿੱਚ ਯੇਲਤਸਿਨ ਨੇ ਨੇਟੋ ਦੇ ਪਸਾਰ ਦੀਆਂ ਯੋਜਨਾਵਾਂ ਦਾ ਗੁੱਸੇ ਨਾਲ ਵਿਰੋਧ ਕੀਤਾ ਸੀ। ਇਸ ਹੀ ਤਰ੍ਹਾਂ, 2007 ਵਿੱਚ ਪੁਤਿਨ ਨੇ ਮਿਊਨਿਖ ਸੁਰੱਖਿਆ ਕਾਨਫਰੰਸ ਵਿੱਚ ਨੇਟੋ ਦੇ ਪਸਾਰ ਦਾ ਖੁੱਲ੍ਹ ਕੇ ਅਤੇ ਤੀਬਰਤਾ ਨਾਲ ਵਿਰੋਧ ਕੀਤਾ ਸੀ।

ਨੇਟੋ ਦੇ ਪਸਾਰ ਦੇ ਮੁੱਦੇ ਤੇ ਸੰਯੁਕਤ ਰਾਜ ਅਮਰੀਕਾ ਵਿੱਚ ਵੀ ਬਹਿਸ ਹੋਈ ਸੀ, ਅਤੇ ਆਲੋਚਕਾਂ ਨੇ ਖੁੱਲ੍ਹ ਕੇ ਕਿਹਾ ਸੀ ਕਿ ਇਸ ਦਾ ਇੱਕ ਵੱਡਾ ਨਤੀਜਾ ਰੂਸ ਨਾਲ ਝਗੜਾ ਹੋਵੇਗਾ। ਇਨ੍ਹਾਂ ਆਲੋਚਕਾਂ ਵਿੱਚੋਂ ਸਭ ਤੋਂ ਮਸ਼ਹੂਰ ਜਾਰਜ ਕੈਨਨ ਸੀ, ਜਿਹੜਾ ਅਮਰੀਕਾ ਦੀ ਠੰਡੀ ਜੰਗ ਦੀ ਰਣਨੀਤੀ ਨੂੰ ਨਿਰਦੇਸ਼ਤ ਕਰਨ ਵਾਲੀ 'ਕੰਟੇਨਮੈਂਟ ਡਾਕਟਰੀਨ' ਦਾ ਬਾਨੀ ਸੀ। ਸੰਨ 1997 ਵਿੱਚ ਨਿਊਯਾਰਕ ਟਾਈਮਜ਼ ਵਿੱਚ 'ਇਕ ਘਾਤਕ ਗਲਤੀ (ਫੇਟਫੁੱਲ ਐਰਰ)' ਦੇ ਸਿਰਲੇਖ ਹੇਠ ਛਪੇ ਆਪਣੇ ਇਕ ਲੇਖ ਵਿੱਚ ਕੈਨਨ ਨੇ ਲਿਖਿਆ ਸੀ ਕਿ ਨੇਟੋ ਦਾ ਪਸਾਰ ਇੱਕ ਗਲਤੀ ਹੈ ਜੋ ਲੜਾਈ ਵੱਲ ਲੈ ਕੇ ਜਾਵੇਗੀ। ਇਨ੍ਹਾਂ ਨਤੀਜਿਆਂ ਬਾਰੇ ਜਾਣਕਾਰੀ ਦਾ ਹੋਣਾ ਨੇਟੋ ਦੇ ਪਸਾਰ ਦੇ ਵਿਰੋਧ ਦੇ ਦਰਜੇ ਅਤੇ ਪੱਧਰ ਤੋਂ ਸਪੱਸ਼ਟ ਹੈ। ਇਸ ਦਾ 1997 ਵਿੱਚ ਕਲਿੰਟਨ ਨੂੰ ਲਿਖੇ ਇੱਕ ਪੱਤਰ ਤੋਂ ਪਤਾ ਚਲਦਾ ਹੈ ਜਿਸ ਉੱਤੇ ਅਮਰੀਕਾ ਦੇ ਪੰਜਾਹ ਮੋਹਰੀ ਸੀਨੀਅਰ ਸਿਆਸਤਦਾਨਾਂ, ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੇ ਮਾਹਿਰਾਂ, ਅਤੇ ਉੱਚੀਆਂ ਪਦਵੀਆਂ 'ਤੇ ਰਹਿ ਚੁੱਕੇ ਸਾਬਕਾ ਫੌਜੀ ਅਤੇ ਖੁਫੀਆ ਅਧਿਕਾਰੀਆਂ ਨੇ ਦਸਤਖਤ ਕੀਤੇ ਸਨ। ਦਸਤਖਤ ਕਰਨ ਵਾਲਿਆਂ ਵਿੱਚ ਸੈਨੇਟਰ ਬਿਲ ਬ੍ਰੈਡਲੀ, ਸਾਬਕਾ ਰੱਖਿਆ ਸਕੱਤਰ ਰਾਬਰਟ ਮੈਕਨਾਮਾਰਾ, ਰੱਖਿਆ ਮਾਹਿਰ ਅਤੇ ਸਟੇਟ ਡਿਪਾਰਮੈਂਟ ਦਾ ਸਾਬਕਾ ਅਧਿਕਾਰੀ ਪਾਲ ਨਿਟਜ਼ੇ, ਸੈਨੇਟਰ ਸੈਮ ਨੰਨ, ਅਤੇ ਸਾਬਕਾ ਸੀ ਆਈ ਏ ਡਾਇਰੈਕਟਰ ਸਟੈਨਸਫੀਲਡ ਟਰਨਰ ਸ਼ਾਮਲ ਸਨ। ਉਸ ਪੱਤਰ ਵਿੱਚ ਨੇਟੋ ਦੇ ਪਸਾਰ ਨੂੰ 'ਇਤਿਹਾਸਕ ਪੱਧਰ ਦੀ ਨੀਤੀਗਤ ਗਲਤੀ' ਕਿਹਾ ਗਿਆ ਸੀ ਜੋ ਰੂਸ ਨੂੰ 'ਠੰਢੀ ਜੰਗ ਤੋਂ ਬਾਅਦ ਦੇ ਪੂਰੇ ਸਮਝੌਤੇ ਤੇ ਸਵਾਲ ਉਠਾਉਣ' ਵੱਲ ਧੱਕੇਗੀ। ਫਿਰ ਵੀ ਪਸਾਰ ਜਾਰੀ ਰਿਹਾ ਅਤੇ 1999 ਵਿੱਚ ਨਵੇਂ ਮੈਂਬਰਾਂ ਦਾ ਪਹਿਲਾ ਗਰੁੱਪ ਇਸ ਵਿੱਚ ਸ਼ਾਮਲ ਕੀਤਾ ਗਿਆ।

ਯੂਕਰੇਨ ਨੂੰ ਸ਼ਾਮਲ ਕਰਨ ਲਈ ਨੇਟੋ ਦੇ ਪ੍ਰਸਤਾਵਿਤ ਪਸਾਰ ਬਾਰੇ ਵੀ ਚਰਚਾ ਹੋਈ ਸੀ ਅਤੇ ਇਸ ਦੇ ਨਤੀਜੇ ਵੀ ਪਹਿਲਾਂ ਹੀ ਦੇਖੇ ਜਾ ਸਕਦੇ ਸਨ ਅਤੇ ਦੇਖੇ ਗਏ ਸਨ। ਉਨ੍ਹਾਂ ਨਤੀਜਿਆਂ ਦਾ ਸਭ ਤੋਂ ਸਪੱਸ਼ਟ ਬਿਆਨ ਫਰਵਰੀ 2008 ਦੇ ਇੱਕ ਗੁਪਤ ਪੱਤਰ ਵਿੱਚ ਹੈ (ਜੋ ਵਿਕੀਲੀਕਸ ਰਾਹੀਂ ਉਪਲਬਧ ਹੋਇਆ ਹੈ) ਜਿਸ ਵਿੱਚ ਰੂਸ ਵਿੱਚ ਅਮਰੀਕੀ ਰਾਜਦੂਤ ਵਿਲੀਅਮ ਬਰਨਜ਼ (ਜੋ ਬਾਅਦ ਵਿੱਚ ਸੀ ਆਈ ਏ ਦਾ ਮੁਖੀ ਬਣਿਆ) ਨੇ ਚੇਤਾਵਨੀ ਦਿੱਤੀ ਸੀ ਕਿ ਇਹ ਰੂਸ ਦੀ ਰਾਸ਼ਟਰੀ ਸੁਰੱਖਿਆ ਦੀਆਂ ਲਾਲ ਲਕੀਰਾਂ ਨੂੰ ਸਪੱਸ਼ਟ ਰੂਪ ਵਿੱਚ ਪਾਰ ਕਰੇਗਾ।

ਲੜਾਈ ਦਾ ਦੂਜਾ ਬਾਹਰੀ ਕਾਰਨ ਹੈ ਅਮਰੀਕਾ ਦਾ ਯੂਕਰੇਨ ਵਿੱਚ ਅੰਦਰੂਨੀ ਦਖਲ ਹੈ। ਉਸ ਦਖਲ ਦੇ ਜ਼ਿਆਦਾਤਰ ਸਬੂਤ ਵਿਕਟੋਰੀਆ ਨੂਲੈਂਡ ਨਾਲ ਸਬੰਧਤ ਹਨ, ਜੋ 2014 ਵਿੱਚ ਯੂਰਪੀ ਅਤੇ ਯੂਰੇਸ਼ੀਅਨ ਮਾਮਲਿਆਂ ਲਈ ਅਮਰੀਕਾ ਦੀ ਸਹਾਇਕ ਵਿਦੇਸ਼ ਸਕੱਤਰ ਸੀ ਅਤੇ ਅਮਰੀਕੀ ਦੀ ਨਿਉ-ਕਨਜ਼ਰਵੇਟਿਵ ਲਹਿਰ ਨਾਲ ਡੂੰਘੇ ਤੌਰ 'ਤੇ ਜੁੜੀ ਹੋਈ ਸੀ। ਇਸ ਤੋਂ ਇਲਾਵਾ, ਉਹ ਜਾਰਜ ਡਬਲਿਊ ਬੁਸ਼, ਬਰਾਕ ਓਬਾਮਾ ਅਤੇ ਜੋ ਬਾਇਡਨ ਦੇ ਪ੍ਰਸ਼ਾਸਨਾਂ ਵਿੱਚ ਲਗਾਤਾਰ ਮਹੱਤਵਪੂਰਨ ਅਹੁਦਿਆਂ 'ਤੇ ਰਹੀ ਹੈ। ਇਹ ਗੱਲ ਯੂਕਰੇਨ ਬਾਰੇ ਅਮਰੀਕਾ ਦੀ ਨੀਤੀ ਦੇ ਦੋ-ਪਾਰਟੀ ਵਾਲੇ ਚਰਿੱਤਰ ਨੂੰ ਉਜਾਗਰ ਕਰਦੀ ਹੈ। ਬੁਸ਼ ਪ੍ਰਸ਼ਾਸਨ ਦੇ ਦੂਜੇ ਕਾਲ ਵਿੱਚ, ਉਹ 2005 ਤੋਂ 2008 ਤੱਕ ਨੇਟੋ ਵਿੱਚ ਅਮਰੀਕਾ ਦੀ ਰਾਜਦੂਤ ਸੀ। ਦਸੰਬਰ 2013 ਵਿੱਚ, ਨੂਲੈਂਡ ਨੇ ਖੁਲਾਸਾ ਕੀਤਾ ਸੀ ਕਿ ਸੰਯੁਕਤ ਰਾਜ ਅਮਰੀਕਾ ਨੇ ਯੂਕਰੇਨ ਦੀ ਸਹਾਇਤਾ ਲਈ 5 ਅਰਬ ਡਾਲਰ ਖਰਚੇ ਸਨ, ਜਿਹਨਾਂ ਨੂੰ 'ਲੋਕਤੰਤਰ ਨਿਰਮਾਣ – ਡੈਮੋਕ੍ਰੇਸੀ ਬਿਲਡਿੰਗ' ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਸੀ। ਸੰਨ 2014 ਦੇ ਮੇਡਨ ਰਾਜ ਪਲਟੇ ਵੇਲੇ, ਉਹ ਕੀਵ ਵਿੱਚ ਰਾਜਪਲਟਾ ਕਰਨ ਵਾਲਿਆਂ ਦਾ ਸਮਰਥਨ ਕਰਨ ਲਈ ਕਈ ਜਨਤਕ ਥਾਂਵਾਂ 'ਤੇ ਦਿਖਾਈ ਦਿੱਤੀ ਸੀ, ਅਤੇ ਯੂਕਰੇਨ ਵਿੱਚ ਅਮਰੀਕਾ ਦੇ ਰਾਜਦੂਤ ਜੈਫਰੀ ਪਾਇਟ ਅਤੇ ਉਸ ਵਿਚਕਾਰ ਇੱਕ ਟੈਲੀਫੋਨ ਕਾਲ ਰਿਕਾਰਡ ਕੀਤੀ ਗਈ ਸੀ। ਉਸ ਕਾਲ ਵਿੱਚ ਸੰਕੇਤ ਮਿਲਿਆ ਸੀ ਕਿ ਅਮਰੀਕਾ ਯੂਕਰੇਨ ਦੀਆਂ ਸਿਆਸੀ ਸਥਿਤੀਆਂ ਵਿੱਚ ਸਰਗਰਮੀ ਨਾਲ ਦਖਲ ਦੇ ਰਿਹਾ ਸੀ, ਜਿਸ ਵਿੱਚ ਯੂਰਪੀ ਯੂਨੀਅਨ ਵਲੋਂ ਸ਼ਾਂਤੀ ਲਈ ਕੀਤੇ ਜਾ ਰਹੇ ਯਤਨਾਂ ਨੂੰ ਸਰਗਰਮੀ ਨਾਲ ਰੋਕਣ ਦੀ ਕੋਸ਼ਿਸ਼ ਕਰਨਾ ਵੀ ਸ਼ਾਮਲ ਸੀ, ਅਤੇ ਨੂਲੈਂਡ ਨੇ ਕਿਹਾ ਸੀ ਕਿ "ਫੱਕ ਦਿ ਈ ਯੂ।"

ਪੰਜ ਅਰਬ ਡਾਲਰ ਯੂਕਰੇਨ ਵਰਗੇ ਗਰੀਬ ਦੇਸ਼ ਵਿੱਚ ਇੱਕ ਅਸਾਧਾਰਨ ਵੱਡੀ ਰਕਮ ਸੀ (ਅਤੇ ਅੱਜ ਵੀ ਹੈ), ਜਿੱਥੇ ਵਿਦੇਸ਼ੀ ਮੁਦਰਾ (ਫੌਰਨ ਕਰੰਸੀ) ਦੀ ਵੀ ਕਮੀ ਸੀ। ਅਮਰੀਕਾ ਦਾ 'ਲੋਕਤੰਤਰ-ਨਿਰਮਾਣ' ਲਈ ਪੈਸਾ ਯੂ. ਐੱਸ. ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂ ਐੱਸ ਏ ਆਈ ਡੀ) ਅਤੇ ਨੈਸ਼ਨਲ ਐਂਡਾਊਮੈਂਟ ਫਾਰ ਡੈਮੋਕਰੇਸੀ ਵਰਗੀਆਂ ਸਰਕਾਰੀ ਏਜੰਸੀਆਂ ਰਾਹੀਂ ਦਿੱਤਾ ਜਾਂਦਾ ਹੈ, ਜਿਨ੍ਹਾਂ ਦੋਹਾਂ ਤੇ ਵਿਦੇਸ਼ਾਂ ਵਿੱਚ ਦਖਲਅੰਦਾਜ਼ੀ ਅਤੇ ਰਾਜਨੀਤਿਕ ਦਖਲਅੰਦਾਜ਼ੀ ਦੇ ਵਿਆਪਕ ਇਲਜ਼ਾਮ ਲੱਗੇ ਹੋਏ ਹਨ। ਯੂ ਐੱਸ ਏ ਆਈ ਡੀ ਨੂੰ ਕਾਨੂੰਨੀ ਤੌਰ ਤੇ ਇਹ ਯਕੀਨੀ ਬਣਾਉਣ ਦਾ ਆਦੇਸ਼ ਹੈ ਕਿ ਇਸ ਦੀ ਆਰਥਿਕ ਸਹਾਇਤਾ ਅਮਰੀਕਾ ਦੇ ਭੂ-ਰਾਜਨੀਤਿਕ ਹਿੱਤਾਂ (ਜੀਓਪੁਲੀਟੀਕਲ ਇੰਟ੍ਰੈਸਟਸ) ਨਾਲ ਮੇਲ ਖਾਂਦੀ ਹੋਵੇ। ਇਸ ਦਾ ਸੀ ਆਈ ਏ ਨਾਲ ਕੰਮ ਕਰਨ ਦਾ ਲੰਬਾ ਇਤਿਹਾਸ ਹੈ ਅਤੇ ਇਹ ਅਮਰੀਕਾ ਦੇ ਸਟੇਟ ਡਿਪਾਰਟਮੈਂਟ ਨਾਲ ਨੇੜਤਾ ਨਾਲ ਕੰਮ ਕਰਦੀ ਹੈ, ਜਿਸ ਵਿੱਚ ਇਸ ਉੱਪਰ ਅਮਰੀਕਾ ਦੀ ਵਿਦੇਸ਼ ਨੀਤੀ ਦੇ ਹਿੱਤਾਂ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਸ਼ਾਮਲ ਹੈ। ਨਤੀਜੇ ਵਜੋਂ ਅਜਿਹਾ ਪੈਸਾ ਅਕਸਰ ਉਨ੍ਹਾਂ ਕਾਰਕੁਨਾਂ ਨੂੰ ਦਿੱਤਾ ਜਾਂਦਾ ਹੈ ਜੋ ਅਮਰੀਕਾ ਦੇ ਭੂ-ਰਾਜਨੀਤਿਕ ਹਿੱਤਾਂ (ਜੀਓਪੁਲੀਟੀਕਲ ਇੰਟ੍ਰੈਸਟਸ) ਦੇ ਪੱਖ ਵਿੱਚ ਹੋਣ —ਯੂਕਰੇਨ ਦੇ ਮਾਮਲੇ ਵਿੱਚ ਜਿਸ ਦਾ ਅਰਥ ਸੀ ਰੂਸ ਨਾਲ ਹਮਦਰਦੀਆਂ ਅਤੇ ਸਬੰਧਾਂ ਨੂੰ ਕਮਜ਼ੋਰ ਕਰਨਾ ਸੀ।

ਮੇਡਨ ਰਾਜਪਲਟੇ ਤੋਂ ਬਾਅਦ, ਸੰਯੁਕਤ ਰਾਜ ਅਮਰੀਕਾ ਨੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਵਧਾ ਦਿੱਤੀ। ਵਾਸ਼ਿੰਗਟਨ ਅਧਾਰਿਤ ਸਟਿੰਮਸਨ ਸੈਂਟਰ ਦੀ ਰਿਪੋਰਟ ਅਨੁਸਾਰ ਸੰਨ 2014 ਤੋਂ 2021 ਵਿਚਕਾਰ ਯੂਕਰੇਨ ਨੂੰ 2.7 ਅਰਬ ਡਾਲਰ ਤੋਂ ਵੱਧ ਦੀ ਫੌਜੀ ਸਹਾਇਤਾ ਮਿਲੀ। ਸੰਨ 2016 ਤੋਂ 2020 ਵਿਚਕਾਰ, ਯੂਕਰੇਨ ਅਮਰੀਕੀ ਫੌਜੀ ਸਹਾਇਤਾ ਪ੍ਰਾਪਤ ਕਰਨ ਵਾਲਾ ਸੱਤਵਾਂ ਸਭ ਤੋਂ ਵੱਡਾ ਦੇਸ਼ ਸੀ ਅਤੇ ਯੂਰਪ ਵਿੱਚ ਸਭ ਤੋਂ ਵੱਡਾ ਪ੍ਰਾਪਤਕਰਤਾ। ਇਸ ਸਹਾਇਤਾ ਨਾਲ ਅਮਰੀਕਾ ਯੂਕਰੇਨ ਦੀ ਘਰੇਲੂ ਜੰਗ ਵਿੱਚ ਮੇਡਨ ਰਾਜਪਲਟੇ ਤੋਂ ਬਾਅਦ ਹੋਂਦ ਵਿੱਚ ਆਈ ਕੌਮਵਾਦੀ (ਨੈਸ਼ਨਲਿਸਟ) ਸਰਕਾਰ ਦੇ ਹੱਕ ਵਿੱਚ ਜਾ ਖੜ੍ਹਾ ਹੋਇਆ। ਇਹ ਸਹਾਇਤਾ ਰੂਸ ਨੂੰ ਫਰਵਰੀ 2022 ਵਿੱਚ ਯੂਕਰੇਨ ਵਿੱਚ ਦਖਲ ਦੇਣ ਲਈ ਉਕਸਾਉਣ ਵਿੱਚ ਵੀ ਮਹੱਤਵਪੂਰਨ ਸੀ।

ਨੇਟੋ ਦਾ ਪੂਰਬ ਵੱਲ ਪਸਾਰ ਅਤੇ ਸਾਬਕਾ ਸੋਵੀਅਤ ਗਣਰਾਜਾਂ (ਖਾਸ ਕਰ ਕੇ ਯੂਕਰੇਨ) ਵਿੱਚ ਅੰਦਰੂਨੀ ਦਖਲ ਉਹ 'ਸਾਧਨ' ਹਨ ਜਿਹਨਾਂ ਰਾਹੀਂ ਅਮਰੀਕਾ ਨੇ ਉੱਤਰ-ਸੋਵੀਅਤ ਵਿਵਸਥਾ ਵਿੱਚ ਪੈਦਾ ਹੋਈਆਂ ਦਰਾੜਾਂ ਦਾ ਫਾਇਦਾ ਉਠਾਇਆ ਅਤੇ ਲੜਾਈ ਨੂੰ ਉਕਸਾਇਆ। ਬੁਝਾਰਤ ਦਾ ਅਗਲਾ ਸਵਾਲ ਇਹ ਹੈ ਕਿ ਅਮਰੀਕਾ ਨੇ ਇਸ ਦਿਸ਼ਾ ਵਿੱਚ ਜਾਣ ਦਾ ਫੈਸਲਾ ਕਿਉਂ ਕੀਤਾ। ਇਸ ਦਾ ਜਵਾਬ ਅਮਰੀਕੀ ਰਾਜਨੀਤੀ, ਨਿਉਕੌਨ (ਨਿਉਕਨਜ਼ਰਵੇਟਿਵ) ਲਹਿਰ ਦੀ ਜਿੱਤ ਅਤੇ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦੀ ਤਾਕਤ ਵਿੱਚ ਲੁੱਕਿਆ ਹੋਇਆ ਹੈ।

ਯੂਕਰੇਨ ਵਿੱਚ ਅਮਰੀਕਾ ਦੀ ਦਖਲਅੰਦਾਜ਼ੀ ਦਾ ਤੀਜਾ ਬਾਹਰੀ ਕਾਰਨ ਨਿਉਕਨਜ਼ਰਵੇਟਿਜ਼ਮ ਹੈ। ਅਮਰੀਕਾ ਦੇ ਇਸ ਰਾਜਨੀਤਿਕ ਸਿਧਾਂਤ ਦੀ ਚੜ੍ਹਤ 1990ਵਿਆਂ ਵਿੱਚ ਸਿਖਰ 'ਤੇ ਪਹੁੰਚ ਗਈ। ਇਸ ਦੀ ਧਾਰਨਾ ਹੈ ਕਿ ਭਵਿੱਖ ਵਿੱਚ ਕਦੇ ਵੀ ਸਾਬਕਾ ਸੋਵੀਅਤ ਯੂਨੀਅਨ ਵਰਗੀ ਵਿਦੇਸ਼ੀ ਤਾਕਤ ਨਹੀਂ ਹੋਵੇਗੀ ਜੋ ਅਮਰੀਕਾ ਦੀ ਸਰਦਾਰੀ ਨੂੰ ਚੁਣੌਤੀ ਦੇ ਸਕੇ। ਇਹ ਸਿਧਾਂਤ ਅਮਰੀਕਾ ਨੂੰ ਦੁਨੀਆ ਵਿੱਚ ਕਿਤੇ ਵੀ ਆਪਣੀ ਮਰਜ਼ੀ ਥੋਪਣ ਦਾ ਅਧਿਕਾਰ ਦਿੰਦਾ ਹੈ, ਜਿਸ ਦੇ ਨਤੀਜੇ ਵਜੋਂ ਅਮਰੀਕਾ ਦੇ 80 ਤੋਂ ਵੱਧ ਦੇਸ਼ਾਂ

ਵਿੱਚ 750 ਤੋਂ ਵੱਧ ਅੱਡੇ ਹਨ, ਜੋ ਰੂਸ ਅਤੇ ਚੀਨ ਦੋਹਾਂ ਨੂੰ ਘੇਰਦੇ ਹਨ।

ਨਿਉਕਨਜ਼ਰਵੇਟਿਜ਼ਮ ਦਾ ਉਦੇਸ਼ ਅਮਰੀਕਾ ਦੀ ਵਿਸ਼ਵ ਵਿਆਪੀ ਸਰਦਾਰੀ ਹੈ। ਇਸ ਉਦੇਸ਼ ਨੇ ਨੇਟੋ ਦੇ ਪੂਰਬ ਵੱਲ ਪਸਾਰ ਅਤੇ ਸਾਬਕਾ ਸੋਵੀਅਤ ਗਣਰਾਜਾਂ ਵਿੱਚ ਦਖਲਅੰਦਾਜ਼ੀ ਨੂੰ ਪ੍ਰੇਰਿਤ ਕੀਤਾ ਹੈ, ਜਿਸ ਦਾ ਮਕਸਦ ਰੂਸ ਵਿਰੋਧੀ ਭਾਵਨਾਵਾਂ ਨੂੰ ਵਧਾਉਣਾ ਅਤੇ ਰੂਸ ਨਾਲ ਲੜਾਈ ਨੂੰ ਉਕਸਾਉਣਾ ਹੈ। ਨਿਉਕਨਜ਼ਰਵੇਟਿਵ ਸਿਧਾਂਤ ਨੇ ਸਭ ਤੋਂ ਪਹਿਲਾਂ ਡਿਕ ਚੇਨੀ ਅਤੇ ਡੌਨਲਡ ਰਮਜ਼ਫੈਲਡ ਵਰਗੇ ਸਖ਼ਤ ਰਿਪਬਲਿਕਨਾਂ ਵਿੱਚ ਜੜ੍ਹਾਂ ਜਮਾਈਆਂ ਅਤੇ ਫਿਰ 1990ਵਿਆਂ ਵਿੱਚ ਕਲਿੰਟਨ ਦੀ ਅਗਵਾਈ ਹੇਠ ਡੈਮੋਕਰੈਟਾਂ ਨੇ ਇਸ ਨੂੰ ਅਪਨਾ ਲਿਆ। ਨਤੀਜੇ ਵਜੋਂ ਇਸ ਨਾਲ ਅਮਰੀਕਾ ਦੀਆਂ ਦੋਵੇਂ ਪਾਰਟੀਆਂ ਦੀ ਸਹਿਮਤੀ ਬਣ ਗਈ। ਇਸ ਤੋਂ ਇਲਾਵਾ, ਡੈਮੋਕਰੈਟਾਂ ਨੇ ਇਹ ਦਾਅਵਾ ਕਰਕੇ ਕਿ ਅਮਰੀਕਾ ਦੀ ਪ੍ਰੇਰਨਾ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣਾ ਹੈ ਇਕ ਭਰਮਾਊ ਉਹਲਾ ਪ੍ਰਦਾਨ ਕੀਤਾ, ਜੋ ਵਿਸ਼ਵ ਵਿੱਚ ਅਮਰੀਕਾ ਦੀ ਸਰਦਾਰੀ ਨੂੰ ਲੁਕਾਉਣ ਲਈ ਇਕ ਬੋਦੀ ਚਾਦਰ ਦਾ ਕੰਮ ਕਰਦਾ ਹੈ।

ਰੂਸ ਦੇ ਸਬੰਧ ਵਿੱਚ, ਨਿਉਕਨਜ਼ਰਵੇਟਿਵ ਖੇਡ-ਯੋਜਨਾ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਜ਼ਬਿਗਨਿਊ ਬਰਜ਼ੇਜ਼ਿੰਸਕੀ ਨੇ 1997 ਵਿੱਚ ਫਾਰਨ ਅਫੇਅਰਜ਼ ਮੈਗਜ਼ੀਨ ਵਿੱਚ ਇੱਕ ਲੇਖ ਅਤੇ 'ਦਿ ਗ੍ਰੈਂਡ ਚੈੱਸਬੋਰਡ: ਅਮੈਰੀਕਨ ਪ੍ਰਾਈਮੇਸੀ ਐਂਡ ਇਟਸ ਜੀਓਸਟ੍ਰੈਟੈਜਿਕ ਇੰਪੀਰੇਟਿਵਜ਼' ਨਾਂ ਦੀ ਕਿਤਾਬ ਵਿੱਚ ਸਪੱਸ਼ਟ ਰੂਪ ਵਿੱਚ ਬਿਆਨ ਕੀਤਾ ਸੀ। ਬਰਜ਼ੇਜ਼ਿੰਸਕੀ ਠੰਢੀ ਜੰਗ ਅਤੇ ਠੰਢੀ ਜੰਗ ਤੋਂ ਬਾਅਦ ਦੀ ਅਮਰੀਕੀ ਨੀਤੀ ਨੂੰ ਬਣਾਉਣ ਵਾਲਾ ਇਕ ਮੁੱਖ ਵਿਅਕਤੀ ਸੀ। ਉਸ ਦੇ ਵਿਚਾਰ ਉਸ ਦੇ ਅਮਰੀਕਾ ਦੇ ਨਿਉਕਨਜ਼ਰਵੇਟਿਵ ਸਿਧਾਂਤ ਵਿੱਚ ਵਿਸ਼ਵਾਸ ਅਤੇ ਰੂਸ ਵਿਰੁੱਧ ਉਸ ਦੀ ਡੂੰਘੀ ਵੈਰ-ਭਾਵਨਾ ਨੂੰ ਦਰਸਾਉਂਦੇ ਹਨ। ਇਸ ਖੇਡ-ਯੋਜਨਾ ਦਾ ਟੀਚਾ ਅਮਰੀਕਾ ਦੀ ਵਿਸ਼ਵ ਵਿਆਪੀ ਸਰਵੋਤਮਤਾ ਨੂੰ ਯਕੀਨੀ ਬਣਾਉਣਾ ਸੀ। ਸਿਫਾਰਸ਼ ਕੀਤੀ ਗਈ ਰਣਨੀਤੀ ਵਿੱਚ ਨੇਟੋ ਦੇ ਪਸਾਰ ਰਾਹੀਂ ਰੂਸ ਨੂੰ ਹੌਲੀ ਹੌਲੀ ਘੇਰਨਾ ਅਤੇ ਅਲੱਗ-ਥਲੱਗ ਕਰਨਾ ਸੀ ਅਤੇ ਨਾਲ ਹੀ ਯੂਕਰੇਨ ਨੂੰ ਰੂਸ ਤੋਂ ਜਾਣ-ਬੁੱਝ ਕੇ ਵੱਖ ਕਰਨਾ ਸੀ। ਬਰਜ਼ੇਜ਼ਿੰਸਕੀ ਦੇ ਨਜ਼ਰੀਏ ਮੁਤਾਬਕ ਯੂਕਰੇਨ ਰੂਸੀ ਤਾਕਤ ਲਈ ਜ਼ਰੂਰੀ ਸੀ। ਉਹ ਲਿਖਦਾ ਹੈ: 'ਯੂਰੇਸ਼ੀਅਨ ਸ਼ਤਰੰਜ ਦੀ ਬਿਸਾਤ ਤੇ ਇੱਕ ਨਵਾਂ ਅਤੇ ਮਹੱਤਵਪੂਰਨ ਥਾਂ ਯੂਕਰੇਨ, ਇੱਕ ਭੂ-ਰਾਜਨੀਤਿਕ ਧੁਰਾ (ਜੀਓਪੁਲੀਟੀਕਲ ਪਿਵਟ) ਹੈ ਕਿਉਂਕਿ ਇਸ ਦਾ ਸੁਤੰਤਰ ਦੇਸ਼ ਵਜੋਂ ਮੌਜੂਦ ਹੋਣਾ ਹੀ ਰੂਸ ਨੂੰ ਬਦਲਣ ਵਿੱਚ ਮਦਦ ਕਰਦਾ ਹੈ। ਯੂਕਰੇਨ ਤੋਂ ਬਿਨਾਂ, ਰੂਸ ਦੀ ਯੂਰੇਸ਼ੀਅਨ ਸਾਮਰਾਜ ਵਜੋਂ ਹੋਂਦ ਖਤਮ ਹੋ ਜਾਂਦੀ ਹੈ।'

ਇਸ ਤੋਂ ਅਗਾਂਹ, ਬਰਜ਼ੇਜ਼ਿੰਸਕੀ ਨੇ ਸਰਸਰੀ ਜਿਹੇ ਢੰਗ ਨਾਲ ਰੂਸ ਨੂੰ ਟੁਕੜੇ ਟੁਕੜੇ ਕਰਨ ਦਾ ਸੁਝਾਅ ਦਿੱਤਾ ਅਤੇ ਇਹ ਚਤੁਰਾਈ ਭਰਿਆ ਪ੍ਰਸਤਾਵ ਰੱਖਿਆ ਕਿ ਇਹ ਰੂਸ ਦੇ ਹਿੱਤ ਵਿੱਚ ਹੋਵੇਗਾ: 'ਇਕ ਢਿੱਲੀ ਤਰ੍ਹਾਂ ਸੰਗਠਿਤ ਰੂਸ ਨੂੰ - ਜਿਸ ਵਿੱਚ ਇੱਕ ਯੂਰਪੀ ਰੂਸ, ਇੱਕ ਸਾਈਬੇਰੀਅਨ ਗਣਰਾਜ ਅਤੇ ਇੱਕ ਦੂਰ ਪੂਰਬ ਦਾ ਗਣਰਾਜ (ਫਾਰ ਈਸਟਰਨ ਰਿਪਬਲਿਕ) ਸ਼ਾਮਲ ਹੋਵੇ- ਯੂਰਪ, ਮੱਧ ਏਸ਼ੀਆ ਦੇ ਨਵੇਂ ਦੇਸ਼ਾਂ ਅਤੇ ਏਸ਼ੀਆ (ਓਰੀਐਂਟ) ਨਾਲ ਨੇੜਲੇ ਆਰਥਿਕ ਸਬੰਧ ਵਿਕਸਿਤ ਕਰਨਾ ਵੀ ਆਸਾਨ ਲੱਗੇਗਾ, ਜਿਸ ਨਾਲ ਰੂਸ ਦਾ ਆਪਣਾ ਵਿਕਾਸ ਤੇਜ਼ ਹੋਵੇਗਾ।'

ਬਰਜ਼ੇਜ਼ਿੰਸਕੀ ਦੀ ਲਿਖਤ ਰੂਸ ਵਿਰੁੱਧ ਅਮਰੀਕੀ ਆਕਰਮਣਸ਼ੀਲਤਾ ਦੇ ਪੱਧਰ ਨੂੰ ਬਿਆਨ ਕਰਦੀ ਹੈ ਅਤੇ ਬਾਅਦ ਵਿੱਚ ਵਾਪਰੀਆਂ ਘਟਨਾਵਾਂ ਨੂੰ ਅਸਧਾਰਣ ਵੇਰਵੇ ਨਾਲ ਬਿਆਨ ਕਰਦੀ ਹੈ, ਇਕ ਅਜਿਹੀ ਹੱਦ ਤੱਕ ਕਿ ਇਹ ਲਗਭਗ ਆਪਣੇ ਆਪ ਨੂੰ ਦੋਸ਼ੀ ਸਿੱਧ ਕਰਨ ਵਾਲੀ ਨਿਉਕਨਜ਼ਰਵੇਟਿਵਾਂ ਦੀ ਮਾਸਟਰ ਪਲੈਨ ਹੋ ਨਿਬੜਦੀ ਹੈ। ਸ਼ੌਰਟ ਟਰਮ (ਅਲਪਕਾਲ) ਦੀ ਪਲੈਨ ਸੀ ਨੇਟੋ ਦਾ ਪਸਾਰ; ਮਿੱਡ ਟਰਮ (ਮੱਧਕਾਲੀ) ਪਲੈਨ ਸੀ ਯੂਕਰੇਨ ਨੂੰ ਰੂਸ ਦੇ ਵਿਰੁੱਧ ਕਰਨਾ; ਅਤੇ ਲੌਂਗ ਟਰਮ (ਲੰਮੇ ਸਮੇਂ ਦੀ) ਪਲੈਨ ਵਿੱਚ ਰੂਸ ਦੇ ਟੁਕੜੇ ਟੁਕੜੇ ਕਰਨਾ ਸ਼ਾਮਲ ਸੀ। ਇਸ ਰੌਸ਼ਨੀ ਵਿੱਚ ਵੇਖਿਆ ਜਾਵੇ ਤਾਂ ਯੂਕਰੇਨ ਵਿੱਚ ਅਮਰੀਕਾ ਦੀ ਦਖਲਅੰਦਾਜ਼ੀ ਰੂਸ 'ਤੇ ਹੋਰ ਹਮਲੇ ਕਰਨ ਵੱਲ ਪੁੱਟਿਆ ਪਹਿਲਾ ਕਦਮ ਸੀ।

ਨਿਉਕਨਜ਼ਰਵੇਟਿਵ ਡਾਕਟਰੀਨ (ਸਿਧਾਂਤ) ਅਮਰੀਕਾ ਦੀ ਭੂ-ਰਾਜਨੀਤਿਕ ਸੋਚ ਅਤੇ ਰਣਨੀਤੀ ਨੂੰ ਸੇਧ ਦਿੰਦੀ ਹੈ, ਅਤੇ ਇਸ ਨੂੰ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦਾ ਸਮਰਥਨ ਹਾਸਲ ਹੈ। ਇਹ ਕੰਪਲੈਕਸ ਅਮਰੀਕੀ ਫੌਜ, ਡਿਫੈਂਸ ਡਿਪਾਰਟਮੈਂਟ ਅਤੇ ਸਬੰਧਤ ਨੌਕਰਸ਼ਾਹੀਆਂ ਅਤੇ ਫੌਜ ਨੂੰ ਸਪਲਾਈ ਦੇਣ ਵਾਲੇ ਵਿਸ਼ਾਲ ਰੱਖਿਆ ਉਦਯੋਗ ਨੂੰ ਜੋੜਦਾ ਹੈ। ਇਸ ਨਾਲ ਇੱਕ ਬਹੁਤ ਵੱਡਾ ਤਾਕਤਵਰ ਰਾਜਨੀਤਿਕ-ਆਰਥਿਕ ਹਿੱਤ ਪੈਦਾ ਹੁੰਦਾ ਹੈ ਜੋ ਵੱਡੀ ਪੱਧਰ 'ਤੇ ਵਿਦੇਸ਼ੀ ਅਤੇ ਰਾਸ਼ਟਰੀ ਸੁਰੱਖਿਆ ਨੀਤੀ ਨੂੰ ਨਿਰਧਾਰਤ ਕਰਦਾ ਹੈ। ਇਸ ਤੋਂ ਇਲਾਵਾ, ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦਾ ਪ੍ਰਭਾਵ ਅਮਰੀਕੀ ਸਮਾਜ ਵਿੱਚ ਡੂੰਘਾ ਫੈਲਿਆ ਹੋਇਆ ਹੈ। ਇਹ ਰਾਜਨੀਤਕ ਚੋਣ ਮੁਹਿੰਮਾਂ ਲਈ ਚੰਦੇ (ਮਾਇਕ ਯੋਗਦਾਨ) ਦੇ ਕੇ ਅਤੇ ਸਿਆਸਤਦਾਨਾਂ ਨੂੰ ਨੌਕਰੀਆਂ ਅਤੇ ਸਲਾਹਕਾਰੀਆਂ (ਕਨਸਲਟੇਂਸੀਜ਼) ਦੇਣ ਦੇ ਵਾਅਦੇ ਕਰ ਕੇ ਕਾਂਗਰਸ ਤੇ ਪ੍ਰਭਾਵ ਪਾਉਂਦਾ ਹੈ। ਇਹ ਮਾਇਕ ਸਪਾਂਸਰਸ਼ਿੱਪਾਂ - ਜਿਹਨਾਂ ਵਿੱਚ ਮਾਸ ਮੀਡੀਆ, ਥਿੰਕ ਟੈਂਕ, ਯੂਨੀਵਰਸਿਟੀਆਂ ਅਤੇ ਫਿਲਮ ਅਤੇ ਵੀਡੀਓ ਗੇਮ ਉਦਯੋਗ ਸ਼ਾਮਲ ਹਨ- ਰਾਹੀਂ ਜਨਤਕ ਰਾਏ ਅਤੇ ਰਾਸ਼ਟਰੀ ਸੁਰੱਖਿਆ ਬਾਰੇ ਜਨਤਕ ਸਮਝ ਬਣਾਉਣ 'ਤੇ ਵੀ ਵਿਸ਼ਾਲ ਪ੍ਰਭਾਵ ਪਾਉਂਦਾ ਹੈ।

ਮੁੱਖ ਗੱਲ ਇਹ ਹੈ ਕਿ ਠੰਢੀ ਜੰਗ ਦੇ ਅੰਤ ਨੇ ਫੌਜੀ ਖਰਚ ਵਿੱਚ ਵੱਡੀ ਕਮੀ ਕਰਨ ਦੀ ਸੰਭਾਵਨਾ ਬਣਾ ਦਿੱਤੀ ਸੀ, ਜੋ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਲਈ ਵੱਡਾ ਆਰਥਿਕ ਖਤਰਾ ਸੀ। ਨਿਉਕਨਜ਼ਰਵੇਟਿਵ ਪ੍ਰੋਜੈਕਟ ਨੇ ਉਸ ਖਤਰੇ ਨੂੰ ਬੇਅਸਰ ਕਰ ਦਿੱਤਾ। ਇਸ ਨੇ ਠੰਡੀ ਜੰਗ ਦੇ ਪੱਧਰ ਦਾ ਅਤੇ ਉਸ ਤੋਂ ਵੱਧ ਦਾ ਫੌਜੀ ਖਰਚਾ ਜਾਰੀ ਰੱਖਣ ਲਈ ਇੱਕ ਜਾਇਜ਼ ਕਾਰਨ ਪ੍ਰਦਾਨ ਕੀਤਾ। ਇਸ ਤੋਂ ਇਲਾਵਾ, ਉਹ ਖਰਚਾ ਹਮੇਸ਼ਾਂ ਜਾਰੀ ਰਹਿ ਸਕਦਾ ਹੈ, ਕਿਉਂਕਿ ਸਰਦਾਰੀ ਨੂੰ ਬਣਾਈ ਰੱਖਣਾ ਇੱਕ ਅੰਤ ਰਹਿਤ ਪ੍ਰੋਜੈਕਟ ਹੈ।

ਬੁਝਾਰਤ ਦਾ ਇੱਕ ਹੋਰ ਪੱਖ ਹੈ ਯੂਰਪ ਦੀ ਅਮਰੀਕਾ ਦੇ ਨਿਉਕਨਜਰਵੇਟਿਵ ਪ੍ਰੋਜੈਕਟ ਵਿੱਚ ਸਾਂਝੀਦਾਰੀ, ਜਿਸ ਦੀ ਮਿਸਾਲ ਯੂਰਪ ਵੱਲੋਂ ਨੇਟੋ ਦੇ ਪੂਰਬ ਵੱਲ ਪਸਾਰ ਦਾ ਖੁਸ਼ੀ-ਖੁਸ਼ੀ ਕੀਤਾ ਸਮਰਥਨ ਅਤੇ ਯੂਰਪ ਵਲੋਂ 2014 ਦੀ ਮਿੰਸਕ ਸ਼ਾਂਤੀ ਪ੍ਰਕਿਰਿਆ ਨੂੰ ਸਾਬੋਤਾਜ ਕਰਨਾ ਹੈ। ਪਹਿਲੀ ਨਜ਼ਰ ਨਾਲ ਦੇਖਿਆਂ, ਯੂਰਪ ਦਾ ਸਮਰਥਨ ਇਕ ਨਾ-ਸਮਝ ਆਉਣ ਵਾਲੀ ਗੱਲ ਲਗਦੀ ਹੈ ਕਿਉਂਕਿ ਰੂਸ ਨਾਲ ਸਬੰਧਾਂ ਦੇ ਟੁੱਟਣ ਕਾਰਨ ਯੂਰਪ ਨੂੰ ਆਰਥਿਕ ਨੁਕਸਾਨ ਹੋਇਆ ਹੈ ਅਤੇ ਲੜਾਈ ਕਾਰਨ ਸਮਾਜਿਕ-ਆਰਥਿਕ ਤੌਰ 'ਤੇ ਨਾਂਹ-ਪੱਖੀ ਨਤੀਜੇ (ਉਦਾਹਰਨ ਲਈ, ਸ਼ਰਨਾਰਥੀਆਂ ਦੀ ਆਮਦ) ਝੱਲਣੇ ਪਏ ਹਨ।

ਹੋਰ ਵਿਚਾਰ ਕਰਨ 'ਤੇ ਕਈ ਵਿਆਖਿਆਵਾਂ ਸਾਹਮਣੇ ਆਉਂਦੀਆਂ ਹਨ। ਸਭ ਤੋਂ ਵੱਧ ਠੋਸ ਵਿਆਖਿਆ ਇਹ ਹੈ ਕਿ ਯੂਰਪ ਦੇ ਫੌਜੀ ਅਤੇ ਵਿਦੇਸ਼ ਨੀਤੀ ਨਾਲ ਸੰਬੰਧਿਤ ਪ੍ਰਬੰਧ ਨੂੰ ਸੰਯੁਕਤ ਰਾਜ ਅਮਰੀਕਾ ਨੇ ਹੈਕ ਕਰ ਲਿਆ ਹੈ ਅਤੇ ਹੁਣ ਇਹ ਯੂਰਪੀ ਹਿੱਤਾਂ ਦੀ ਬਜਾਏ ਅਮਰੀਕੀ ਹਿੱਤਾਂ ਦੀ ਸੇਵਾ ਕਰਦਾ ਹੈ। ਹੈਕਿੰਗ ਦੇ ਅਮਲ ਵਿੱਚ ਅਮਰੀਕੀ ਸਰਕਾਰ ਅਤੇ ਇਸ ਦੇ ਕਾਰਪੋਰੇਟ ਭਾਈਵਾਲ ਯੂਰਪੀ ਦੇਸ਼ਾਂ ਦੇ ਰਾਜਨੀਤਿਕ ਪਲੜੇ 'ਤੇ ਭਾਰੀ ਦਬਾਅ ਪਾਉਂਦੇ ਹਨ। ਉਹ ਹਿਮਾਇਤੀ ਸਿਆਸਤਦਾਨਾਂ ਦੀ ਮਦਦ ਕਰਦੇ ਹਨ, ਸਮਰਥਕ ਪੱਤਰਕਾਰਾਂ ਅਤੇ ਵਿਦਵਾਨਾਂ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਦੋਸਤਾਨਾ ਰਾਜਨੀਤਿਕ ਹਿੱਤਾਂ ਨੂੰ ਵਿੱਤੀ ਅਤੇ ਮੀਡੀਆ ਸਮਰਥਨ ਪ੍ਰਦਾਨ ਕਰਦੇ ਹਨ। ਵਿਚਾਰਾਂ ਦੀ ਸ਼੍ਰੇਣੀ ਨਾਲ ਸੰਬੰਧਿਤ ਪੇਸ਼ਾਵਰਾਂ (ਪੱਤਰਕਾਰਾਂ ਅਤੇ ਵਿਦਵਾਨਾਂ) ਦੀ ਕੈਰੀਅਰ ਵਿੱਚ ਤਰੱਕੀ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ।

ਯੂਰਪ ਦਾ ਆਪਣਾ ਵੀ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਹੈ, ਜੋ ਨੇਟੋ ਰਾਹੀਂ ਅਮਰੀਕਾ ਨਾਲ ਬਹੁਤ ਨੇੜਿਓਂ ਬੱਝਿਆ ਹੋਇਆ ਹੈ। ਇਸ ਤੋਂ ਇਲਾਵਾ, ਯੂਰਪ ਦਾ ਰੱਖਿਆ ਉਦਯੋਗ (ਡਿਫੈਂਸ ਇੰਡਸਟਰੀ) ਦੁਨੀਆ ਵਿੱਚ ਸਾਜ਼ ਸਮਾਨ ਦੇ ਸਭ ਤੋਂ ਵੱਡੇ ਖਰੀਦਦਾਰ ਅਮਰੀਕਾ ਨੂੰ ਸਪਲਾਈ ਕਰਨਾ ਚਾਹੁੰਦਾ ਹੈ, ਅਤੇ ਇਸ ਲਈ ਅਮਰੀਕੀ ਨੀਤੀ ਦਾ ਸਮਰਥਨ ਕਰਨਾ ਜ਼ਰੂਰੀ ਹੈ। ਅੰਤ ਵਿੱਚ, ਇਤਿਹਾਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਯੂਰਪ ਦੇ ਕੁਲੀਨ ਵਰਗ ਵਿੱਚ ਰੂਸ ਨਾਲ ਵੈਰ ਦੀ ਇਕ ਲੰਬੀ ਭਾਵਨਾ ਹੈ, ਜੋ ਯੂਨਾਈਟਿਡ ਕਿੰਗਡਮ ਵਿੱਚ ਖਾਸ ਕਰਕੇ ਬਹੁਤ ਜ਼ੋਰਦਾਰ ਹੈ ਅਤੇ ਜਰਮਨੀ ਵਿੱਚ ਥੋੜ੍ਹੀ ਜਿਹੀ ਘੱਟ।

ਲੜਾਈ ਦਾ ਚੌਥਾ ਬਾਹਰੀ ਕਾਰਨ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੀ ਮਿੱਥ ਹੈ, ਜਿਸ ਅਨੁਸਾਰ ਨੇਕ ਅਮਰੀਕਾ ਲੋਕਤੰਤਰ ਨੂੰ ਵਿਸ਼ਵ ਪੱਧਰ 'ਤੇ ਉਤਸ਼ਾਹਿਤ ਅਤੇ ਸੁਰੱਖਿਅਤ ਕਰਨ ਲਈ ਸਮਰਪਿਤ ਹੈ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਇਸ ਕਹਾਣੀ ਨੂੰ ਉਦਾਰਵਾਦੀ ਡੈਮੋਕਰੈਟ ਨਿਉਕਨਜ਼ਰਵੇਟਿਵਾਂ ਨੇ ਖਾਸ ਤੌਰ 'ਤੇ ਅਪਣਾਇਆ ਹੈ। ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੀ ਇਸ ਮਿੱਥ ਦਾ ਜਨਮ ਉਨੀਵੀਂ ਸਦੀ ਦੇ ਅਮਰੀਕਾ ਦੇ ਇਕ ਵਿਲੱਖਣ ਦੇਸ਼ ਹੋਣ ਦੀ ਧਾਰਨਾ ਤੋਂ ਹੁੰਦਾ ਹੈ, ਜਿਸ ਨੇ ਇਸ ਸੋਚ ਨੂੰ ਉਤਸ਼ਾਹਿਤ ਕੀਤਾ ਕਿ ਅਮਰੀਕਾ ਆਪਣੇ ਨੈਤਿਕ ਚਰਿੱਤਰ ਦੇ ਮਾਪਦੰਡ ਅਨੁਸਾਰ ਇੱਕ ਵਿਸ਼ੇਸ਼ ਕੌਮ ਹੈ ਅਤੇ ਇਸ ਦਾ ਇੱਕ ਖਾਸ ਮਿਸ਼ਨ ਹੈ। ਹੁਣ ਇਸ ਵਿਚਾਰ ਨਾਲ ਦੋਵੇਂ ਪਾਰਟੀਆਂ ਸਹਿਮਤ ਹਨ। ਰਿਪਬਲਿਕਨਾਂ ਵਿੱਚ, ਇਸ ਖਾਸ ਮਿਸ਼ਨ ਨੂੰ ਅਜ਼ਾਦੀ ਨੂੰ ਸੁਰੱਖਿਅਤ ਕਰਨ ਅਤੇ ਵਧਾਉਣ ਦੇ ਰੂਪ ਵਿੱਚ ਬਿਆਨਿਆ ਜਾਂਦਾ ਹੈ। ਡੈਮੋਕਰੈਟਾਂ ਵਿੱਚ, ਇਸ ਨੂੰ ਲੋਕਤੰਤਰ ਨੂੰ ਸੁਰੱਖਿਅਤ ਕਰਨ ਅਤੇ ਉਤਸ਼ਾਹਿਤ ਕਰਨ ਦੇ ਫਰਜ਼ ਦੇ ਰੂਪ ਵਿੱਚ ਬਿਆਨਿਆ ਜਾਂਦਾ ਹੈ।

ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਇੱਕ ਮਿੱਥ ਹੈ ਅਤੇ ਇਸ ਦਾ ਖੰਡਨ ਕਰਨ ਲਈ ਅੰਤਰਰਾਸ਼ਟਰੀ ਸਬੰਧਾਂ ਦੇ ਇਕ ਲੰਬੇ ਇਤਿਹਾਸ ਨੂੰ ਘੋਖਣ ਦੀ ਲੋੜ ਹੈ ਜੋ ਇਸ ਲੇਖ ਦੇ ਦਾਇਰੇ ਤੋਂ ਬਹੁਤ ਬਾਹਰ ਦੀ ਗੱਲ ਹੈ। ਮੌਜੂਦਾ ਮਕਸਦਾਂ ਲਈ, ਮਹੱਤਵਪੂਰਨ ਗੱਲ ਇਹ ਦੇਖਣਾ ਹੈ ਕਿ ਇਸ ਕਹਾਣੀ ਨੇ ਯੂਕਰੇਨ ਵਿੱਚ ਲੜਾਈ ਨੂੰ ਅੱਗੇ ਵਧਾਉਣ ਵਿੱਚ ਕਿਵੇਂ ਮਦਦ ਕੀਤੀ ਹੈ। ਇੱਥੇ ਇਹ ਤਿੰਨ ਕਾਰਨਾਂ ਕਰਕੇ ਮਹੱਤਵਪੂਰਨ ਹੈ। ਪਹਿਲਾਂ, ਇਸ ਨੇ ਪੱਛਮੀ ਜਨਤਕ ਰਾਏ ਲਈ ਨੇਟੋ ਦੇ ਪੂਰਬ ਵੱਲ ਪਸਾਰ ਅਤੇ ਯੂਕਰੇਨ ਅਤੇ ਸਾਬਕਾ ਸੋਵੀਅਤ ਗਣਰਾਜਾਂ ਵਿੱਚ ਦਖਲਅੰਦਾਜ਼ੀ ਕਰਨ ਲਈ ਜਾਇਜ਼ ਕਾਰਨ ਪ੍ਰਦਾਨ ਕੀਤਾ ਹੈ। ਦੂਜਾ, ਇਸ ਨੇ ਅਮਰੀਕੀ ਅਤੇ ਪੱਛਮੀ ਜਨਤਕ ਰਾਏ ਨੂੰ ਰੂਸ ਵਿਰੁੱਧ ਲਾਮਬੰਦ ਕੀਤਾ ਹੈ, ਅਤੇ ਇਹ ਜਨਤਕ ਰਾਏ ਨੂੰ ਜੰਗ ਦੇ ਸਮਰਥਨ ਵਿੱਚ ਬਣਾਈ ਰੱਖਦੀ ਹੈ। ਤੀਜਾ, ਇਸ ਨੇ ਨੇਟੋ ਦੇ ਪੂਰਬ ਵੱਲ ਪਸਾਰ ਅਤੇ ਯੂਕਰੇਨ ਵਿੱਚ ਅੰਦਰੂਨੀ ਦਖਲਅੰਦਾਜ਼ੀ ਪਿੱਛਲੇ ਅਸਲ ਮਕਸਦਾਂ ਦੀ ਹਕੀਕਤ ਨੂੰ ਲੁਕਾ ਦਿੱਤਾ ਹੈ। ਰੂਪਕ ਵਜੋਂ ਕਹੀਏ ਤਾਂ, ਨੇਟੋ ਦੇ ਪੂਰਬ ਵੱਲ ਪਸਾਰ ਅਤੇ ਯੂਕਰੇਨ ਵਿੱਚ ਅਮਰੀਕਾ ਦੀ ਦਖਲਅੰਦਾਜ਼ੀ ਦੋਹਾਂ ਨੇ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਦੀ ਪਿੱਠ ਤੇ ਸਵਾਰੀ ਕੀਤੀ ਹੈ।

ਅਸਲ ਵਿੱਚ, ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਮਿੱਥ ਪੱਛਮੀ ਜਨਤਕ ਰਾਏ ਨੂੰ ਨਿਉਕਨਜ਼ਰਵੇਟਿਵ ਪ੍ਰੋਜੈਕਟ ਦੇ ਹੱਕ ਵਿੱਚ ਪੱਛਮੀ ਜਨਤਕ ਰਾਇ ਲਾਮਬੰਦ ਕਰਨ ਲਈ ਨਿਰਣਾਇਕ ਰਹੀ ਹੈ, ਅਤੇ ਇੱਥੇ ਇਹ ਦੂਹਰਾ ਕੰਮ ਕਰਦੀ ਹੈ। ਪਹਿਲਾਂ, ਇਹ ਲੋਕਾਂ ਨੂੰ ਅਮਰੀਕਾ ਦੀ ਹਮਲਾਵਰ ਦਖਲਅੰਦਾਜ਼ੀ ਅਤੇ ਫੌਜੀਵਾਦ (ਮਿਲਟ੍ਰੀਜ਼ਮ) ਨੂੰ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੇ ਨੇਕ ਨਜ਼ਰੀਏ ਨਾਲ ਦੇਖਣ ਲਈ ਭੁਚਲਾ ਕੇ ਅਮਰੀਕਾ ਦੇ ਵਿਸ਼ਵ ਵਿਆਪੀ ਸਰਦਾਰੀ ਦੇ ਪ੍ਰੋਜੈਕਟ ਲਈ ਜਨਤਕ ਸਮਰਥਨ ਪੈਦਾ ਕਰਦੀ ਹੈ

ਦੂਜਾ, ਇਹ ਇਕ ਤਰ੍ਹਾਂ ਦਾ ਬੌਧਿਕ ਤੰਗ ਨਜ਼ਰੀਆ (ਟਨਲ ਵਿਜ਼ਨ) ਪੈਦਾ ਕਰਕੇ ਅਜਿਹੀਆਂ ਨੀਤੀਆਂ ਵਿਰੁੱਧ ਅਮਰੀਕਾ ਦੇ ਅੰਦਰੂਨੀ ਵਿਰੋਧ ਨੂੰ ਦਬਾਉਂਦੀ ਹੈ। ਲੋਕਾਂ ਨੂੰ ਸਵਾਰਥੀ ਰਾਸ਼ਟਰੀ ਹਿੱਤਾਂ ਦੀ ਪੂਰਤੀ ਕਰਨ ਦੀ ਸਚਾਈ ਨੂੰ ਦੇਖਣ ਤੋਂ ਰੋਕਿਆ ਜਾਂਦਾ ਹੈ, ਭਾਵੇਂ ਕਿ ਅਜਿਹੀਆਂ ਕਾਰਵਾਈਆਂ ਦਾ ਇਕ ਲੰਮਾ ਇਤਿਹਾਸ ਹੈ, ਜਿਨ੍ਹਾਂ ਵਿੱਚੋਂ ਕੁੱਝ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਨ ਅਤੇ ਲੋਕਤੰਤਰਿਕ ਢੰਗ ਨਾਲ ਚੁਣੀਆਂ ਸਰਕਾਰਾਂ ਨੂੰ ਗੱਦੀਉਂ ਲਾਹੁਣ ਵਾਲੀਆਂ ਹਨ। ਇਸ ਤੋਂ ਇਲਾਵਾ, ਇਸ ਨਾਲ ਇਸ ਕਹਾਣੀ ਨੂੰ ਚੁਣੌਤੀ ਦੇਣ ਵਾਲਿਆਂ ਲਈ ਦੇਸ਼ ਅਤੇ ਲੋਕਤੰਤਰ ਵਿਰੋਧੀ ਕਹਿ ਕੇ ਬਦਨਾਮ ਕੀਤੇ ਜਾਣ ਦਾ ਖਤਰਾ ਬਣ ਜਾਂਦਾ ਹੈ।

ਕਿਉਂਕਿ ਇਹ ਮਿੱਥ ਨਿਉਕਨਜ਼ਰਵੇਟਿਵ ਪ੍ਰੋਜੈਕਟ ਨੂੰ ਸੌਖਾ ਬਣਾਉਂਦੀ ਹੈ ਇਸ ਲਈ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਨੂੰ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟਰੀਅਲ ਕੰਪਲੈਕਸ) ਵੱਲੋਂ ਅਪਨਾਇਆ ਜਾਂਦਾ ਹੈ, ਜੋ ਇਸ ਪ੍ਰੋਜੈਕਟ ਤੋਂ ਮੁਨਾਫਾ ਕਮਾਉਂਦਾ ਹੈ। ਅਸਲ ਵਿੱਚ, ਇਹ ਕਹਾਣੀ ਲੋਕਤੰਤਰ ਨੂੰ ਸੁਰੱਖਿਅਤ ਕਰਨ ਅਤੇ ਅੱਗੇ ਵਧਾਉਣ ਦੇ ਨਾਂ ਹੇਠ ਫੌਜੀ ਖਰਚਿਆਂ ਅਤੇ ਵਿਦੇਸ਼ੀ ਦਖਲਅੰਦਾਜ਼ੀਆਂ ਨੂੰ ਹਰੀ ਝੰਡੀ ਦਿੰਦੀ ਹੈ।

ਪਿਛਲੇ ਦਹਾਕੇ ਵਿੱਚ, ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਮਿੱਥ ਨਾਲ 'ਆਟੋਕ੍ਰੇਸੀ ਇੰਕ.' ਨਾਂ ਦੀ ਇੱਕ ਨਵੀਂ ਮਿੱਥ ਜੁੜ ਗਈ ਹੈ, ਜਿਸ ਅਨੁਸਾਰ ਸੰਯੁਕਤ ਰਾਜ ਅਮਰੀਕਾ ਦੀ ਹੋਂਦ ਨੂੰ ਅਜਿਹੇ ਵਿਦੇਸ਼ੀ ਨਿਰੰਕੁਸ਼ ਸ਼ਾਸਕਾਂ (ਆਟੋਕਰੈਟਸ) ਤੋਂ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਪੱਛਮੀ ਲੋਕਤੰਤਰਾਂ ਨੂੰ ਪਲਟਾ ਕੇ ਉੱਥੇ ਆਪਣੀ ਹਕੂਮਤ ਸਥਾਪਿਤ ਕਰਨਾ ਚਾਹੁੰਦੇ ਹਨ। ਆਟੋਕ੍ਰੇਸੀ ਇੰਕ. ਵਾਲੀ ਮਿੱਥ ਅਮਰੀਕਾ ਦੀ ਦਖਲਅੰਦਾਜ਼ੀ, ਫੌਜੀਵਾਦ (ਮਿਲਟ ?ਰੀਜ਼ਮ) ਅਤੇ ਫੌਜੀ ਖਰਚਿਆਂ ਦੇ ਪੱਖ ਵਿੱਚ ਇਕ ਮਜ਼ਬੂਤ ਦਲੀਲ ਪੇਸ਼ ਕਰਦੀ ਹੈ। ਹੁਣ, ਅਮਰੀਕਾ ਲੋਕਤੰਤਰ ਨੂੰ ਸਿਰਫ ਸੁਰੱਖਿਅਤ ਅਤੇ ਉਤਸ਼ਾਹਿਤ ਹੀ ਨਹੀਂ ਕਰ ਰਿਹਾ ਹੈ "ਅਮਰੀਕਾ ਵਲੋਂ ਵਿਲੱਖਣ ਦੇਸ਼" ਹੋਣ ਵਾਲਾ ਪੁਰਾਣਾ ਵਿਚਾਰ), ਸਗੋਂ ਇਸ ਦੀ ਹੋਂਦ ਨੂੰ ਵਿਦੇਸ਼ੀ ਨਿਰੰਕੁਸ਼ ਸ਼ਾਸਕਾਂ (ਆਟੋਕਰੈਟਸ) ਤੋਂ ਖਤਰਾ ਵੀ ਹੈ। ਇਹ ਨਵੀਂ ਕਹਾਣੀ ਇਕ ਸਥਾਈ ਲੜਾਈ ਦਾ ਦ੍ਰਿਸ਼ ਪੇਸ਼ ਕਰਦੀ ਹੈ, ਜੋ ਸਮੇਂ ਦੀ ਕੋਈ ਹੱਦ ਮਿੱਥੇ ਬਿਨਾਂ ਹੋਰ ਵਧੇਰੇ ਫੌਜੀ ਖਰਚਿਆਂ ਨੂੰ ਜਾਇਜ਼ ਠਹਿਰਾਉਂਦੀ ਹੈ। ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦੇ ਨਜ਼ਰੀਏ ਵਿੱਚ, ਇਹ ਠੰਢੀ ਜੰਗ ਤੋਂ ਵੀ ਬਿਹਤਰ ਹੈ, ਜਿਸ ਦੇ ਅੰਤ ਤੇ ਗੱਲਬਾਤ ਨਾਲ ਸਮਝੌਤਾ ਕੀਤਾ ਜਾ ਸਕਦਾ ਸੀ। ਆਟੋਕ੍ਰੇਸੀ ਇੰਕ. ਵਾਲੀ ਕਹਾਣੀ ਅਨੁਸਾਰ, ਅਜਿਹੀ ਕੋਈ ਗੱਲਬਾਤ ਸੰਭਵ ਨਹੀਂ ਹੈ।

ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਅਤੇ "ਆਟੋਕ੍ਰੇਸੀ ਇੰਕ." ਵਾਲੀ ਇਸ ਦੀ ਨਵੀਂ ਭੈਣ ਬਹੁਤ ਖ਼ਤਰਨਾਕ ਹਨ। ਪਹਿਲੀ ਆਪਣੇ ਆਪ ਨੂੰ ਸਹੀ ਸਮਝ ਕੇ ਕੀਤੀ ਜਾਣ ਵਾਲੀ ਦਖਲਅੰਦਾਜ਼ੀ ਨੂੰ ਉਤਸ਼ਾਹਿਤ ਕਰਦੀ ਹੈ, ਜਦੋਂ ਕਿ ਦੂਜੀ ਸੰਦੇਹੀ ਮਾਨਸਿਕਤਾ (ਪੈਰਾਨੋਇਆ) ਨੂੰ ਵਧਾਉਂਦੀ ਹੈ। ਇਹ ਇਕੱਲੀਆਂ ਇਕੱਲੀਆਂ ਆਪਣੇ ਆਪ ਵਿੱਚ ਖ਼ਤਰਨਾਕ ਹਨ ਅਤੇ ਇਕੱਠੀਆਂ ਹੋ ਕੇ ਤਾਂ ਇਹ ਵਿਨਾਸ਼ਕਾਰੀ ਹੋ ਸਕਦੀਆਂ ਹਨ। ਦੋਵੇਂ ਵਿਦੇਸ਼ ਨੀਤੀ ਵਿੱਚ ਆਕਰਮਣਸ਼ੀਲਤਾ ਅਤੇ ਫੌਜੀ ਦਖਲਅੰਦਾਜ਼ੀ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਅਜਿਹੇ ਵਿਵਹਾਰਾਂ ਨੂੰ ''ਨੇਕ ਸੁਆਰਥਹੀਣਤਾ (ਬਿਨੈਵਲੈਂਟ ਸੈਲਫਲੈੱਸਨੈੱਸ)'' ਅਤੇ ''ਆਪਣੀ ਰੱਖਿਆ'' ਵਜੋਂ ਲੁਕਾਉਂਦੀਆਂ ਹਨ। ਹੁਣ ਦੋਹਾਂ ਨੂੰ ਯੂਕਰੇਨ ਦੀ ਲੜਾਈ ਨੂੰ ਜਾਰੀ ਰੱਖਣ ਦੇ ਹੱਕ ਵਿੱਚ ਜਨਤਕ ਸਮਰਥਨ ਪੈਦਾ ਕਰਨ ਲਈ ਵਰਤਿਆ ਜਾ ਰਿਹਾ ਹੈ।

ਇਨ੍ਹਾਂ ਮਿੱਥਾਂ ਦਾ ਜ਼ਹਿਰੀਲਾ ਪ੍ਰਭਾਵ ਪੱਛਮੀ ਜਨਤਕ ਰਾਏ ਨੂੰ ਕਾਬੂ ਕਰਕੇ ਕੰਮ ਕਰਦਾ ਹੈ। ਜਨਤਕ ਰਾਏ ਨੂੰ ਜੰਗ ਦੇ ਸਮਰਥਨ ਤੋਂ ਦੂਰ ਕਰਨਾ ਯੂਕਰੇਨ ਦੀ ਲੜਾਈ ਅਤੇ ਭਵਿੱਖ ਦੀਆਂ ਲੜਾਈਆਂ ਨੂੰ ਰੋਕਣ ਲਈ ਜ਼ਰੂਰੀ ਹੈ। ਜਨਤਕ ਰਾਏ ਵਿੱਚ ਤਬਦੀਲੀ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਅਤੇ ਅਮਰੀਕਾ ਦੀ ਸਿਆਸੀ ਸਥਾਪਤੀ (ਪੁਲੀਟੀਕਲ ਇਸਟੈਬਲਿਸ਼ਮੈਂਟ) ਉੱਪਰ ਨਿਉਕਨਜ਼ਰਵੇਟਿਵਾਂ ਦੇ ਗਲਬੇ ਨੂੰ ਰੋਕਣ ਲਈ ਵੀ ਲੋੜੀਂਦੀ ਹੈ। ਬਦਕਿਸਮਤੀ ਨਾਲ, ਜਨਤਕ ਰਾਏ ਨੂੰ ਆਪਣੇ ਆਪ ਨੂੰ ਸਹੀ ਸਮਝਦਿਆਂ ਲੋਕ ਤੰਤਰ ਨੂੰ ਉਤਸ਼ਾਹਿਤ ਕਰਨ ਲਈ ਧਰਮ ਯੁੱਧ ਵਾਂਗ ਲੜਨ ਦੀ ਕਹਾਣੀ ਅਤੇ ਆਟੋਕ੍ਰੇਸੀ ਇੰਕ ਦੀ 'ਚੰਗੇ ਬਨਾਮ ਬੁਰੇ' ਵਾਲੀ ਸੰਦੇਹੀ ਮਾਨਸਿਕਤਾ ਦੀ ਮੈਨੀਕੀਅਨ ਕਹਾਣੀ ਨੇ ਕਾਬੂ ਵਿੱਚ ਕਰ ਲਿਆ ਹੈ, ਜੋ ਨੀਤੀ ਨੂੰ ਉਲਟ ਦਿਸ਼ਾ ਵੱਲ ਧੱਕਦੀ ਹੈ। ਇਹ ਜੌੜੀਆਂ ਕਹਾਣੀਆਂ ਸਮਝੌਤੇ ਨੂੰ ਲਗਭਗ ਅਸੰਭਵ ਬਣਾਉਂਦੀਆਂ ਹਨ, ਲੜਾਈ ਨੂੰ ਤੇਜ਼ ਕਰਨ ਨੂੰ ਉਤਸ਼ਾਹਿਤ ਕਰਦੀਆਂ ਹਨ, ਅਤੇ ਨਿਉਕਨਜ਼ਰਵੇਟਿਵਾਂ ਅਤੇ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦੀ ਰਾਜਨੀਤਿਕ ਪਕੜ ਨੂੰ ਮਜ਼ਬੂਤ ਕਰਦੀਆਂ ਹਨ।

ਕੋਈ ਵੀ ਅਲਜਬਰਾ ਅਜਿਹੀ ਸੋਚ ਨੂੰ ਗ਼ਲਤ ਸਾਬਤ ਨਹੀਂ ਕਰ ਸਕਦਾ। ਸਿਰਫ਼ ਤਰਕਪੂਰਨ ਦਲੀਲ, ਸਬੂਤਾਂ ਅਤੇ ਇਤਿਹਾਸ ਨੂੰ ਦੇਖਣ ਲਈ ਅਪੀਲ ਕਰਨਾ ਹੀ ਸੰਭਵ ਹੈ। ਇੱਥੇ ਇਤਿਹਾਸ ਪ੍ਰਤੀ ਨਫ਼ਰਤ ਫਿਰ ਸਾਹਮਣੇ ਆ ਜਾਂਦੀ ਹੈ। ਇਤਿਹਾਸ ਵਿੱਚ ਦਿਲਚਸਪੀ ਦੀ ਘਾਟ ਕਾਰਨ ਜਨਤਕ ਸਮਝ ਨੂੰ ਬਦਲਣ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਤੋਂ ਇਲਾਵਾ, ਅਮਰੀਕਾ ਦੀ ਸਥਾਪਤੀ ਨੂੰ ਅਜਿਹਾ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਹੈ। ਸਗੋਂ ਇਸ ਤੋਂ ਉਲਟਾ ਸੱਚ ਹੈ। ਸਥਾਪਤੀ ਮੌਜੂਦਾ ਗ਼ਲਤਫਹਿਮੀਆਂ ਨੂੰ ਜਾਰੀ ਰੱਖਣਾ ਅਤੇ ਉਤਸ਼ਾਹਿਤ ਕਰਨਾ ਚਾਹੁੰਦੀ ਹੈ।

ਇਸ ਤੋਂ ਵੀ ਬਦਤਰ ਗੱਲ ਇਹ ਹੈ ਕਿ ਅਮਰੀਕਾ (ਨੇਟੋ ਦੀ ਮਦਦ ਨਾਲ) ਜਿੰਨਾ ਵੱਧ ਵਿਸ਼ਵ ਵਿਆਪੀ ਸਰਦਾਰੀ ਨੂੰ ਠੋਸਣ ਦੀ ਕੋਸ਼ਿਸ਼ ਕਰਦਾ ਹੈ, ਉਨਾ ਹੀ ਵੱਧ ਉਹ ਹੋਰ ਦੇਸ਼ਾਂ ਨੂੰ ਇਸ ਵਿਰੁੱਧ ਕਦਮ ਚੁੱਕਣ ਅਤੇ ਆਪਣੀਆਂ ਫੌਜਾਂ ਨੂੰ ਵਧਾਉਣ ਲਈ ਉਕਸਾਉਂਦਾ ਹੈ। ਇਸ ਤੋਂ ਇਲਾਵਾ, ਪੱਛਮ ਵੱਲੋਂ ਲਾਈਆਂ ਆਰਥਿਕ ਪਾਬੰਦੀਆਂ ਦੇਸ਼ਾਂ ਨੂੰ ਹੋਰ ਆਰਥਿਕ ਭਾਈਵਾਲ ਲੱਭਣ ਲਈ ਮਜਬੂਰ ਕਰਦੀਆਂ ਹਨ। ਨਤੀਜੇ ਵਜੋਂ, ਅਮਰੀਕਾ ਇੱਕ ਆਪਣੇ ਆਪ ਪੂਰੀ ਹੋਣ ਵਾਲੀ ਭਵਿੱਖਬਾਣੀ ਨੂੰ ਜਨਮ ਦਿੰਦਾ ਹੈ ਕਿਉਂਕਿ ਅਮਰੀਕਾ ਤੋਂ ਖ਼ਤਰਾ ਮਹਿਸੂਸ ਕਰਨ ਵਾਲੇ ਦੇਸ਼ ਆਰਥਿਕ, ਕੂਟਨੀਤਿਕ ਅਤੇ ਫੌਜੀ ਤੌਰ ਤੇ ਇਕੱਠੇ ਹੋਣਾ ਸ਼ੁਰੂ ਕਰ ਦਿੰਦੇ ਹਨ। ਪਰ ਇਸ ਤਰ੍ਹਾਂ ਇਕੱਠੇ ਹੋਣਾ ਰੱਖਿਆਤਮਕ ਹੈ, ਹਮਲਾਵਰੀ ਨਹੀਂ, ਜਿਵੇਂ ਕਿ ਆਟੋਕ੍ਰੇਸੀ ਇੰਕ. ਵਾਲੀ ਮਿਥ ਵਿੱਚ ਦਾਅਵਾ ਕੀਤਾ ਜਾਂਦਾ ਹੈ।

**ਲੜਾਈ ਸ਼ੁਰੂ ਹੋਣਾ: ਰੂਸ ਦੀ ਫੌਜੀ ਦਖਲਅੰਦਾਜ਼ੀ ਦੀ ਵਿਆਖਿਆ**

ਮੈਂ ਲੜਾਈ ਬਾਰੇ ਸਮਝਾਉਣ ਲਈ ਕੈਂਚੀ ਦੇ ਰੂਪਕ ਦੀ ਵਰਤੋਂ ਕੀਤੀ ਹੈ। ਉੱਤਰ-ਸੋਵੀਅਤ ਵਿਵਸਥਾ ਵਿੱਚ ਅੰਦਰੂਨੀ ਦਰਾੜਾਂ (ਫਰੈਕਚਰਜ਼) ਇੱਕ ਫਲ (ਬਲੇਡ) ਬਣਦੀਆਂ ਹਨ। ਅਮਰੀਕਾ ਦੀ ਦਖਲਅੰਦਾਜ਼ੀ ਨਾਲ ਜੁੜੇ ਬਾਹਰੀ ਕਾਰਨ ਦੂਜਾ ਫਲ (ਬਲੇਡ) ਬਣਦੇ ਹਨ। ਕੌਮੀ ਦੁਸ਼ਮਣੀਆਂ ਫਲਕ੍ਰਮ (ਪਿਵਟ ਪੁਆਇੰਟ) ਹਨ ਜੋ ਫਲਾਂ (ਬਲੇਡਾਂ) ਨੂੰ ਇਕ ਦੂਜੇ ਨਾਲ ਜੋੜਦਾ ਹੈ। ਉਨ੍ਹਾਂ ਦੁਸ਼ਮਣੀਆਂ ਨੇ ਸਾਬਕਾ ਗਣਰਾਜਾਂ ਵਿੱਚ ਅੰਦਰੂਨੀ ਵੰਡਾਂ ਪੈਦਾ ਕੀਤੀਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਅਮਰੀਕਾ ਲਈ ਨੇਟੋ ਨੂੰ ਬਾਲਟਿਕ ਗਣਰਾਜਾਂ ਵਿੱਚ ਘੁਸਾਉਣ ਦੇ ਨਾਲ ਨਾਲ ਦੂਸਰੇ ਸਾਬਕਾ ਸੋਵੀਅਤ ਗਣਰਾਜਾਂ ਵਿੱਚ ਅੰਦਰੂਨੀ ਦਖਲਅੰਦਾਜ਼ੀਆਂ ਲਈ ਰਸਤਾ ਵੀ ਪ੍ਰਦਾਨ ਕੀਤਾ। ਇਸ ਤਰ੍ਹਾਂ ਇਹ ਦੁਸ਼ਮਣੀਆਂ ਦੋਵੇਂ ਫਲਾਂ (ਬਲੇਡਾਂ) ਲਈ ਕੰਮ ਕਰਦੀਆਂ ਹਨ।

ਰੂਸ ਦੀ 2022 ਦੀ ਦਖਲਅੰਦਾਜ਼ੀ ਨੂੰ ਉਸ ਲੜਾਈ ਦੇ ਵਾਧੇ ਵਜੋਂ ਸਮਝਣਾ ਚਾਹੀਦਾ ਹੈ ਜੋ 2014 ਦੇ ਮੇਡਨ ਰਾਜਪਲਟੇ ਨਾਲ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ। ਸੰਨ 2014 ਤੋਂ ਪਹਿਲਾਂ, ਰੂਸ ਨੇ ਨੇਟੋ ਦੇ ਪਸਾਰ ਦਾ ਲਗਾਤਾਰ ਵਿਰੋਧ ਕੀਤਾ ਪਰ ਨਾ-ਚਾਹੁੰਦਿਆਂ ਹੋਇਆਂ ਵੀ ਇਸ ਨੂੰ ਸਵੀਕਾਰ ਕਰ ਲਿਆ। ਸੰਨ 2014 ਦਾ ਰਾਜਪਲਟਾ ਉਹ ਆਖਰੀ ਤਿਣਕਾ ਸੀ ਜਿਸ ਨੇ ਊਠ ਦੀ ਪਿੱਠ ਤੋੜ ਦਿੱਤੀ, ਅਤੇ ਡੌਨਬਾਸ ਦੇ ਸੂਬਿਆਂ ਵਲੋਂ ਵੱਖ ਹੋਣ ਅਤੇ ਰੂਸ ਵੱਲੋਂ ਕ੍ਰੀਮੀਆ ਉੱਤੇ ਕਬਜ਼ਾ ਕਰਨ ਦੇ ਅਮਲ ਨੂੰ ਅੰਜਾਮ ਦਿੱਤਾ।

ਇਸ ਤੋਂ ਬਾਅਦ, ਮਿੰਸਕ ਸ਼ਾਂਤੀ ਪ੍ਰਕਿਰਿਆ (2014-2021) ਨੇ ਪੂਰੇ ਯੁੱਧ ਨੂੰ ਟਾਲਦੇ ਹੋਏ ਇੱਕ 'ਝੂਠੀ ਜੰਗ (ਫ਼ੋਨੀ ਵਾਰ)' ਦੇ ਦੌਰ ਨੂੰ ਜਨਮ ਦਿੱਤਾ। ਲੱਗਦਾ ਹੈ ਕਿ ਰੂਸ ਇਸ ਪ੍ਰਕਿਰਿਆ ਵਿੱਚ ਚੰਗੀ ਨੀਅਤ ਨਾਲ ਸ਼ਾਮਲ ਹੋਇਆ ਸੀ, ਭਾਵੇਂ ਕਿ ਉਸ ਦੇ ਆਲੋਚਕ ਕਹਿੰਦੇ ਹਨ ਕਿ ਉਸ ਦੀਆਂ ਮੰਗਾਂ ਮੰਨਣਯੋਗ ਨਹੀਂ ਸਨ। ਪਰ ਲਗਦਾ ਹੈ ਕਿ ਅਮਰੀਕਾ/ਨੇਟੋ ਬਲਾਕ ਦੀ ਨੁਮਾਇੰਦਗੀ ਕਰ

ਰਹੇ ਫਰਾਂਸ ਅਤੇ ਜਰਮਨੀ (ਨੌਰਮੰਡੀ ਗਰੁੱਪ) ਨੇ ਬੁਰੀ ਨੀਅਤ ਨਾਲ ਕੰਮ ਕੀਤਾ। 7 ਦਸੰਬਰ 2022 ਨੂੰ ਡਾਈ ਜ਼ੀਟ ਨੂੰ ਦਿੱਤੀ ਇਕ ਇੰਟਰਵਿਊ ਵਿੱਚ, ਸਾਬਕਾ ਜਰਮਨ ਚਾਂਸਲਰ ਆਂਗੇਲਾ ਮਰਕਲ ਨੇ ਮੰਨਿਆ ਸੀ ਕਿ ਮਿੰਸਕ ਸਮਝੌਤਾ 'ਯੂਕਰੇਨ ਨੂੰ ਸਮਾਂ ਦੇਣ ਦੀ ਕੋਸ਼ਿਸ਼ ਸੀ' ਤਾਂ ਕਿ ਉਹ ਆਪਣੇ ਆਪ ਨੂੰ ਮਜ਼ਬੂਤ ਕਰ ਸਕੇ, ਜਦੋਂ ਕਿ ਅਮਰੀਕਾ ਨੇ ਵੱਡੀ ਫੌਜੀ ਸਹਾਇਤਾ ਪ੍ਰਦਾਨ ਕੀਤੀ ਸੀ।

ਲੱਗਦਾ ਹੈ ਕਿ ਰੂਸ ਦੀ ਯੂਕਰੇਨ ਵਿੱਚ ਫੌਜੀ ਦਖਲਅੰਦਾਜ਼ੀ ਕੂਟਨੀਤਕ ਅਤੇ ਫੌਜੀ ਸਥਿਤੀਆਂ ਦੇ ਦੋਹਰੇ ਘੋੜੇ (ਟਰਿੱਗਰ) ਨਾਲ ਪ੍ਰੇਰਿਤ ਹੋਈ ਸੀ। ਕੂਟਨੀਤਕ ਪੱਖੋਂ, 14 ਜੂਨ 2021 ਨੂੰ ਨੇਟੋ ਦੇ ਬ੍ਰਸੈਲਜ਼ ਸਿਖਰ ਸੰਮੇਲਨ ਦੀ ਘੋਸ਼ਣਾ ਵਿੱਚ ਕਲਾਜ਼ 69 ਨੂੰ ਲਿਆ ਜਾ ਸਕਦਾ ਹੈ, ਜਿਸ ਵਿੱਚ ਅਮਰੀਕਾ ਦੀ ਸਖਤ ਪੁਜੀਸ਼ਨ ਸ਼ਾਮਲ ਸੀ ਕਿ ਰੂਸ ਦੇ ਵਿਰੋਧ ਦੇ ਬਾਵਜੂਦ ਯੂਕਰੇਨ ਲਈ ਨੇਟੋ ਦੀ ਮੈਂਬਰਸ਼ਿਪ ਦਾ ਰਾਹ ਖੁੱਲ੍ਹਾ ਹੈ। ਇਹ ਪੁਜੀਸ਼ਨ ਨਵੰਬਰ 2021 ਵਿੱਚ ਅਮਰੀਕਾ ਅਤੇ ਯੂਕਰੇਨ ਵੱਲੋਂ ਦੁਵੱਲੀ ਰਣਨਤੀਤਕ ਭਾਈਵਾਲੀ ਲਈ ਕੀਤੇ ਸਮਝੌਤੇ ਵਿੱਚ ਹੋਰ ਵੀ ਜ਼ੋਰਦਾਰ ਭਾਸ਼ਾ ਵਿੱਚ ਦੁਹਰਾਈ ਗਈ ਸੀ।

ਫੌਜੀ ਪੱਖੋਂ, ਫਰਵਰੀ 2022 ਵਿੱਚ ਯੂਕਰੇਨ ਵਲੋਂ ਡੌਨਬਾਸ ਦੇ ਵੱਖਵਾਦੀਆਂ ਖਿਲਾਫ ਛੇਤੀ ਹੀ ਹਮਲਾ ਕੀਤੇ ਜਾਣ ਦੇ ਸਬੂਤ ਸਨ ਜਦੋਂ ਕਿ ਯੂਕਰੇਨੀ ਫੌਜਾਂ ਇਸ ਸਮੇਂ ਇੱਕ ਦਹਾਕੇ ਦੀ ਅਮਰੀਕੀ ਫੌਜੀ ਸਹਾਇਤਾ ਨਾਲ ਲੈਸ ਸਨ। ਅਜਿਹਾ ਹਮਲਾ ਵੱਖਵਾਦੀਆਂ ਨੂੰ ਹਰਾ ਸਕਦਾ ਸੀ, ਜਿਸ ਨਾਲ ਰੂਸ ਦੇ ਕ੍ਰੀਮੀਆ ਉੱਤੇ ਕਬਜ਼ੇ ਲਈ ਖਤਰਾ ਪੈਦਾ ਹੋ ਸਕਦਾ ਸੀ। ਰੂਸ ਦੀ ਫੌਜੀ ਦਖਲਅੰਦਾਜ਼ੀ ਨੇ ਉਸ ਹੋਣੀ ਨੂੰ ਵਾਪਰਨ ਤੋਂ ਪਹਿਲਾਂ ਰੋਕ ਦਿੱਤਾ।

ਜੰਗ ਦੇ ਲੇਖੇ ਜੋਖੇ ਅਨੁਸਾਰ ਯੂਕਰੇਨ ਅਤੇ ਯੂਰਪ ਸਪੱਸ਼ਟ ਤੌਰ 'ਤੇ ਹਾਰੇ ਨਜ਼ਰ ਆਉਂਦੇ ਹਨ। ਰੂਸ ਦੀ ਸਥਿਤੀ ਗੁੰਝਲਦਾਰ ਹੈ ਪਰ ਨਿਰੋਲ ਤੌਰ 'ਤੇ ਹਾਂ-ਮੁਖੀ (ਨੈੱਟ ਪੌਜ਼ੇਟਿਵ) ਹੈ। ਅਮਰੀਕਾ ਸਪੱਸ਼ਟ ਰੂਪ ਵਿੱਚ ਜੇਤੂ ਹੈ, ਘੱਟੋ-ਘੱਟ ਸ਼ੌਰਟ ਟਰਮ (ਅਲਪਕਾਲ) ਵਿੱਚ। ਯੂਕਰੇਨ ਸਭ ਤੋਂ ਵੱਡਾ ਹਾਰਨ ਵਾਲਾ ਹੈ। ਇਸ ਦੀ ਆਰਥਿਕਤਾ ਅਤੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੱਤਾ ਗਿਆ ਹੈ, ਜ਼ਮੀਨ ਦੇ ਵੱਡੇ ਹਿੱਸੇ ਵਿੱਚ ਮਾਈਨਾਂ (ਸੁਰੰਗਾਂ) ਵਿਛਾਈਆਂ ਗਈਆਂ ਹਨ ਜਾਂ ਜ਼ਮੀਨ ਦੇ ਵੱਡੇ ਹਿੱਸੇ 'ਤੇ ਰੂਸ ਨੇ ਕਬਜ਼ਾ ਕਰ ਲਿਆ ਹੈ, ਲੱਖਾਂ ਲੋਕ ਸ਼ਰਨਾਰਥੀ ਬਣ ਕੇ ਦੇਸ਼ ਛੱਡ ਗਏ ਹਨ, ਹਜ਼ਾਰਾਂ ਲੋਕ ਮਾਰੇ ਗਏ ਜਾਂ ਜ਼ਖਮੀ ਹੋਏ ਹਨ, ਲੋਕਤੰਤਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਪ੍ਰੋਟੋ-ਫਾਸ਼ਿਸਟ (ਮੁਢਲੇ ਪੜਾਅ ਦੇ ਫਾਸ਼ੀਵਾਦੀ) ਅੱਤਵਾਦੀ ਰਾਜਨੀਤਿਕ ਤੌਰ ਉੱਤੇ ਸੱਤਾ ਵਿੱਚ ਹਨ, ਅਤੇ ਦੇਸ਼ ਵਿੱਚ ਇਕ ਅਸਫਲ ਰਾਜ (ਫੇਲਡ ਸਟੇਟ) ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦਿਖਾਈ ਦਿੰਦੀਆਂ ਹਨ।

ਯੂਰਪ ਵੀ ਇੱਕ ਵੱਡਾ ਹਾਰਨ ਵਾਲਾ ਹੈ। ਇਸ ਨੂੰ ਵੱਡੀ ਗਿਣਤੀ ਵਿੱਚ ਆ ਰਹੇ ਯੂਕਰੇਨੀ ਸ਼ਰਨਾਰਥੀਆਂ ਦਾ ਭਾਰ ਝੱਲਣਾ ਪੈ ਰਿਹਾ ਹੈ ਅਤੇ ਉਨ੍ਹਾਂ ਨਾਲ ਪੈਦਾ ਹੋਣ ਵਾਲੇ ਸਮਾਜਿਕ-ਆਰਥਿਕ ਖਰਚੇ ਅਤੇ ਉਹਨਾਂ ਕਾਰਨ ਪੈਦਾ ਹੋਣ ਵਾਲੇ ਨੁਕਸਾਨਦੇਹ ਰਾਜਨੀਤਿਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਰਥਿਕ ਖਰਚੇ ਖਾਸ ਤੌਰ ਉੱਤੇ ਬਹੁਤ ਵੱਡੇ ਹਨ। ਰੂਸ ਤੋਂ ਸਸਤੀ ਊਰਜਾ ਸਪਲਾਈ ਦੇ ਬੰਦ ਹੋਣ ਕਾਰਨ ਯੂਰਪੀ ਊਰਜਾ ਕੀਮਤਾਂ ਪੱਕੇ ਤੌਰ ਉੱਤੇ ਵਧੀਆਂ ਰਹਿਣਗੀਆਂ। ਊਰਜਾ ਕੀਮਤਾਂ ਵਿੱਚ ਵਾਧੇ ਨੇ ਅਸਥਾਈ ਮਹਿੰਗਾਈ ਪੈਦਾ ਕੀਤੀ ਹੈ ਜੋ ਅਸਲ ਆਮਦਨਾਂ ਨੂੰ ਪੱਕੇ ਤੌਰ ਉੱਤੇ ਘਟਾਏਗੀ ਅਤੇ ਅੰਤਰਰਾਸ਼ਟਰੀ ਉਦਯੋਗਿਕ ਖੇਤਰ ਵਿੱਚ ਮੁਕਾਬਲਾ ਕਰ ਸਕਣ ਦੀ ਸਮਰੱਥਾ ਨੂੰ ਨੁਕਸਾਨ ਕਰੇਗੀ, ਜਿਸ ਦਾ ਇਸ ਦੇ ਉਤਪਾਦਨ ਦੇ ਖੇਤਰ (ਮੈਨੂਫੈਕਚਰਿੰਗ ਸੈਕਟਰ) ਉੱਤੇ ਮਾੜਾ ਅਸਰ ਪਵੇਗਾ। ਪਾਬੰਦੀਆਂ ਕਾਰਨ ਯੂਰਪ ਨੇ ਰੂਸ ਨੂੰ ਕੈਪੀਟਲ ਗੁੱਡਜ਼ (ਮਸ਼ੀਨਰੀ, ਸੰਦ, ਸੌਫਟਵੇਅਰ ਅਤੇ ਹੋਰ ਉਤਪਾਦਤ ਵਸਤਾਂ) ਦਾ ਨਿਰਯਾਤ ਕਰਨ ਦੇ ਆਰਥਿਕ ਮੌਕੇ ਵੀ ਗੁਆ ਲਏ ਹਨ। ਚੀਨ ਨਾਲ ਇਸ ਦਾ ਲਾਭਦਾਇਕ ਵਪਾਰ ਅਤੇ ਨਿਵੇਸ਼ ਸੰਬੰਧ ਵੀ ਖਤਰੇ ਵਿੱਚ ਹਨ, ਕਿਉਂਕਿ ਅਮਰੀਕਾ ਨੇਟੋ ਦੇ ਸਾਥੀਆਂ ਉੱਤੇ ਜ਼ੋਰ ਪਾ ਰਿਹਾ ਹੈ ਕਿ ਉਹ ਰੂਸ ਦਾ ਸਮਰਥਨ ਕਰਨ ਵਾਲੇ ਅਤੇ ਅਮਰੀਕਾ ਦੀ ਵਿਸ਼ਵ ਸਰਦਾਰੀ ਨੂੰ ਰੱਦ ਕਰਨ ਵਾਲੇ ਚੀਨ ਦੇ ਮੁਕਾਬਲੇ ਯੁੱਧ ਦੀ ਤਿਆਰੀ ਕਰਨ।

ਰੂਸ ਦੀ ਸਥਿਤੀ ਰਲਵੀਂ ਮਿਲਵੀਂ ਹੈ ਪਰ ਨਿਰੋਲ ਤੌਰ 'ਤੇ ਹਾਂ-ਪੱਖੀ (ਨੈੱਟ ਪੌਜ਼ੇਟਿਵ) ਹੈ। ਇੱਕ ਪਾਸੇ, ਇਸ ਦੇ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਬਹੁਤ ਸਾਰੇ ਫੌਜੀ ਸਾਜ਼ੋ-ਸਮਾਨ (ਹਾਰਡਵੇਅਰ) ਦੀ ਤਬਾਹੀ ਹੋਈ ਹੈ। ਪਾਬੰਦੀਆਂ ਕਾਰਨ ਅਤੇ ਯੂਰੋਪ ਨਾਲ ਵਪਾਰਕ ਮੌਕਿਆਂ ਦੇ ਕੱਟੇ ਜਾਣ ਕਾਰਨ ਇਸ ਨੂੰ ਆਰਥਿਕ ਮੌਕਿਆਂ ਦਾ ਨੁਕਸਾਨ ਵੀ ਝੱਲਣਾ ਪਿਆ ਹੈ, ਅਤੇ ਪੱਛਮ ਵੱਲੋਂ ਇਸ ਦੇ ਵਿਦੇਸ਼ੀ ਮੁਦਰਾ ਰਿਜ਼ਰਵਾਂ ਨੂੰ ਜ਼ਬਤ ਕਰਨ ਦਾ ਅਨਸੁਲਝਿਆ ਮੁੱਦਾ ਵੀ ਹੈ। ਦੂਜੇ ਪਾਸੇ, ਇਸ ਨੇ ਰੂਸ ਦੀ ਸੁਰੱਖਿਆ ਨੂੰ ਹੌਲੀ ਹੌਲੀ ਖਤਮ ਕਰਨ ਵਾਲੇ ਵੱਧ ਰਹੇ ਰਣਨੀਤਕ ਖਤਰੇ ਦੇ ਅਮਰੀਕਾ ਦੇ ਪ੍ਰੋਜੈਕਟ ਨੂੰ ਰੋਕਣ ਦਾ ਟੀਚਾ ਹਾਸਲ ਕੀਤਾ ਹੈ ਅਤੇ ਇਸ ਨੇ ਯੂਕਰੇਨ ਵਲੋਂ ਨੇਟੋ ਵਿੱਚ ਸ਼ਾਮਲ ਹੋਣ ਨਾਲ ਪੈਦਾ ਹੋਣ ਵਾਲੇ ਸੁਰੱਖਿਆ ਖਤਰੇ ਨੂੰ ਖਤਮ ਕਰਨ ਦਾ ਟੀਚਾ ਵੀ ਕਾਫ਼ੀ ਹੱਦ ਤੱਕ ਹਾਸਲ ਕਰ ਲਿਆ ਹੈ। ਯੁੱਧ ਨੇ ਰੂਸੀ ਫੌਜ ਨੂੰ ਆਪਣੀ ਸਹੀ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਮੌਕਾ ਵੀ ਪ੍ਰਦਾਨ ਕੀਤਾ ਹੈ ਜੋ ਭਵਿੱਖ ਵਿੱਚ ਫੌਜੀ ਸੁਧਾਰਾਂ ਦੀ ਸੰਭਾਵਨਾ ਪ੍ਰਦਾਨ ਕਰਦਾ ਹੈ ।

ਇਸ ਤੋਂ ਇਲਾਵਾ, ਰੂਸ ਨੂੰ ਮਹੱਤਵਪੂਰਨ ਆਰਥਿਕ ਲਾਭ ਹੋ ਸਕਦੇ ਹਨ, ਕਿਉਂਕਿ ਯੁੱਧ ਨੇ ਪੁਤਿਨ ਨੂੰ ਭ੍ਰਿਸ਼ਟਾਚਾਰ ਉੱਤੇ ਸਖ਼ਤੀ ਕਰਨ ਅਤੇ ਓਲੀਗਾਰਕਾਂ (ਅਲਪਤੰਤਰ ਦਾ ਹਿੱਸਾ ਬਹੁਤ ਹੀ ਅਮੀਰ ਵਿਅਕਤੀਆਂ) ਦੀ ਤਾਕਤ ਘਟਾਉਣ ਲਈ ਸਿਆਸੀ ਸੱਤਾ ਦਿੱਤੀ ਹੈ। ਇਸ ਨੂੰ ਫੌਜੀ ਕੇਨਜ਼ੀਅਨਿਜ਼ਮ ਅਤੇ ਸਮਾਜਿਕ ਲੋਕਤੰਤਰੀ ਕੇਨਜ਼ੀਅਨਿਜ਼ਮ ਵਿਚਕਾਰ ਆਰਥਿਕ ਫਲਕ੍ਰਮ (ਪਿਵਟ) ਤੋਂ ਵੀ ਫਾਇਦਾ ਹੋ ਰਿਹਾ ਹੈ। ਜਿਵੇਂ ਕਿ ਜੇਮਜ਼ ਕੇ. ਗੈਲਬ੍ਰੈਥ ਨੇ ਦਲੀਲ ਦਿੱਤੀ ਹੈ, ਪਾਬੰਦੀਆਂ ਦਾ ਨਿਜ਼ਾਮ ਨੀਤੀ ਦੇ ਖੇਤਰ ਵਿੱਚ ਇੱਕ ਤਰ੍ਹਾਂ ਦਾ ਤੋਹਫ਼ਾ ਰਿਹਾ ਹੈ, ਜਿਸ ਨੇ ਰੂਸ ਨੂੰ ਵਿਕਾਸ-ਪੱਖੀ ਨੀਤੀ ਲਾਗੂ ਕਰਨ ਦੇ ਸਮਰੱਥ ਬਣਾਇਆ ਅਤੇ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ ਜਿਸ ਨੂੰ ਉਹ ਸ਼ਾਇਦ ਇਸ ਦੇ ਬਿਨਾਂ ਰਾਜਨੀਤਿਕ ਤੌਰ ਉੱਤੇ ਲਾਗੂ ਨਾ ਕਰ ਸਕਦਾ। ਇੱਕ ਖੁੱਲ੍ਹਾ ਮੁੱਦਾ ਇਹ ਹੈ ਕਿ ਕੀ ਚੀਨ ਅਤੇ ਹੋਰ ਦੇਸ਼ ਉੱਤਮ ਤਕਨਾਲੋਜੀ (ਐਡਵਾਂਸਡ ਟੈਕਨੌਲੌਜੀ) ਦੀਆਂ ਉਹ ਵਸਤਾਂ ਸਪਲਾਈ ਕਰ ਸਕਦੇ ਹਨ ਜਿਹਨਾਂ ਨੂੰ ਸਪਲਾਈ ਕਰਨ ਤੋਂ ਅਮਰੀਕਾ/ਨੇਟੋ ਬਲਾਕ ਨੇ ਇਨਕਾਰ ਕੀਤਾ ਹੈ।

ਸ਼ੌਰਟ ਟਰਮ (ਅਲਪਕਾਲ) ਵਿੱਚ ਅਮਰੀਕਾ ਲੜਾਈ ਦਾ ਮੁੱਖ ਜੇਤੂ ਹੈ, ਜਿਸ ਤੋਂ ਬਾਈਡਨ ਪ੍ਰਸ਼ਾਸਨ ਵਲੋਂ ਲੜਾਈ ਨੂੰ ਲਮਕਾਉਣ ਅਤੇ ਵਧਾਉਣ ਦੇ ਦ੍ਰਿੜ੍ਹ ਇਰਾਦੇ ਦੀ ਸਮਝ ਲਗਦੀ ਹੈ। ਇਸ ਨੂੰ ਲੜਾਈ ਤੋਂ ਯੁੱਧ ਖੇਤਰ ਨਾਲ ਸੰਬੰਧਿਤ ਕੋਈ ਸਿੱਧਾ ਨੁਕਸਾਨ ਨਹੀਂ ਹੋਇਆ, ਜਦੋਂ ਕਿ ਰੂਸ ਨੂੰ ਲਗਾਤਾਰ ਫੌਜੀ ਨੁਕਸਾਨ ਝੱਲਣੇ ਪੈ ਰਹੇ ਹਨ। ਅਮਰੀਕਾ ਦਾ ਆਰਥਿਕ ਨੁਕਸਾਨ ਸਿਰਫ਼ 2022 ਵਿੱਚ ਕੁਝ ਅਸਥਾਈ ਤੌਰ 'ਤੇ ਵਧੀ ਮਹਿੰਗਾਈ ਤੱਕ ਸੀਮਤ ਰਿਹਾ ਹੈ, ਅਤੇ ਇਸ ਦਾ ਘਾਟਾ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਨਾਲ ਫੌਜੀ ਕੇਨਜ਼ੀਅਨ ਨੂੰ ਮਿਲੇ ਹੁਲਾਰੇ ਨਾਲ ਹੋਏ ਲਾਭਾਂ ਨਾਲ ਪੂਰਾ ਹੋ ਗਿਆ ਹੈ। ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਅਮਰੀਕਾ ਨੇ ਯੂਰਪ ਨੂੰ ਊਰਜਾ ਸਪਲਾਈ ਕਰਨ ਲਈ ਰੂਸ ਦੀ ਜਗ੍ਹਾ ਲੈ ਲਈ ਹੈ। ਇਸ ਨਾਲ ਅਮਰੀਕਾ ਦੇ ਊਰਜਾ ਨਿਰਯਾਤ ਵਧੇ ਹਨ ਅਤੇ ਇਸ ਦੇ ਖਾੜੀ ਤੱਟ ਦੇ ਸੂਬਿਆਂ (ਗਲਫ ਕੋਸਟ ਸਟੇਟਸ) ਦੀਆਂ ਆਰਥਿਕਤਾਵਾਂ ਨੂੰ ਲਾਭ ਪਹੁੰਚਿਆ ਹੈ। ਭੂ-ਰਾਜਨੀਤਿਕ (ਜੀਓਪੁਲੀਟੀਕਲ) ਤੌਰ ਉੱਤੇ, ਇਸ ਨੇ ਯੂਰਪ ਨੂੰ ਰੂਸ ਤੋਂ ਵੱਖ ਕਰਕੇ ਅਮਰੀਕੀ ਊਰਜਾ ਉੱਤੇ ਨਿਰਭਰ ਬਣਾ ਦਿੱਤਾ ਹੈ, ਜੋ ਅਮਰੀਕਾ ਦੇ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਦੇ ਫਿੱਟ ਬੈਠਦਾ ਹੈ। ਇਸ ਦੇ ਨਾਲ ਹੀ ਯੂਰਪ ਅਤੇ ਚੀਨ ਵਿਚਕਾਰ ਆਰਥਿਕ ਤਣਾਅ ਵਧਾਉਣਾ ਵੀ ਉਸ ਪ੍ਰੋਜੈਕਟ ਦੀ ਸੇਵਾ ਕਰਦਾ ਹੈ, ਜਿਸ ਕਾਰਨ ਯੂਰਪ ਨੂੰ ਵਪਾਰ ਅਤੇ ਨਿਵੇਸ਼ ਨੁਕਸਾਨਾਂ ਤੋਂ ਵੱਡੇ ਖਰਚੇ ਝੱਲਣੇ ਪੈਂਦੇ ਹਨ।

ਲੰਬੇ ਸਮੇਂ ਵਿੱਚ, ਭੂ-ਰਣਨੀਤਕ (ਜੀਓਸਟਰੈਟੀਜਕ) ਕਾਰਨਾਂ ਕਰਕੇ ਅਮਰੀਕਾ ਦਾ ਵਹੀ ਖਾਤਾ ਖਰਾਬ ਲੱਗਦਾ ਹੈ। ਪਹਿਲਾ, ਨੇਟੋ ਅਤੇ ਅਮਰੀਕਾ ਨਾਲ ਜੁੜੇ ਸ਼ਾਂਤ ਮਹਾਂਸਾਗਰ ਨਾਲ ਲਗਦੇ ਦੇਸ਼ਾਂ (ਪੈਸਿਫਿਕ ਕੰਟਰੀਜ਼) ਨੂੰ ਛੱਡ ਕੇ, ਦੁਨੀਆ ਦੇ ਜ਼ਿਆਦਾਤਰ ਹਿੱਸੇ ਨੂੰ ਰੂਸ ਦੇ ਸੁਰੱਖਿਆ ਦਾਅਵਿਆਂ ਵਿੱਚ ਕੁਝ ਦਮ ਲਗਦਾ ਹੈ। ਦੂਜਾ ਅਤੇ ਸਭ ਤੋਂ ਮਹੱਤਵਪੂਰਨ, ਅਮਰੀਕਾ ਚੀਨ-ਰੂਸ ਵਿਚਕਾਰ ਇੱਕ ਵਿਸ਼ਾਲ ਰਣਨੀਤਕ ਗਠਜੋੜ ਨੂੰ ਮਜ਼ਬੂਤ ਕਰਨ ਵਿੱਚ ਕਾਮਯਾਬ ਹੋਇਆ ਹੈ ਜੋ ਇਸ ਦੀ ਤਾਕਤ ਨੂੰ ਪੱਕੇ ਤੌਰ ਉੱਤੇ ਘਟਾਉਣ ਅਤੇ ਅਮਰੀਕਾ ਦੀ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਨੂੰ ਕਮਜ਼ੋਰ ਕਰਨ ਵਾਲਾ ਹੈ। ਬਦਕਿਸਮਤੀ ਨਾਲ, ਲੰਬੇ ਸਮੇਂ ਦੇ ਇਹਨਾਂ ਮਾੜੇ ਪ੍ਰਭਾਵਾਂ ਦਾ ਲੜਾਈ ਉੱਤੇ ਬਹੁਤ ਘੱਟ ਅਸਰ ਹੈ ਕਿਉਂਕਿ ਉਹ ਜ਼ਿਆਦਾਤਰ ਤੌਰ 'ਤੇ ਅਟੱਲ ਹਨ, ਜਦੋਂ ਕਿ ਸ਼ੌਰਟ ਟਰਮ (ਅਲਪਕਾਲ) ਦੇ ਲਾਭ ਲਗਾਤਾਰ ਹਾਸਲ ਹੋ ਰਹੇ ਹਨ। ਇਹ ਸਥਿਤੀ ਅਮਰੀਕਾ ਦੀ ਸਥਾਪਤੀ ਨੂੰ ਯੁੱਧ ਜਾਰੀ ਰੱਖਣ ਲਈ ਪ੍ਰੇਰਨਾ ਦਿੰਦੀ ਹੈ।

ਯੂਕਰੇਨ ਵਿੱਚ, ਲੋਕਤੰਤਰ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਯੁੱਧ ਦੇ ਅੰਦਰੂਨੀ ਵਿਰੋਧ ਨੂੰ ਦਬਾਇਆ ਜਾ ਰਿਹਾ ਹੈ। ਕੌਮਵਾਦੀ ਅੱਤਵਾਦੀ (ਨੈਸ਼ਨਲਿਸਟ ਐਕਸਟਰੀਮਿਸਟ) ਫੌਜ ਨੂੰ ਕੰਟਰੋਲ ਕਰਦੇ ਹਨ ਅਤੇ ਮੁੱਖ ਰਾਜਨੀਤਿਕ ਤਾਕਤ ਹਨ, ਜਦੋਂ ਕਿ ਰਾਸ਼ਟਰਪਤੀ ਵੋਲੋਦੀਮਿਰ ਜ਼ੇਲੈਂਸਕੀ ਸਿਰਫ਼ ਨਾਂ ਦਾ ਮੁਖੀ ਹੈ। ਇਸ ਦਾ ਮਤਲਬ ਹੈ ਕਿ ਯੂਕਰੇਨ ਵੀ ਲੜਾਈ ਵਿੱਚ ਫਸਿਆ ਹੋਇਆ ਹੈ, ਕਿਉਂਕਿ ਕੌਮਵਾਦੀ (ਨੈਸ਼ਨਲਿਸਟ) ਸਮਝੌਤੇ ਲਈ ਤਿਆਰ ਨਹੀਂ ਹਨ।

ਰੂਸ ਹੌਲੀ-ਹੌਲੀ ਹਥਿਆਰਾਂ ਦੀ ਜਿੱਤ ਵੱਲ ਵਧ ਰਿਹਾ ਹੈ, ਨਾਲ ਹੀ ਨਿਊਕਲੀਅਰ ਘਟਨਾ ਹੋਣ ਦਾ ਖਤਰਾ ਹਮੇਸ਼ਾਂ ਮੌਜੂਦ ਹੈ। ਇਹ ਯੂਕਰੇਨ ਦੀ ਨੇਟੋ ਮੈਂਬਰਸ਼ਿਪ ਨੂੰ ਆਪਣੀ ਹੋਂਦ ਦੀ ਸੁਰੱਖਿਆ ਲਈ ਧਮਕੀ ਮੰਨਦਾ ਹੈ, ਅਤੇ ਯੁੱਧ ਨੇ ਇਸ ਦੇ ਡਰਾਂ ਨੂੰ ਕਾਫ਼ੀ ਹੱਦ ਤੱਕ ਸਹੀ ਸਾਬਤ ਕਰ ਦਿੱਤਾ ਹੈ। ਇਸ ਨੇ ਆਪਣੇ ਯੁੱਧ ਦੇ ਲਾਭਾਂ ਲਈ ਬਹੁਤ ਖ਼ੂਨ ਵਹਾਇਆ ਹੈ ਅਤੇ ਖਜ਼ਾਨਾ ਖਰਚ ਕੀਤਾ ਹੈ, ਜਿਨ੍ਹਾਂ ਨੂੰ ਇਹ ਨਹੀਂ ਛੱਡੇਗਾ।

ਉੱਪਰ ਦੇ ਮੁਲਾਂਕਣ ਤੋਂ ਲੱਗਦਾ ਹੈ ਕਿ ਸ਼ਾਂਤੀ ਦੀ ਸੰਭਾਵਨਾ ਅਤੇ ਅਸਾਰ ਬਹੁਤ ਘੱਟ ਹਨ, ਅਤੇ ਲੜਾਈ ਸੰਭਵ ਤੌਰ ਉੱਤੇ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਜਾਂ ਤਾਂ ਯੁੱਧ-ਖੇਤਰ ਦਾ ਨਤੀਜਾ ਪੱਕੇ ਤੌਰ ਉੱਤੇ ਤੈਅ ਨਹੀਂ ਹੋ ਜਾਂਦਾ ਜਾਂ ਪੱਛਮੀ ਜਨਤਕ ਰਾਏ ਨਹੀਂ ਬਦਲ ਜਾਂਦੀ। ਇਹ ਜੰਗ ਕਦੇ ਵੀ ਨਹੀਂ ਹੋਣੀ ਚਾਹੀਦੀ ਸੀ। ਅਮਰੀਕਾ ਨੇ ਯੂਕਰੇਨ ਨੂੰ ਉਨ੍ਹਾਂ ਸਥਿਤੀਆਂ ਨੂੰ ਅਪਣਾਉਣ ਲਈ ਹਰੀ ਝੰਡੀ ਦਿੱਤੀ ਜੋ ਲੜਾਈ ਵੱਲ ਲੈ ਕੇ ਜਾਣ ਵਾਲੀਆਂ ਸਨ, ਅਤੇ ਫਿਰ ਉਸ ਨੇ ਸ਼ੁਰੂ ਹੋ ਰਹੀ ਲੜਾਈ ਨੂੰ ਰੋਕਣ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਰੋਕ ਦਿੱਤਾ। ਅਮਰੀਕਾ ਹੁਣ ਵੀ ਯੂਕਰੇਨ ਨੂੰ ਤਬਾਹ ਹੋਏ ਹਥਿਆਰਾਂ ਦੀ ਮੁੜ ਸਪਲਾਈ ਕਰਕੇ, ਵਾਧੂ ਉੱਨਤ ਹਥਿਆਰ ਦੇ ਕੇ, ਤਕਨੀਕੀ ਸਹਾਇਤਾ ਅਤੇ ਫੌਜੀ ਖੁਫੀਆ ਜਾਣਕਾਰੀ ਪ੍ਰਦਾਨ ਕਰਕੇ ਲੜਨ ਲਈ ਸਮਰੱਥ ਬਣਾ ਰਿਹਾ ਹੈ।

ਸੰਨ 2014 ਦੇ ਫੈਸਲਾਕੁੰਨ ਮੇਡਨ ਰਾਜਪਲਟੇ ਨੇ ਲੜਾਈ ਦੇ ਅਮਲ ਨੂੰ ਸ਼ੁਰੂ ਕੀਤਾ। ਮਿੰਸਕ ਸ਼ਾਂਤੀ ਪ੍ਰਕਿਰਿਆ ਨੇ ਇੱਕ ਬਚਾਅ ਦਾ ਰਾਹ ਪੇਸ਼ ਕੀਤਾ ਸੀ, ਪਰ ਹੁਣ ਇਹ ਖੁਲਾਸਾ ਹੋ ਚੁੱਕਾ ਹੈ ਕਿ ਅਮਰੀਕਾ ਅਤੇ ਨੇਟੋ ਨੂੰ ਤਣਾਅ ਘਟਾਉਣ ਦੇ ਇਸ ਅਮਲ ਵਿੱਚ ਕੋਈ ਦਿਲਚਸਪੀ ਨਹੀਂ ਸੀ। ਇਸ ਦੀ ਥਾਂ ਫਰਾਂਸ ਅਤੇ ਜਰਮਨੀ ਨੇ ਪ੍ਰਕਿਰਿਆ ਵਿੱਚ ਰੁਕਾਵਟਾਂ ਪਾਈਆਂ ਤਾਂ ਜੋ ਅਮਰੀਕਾ ਨੂੰ ਯੂਕਰੇਨ ਨੂੰ ਹਥਿਆਰਬੰਦ ਕਰਨ ਲਈ ਸਮਾਂ ਮਿਲ ਜਾਵੇ, ਜਿਸ ਦਾ ਟੀਚਾ ਡੌਨਬਾਸ ਖੇਤਰ ਦੇ ਵੱਖਵਾਦੀਆਂ ਨੂੰ ਹਰਾਉਣਾ ਸੀ। ਨਵੰਬਰ 2021 ਵਿੱਚ ਰੂਸ ਵੱਲੋਂ ਫੌਜ ਅਤੇ ਨੇਟੋ-ਰਹਿਤ ਯੂਕਰੇਨ ਉੱਤੇ ਕੇਂਦਰਿਤ ਯੂਕਰੇਨ ਨਾਲ ਸੰਧੀ ਦੇ ਸਮਝੌਤੇ (ਯੂਕਰੇਨ ਟਰੀਟੀ ਸੈਟਲਮੈਂਟ) ਦਾ ਪ੍ਰਸਤਾਵ ਸ਼ਾਂਤੀਪੂਰਨ ਹੱਲ ਲਈ ਆਖਰੀ ਮੌਕਾ ਸੀ, ਪਰ ਉਸ ਪ੍ਰਸਤਾਵ ਨੂੰ ਬਾਈਡਨ ਪ੍ਰਸ਼ਾਸਨ ਵੱਲੋਂ ਨਿਰਾਦਰ ਨਾਲ ਰੱਦ ਕਰ ਦਿੱਤਾ ਗਿਆ। ਮਾਰਚ 2022 ਵਿੱਚ ਇਸਤੰਬੋਲ ਵਿੱਚ ਰੂਸ ਅਤੇ ਯੂਕਰੇਨ ਵਿਚਕਾਰ ਸ਼ਾਂਤੀ ਗੱਲਬਾਤ ਦੌਰਾਨ ਯੁੱਧ ਨੂੰ ਤੁਰੰਤ ਖਤਮ ਕਰਨ ਦਾ ਮੌਕਾ ਪੈਦਾ ਹੋਇਆ ਸੀ, ਪਰ ਉਸ ਨੂੰ ਵੀ ਨੇਟੋ ਵੱਲੋਂ ਰੋਕ ਦਿੱਤਾ ਗਿਆ, ਜਿਸ ਵਿੱਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਮਰੀਕਾ ਦੇ ਪ੍ਰਤੀਨਿਧ ਸਨ।

ਜੰਗ ਨੇ ਰਵੱਈਏ ਨਹੀਂ ਬਦਲੇ, ਪਰ ਗੱਲਬਾਤ ਦੀਆਂ ਸੰਭਾਵਨਾਵਾਂ ਘੱਟ ਅਤੇ ਵਿਗੜ ਗਈਆਂ ਹਨ। 2014 ਮੇਡਨ ਰਾਜਪਲਟੇ ਤੋਂ ਪਹਿਲਾਂ, ਇੱਕ ਮੋਡਸ ਵਿਵੈਂਡੀ (ਸਹਿ-ਹੋਂਦ) ਸੰਭਵ ਸੀ, ਜਿਸ ਵਿੱਚ ਯੂਕਰੇਨ ਆਪਣੀਆਂ 1922 ਵਾਲੀਆਂ ਸਰਹੱਦਾਂ ਬਰਕਰਾਰ ਰੱਖਦਾ ਅਤੇ 2010 ਦੀ ਖਾਰਕਿਵ ਦੀ ਸੰਧੀ ਅਨੁਸਾਰ ਰੂਸ ਕੋਲ ਸੇਵਾਸਤੋਪੋਲ ਨੇਵਲ ਬੇਸ ਦੀ ਲੀਜ਼ ਰਹਿੰਦੀ। 2014 ਦੇ ਰਾਜਪਲਟੇ ਨੇ ਉਸ ਨੂੰ ਪੱਕੇ ਤੌਰ ਉੱਤੇ ਟੇਬਲ ਤੋਂ ਲਾਂਭੇ ਕਰ ਦਿੱਤਾ। ਰੂਸ ਨੇ ਕ੍ਰੀਮੀਆ ਵਾਪਸ ਲੈ ਲਿਆ ਜੋ ਖਰੁਸ਼ਚੇਵ ਨੇ 1954 ਵਿੱਚ ਯੂਕਰੇਨ ਨੂੰ ਤੋਹਫ਼ੇ ਵਜੋਂ ਦਿੱਤਾ ਸੀ। 1922 ਵਿੱਚ ਯੂਕਰੇਨ ਵਿੱਚ ਸ਼ਾਮਲ ਕੀਤੇ ਗਏ ਡੌਨਬਾਸ ਦੇ ਪ੍ਰਾਂਤਾਂ ਨੂੰ ਰੂਸ ਵਲੋਂ ਜਿੱਤ ਲਏ ਜਾਣ ਨਾਲ 2022 ਦੀ ਜੰਗ ਨੇ ਸਥਿਤੀ ਨੂੰ ਹੋਰ ਬਦਲ ਦਿੱਤਾ ਹੈ।

2014 ਤੋਂ ਪਹਿਲਾਂ, ਯੂਕਰੇਨ ਅਸਾਨੀ ਨਾਲ ਰੂਸ ਨਾਲ ਇੱਕ ਸਮਝੌਤਾ ਕਰ ਸਕਦਾ ਸੀ। ਹੁਣ, ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਉਹ ਸੰਭਾਵਨਾ ਕਾਫ਼ੀ ਹੱਦ ਤੱਕ ਖਤਮ ਹੋ ਗਈ ਹੈ। ਅੰਦਰੂਨੀ ਤੌਰ ਉੱਤੇ, ਯੂਕਰੇਨ ਦੇ ਅੱਤਵਾਦੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਰਾਜਨੀਤਿਕ ਅਤੇ ਫੌਜੀ ਤੌਰ 'ਤੇ ਪੂਰਨ ਕੰਟਰੋਲ ਹਾਸਲ ਕਰ ਲਿਆ ਹੈ, ਇਸ ਲਈ ਘਰੇਲੂ ਪੱਧਰ 'ਤੇ ਯੁੱਧ ਦੇ ਖਿਲਾਫ ਰਾਜਨੀਤਿਕ ਵਿਰੋਧ ਅਸੰਭਵ ਹੋ ਗਿਆ ਹੈ। ਉਹ ਅੱਤਵਾਦੀ ਆਖਰੀ ਯੂਕਰੇਨੀ ਤੱਕ ਲੜਨ ਲਈ ਤਿਆਰ ਹਨ। ਬਾਹਰੀ ਤੌਰ ਉੱਤੇ ਯੂਕਰੇਨ ਦੇ ਕੌਮਵਾਦੀ (ਨੈਸ਼ਨਲਿਸਟ) ਅਮਰੀਕਾ ਦੇ ਅਹਿਸਾਨਾਂ ਹੇਠ ਦੱਬੇ ਹੋਏ ਹਨ, ਕਿਉਂਕਿ ਉਨ੍ਹਾਂ ਦੀ ਫੌਜੀ ਅਤੇ ਰਾਜਨੀਤਿਕ ਸਥਿਤੀ ਅਮਰੀਕਾ ਵਲੋਂ ਮਿਲ ਰਹੇ ਲਗਾਤਾਰ ਸਮਰਥਨ ਦੇ ਬਿਨਾਂ ਢਹਿ ਢੇਰੀ ਹੋ ਜਾਵੇਗੀ। ਉਹ ਨਿਰਭਰਤਾ ਅਮਰੀਕਾ ਨੂੰ ਪ੍ਰਭਾਵ ਪਾਉਣ ਲਈ ਵੱਡੀ ਤਾਕਤ ਦਿੰਦੀ ਹੈ, ਅਤੇ ਅਮਰੀਕਾ ਚਾਹੁੰਦਾ ਹੈ ਕਿ ਜੰਗ ਜਾਰੀ ਰਹੇ, ਕਿਉਂਕਿ ਇਸ ਨੂੰ ਇਸ ਦਾ ਬਹੁਤ ਘੱਟ ਖਰਚਾ ਪੈਂਦਾ ਹੈ ਅਤੇ ਇਹ ਰੂਸ ਦੇ ਕੀਤੇ ਜਾ ਰਹੇ ਨੁਕਸਾਨ ਵਿੱਚ ਲਾਭ ਵੇਖਦਾ ਹੈ।

ਅਸਲ ਵਿੱਚ ਯੂਕਰੇਨ ਦੇ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਯੂਕਰੇਨ ਨੂੰ ਅਮਰੀਕਾ ਦੇ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਵਿੱਚ ਇੱਕ 'ਬਲੀ ਦਾ ਬੱਕਰਾ' ਬਣਾ ਦਿੱਤਾ ਹੈ। ਇਹ ਭੂਮਿਕਾ ਹੁਣ ਸਾਧਾਰਨ ਯੂਕਰੇਨੀਆਂ ਨੂੰ ਰੂਸ ਵਿਰੁੱਧ ਉਸ ਨੂੰ ਹੰਭਾ ਦੇਣ ਦੀ ਜੰਗ (ਵਾਰ ਆਫ ਅਟਰੀਸ਼ਨ) ਲੜਨ ਲਈ ਮਜਬੂਰ ਕਰ ਰਹੀ ਹੈ, ਜਿਸ ਉੱਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ। ਜੰਗ ਉਦੋਂ ਹੀ ਖਤਮ ਹੋਵੇਗੀ ਜਦੋਂ ਰੂਸ ਯੁੱਧ ਖੇਤਰ ਵਿੱਚ ਜਿੱਤ ਜਾਵੇਗਾ, ਜਾਂ ਜੰਗ ਨਿਊਕਲੀਅਰ ਹੋ ਜਾਵੇਗੀ, ਜਾਂ ਅਮਰੀਕਾ ਦੇ ਨੀਤੀ ਘਾੜੇ ਜੰਗ ਦੇ ਲਾਭਾਂ ਬਾਰੇ ਮੁੜ ਵਿਚਾਰ ਕਰਨਗੇ। ਬਦਕਿਸਮਤੀ ਨਾਲ, ਨਿਉਕਨਜ਼ਰਵੇਟਿਵਾਂ ਨੂੰ ਵਿਚਾਰਧਾਰਕ ਤੌਰ ਉੱਤੇ ਸਮਝੌਤਾ ਕਰਨ ਜਾਂ ਪਿੱਛੇ ਹਟਣ ਵਿੱਚ ਮੁਸ਼ਕਿਲ ਆਉਂਦੀ ਹੈ, ਕਿਉਂਕਿ ਇਹ ਅਮਰੀਕਾ ਦੀ ਸਰਦਾਰੀ ਦਾ ਅਸਿੱਧਾ ਸਮਰਪਣ ਮੰਨਿਆ ਜਾਵੇਗਾ। ਨਤੀਜੇ ਵਜੋਂ, ਜੇ ਨਿਉਕਨਜ਼ਰਵੇਟਿਵ ਪੁਜੀਸ਼ਨ ਕਾਇਮ ਰਹਿੰਦੀ ਹੈ, ਤਾਂ ਇਹ ਅਮਰੀਕਾ ਨੂੰ ਲੜਾਈ ਜਾਰੀ ਰੱਖਣ ਲਈ ਬੰਨ੍ਹ ਦੇਵੇਗੀ। ਇਸ ਦਾ ਮਤਲਬ ਹੈ ਕਿ ਜੰਗ ਨੂੰ ਖਤਮ ਕਰਨ ਲਈ ਪੱਛਮੀ ਜਨਤਕ ਰਾਏ ਨੂੰ ਬਦਲਣਾ ਜ਼ਰੂਰੀ ਹੈ ਤਾਂ ਜੋ ਅਮਰੀਕਾ ਨੂੰ ਰੂਸ ਨਾਲ ਸਮਝੌਤਾ ਕਰਨ ਲਈ ਮਜਬੂਰ ਕੀਤਾ ਜਾ ਸਕੇ।

### ਸਿੱਟਾ

ਇਸ ਲੇਖ ਵਿੱਚ, ਮੈਂ ਯੂਕਰੇਨ ਦੀ ਜੰਗ ਦੇ ਡੂੰਘੇ ਕਾਰਨਾਂ ਨੂੰ ਘੋਖਿਆ ਹੈ ਅਤੇ ਦਲੀਲ ਦਿੱਤੀ ਹੈ ਕਿ ਜੰਗ ਦੇ ਅੰਦਰੂਨੀ ਅਤੇ ਬਾਹਰੀ ਦੋਵੇਂ ਕਾਰਨ ਹਨ। ਅੰਦਰੂਨੀ ਕਾਰਨਾਂ ਦੀਆਂ ਜੜ੍ਹਾਂ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਤਰੀਕੇ ਨਾਲ ਜੁੜੀਆਂ ਹੋਈਆਂ ਹਨ। ਬਾਹਰੀ ਕਾਰਨ ਇਸ ਗੱਲ ਨਾਲ ਸੰਬੰਧਿਤ ਹਨ ਕਿ ਸਯੁੰਕਤ ਰਾਜ ਅਮਰੀਕਾ ਨੇ ਵਿਸ਼ਵ ਪੱਧਰ ਉੱਤੇ ਆਪਣੀ ਸਰਦਾਰੀ ਕਾਇਮ ਕਰਨ ਦੇ ਨਿਉਕਨਜ਼ਰਵੇਟਿਵ ਅੰਜਡੇ ਨੂੰ ਅੱਗੇ ਵਧਾਉਣ ਲਈ ਉੱਤਰ ਸੋਵੀਅਤ ਵਿਵਸਥਾ ਵਿੱਚ ਪੈਦਾ ਹੋਈਆਂ ਦਰਾਂੜਾਂ ਦਾ ਫਾਇਦਾ ਕਿਸ ਤਰ੍ਹਾਂ ਉਠਾਇਆ।

ਇਸ ਜੰਗ ਨੇ ਯੂਕਰੇਨ ਨੂੰ ਤਬਾਹ ਕਰ ਦਿੱਤਾ ਹੈ। ਇਸ ਨੇ ਯੂਕਰੇਨ ਦੀ ਆਰਥਿਕ ਬੁਨਿਆਦ ਨੂੰ ਢਾਹ ਲਾਈ ਹੈ, ਵੱਡੇ ਪੱਧਰ ਤੇ ਆਬਾਦੀ ਦੇ ਪਲਾਇਣ ਨੂੰ ਸ਼ੁਰੂ ਕੀਤਾ ਹੈ, ਹਜ਼ਾਰਾਂ ਮੌਤਾਂ ਦਾ ਕਾਰਨ ਬਣੀ ਹੈ ਅਤੇ ਰਾਜਨੀਤਿਕ ਅਤੇ ਫੌਜੀ ਸੱਤਾ 'ਤੇ ਫਾਸ਼ੀਵਾਦੀ ਕੌਮਵਾਦੀਆਂ (ਫਾਸਿਸ਼ਟ ਨੈਸ਼ਨਲਿਸਟਾਂ) ਦੀ ਪਕੜ ਨੂੰ ਮਜ਼ਬੂਤ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਦੀ ਮਦਦ ਨਾਲ ਯੂਕਰੇਨੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਯੂਕਰੇਨ ਦੀ ਰਾਜਨੀਤੀ ਤੇ ਕਬਜ਼ਾ ਕਰ ਲਿਆ ਹੈ ਅਤੇ ਉੱਤਰ-ਸੋਵੀਅਤ ਯੂਕਰੇਨ ਦੀ ਰਾਜਨੀਤਿਕ ਅਤੇ ਵਸੋਂ ਨਾਲ ਸਬੰਧਿਤ ਗੁੰਝਲਦਾਰ ਹਕੀਕਤ ਨਾਲ ਸਮਝੌਤਾ ਕਰਨ ਤੋਂ ਇਨਕਾਰ ਕੀਤਾ ਹੈ। ਇਸ ਤਰ੍ਹਾਂ ਕਰਦਿਆਂ, ਉਨ੍ਹਾਂ ਨੇ ਅਮਰੀਕਾ ਦੇ ਵਿਸ਼ਵ ਸਰਦਾਰੀ ਕਾਇਮ ਕਰਨ ਵਾਲੇ ਪ੍ਰੋਜੈਕਟ ਵਿੱਚ ਯੂਕਰੇਨ ਨੂੰ ਇੱਕ ਬਲੀ ਦਾ ਬੱਕਰਾ ਬਣਾ ਦਿੱਤਾ ਹੈ, ਜਿਸ ਦੇ ਵੱਡੇ ਤਬਾਹਕਾਰੀ ਨਤੀਜੇ ਨਿਕਲੇ ਹਨ ਜੋ ਹਾਲੇ ਹੋਰ ਬਦਤਰ ਹੋ ਸਕਦੇ ਹਨ। ਯੂਰਪ ਨੇ ਵੀ ਆਪਣੇ ਲਈ ਵੱਡੀ ਕੀਮਤ 'ਤੇ ਇਸ ਮੂਰਖਤਾ ਨੂੰ ਸਮਰਥਨ ਦਿੱਤਾ ਹੈ।

**ਇਸ ਲੇਖ ਵਿੱਚ ਵਰਤੀ ਜਾਣਕਾਰੀ ਦੇ ਸ੍ਰੋਤਾਂ ਬਾਰੇ ਜਾਣਨ ਲਈ ਅਨੁਵਾਦਕ ਨਾਲ ਇਸ ਈਮੇਲ sukhwanthundal123@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।**



# ਟਰੰਪ ਦੇ ਗ੍ਰੀਨਲੈਂਡ ਨੂੰ ਹੜੱਪਣ ਦੇ ਮਨਸੂਬੇ ਅਤੇ ਨਾਟੋ ਸੰਗੀਆਂ ਦੀ ਪੇਸ਼ਬੰਦੀ



ਬੂਟਾ ਸਿੰਘ
ਮਹਿਮੂਦਪੁਰ
94634-74342

*ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਗ੍ਰੀਨਲੈਂਡ ਬਾਰੇ ਕੀਤੇ ਹਾਲੀਆ ਐਲਾਨਾਂ ਕਾਰਨ ਦੁਨੀਆ ਦੀ ਮਹਾਂਸ਼ਕਤੀ ਅਮਰੀਕਾ ਅਤੇ ਉਸਦੇ ਨਾਟੋ ਸਹਿਯੋਗੀਆਂ ਦਰਮਿਆਨ ਬਣੇ ਤਿੱਖੇ ਟਕਰਾਅ ਨੂੰ ਹਾਲ ਦੀ ਘੜੀ ਮੈਨੇਜ ਕਰ ਲਿਆ ਗਿਆ ਹੈ। ਅਮਰੀਕੀ ਸਦਰ ਦੇ ਇਹ ਤੇਵਰ ਮੁਲਕਾਂ ਦੀ ਸੁਤੰਤਰ ਹੈਸੀਅਤ ਤੋਂ ਇਨਕਾਰੀ ਬਹੁਤ ਹੀ ਖ਼ਤਰਨਾਕ ਮਾਨਸਿਕਤਾ ਵੱਲ ਇਸ਼ਾਰਾ ਕਰਦੇ ਹਨ। ਇਹ ਸਪਸ਼ਟ ਹੋ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਅੰਤਰਰਾਸ਼ਟਰੀ ਨਿਯਮਾਂ ਤੇ ਸੰਸਥਾਵਾਂ, ਬਹੁਧਿਰੀ ਗੱਠਜੋੜਾਂ ਆਦਿ ਦੀ ਕੋਈ ਪ੍ਰਵਾਹ ਨਹੀਂ ਹੈ ਅਤੇ ਉਹ ਆਪਣੀ ਸਨਕ ਅਨੁਸਾਰ ਸਭ ਕਾਸੇ ਨੂੰ ਲਤਾੜਕੇ ਅੱਗੇ ਵਧਣ ਦੀ ਜ਼ੋਰਦਾਰ ਕੋਸ਼ਿਸ਼ 'ਚ ਹੈ। ਇਨ੍ਹਾਂ ਸਵਾਲਾਂ ਦੀ ਚਰਚਾ ਇਸ ਟਿੱਪਣੀ ਵਿਚ ਕੀਤੀ ਗਈ ਹੈ। ਸੰਪਾਦਕ]*

ਵੇਨੇਜ਼ੁਏਲਾ ਉੱਪਰ ਹਵਾਈ ਹਮਲੇ ਰਾਹੀਂ ਮੌਤ ਦਾ ਛੱਟਾ ਦੇ ਕੇ ਰਾਸ਼ਟਰਪਤੀ ਨਿਕੋਲਾਸ ਮਾਦੂਰੋ ਤੇ ਉਸਦੀ ਜੀਵਨ-ਸਾਥਣ ਨੂੰ ਅਗਵਾ ਕਰ ਲੈਣ ਤੋਂ ਬਾਅਦ ਡੋਨਾਲਡ ਟਰੰਪ ਸਰਕਾਰ ਦੀ ਸਾਮਰਾਜਵਾਦੀ ਧੌਂਸ ਹੋਰ ਵੀ ਖੁੱਲ੍ਹੀਆਂ ਧਮਕੀਆਂ ਦੇ ਰੂਪ 'ਚ ਲਗਾਤਾਰ ਉਜਾਗਰ ਹੋ ਰਹੀ ਹੈ। ਕਿਊਬਾ ਅਤੇ ਕੋਲੰਬੀਆ ਨੂੰ ਧਮਕਾਉਣਾ, ਮੈਕਸੀਕੋ ਵਿੱਚ ਜ਼ਮੀਨੀ ਹਮਲਾ ਕਰਨ ਦੇ ਸੰਕੇਤ ਦੇਣਾ, ਇਰਾਨ ਉੱਪਰ ਹਮਲੇ ਦੀ ਵਾਰ-ਵਾਰ ਧਮਕੀ ਦੇਣਾ ਅਤੇ ਪੱਛਮੀ ਏਸ਼ੀਆ ਦੇ ਸਮੁੰਦਰ ਵਿਚ ਸਮੁੰਦਰੀ ਹਮਲਾਵਰ ਬੇੜਾ ਭੇਜਣਾ, ਇਸਦੇ ਕੁਝ ਤਾਜ਼ਾ ਇਜ਼ਹਾਰ ਹਨ।

ਇਸੇ ਲੜੀ 'ਚ ਗ੍ਰੀਨਲੈਂਡ ਉੱਪਰ ਕਬਜ਼ਾ ਕਰਨ ਦਾ ਐਲਾਨ ਕਰਕੇ ਟਰੰਪ ਨੇ ਇਸ ਟਾਪੂ ਉੱਪਰ ਇਕ ਵਾਰ ਫਿਰ ਧਾੜਵੀ ਦਾਅਵਾ ਕਰ ਦਿੱਤਾ ਹੈ। ਵੀਹ ਲੱਖ ਵਰਗ ਕਿਲੋਮੀਟਰ ਤੋਂ ਵੀ ਵੱਧ ਖੇਤਰਫਲ ਵਿੱਚ ਫੈਲਿਆ ਹੋਇਆ ਉੱਤਰੀ ਐਟਲਾਂਟਿਕ ਮਹਾਸਾਗਰ ਦਾ ਇਹ ਵਿਸ਼ਾਲ ਟਾਪੂ ਹੁਣ ਅਮਰੀਕੀ ਸਾਮਰਾਜ ਅਤੇ ਯੂਰਪੀ ਯੂਨੀਅਨ ਦਰਮਿਆਨ ਤਣਾਅ ਤੇ ਝਗੜੇ ਦਾ ਕੇਂਦਰ ਬਣ ਗਿਆ ਹੈ—ਖ਼ਾਸ ਕਰਕੇ ਡੈਨਮਾਰਕ ਨਾਲ, ਜਿਸਨੂੰ ਲੰਮੇ ਸਮੇਂ ਤੋਂ ਸਲਤਨਤ ਦਾ ਸਭ ਤੋਂ ਭਰੋਸੇਮੰਦ ਸੰਗੀ ਮੰਨਿਆ ਜਾਂਦਾ ਰਿਹਾ ਹੈ। ਗ੍ਰੀਨਲੈਂਡ ਡੈਨਮਾਰਕ ਦੇ ਕੰਟਰੋਲ ਹੇਠ ਹੈ ਅਤੇ ਡੈਨਮਾਰਕ ਨਾਟੋ ਦਾ ਮੈਂਬਰ ਹੈ। ਇਹ ਟਾਪੂ ਯੁੱਧਨੀਤਕ ਪੱਖੋਂ ਮਹੱਤਵਪੂਰਨ ਹੋਣ ਦੇ ਨਾਲ-ਨਾਲ ਅਮਰੀਕੀ ਹੁਕਮਰਾਨਾਂ ਦੀ ਗਿਰਝ ਅੱਖ ਉੱਥੋਂ ਦੇ ਖਣਿਜ ਭੰਡਾਰਾਂ ਉੱਪਰ ਵੀ ਹੈ। ਭਾਵੇਂ, ਉੱਥੋਂ ਤੇਲ ਅਤੇ ਗੈਸ ਨਹੀਂ ਕੱਢੀ ਜਾਂਦੀ, ਪਰ ਇਹ ਟਾਪੂ ਅਜਿਹੇ ਖਣਿਜਾਂ ਨਾਲ ਭਰਪੂਰ ਹੈ ਜੋ ਯੂਰਪੀ ਯੂਨੀਅਨ ਵੱਲੋਂ "ਅਤਿ-ਜ਼ਰੂਰੀ ਕੱਚੇ ਖਣਿਜ ਪਦਾਰਥਾਂ" ਵਜੋਂ ਸੂਚੀਬੱਧ ਕੀਤੇ ਹੋਏ ਹਨ।

ਅਮਰੀਕੀ ਹੁਕਮਰਾਨ ਜਮਾਤ ਦੀ ਗ੍ਰੀਨਲੈਂਡ ਨੂੰ ਖ਼ਰੀਦਣ ਦੀ ਇਹ ਪਹਿਲੀ ਕੋਸ਼ਿਸ਼ ਨਹੀਂ ਹੈ। 1867 ਵਿੱਚ ਰੂਸ ਤੋਂ ਅਲਾਸਕਾ ਖ਼ਰੀਦਣ ਤੋਂ ਬਾਅਦ, ਉਸ ਸਮੇਂ ਦੇ ਬਦੇਸ਼ ਮੰਤਰੀ ਵਿਲੀਅਮ ਐੱਚ. ਸਿਊਅਰਡ ਨੇ ਗ੍ਰੀਨਲੈਂਡ ਖ਼ਰੀਦਣ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ। ਦੂਜੇ ਆਲਮੀ ਯੁੱਧ ਦੌਰਾਨ, ਡੈਨਮਾਰਕ 'ਤੇ ਜਰਮਨੀ ਦੇ ਹਮਲੇ ਤੋਂ ਬਾਅਦ ਅਮਰੀਕਾ ਨੇ ਗ੍ਰੀਨਲੈਂਡ 'ਤੇ ਕਬਜ਼ਾ ਕਰਕੇ ਉੱਥੇ ਆਪਣਾ ਫ਼ੌਜੀ ਅੱਡਾ ਅਤੇ ਰੇਡੀਓ ਕੇਂਦਰ ਬਣਾ ਲਏ ਸਨ। ਅੱਜ ਵੀ ਅਮਰੀਕਾ ਨੇ ਉੱਤਰੀ-ਪੱਛਮ ਵਿੱਚ ਸਥਿਤ ਪਿਟੂਫਿਕ ਸਪੇਸ ਬੇਸ ਵਿੱਚ ਆਪਣੀ ਸਥਾਈ ਮੌਜੂਦਗੀ ਬਣਾਈ ਹੋਈ ਹੈ। 1946 ਵਿੱਚ, ਜਦੋਂ ਗ੍ਰੀਨਲੈਂਡ ਅਜੇ ਡੈਨਮਾਰਕ ਦੀ ਬਸਤੀ ਸੀ, ਅਮਰੀਕੀ ਰਾਸ਼ਟਰਪਤੀ ਹੈਰੀ ਐਸ. ਟਰੂਮੈਨ ਨੇ ਗੁਪਤ ਤੌਰ 'ਤੇ ਇਸ ਟਾਪੂ ਬਦਲੇ ਡੈਨਮਾਰਕ ਨੂੰ 10 ਕਰੋੜ ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਕੋਪਨਹੇਗਨ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਸੀ। ਇਹ ਭੇਤ 1991 ਵਿੱਚ ਸਾਹਮਣੇ ਆਇਆ ਸੀ।

ਟਰੰਪ ਦੇ ਇਸ ਧਾੜਵੀ ਮਨਸੂਬੇ ਵਿਰੁੱਧ ਗ੍ਰੀਨਲੈਂਡ ਅਤੇ ਡੈਨਮਾਰਕ ਵਿਚ ਤਿੱਖੇ ਵਿਰੋਧ ਪ੍ਰਦਰਸ਼ਨ ਹੋਏ ਹਨ। ਟਰੰਪ ਦੇ ਐਲਾਨਾਂ ਤੋਂ ਪ੍ਰੇਸ਼ਾਨ ਯੂਰਪੀ ਯੂਨੀਅਨ ਦੇ ਹੁਕਮਰਾਨ ਵੀ ਟਰੰਪ ਦੀ ਧਮਕੀ ਨਾਲ ਨਜਿੱਠਣ ਲਈ ਹੱਥ-ਪੈਰ ਮਾਰ ਰਹੇ ਹਨ। ਉਨ੍ਹਾਂ ਦੀ ਨਾਟੋ ਦੀਆਂ ਫ਼ੌਜੀ ਤਾਕਤਾਂ ਲਈ ਬਜਟ ਵਧਾਉਣ ਦੀ ਵਚਨਬੱਧਤਾ ਵੀ ਟਰੰਪ ਦੀ ਬੇਲਗਾਮ ਲਾਲਸਾ ਨੂੰ ਖ਼ੁਸ਼ ਨਹੀਂ ਕਰ ਸਕੀ। ਟਰੰਪ ਦੇ ਐਲਾਨ ਦੇ ਜਵਾਬ 'ਚ ਯੂਰਪੀ ਪਾਰਲੀਮੈਂਟ ਨੇ ਯੂਰਪੀ ਯੂਨੀਅਨ-ਅਮਰੀਕਾ ਦਰਮਿਆਨ ਵਿਉਂਤੀਆਂ ਵਪਾਰਕ ਵਾਰਤਾਵਾਂ ਰੋਕਣ ਦਾ ਐਲਾਨ ਕਰ ਦਿੱਤਾ। ਯੂਰਪੀ ਰਾਜਦੂਤਾਂ ਦੀ ਮੀਟਿੰਗ ਵੱਲੋਂ ਅਮਰੀਕੀ ਵਸਤਾਂ ਉੱਪਰ ਪਹਿਲਾਂ ਹੀ ਵਿਉਂਤੇ 93 ਅਰਬ ਡਾਲਰ ਜਵਾਬੀ ਟੈਰਿਫਾਂ ਨੂੰ ਲਾਗੂ ਕਰਨ ਦਾ ਐਲਾਨ ਵੀ ਕੀਤਾ ਗਿਆ। ਆਉਣ ਵਾਲੇ ਦਿਨਾਂ ਵਿਚ ਯੂਰਪੀ ਯੂਨੀਅਨ ਦੇ 27 ਮੈਂਬਰ ਰਾਜਾਂ ਨੇ ਆਪਣਾ ਐਮਰਜੈਂਸੀ ਸਿਖ਼ਰ ਸੰਮੇਲਨ ਸੱਦ ਲਿਆ ਹੈ। ਬੇਸ਼ੱਕ, ਫਰਾਂਸ ਅਤੇ ਯੂ.ਕੇ. ਸਮੇਤ ਸੱਤ ਯੂਰਪੀ ਮੁਲਕਾਂ ਵੱਲੋਂ ਗ੍ਰੀਨਲੈਂਡ ਵਿਚ ਆਪਣੇ ਕੁਝ ਫ਼ੌਜੀ ਦਸਤੇ ਭੇਜਣ ਦੀ ਸੰਕੇਤਕ ਕਾਰਵਾਈ "ਯੂਰੋ-ਐਟਲਾਂਟਿਕ ਸੁਰੱਖਿਆ" ਅਤੇ ਨਾਟੋ ਪ੍ਰਤੀ ਵਫ਼ਾਦਾਰੀ ਦੀ ਵਚਨਬੱਧਤਾ ਨਾਲ ਜੁੜਕੇ ਅਮਰੀਕਾ ਲਈ ਕੋਈ ਖ਼ਾਸ ਵਿਹਾਰਕ ਚੁਣੌਤੀ ਨਹੀਂ ਬਣਦੀ, ਪਰ ਡੈਨਮਾਰਕ ਵੱਲੋਂ ਵਧੀਕ ਫ਼ੌਜੀ ਤਾਕਤਾਂ ਭੇਜਣ ਅਤੇ ਨਾਟੋ ਦੇ ਜਨਰਲ ਸਕੱਤਰ ਵੱਲੋਂ ਡੈਨਿਸ਼ ਰੱਖਿਆ ਮੰਤਰੀ ਤੇ ਗ੍ਰੀਨਲੈਂਡ ਦੇ ਬਦੇਸ਼ ਮੰਤਰੀ ਨੂੰ ਮਿਲਕੇ ਟਾਪੂ ਦੀ ਸੁਰੱਖਿਆ ਲਈ ਸਾਂਝਾ ਨਾਟੋ ਮਿਸ਼ਨ ਸਥਾਪਤ ਕਰਨ ਦੀਆਂ ਰਿਪੋਰਟਾਂ ਤਿੱਖੇ ਟਕਰਾਅ ਦਾ ਸੰਕੇਤ ਹਨ।




ਟਰੰਪ ਦੇ ਹਮਲਾਵਰ ਤੇਵਰਾਂ ਨੂੰ ਦੇਖਦਿਆਂ ਯੂਰਪ ਦੀਆਂ ਸਾਰੀਆਂ ਹੀ ਵੱਡੀਆਂ ਤਾਕਤਾਂ ਨੇ ਡੈਨਮਾਰਕ ਪੱਖੀ ਸਟੈਂਡ ਲਿਆ ਹੈ। ਗਾਜ਼ਾ ਉੱਪਰ ਅਮਰੀਕਾ-ਇਜ਼ਰਾਇਲ ਵੱਲੋਂ ਕਬਜ਼ਾ ਕਰਨ ਵਿਚ ਭਾਈਵਾਲ ਇਹ ਨਾਟੋ ਮੈਂਬਰ ਗ੍ਰੀਨਲੈਂਡ ਉੱਪਰ ਕਬਜ਼ੇ ਦੇ ਸਖ਼ਤ ਵਿਰੋਧ 'ਚ ਹਨ। ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਫੌਨ ਡੇਰ ਲੇਯੇਨ ਨੇ ਅਮਰੀਕਾ ਅਤੇ ਡੈਨਮਾਰਕ ਦਰਮਿਆਨ ਗੱਲਬਾਤ ਉੱਪਰ ਜ਼ੋਰ ਦਿੰਦਿਆਂ ਕਿਹਾ ਕਿ ਯੂਰਪੀ ਯੂਨੀਅਨ ਡੈਨਮਾਰਕ ਅਤੇ ਗ੍ਰੀਨਲੈਂਡ ਦੇ ਲੋਕਾਂ ਨਾਲ ਪੂਰੀ ਇਕਜੁੱਟਤਾ ਨਾਲ ਖੜ੍ਹੀ ਹੈ।ਯੂਰਪ ਇਕਜੁੱਟ, ਤਾਲਮੇਲ 'ਚ ਅਤੇ ਆਪਣੀ ਪ੍ਰਭੂਸੱਤਾ ਦੀ ਰਾਖੀ ਲਈ ਵਚਨਬੱਧ ਬਣਿਆ ਰਹੇਗਾ। ਵਾਸ਼ਿੰਗਟਨ ਨਾਲ ਆਪਣੇ ਖ਼ਾਸ ਰਿਸ਼ਤੇ ਅਤੇ ਬਰੈਗਜ਼ਿਟ ਦੇ ਸਮੇਂ ਤੋਂ ਆਪਣੇ ਯੂਰਪੀ ਯੂਨੀਅਨ ਤੋਂ ਵੱਖਰੇ ਦਰਜੇ ਦੇ ਬਾਵਜੂਦ ਯੂ.ਕੇ. ਦੀ ਸਟਾਰਮਰ ਸਰਕਾਰ ਨੇ ਟਰੰਪ ਦੀ ਆਲੋਚਨਾ ਕੀਤੀ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਡੈਨਮਾਰਕ ਦੇ ਹੱਕ ਵਿਚ ਸਟੈਂਡ ਲਿਆ ਹੈ ਅਤੇ ਨਾਟੋ ਸੰਗੀਆਂ ਵਿਰੁੱਧ ਟੈਰਿਫ਼ ਲਗਾਏ ਜਾਣ ਨੂੰ ਗ਼ਲਤ ਕਰਾਰ ਦਿੰਦਿਆਂ ਇਹ ਮਾਮਲਾ ਸਿੱਧਾ ਟਰੰਪ ਪ੍ਰਸ਼ਾਸਨ ਨਾਲ ਉਠਾਉਣ ਦੀ ਗੱਲ ਕਹੀ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਟਰੰਪ ਵੱਲੋਂ ਲਗਾਏ ਟੈਰਿਫ ਡੰਨ ਦਾ ਮੁਕਾਬਲਾ ਕਰਨ ਲਈ ਯੂਰਪੀ ਯੂਨੀਅਨ ਦਾ 'ਟਰੇਡ ਬਜ਼ੂਕਾ' ਹਥਿਆਰ (ਐਂਟੀ-ਕੋਏਰਸ਼ਨ ਇੰਸਟਰੂਮੈਂਟ-ਏਸੀਆਈ) ਵਰਤਣ ਦੀ ਸਲਾਹ ਦਿੱਤੀ। ਇਹ ਹਥਿਆਰ ਯੂਰਪੀ ਯੂਨੀਅਨ ਨੂੰ ਅਮਰੀਕੀ ਕੰਪਨੀਆਂ ਉੱਪਰ ਯੂਰਪੀ ਸਰਕਾਰੀ ਠੇਕਿਆਂ (ਡਿਫੈਂਸ ਸਮੇਤ) ਵਿਚ ਪਾਬੰਦੀ ਲਾਉਣ, ਯੂਰਪ ਵਿਚ ਅਮਰੀਕੀ ਵਿਤੀ ਤੇ ਟੈੱਕ ਕੰਪਨੀਆਂ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਕੀਤੇ ਜਾਣ ਵਾਲੇ ਭੁਗਤਾਨਾਂ ਵਿਚ ਕਟੌਤੀ ਕਰਨ ਅਤੇ ਅਮਰੀਕੀ ਕੰਪਨੀਆਂ ਨੂੰ ਬੌਧਿਕ ਜਾਇਦਾਦ ਨਾਲ ਜੁੜੀ ਰਾਇਲਟੀ ਨੂੰ ਰੋਕਣ ਦੀ ਇਜਾਜ਼ਤ ਦਿੰਦਾ ਹੈ। ਪਰ ਯੂਰਪੀ ਗੱਠਜੋੜ ਦੇ ਸਾਰੇ ਹੁਕਮਰਾਨਾਂ ਦੀ ਸ਼ਾਇਦ ਇਕਜੁੱਟ ਰਾਇ ਅਜੇ ਨਹੀਂ ਬਣੀ।

ਇਸ ਸਾਂਝੇ ਵਿਰੋਧ ਤੋਂ ਭੜਕੇ ਟਰੰਪ ਨੇ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਯੂ.ਕੇ., ਨੀਦਰਲੈਂਡ ਅਤੇ ਫਿਨਲੈਂਡ ਨੂੰ ਆਰਥਕ ਝਟਕਾ ਦੇਣ ਲਈ ਡਾਵੋਸ ਸੰਮੇਲਨ ਤੋਂ ਪਹਿਲਾਂ ਐਲਾਨ ਕਰ ਦਿੱਤਾ ਕਿ ਇਨ੍ਹਾਂ ਮੁਲਕਾਂ ਵੱਲੋਂ ਅਮਰੀਕਾ ਨੂੰ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ ਉੱਪਰ ਪਹਿਲੀ ਫਰਵਰੀ ਤੋਂ 10% ਟੈਰਿਫ ਲਾਇਆ ਜਾਵੇਗਾ ਜਿਸਨੂੰ ਪਹਿਲੀ ਜੂਨ ਤੋਂ ਵਧਾ ਕੇ ਇਹ 25% ਕਰ ਦਿੱਤਾ ਜਾਵੇਗਾ। ਬਰਤਾਨਵੀ ਉਤਪਾਦਾਂ ਉੱਪਰ ਪਹਿਲਾਂ ਹੀ ਲਾਗੂ 10% ਅਤੇ ਯੂਰਪੀ ਯੂਨੀਅਨ ਦੇ ਉਤਪਾਦਾਂ ਉੱਪਰ ਲਾਗੂ 15% ਟੈਰਿਫ ਲਾਗੂ ਹੈ। ਨਵੇਂ ਟੈਰਿਫ਼ਾਂ ਦੇ ਲਾਗੂ ਹੋ ਜਾਣ ਦੀ ਸੂਰਤ 'ਚ ਅਮਰੀਕਾ ਅਤੇ ਯੂਰਪ ਦਰਮਿਆਨ ਵਪਾਰ ਉੱਪਰ ਤਬਾਹਕੁਨ ਅਸਰ ਪੈਣਾ ਸੀ। ਡਾਵੋਸ ਸੰਮੇਲਨ ਵਿਖੇ ਯੂਰਪੀ ਯੂਨੀਅਨ ਦੇ ਆਗੂਆਂ ਨੇ ਟਕਰਾਅ ਨੂੰ ਗੱਲਬਾਤ ਰਾਹੀਂ ਹੱਲ ਕਰਨ ਦੇ ਯਤਨ ਕੀਤੇ ਅਤੇ ਟਰੰਪ ਨੇ ਵੀ ਪੈਰ ਪਿੱਛੇ ਖਿੱਚ ਲਏ। ਨਾਟੋ ਦੇ ਜਨਰਲ ਸਕੱਤਰ ਮਾਰਕ ਰੂਟੇ ਨਾਲ ਹੋਈ ਮੀਟਿੰਗ ਤੋਂ ਬਾਅਦ ਟਰੰਪ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਗ੍ਰੀਨਲੈਂਡ ਹੀ ਨਹੀਂ, ਦਰਅਸਲ ਸਮੁੱਚੇ ਆਰਕਟਿਕ ਖੇਤਰ ਸੰਬੰਧੀ ਭਵਿੱਖੀ ਸਮਝੌਤੇ ਦਾ ਚੌਖਟਾ ਬਣਾ ਲਿਆ ਹੈ ਅਤੇ ਹੁਣ ਉਸਦੀ ਟੈਰਿਫ ਲਾਉਣ ਦੀ ਯੋਜਨਾ ਨਹੀਂ ਹੈ। ਡਾਵੋਸ ਸੰਮੇਲਨ ਵਿਚ ਦਿੱਤੇ ਆਪਣੇ ਭਾਸ਼ਣ ਵਿਚ ਉਸਨੇ ਇਹ ਵੀ ਕਿਹਾ ਕਿ ਉਹ ਗ੍ਰੀਨਲੈਂਡ ਉੱਪਰ ਕਬਜ਼ਾ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰੇਗਾ। ਇਹ ਭਵਿੱਖ ਵਿਚ ਸਾਹਮਣੇ ਆਵੇਗਾ ਕਿ ਟਰੰਪ ਇਸ ਸਮਝੌਤੇ ਨਾਲ ਸੰਤੁਸ਼ਟ ਰਹਿੰਦਾ ਹੈ ਜਾਂ ਨਹੀਂ, ਪਰ ਹਾਲ ਦੀ ਘੜੀ ਟਕਰਾਅ ਥੰਮ ਗਿਆ ਹੈ।

ਗ੍ਰੀਨਲੈਂਡ ਉੱਪਰ ਕਬਜ਼ੇ ਦੀ ਯੋਜਨਾ ਟਰੰਪ ਨੇ ਠੱਪ ਨਹੀਂ ਕੀਤੀ। ਧਮਕਾਊ ਤੇਵਰਾਂ ਦਾ ਮਤਲਬ ਇਹ ਬਣਦਾ ਹੈ ਕਿ ਜੇਕਰ ਹੋਰ ਤਰੀਕੇ ਨਾਲ ਟਰੰਪ ਦਾ ਟੀਚਾ ਪੂਰਾ ਨਹੀਂ ਹੁੰਦਾ ਤਾਂ ਉਹ ਨਾਟੋ ਗੱਠਜੋੜ ਦੀ ਬਲੀ ਦੇਣ ਲਈ ਵੀ ਤਿਆਰ ਹੈ। ਇਹ ਨਵੀਂ ਅਤੇ ਖ਼ਤਰਨਾਕ ਦਿਸ਼ਾ ਦਾ ਸੰਕੇਤ ਹੈ: ਹੁਣ ਅਮਰੀਕਾ ਸਿਰਫ਼ ਕਮਜ਼ੋਰ ਮੁਲਕਾਂ ਉੱਪਰ ਹੀ ਨਹੀਂ, ਆਪਣੇ ਪੁਰਾਣੇ 'ਸੰਗੀਆਂ' ਵਿਰੁੱਧ ਵੀ ਖੁੱਲ੍ਹੀ ਤਾਕਤ ਅਜ਼ਮਾਉਣ ਲਈ ਤਿਆਰ ਹੈ।

ਦੁਨੀਆ ਭਰ ਵਿਚ ਪ੍ਰਵਾਨਤ ਅਸੂਲ ਅਨੁਸਾਰ ਕਿਸੇ ਵੀ ਮੁਲਕ ਦੀ ਪ੍ਰਭੂਸੱਤਾ ਅਟੱਲ ਮੰਨੀ ਗਈ ਹੈ। ਆਪਣੀ ਕਮਜ਼ੋਰ ਹੋ ਰਹੀ ਸੰਸਾਰ ਚੌਧਰ ਨੂੰ ਮੁੜ ਮਜ਼ਬੂਤ ਕਰਨ ਲਈ ਪਾਗਲ ਹੋਏ ਅਮਰੀਕੀ ਹੁਕਮਰਾਨਾਂ ਨੂੰ ਇਸ ਦੀ ਪ੍ਰਵਾਹ ਨਹੀਂ ਹੈ। ਉਨ੍ਹਾਂ ਮੁਤਾਬਿਕ ਕਿਸੇ ਵੀ ਮੁਲਕ ਦੇ ਕਿਸੇ ਖੇਤਰ ਨੂੰ ਜਦੋਂ ਮਰਜ਼ੀ ਫ਼ੌਜੀ ਤਾਕਤ ਨਾਲ ਕਬਜ਼ੇ 'ਚ ਲਿਆ ਜਾ ਸਕਦਾ ਹੈ ਜਾਂ ਸੌਦੇਬਾਜ਼ੀ ਕਰਕੇ ਖ਼ਰੀਦਿਆ ਜਾ ਸਕਦਾ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਟਰੰਪ ਨੇ ਤਾਂ ਗ੍ਰੀਨਲੈਂਡ ਦਾ 500-700 ਅਰਬ ਅਮਰੀਕੀ ਡਾਲਰ ਮੁੱਲ ਵੀ ਪਾ ਦਿੱਤਾ ਹੈ। ਸਾਬਕਾ ਅਮਰੀਕੀ ਅਧਿਕਾਰੀਆਂ ਅਤੇ ਵਿਦਵਾਨਾਂ ਦੇ ਹਵਾਲੇ ਨਾਲ ਐੱਨਬੀਸੀ ਦੀ ਰਿਪੋਰਟ ਨੇ ਖ਼ੁਲਾਸਾ ਕੀਤਾ ਕਿ ਟਰੰਪ ਵੱਲੋਂ ਆਪਣੇ ਬਦੇਸ਼ ਮੰਤਰੀ ਨੂੰ ਗ੍ਰੀਨਲੈਂਡ ਨੂੰ ਖ਼ਰੀਦਣ ਦੀ ਯੋਜਨਾ ਤਿਆਰ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਯੋਜਨਾ ਵਿਚ ਸਿੱਧੀ ਖ਼ਰੀਦ ਤੋਂ ਇਲਾਵਾ "ਫਰੀ ਐਸੋਸੀਏਸ਼ਨ" ਵਿਵਸਥਾ ਦਾ ਬਦਲ ਵੀ ਸ਼ਾਮਲ ਹੈ, ਜਿਸ ਵਿਚ ਵਿਤੀ ਸਹਾਇਤਾ ਬਦਲੇ ਉੱਥੇ ਅਮਰੀਕੀ ਫ਼ੌਜ ਦੀ ਮੌਜੂਦਗੀ ਵਧਾਈ ਜਾਵੇਗੀ।

ਇਹ ਇਕ ਆਪਹੁਦਰੇ ਹੁਕਮਰਾਨ ਦੀ ਸਨਕ ਜਾਂ ਪਾਗਲਪਨ ਨਹੀਂ ਹੈ। ਜੋ ਕੁਝ ਹੋ ਰਿਹਾ ਹੈ, ਇਹ ਵਿਉਂਤਬੱਧ ਫਾਸ਼ਿਸਟ ਯੁੱਧਨੀਤੀ ਹੈ। ਜਦੋਂ ਦੁਨੀਆ ਵਿਚ ਤਾਕਤਾਂ ਦਾ ਤਵਾਜ਼ਨ ਬਦਲ ਚੁੱਕਾ ਹੈ ਅਤੇ ਚੀਨ ਸਾਮਰਾਜਵਾਦੀ ਤਾਕਤ ਵਜੋਂ ਉੱਭਰਕੇ ਅਮਰੀਕਾ ਦੀ ਸੰਸਾਰ ਚੌਧਰ ਨੂੰ ਚੁਣੌਤੀ ਦੇ ਰਿਹਾ ਹੈ ਤਾਂ ਅਮਰੀਕਨ ਹਾਕਮ ਜਮਾਤ ਤਮਾਮ ਕਾਨੂੰਨੀ ਬੰਦਸ਼ਾਂ ਅਤੇ ਨੈਤਿਕ ਰੋਕਾਂ ਦਾ ਮਜ਼ਾਕ ਉਡਾ ਕੇ ਦੁਨੀਆ ਵਿੱਚ ਖੁੱਲ੍ਹਮਖੁੱਲ੍ਹਾ ਫ਼ੌਜੀ ਦਬਦਬਾ ਕਾਇਮ ਕਰਨ ਦੀ ਯੋਜਨਾ ਤਹਿਤ ਕੰਮ ਕਰ ਰਹੀ ਹੈ ਤਾਂ ਜੋ ਸੰਸਾਰ ਦੇ ਮੌਜੂਦਾ ਹਾਲਾਤ ਵਿਚ ਅਮਰੀਕੀ ਦਬਦਬੇ ਨੂੰ ਦੁਬਾਰਾ ਮਜ਼ਬੂਤ ਕੀਤਾ ਜਾ ਸਕੇ। ਜਦੋਂ ਦੁਨੀਆ ਵਿੱਚ ਪਰਮਾਣੂ ਹਥਿਆਰਾਂ ਨਾਲ ਲੈਸ ਤਾਕਤਾਂ ਆਪਸ ਵਿੱਚ ਭਿਆਨਕ ਮੁਕਾਬਲੇਬਾਜ਼ੀ ਵਿਚ ਲੱਗੀਆਂ ਹੋਣ, ਤਾਂ ਇਹ "ਯੁੱਧਨੀਤੀ" ਸਿਰਫ਼ ਜੰਗ ਦਾ ਖ਼ਤਰਾ ਹੀ ਨਹੀਂ ਵਧਾਉਂਦੀ—ਇਹ ਅਜਿਹੇ ਆਲਮੀ ਟਕਰਾਅ ਦੀ ਸੰਭਾਵਨਾ ਵੀ ਵਧਾਉਂਦੀ ਹੈ ਜੋ ਕੰਟਰੋਲ ਤੋਂ ਬਾਹਰ ਜਾ ਕੇ ਮਨੁੱਖੀ ਸੱਭਿਅਤਾ ਦੀ ਹੋਂਦ ਨੂੰ ਹੀ ਖ਼ਤਰੇ ਵਿੱਚ ਪਾ ਸਕਦੀ ਹੈ। ਟਰੰਪ ਦਾ ਏਜੰਡਾ 'ਅਮਰੀਕਾ ਪਹਿਲਾਂ' ਨਹੀਂ ਸਗੋਂ ਬੇਲਗਾਮ ਅਮਰੀਕਾ ਦਾ ਹੈ। ਇਹ ਮਨਸੂਬਾ ਪੂਰਾ ਕਰਨ ਲਈ ਟਰੰਪ 'ਮੋਨਰੋਏ ਮੱਤ' ਨਵੇਂ ਰੂਪ 'ਚ ਲੈ ਕੇ ਹਾਜ਼ਰ ਹੈ। ਇਹ ਅਮਰੀਕਨ ਹੁਕਮਰਾਨ ਜਮਾਤ ਵੱਲੋਂ 1823 ਵਿਚ ਐਲਾਨੀ ਨੀਤੀ ਸੀ ਜਿਸਦਾ ਮੂਲ ਨੁਕਤਾ ਇਹ ਸੀ ਕਿ ਪੂਰਾ ਅਮਰੀਕੀ ਮਹਾਂਦੀਪ ਅਮਰੀਕੀ ਪ੍ਰਭਾਵ-ਖੇਤਰ ਹੈ। ਅਤੇ ਇਸੇ ਪ੍ਰਭਾਵ-ਖੇਤਰ ਉੱਪਰ ਦਬਦਬੇ ਲਈ ਇੱਥੇ ਅਮਰੀਕੀ ਸਾਮਰਾਜੀ ਸਲਤਨਤ ਵੱਲੋਂ ਲਗਾਤਾਰ ਹੀ ਹਮਲਿਆਂ, ਤਖ਼ਤਾਪਲਟ, ਸੀਆਈਏ ਦੇ ਅਪਰੇਸ਼ਨ, ਮੌਤ-ਵਰਤਾਉਣ ਵਾਲੇ ਦਸਤੇ, ਅਤੇ ਆਰਥਕ ਸ਼ਿਕੰਜਾ ਕੱਸਣ ਦਾ ਸਿਲਸਿਲਾ ਚਲਾਇਆ ਜਾਂਦਾ ਰਿਹਾ ਹੈ।

ਇਸਦਾ ਸਿਧਾਂਤੀਕਰਨ ਕਰਦਿਆਂ ਟਰੰਪ ਦਾ ਕੁੰਜੀਵਤ ਸਲਾਹਕਾਰ ਸਟੀਫਨ ਮਿਲਰ ਸੀਐੱਨਐੱਨ ਨਾਲ ਇੰਟਰਵਿਊ ਵਿਚ ਕਹਿੰਦਾ ਹੈ ਕਿ ਅਮਰੀਕਾ ਆਪਣੇ ਅਰਧ-ਗੋਲੇ ਅੰਦਰ ਆਪਣੇ ਹਿਤ ਸੁਰੱਖਿਅਤ ਕਰਨ ਲਈ 'ਨਿਧੜਕ ਹੋ ਕੇ' ਫ਼ੌਜ ਦੀ ਵਰਤੋਂ ਕਰ ਰਿਹਾ ਹੈ ਅਤੇ ਇਹ 'ਬੇਤੁਕੀ' ਗੱਲ ਹੋਵੇਗੀ ਕਿ ਅਸੀਂ ਆਪਣੇ 'ਪਿਛਵਾੜੇ' ਵਿੱਚ ਕਿਸੇ ਮੁਲਕ ਨੂੰ ਆਪਣੇ ਵਿਰੋਧੀਆਂ ਲਈ ਸਰੋਤਾਂ ਦਾ ਸਪਲਾਈ ਕਰਤਾ ਬਣਨ ਦੀ ਇਜਾਜ਼ਤ ਦੇਈਏ। ਟਰੰਪ ਨੇ ਆਪਣੇ ਟਵੀਟ ਵਿਚ ਸਪਸ਼ਟ ਕਿਹਾ ਹੈ ਕਿ ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਰੂਸ ਜਾਂ ਚੀਨ ਗ੍ਰੀਨਲੈਂਡ ਉੱਪਰ ਕਬਜ਼ਾ ਕਰ ਲੈਣਗੇ।ਜੇਕਰ ਅਸੀਂ ਇਸਨੂੰ ਸੌਖੇ ਢੰਗ ਨਾਲ ਨਹੀਂ ਕਰਾਂਗੇ ਤਾਂ ਅਸੀਂ ਇਸ ਨੂੰ ਕਠੋਰ ਢੰਗ ਨਾਲ ਕਰਾਂਗੇ।' 'ਆਪਣੇ ਸੁਰੱਖਿਆ ਹਿਤਾਂ' ਦੇ ਬਹਾਨੇ ਟਰੰਪ ਦਾ ਅਸਲ ਨਿਸ਼ਾਨਾ ਸਿਰਫ਼ ਵੈਨੇਜ਼ੁਏਲਾ ਨਹੀਂ, ਸਗੋਂ ਪੂਰੇ ਖੇਤਰ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣਾ ਅਤੇ ਇਸ ਅਰਧ-ਗੋਲੇ ਦੇ ਵੱਧ ਤੋਂ ਵੱਧ ਮੁਲਕਾਂ ਦੇ ਖਣਿਜ ਭੰਡਾਰਾਂ ਉੱਪਰ ਕਬਜ਼ਾ ਕਰਨਾ ਹੈ। ਵੈਨਜ਼ੁਏਲਾ ਉੱਪਰ ਹਮਲੇ ਦਾ ਐਲਾਨ ਕਰਦੇ ਹੋਏ ਟਰੰਪ ਨੇ ਕਿਹਾ ਸੀ: 'ਪੱਛਮੀ ਅਰਧ-ਗੋਲੇ ਵਿੱਚ ਅਮਰੀਕੀ ਦਬਦਬੇ 'ਤੇ ਕਦੇ ਸਵਾਲ ਨਹੀਂ ਉੱਠੇਗਾ।'

ਬਾਂਹਮਰੋੜ ਕੂਟਨੀਤੀ ਤੋਂ ਲੈ ਕੇ ਗੁੰਡਾਗਰਦੀ ਤੱਕ ਟਰੰਪ ਦੇ ਬਿਆਨ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ। ਜਦੋਂ ਪਿਛਲੇ ਦਿਨੀਂ ਉਸ ਤੋਂ ਪੁੱਛਿਆ ਗਿਆ ਕਿ ਕੀ ਅੰਤਰਰਾਸ਼ਟਰੀ ਮੰਚ 'ਤੇ ਉਸਦੀ ਤਾਕਤ ਉੱਪਰ ਕੋਈ ਰੋਕ ਹੈ, ਤਾਂ ਉਸ ਨੇ ਅਮਰੀਕਨ ਕਾਂਗਰਸ, ਹੋਰ ਮੁਲਕਾਂ ਨਾਲ ਗੱਠਜੋੜਾਂ, ਅੰਤਰਰਾਸ਼ਟਰੀ ਕਾਨੂੰਨ, ਸਭ ਕਾਸੇ ਉੱਪਰ ਕਾਂਟਾ ਮਾਰਕੇ ਦੋ-ਟੁੱਕ ਕਹਿ ਦਿੱਤਾ ਕਿ ਉਸ ਉੱਪਰ ਉਸਦੀ 'ਆਪਣੀ ਨੈਤਿਕਤਾ', 'ਆਪਣੇ ਦਿਮਾਗ਼' ਤੋਂ ਸਿਵਾਏ ਹੋਰ ਕੋਈ 'ਰੋਕ' ਨਹੀਂ ਹੈ, ਕਿ 'ਓਹੀ ਇੱਕ ਚੀਜ਼ ਹੈ ਜੋ ਮੈਨੂੰ ਰੋਕ ਸਕਦੀ ਹੈ।' ਇਸਦਾ ਮਤਲਬ ਇਹ ਹੈ ਕਿ ਹੁਣ ਤੱਕ ਜੇਕਰ ਟਰੰਪ ਨੇ ਗਰੀਨਲੈਂਡ ਉੱਪਰ ਹਮਲਾ ਨਹੀਂ ਕੀਤਾ ਤਾਂ ਸਿਰਫ਼ ਆਪਣੀ 'ਨੈਤਿਕਤਾ' ਕਰਕੇ! ਟਰੰਪ ਦਾ ਇਹ ਕਹਿਣਾ ਕਿ 'ਮੈਂ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ', ਇਹ ਦੁਨੀਆ ਨੂੰ ਭਰੋਸਾ ਦਿਵਾਉਣਾ ਨਹੀਂ ਸਗੋਂ ਚੇਤਾਵਨੀ ਹੈ। ਮਾਨਵਤਾ ਦੀ ਸੁਰੱਖਿਆ ਤਾਂ ਬਹਾਨਾ ਹੈ, ਉਸਦੀ ਅਸਲ ਚਿੰਤਾ ਅਮਰੀਕੀ ਸਾਮਰਾਜ ਦੀ ਸਥਿਰਤਾ ਅਤੇ ਮਹਾਂ-ਸ਼ਕਤੀ ਦੇ ਰੂਪ 'ਚ ਆਪਣੀ ਹੈਸੀਅਤ ਕਾਇਮ ਰੱਖਣਾ ਹੈ। ਇਹ ਸਾਮਰਾਜਵਾਦ-ਫਾਸ਼ੀਵਾਦ ਦਾ ਅਸਲੀ ਚਿਹਰਾ ਹੈ: ਅਜਿਹਾ ਰਾਜ ਜਿਸ ਵਿੱਚ ਕਿਸੇ ਕੜੇ-ਕਾਨੂੰਨ ਦੀ ਕੋਈ ਅਹਿਮੀਅਤ ਨਹੀਂ, ਹੈ ਜਿੱਥੇ ਕਿਸੇ ਮੁਲਕ ਦੀ ਪ੍ਰਭੂਸੱਤਾ ਸਿਰਫ਼ ਮਹਾਂ-ਤਾਕਤਵਰ ਦੀ "ਮਿਹਰਬਾਨੀ" ਬਣ ਜਾਂਦੀ ਹੈ, ਅਤੇ ਛੋਟੇ ਮੁਲਕਾਂ ਦੀ ਹੋਂਦ ਧੜਵੈਲ ਸਾਮਰਾਜੀ ਸਲਤਨਤ ਦੇ ਰਹਿਮ 'ਤੇ ਹੁੰਦੀ ਹੈ।

ਟਰੰਪ ਦੀ 'ਨੈਤਿਕਤਾ' ਅਮਰੀਕੀ ਸਾਮਰਾਜੀ ਸਟੇਟ ਦੀ ਸਾਮਰਾਜੀ ਪਸਾਰਵਾਦੀ ਨੀਤੀ ਦਾ ਵਧੇਰੇ ਮੂੰਹਫਟ ਕੁੱਢਰ ਇਜ਼ਹਾਰ ਹੈ। ਦਹਾਕਿਆਂ ਤੋਂ ਅਮਰੀਕਾ ਨੇ ਦੁਨੀਆ ਉੱਪਰ "ਲੋਕਤੰਤਰ", "ਮਨੁੱਖੀ ਅਧਿਕਾਰ" ਅਤੇ "ਅੰਤਰਰਾਸ਼ਟਰੀ ਨਿਯਮਾਂ" ਦਾ ਦੰਭ ਰਚਕੇ ਆਪਣਾ ਦਬਦਬਾ ਬਣਾਈ ਰੱਖਿਆ। ਟਰੰਪ ਇਸ ਨੂੰ 'ਅਮਰੀਕੀ ਸੁਰੱਖਿਆ', 'ਦੁਨੀਆ ਦੀ ਸੁਰੱਖਿਆ' ਦੇ ਨਾਂ ਹੇਠ ਕਰ ਰਿਹਾ ਹੈ। ਅਮਰੀਕੀ ਸਾਮਰਾਜੀ ਹਕੂਮਤ ਵੱਲੋਂ ਵੀਅਤਨਾਮ ਤੋਂ ਲੈ ਕੇ ਇਰਾਕ ਅਤੇ ਅਫ਼ਗਾਨਿਸਤਾਨ ਤੱਕ ਕੀਤੇ ਗਏ ਧਾੜਵੀ ਹਮਲੇ ਅਤੇ ਵਿਆਪਕ ਕਤਲੇਆਮ ਪੱਛਮੀ ਸਾਮਰਾਜੀ ਸ਼ਬਦ-ਕੋਸ਼ ਵਿਚ ਜਾਇਜ਼ ਮੰਨੇ ਜਾਂਦੇ ਹਨ। ਟਰੰਪ ਸਰਕਾਰ ਹੋਰ ਵੀ ਕਰੂਰ ਹਮਲੇ ਕਰਨਾ ਚਾਹੁੰਦੀ ਹੈ। ਇਸ ਖ਼ਾਤਰ ਫ਼ੌਜ ਤਾਕਤ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਟਰੰਪ ਵੱਲੋਂ ਫ਼ੌਜੀ ਬਜਟ 1 ਖ਼ਰਬ ਡਾਲਰ ਤੋਂ ਵਧਾ ਕੇ 1.5 ਡੇਢ ਖਰਬ ਡਾਲਰ ਕਰਨ ਯਾਨੀ 50% ਵਾਧਾ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ।

ਇੰਝ ਲੱਗਦਾ ਹੈ ਕਿ ਅਮਰੀਕੀ ਹਾਕਮ ਜਮਾਤ ਦਾ ਘੋਰ ਫਾਸ਼ੀਵਾਦੀ ਧੜਾ ਹੁਣ ਇਹ ਸਮਝਦਾ ਹੈ ਕਿ ਇਹ ਪੁਰਾਣਾ ਸੰਸਾਰ ਢਾਂਚਾ ਅਮਰੀਕਾ ਲਈ ਹੁਣ ਮੁਆਫ਼ਕ ਨਹੀਂ ਹੈ। ਟਰੰਪ ਦੀ ਅਗਵਾਈ ਹੇਠਲਾ ਹੁਕਮਰਾਨ ਗੁੱਟ ਸੰਧੀਆਂ ਅਤੇ ਪਹਿਲੇ ਸਮਝੌਤਿਆਂ ਨੂੰ ਤੋੜ ਕੇ ਸਿੱਧਾ ਫ਼ੌਜੀ ਤਾਕਤ ਦੇ ਜ਼ੋਰ ਅਮਰੀਕੀ ਦਬਦਬਾ ਵਧਾਉਣਾ ਚਾਹੁੰਦਾ ਹੈ, ਜਿਸਦੀ ਸ਼ੁਰੂਆਤ ਪੱਛਮੀ ਅਰਧ-ਗੋਲੇ ਤੋਂ ਕਰਨ ਦੇ ਸੰਕੇਤ ਹਨ। ਚੀਨ ਅਤੇ ਰੂਸ ਨੂੰ ਪਰ੍ਹਾਂ ਰੱਖਣ ਦੇ ਨਾਂ ਹੇਠ ਧਰਤੀ ਦੇ ਇਸ ਪੂਰੇ ਹਿੱਸੇ ਉੱਪਰ ਮੁਕੰਮਲ ਕੰਟਰੋਲ ਕਰਨ ਦੇ ਐਲਾਨ ਇਹੀ ਦਰਸਾਉਂਦੇ ਹਨ।

ਇਹ ਸਰਮਾਏਦਾਰੀ ਪ੍ਰਬੰਧ ਦਾ ਮੂਲ ਸੰਕਟ ਹੈ। ਸਰਮਾਏਦਾਰਾ ਸੰਸਾਰ ਵਿੱਚ ਤਾਕਤਾਂ ਵਸੀਲਿਆਂ, ਮੰਡੀਆਂ, ਸਪਲਾਈ ਚੇਨਾਂ, ਫ਼ੌਜੀ ਅੱਡਿਆਂ ਅਤੇ ਯੁੱਧਨੀਤਕ ਖੇਤਰਾਂ ਲਈ ਲਗਾਤਾਰ ਖਹਿ-ਭੇੜ ਵਿਚ ਲੱਗੀਆਂ ਰਹਿੰਦੀਆਂ ਹਨ। ਇਹ ਸਰਮਾਏਦਾਰੀ ਪ੍ਰਬੰਧ ਦਾ ਲਾਜ਼ਮੀ ਨਤੀਜਾ ਹੈ: ਜੇਕਰ ਇੱਕ ਸਾਮਰਾਜੀ ਸਰਮਾਏਦਾਰਾ ਗੁੱਟ ਅੱਗੇ ਵਧਣ ਲਈ ਮੁਕਾਬਲਾ ਨਹੀਂ ਕਰੇਗਾ ਤਾਂ ਦੂਜਾ ਵਧੇਰੇ ਤਾਕਤਵਰ ਉਸਨੂੰ ਨਿਗਲ ਜਾਵੇਗਾ। ਜਦੋਂ ਇਹ ਖਹਿਭੇੜ ਤਿੱਖਾ ਹੁੰਦਾ ਹੈ, ਤਾਂ ਸੱਤਾ ਦੇ ਵਧੇਰੇ ਕਰੂਰ ਅਤੇ ਘੋਰ ਰੂਪ ਸਾਹਮਣੇ ਆਉਂਦੇ ਹਨ। ਫਾਸ਼ੀਵਾਦ ਉਸਦਾ ਹੀ ਖੁੱਲ੍ਹਾ ਰੂਪ ਹੈ: ਮੁਲਕ ਦੇ ਅੰਦਰ ਤਾਨਾਸ਼ਾਹੀ, ਬਾਹਰ ਖੁੱਲ੍ਹੀ ਸਾਮਰਾਜਵਾਦੀ ਦਹਿਸ਼ਤ। ਟਰੰਪ ਦੇ ਕਦਮ ਅਮਰੀਕੀ ਸਾਮਰਾਜੀਆਂ ਦੀ ਨਵੀਂ ਵਿਸ਼ਵ ਨੀਤੀ ਦਾ ਸੰਕੇਤ ਹਨ। ਸਰਮਾਏਦਾਰੀ ਪ੍ਰਬੰਧ ਦਾ ਇਹੀ ਖਮਿਆਜ਼ਾ ਅੱਜ ਦੁਨੀਆ ਟਰੰਪ ਨਿਜ਼ਾਮ ਦੇ ਰੂਪ 'ਚ ਭੁਗਤ ਰਹੀ ਹੈ। ਸਿਰਫ਼ ਗ੍ਰੀਨਲੈਂਡ, ਵੈਨਜ਼ੁਏਲਾ ਜਾਂ ਇਰਾਨ ਹੀ ਨਹੀਂ, ਸਮੁੱਚੇ ਤੌਰ 'ਤੇ ਖ਼ਤਰਾ ਪੂਰੀ ਮਾਨਵਤਾ ਨੂੰ ਹੈ ਅਤੇ ਇਸਨੂੰ ਠੱਲ੍ਹ ਵੀ ਸਰਮਾਏਦਾਰਾ ਸਰਕਾਰਾਂ ਨਹੀਂ, ਦੁਨੀਆ ਦੇ ਲੋਕ ਹੀ ਪਾ ਸਕਦੇ ਹਨ।

# ਕਿਰਤੀ ਲਹਿਰ ਦੇ ਮਹਾਨ ਆਗੂ ਕਾ. ਲੈਨਿਨ ਦੇ ਵਿਛੋੜੇ ਦਾ 102ਵਾਂ ਵਰ੍ਹਾ



ਮਨਦੀਪ
(+1 438-924-2052)
mandeepsaddowal@gmail.com



ਵਲਾਮਦੀਮੀਰ ਇਲੀਚ ਉਲੀਆਨੋਵ ਲੈਨਿਨ ਦਾ ਜਨਮ 22 ਅਪ੍ਰੈਲ 1870 ਨੂੰ ਰੂਸ ’ਚ ਵੋਲਗਾ ਦਰਿਆ ਦੇ ਕੰਢੇ ਸਿਮਬਿਰਸਕ ਸ਼ਹਿਰ ਵਿੱਚ ਹੋਇਆ। ਪਿਤਾ ਇਲੀਆ ਨਿਕੋਲਾਏਵਿਚ ਉਲੀਆਨੋਵ ਤੇ ਮਾਂ ਮਾਰੀਆ ਆਲੇਕਸਾਂਦਰੋਵਨਾ ਦੇ ਸਾਰੇ ਦੇ ਸਾਰੇ ਛੇ ਬੱਚੇ ਅੱਗੇ ਚੱਲ ਕੇ ਇਨਕਲਾਬੀ ਬਣੇ। ਇਹਨਾਂ ਵਿੱਚੋਂ ਹੱਸਮੁੱਖ ਵਲਾਦੀਮੀਰ ਨੱਚਣ ਟੱਪਣ, ਖੇਡਣ ਤੇ ਲੰਮੀਆਂ ਸੈਰਾਂ ਉੱਤੇ ਜਾਣ ਦਾ ਸ਼ੌਕੀਨ ਸੀ। ਉਹ ਪੜ੍ਹਾਈ ਵਿੱਚ ਵੀ ਚੰਗਾ ਸੀ। ਉਸਨੇ ਪੁਸ਼ਕਿਨ, ਗੋਗੋਲ, ਨੇਕਰਾਸੋਵ, ਤੁਰਗਨੇਵ, ਬੇਲਿੰਸਕੀ, ਹਰਜਨ, ਚੇਰਨੇਵਿਸਕੀ ਤੇ ਟਾਲਸਟਾਏ ਵਰਗੇ ਅਨੇਕਾਂ ਮਹਾਨ ਲੇਖਕਾਂ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਜਿਨ੍ਹਾਂ ਵਿੱਚ ਅੱਤਿਆਚਾਰੀ ਜ਼ਾਰਸ਼ਾਹੀ ਹਕੂਮਤ, ਜਾਲਮ ਭੂਮੀਪਤੀ, ਪੂੰਜੀਪਤੀ ਅਤੇ ਗ਼ਰੀਬ ਤਬਕਿਆਂ ਦੀ ਜਹਾਲਤ ਭਰੀ ਜ਼ਿੰਦਗੀ ਦਾ ਵਰਣਨ ਮਿਲਦਾ ਸੀ। ਤੇਜ ਪੂੰਜੀਵਾਦੀ ਵਿਕਾਸ ਦੀਆਂ ਲੀਹਾਂ ’ਤੇ ਪਏ ਰੂਸੀ ਸਮਾਜ ਨੂੰ ਸਮਝ ਰਹੇ ਨੌਜਵਾਨ ਲੈਨਿਨ ਦੇ ਮਨ ਵਿੱਚ ਲੁੱਟ-ਖਸੁੱਟ ਕਰਨ ਵਾਲਿਆਂ ਪ੍ਰਤੀ ਨਫ਼ਰਤ ਅਤੇ ਦੱਬੇ ਲਤਾੜੇ ਜਾਂਦੇ ਕਿਰਤੀਆਂ ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਪੈਦਾ ਹੋਇਆ।

ਲੈਨਿਨ ਆਪਣੇ ਵੱਡੇ ਭਰਾ ਅਲਕੇਸਾਂਦਰ ਤੋਂ ਬਹੁਤ ਪ੍ਰਭਾਵਿਤ ਸੀ। ਸੇਂਟ ਯੂਨੀਵਰਸਿਟੀ ’ਚ ਪੜ੍ਹਦੇ ਅਲਕੇਸਾਂਦਰ ਨੇ ਵੱਡਾ ਵਿਗਿਆਨੀ ਬਣਨ ਦੀ ਥਾਂ ਇਨਕਲਾਬ ਦਾ ਰਾਹ ਚੁਣਿਆ। ਜ਼ਾਰਸ਼ਾਹੀ ਦੇ ਰਾਜ ਨੂੰ ਢਹਿ-ਢੇਰੀ ਕਰਨ ਵਾਲੇ ਇਨਕਲਾਬੀ ਸੰਗਰਾਮ ਦੌਰਾਨ ਵੱਡੇ ਭਰਾ ਨੂੰ ਅਲੈਕੇਸਾਂਦਰ ਤੀਜੇ ਨੂੰ ਕਤਲ ਕਰਨ ਦੀ ਕੋਸ਼ਿਸ਼ ’ਚ ਸ਼ਾਮਲ ਹੋਣ ਦੇ ਦੋਸ਼ ’ਚ ਗ੍ਰਿਫ਼ਤਾਰ ਕਰਕੇ ਫਾਹੇ ਲਾ ਦਿੱਤਾ ਗਿਆ। ਸਾਲ ਪਹਿਲਾਂ ਪਿਤਾ ਦੇ ਚਲਾਣੇ ਤੋਂ ਬਾਅਦ ਸੂਰਮੇ ਦੀ ਮੌਤ ਮਰੇ ਅਲਕੇਸਾਂਦਰ ਦਾ ਇਹ ਸਦਮਾ ਪਰਿਵਾਰ ਲਈ ਹੋਰ ਵੀ ਜ਼ਿਆਦਾ ਅਸਹਿ ਹੋ ਗਿਆ। ਨੌਜਵਾਨ ਲੈਨਿਨ ਆਪਣੇ ਭਰਾ ਅਤੇ ਉਸਦੇ ਸਾਥੀਆਂ ਦੀ ਦਲੇਰੀ ਤੇ ਕੁਰਬਾਨੀ ਦੀ ਪ੍ਰਸ਼ੰਸਾ ਕਰਦਿਆਂ ਉਹਨਾਂ ਦੇ ਜ਼ਾਰਸ਼ਾਹੀ ਰਾਜ ਵਿਰੁੱਧ ‘ਵਿਅਕਤੀਗਤ ਕਤਲਾਂ’ ਦੇ ਰਾਹ ਨੂੰ ਰੱਦ ਕਰਦਿਆਂ ਲੋਕ ਮੁਕਤੀ ਦਾ ਨਵਾਂ ਮਾਰਗ ਖੋਜਣ ’ਚ ਰੁੱਝ ਗਿਆ।

ਸਕੂਲ ਚੋਂ ਗੋਲਡ ਮੈਡਲ ਲੈ ਕੇ ਉਹ ਕਜ਼ਾਨ ਯੂਨੀਵਰਸਿਟੀ ਦੇ ਲਾਅ ਫੈਕਲਟੀ (ਕਾਨੂੰਨੀ ਵਿਭਾਗ) ਵਿੱਚ ਦਾਖ਼ਲ ਹੋ ਗਿਆ ਜਿੱਥੇ ਉਸਨੇ ਇਨਕਲਾਬੀ ਸੋਚ ਵਾਲੇ ਵਿਦਿਆਰਥੀਆਂ ਨਾਲ ਸੰਪਰਕ ਬਣਾਕੇ ਗੁਪਤ ਇਕੱਤਰਤਾਵਾਂ ਸ਼ੁਰੂ ਕਰ ਦਿੱਤੀਆਂ। ਸਤਾਰਾਂ ਸਾਲਾ ਗੱਭਰੂ ਲੈਨਿਨ ਜ਼ਾਲਮ ਜ਼ਾਰਸ਼ਾਹੀ ਖ਼ਿਲਾਫ ਇਨਕਲਾਬੀ ਘੋਲ ਦੇ ਰਾਹ ਪੈ ਚੁੱਕਾ ਸੀ। ਉਸਨੂੰ ਪਿੰਡ ਵਿੱਚ ਨਜ਼ਰਬੰਦ ਕਰਕੇ ਪੁਲਿਸ ਦੀ ਨਿਗਰਾਨੀ ਹੇਠ ਰੱਖਿਆ ਗਿਆ ਜਿੱਥੇ ਉਸਨੇ ਢੇਰ ਸਾਰਾ ਸਾਹਿਤ ਪੜ੍ਹਿਆ। ਉਸਨੂੰ ‘ਰਾਜਸੀ ਤੌਰ ’ਤੇ ਗ਼ੈਰ ਭਰੋਸੇਯੋਗ’ ਵਿਅਕਤੀਆਂ ਦੀ ਸੂਚੀ ਵਿੱਚ ਰੱਖਿਆ ਗਿਆ। ਕਜ਼ਾਨ ਦੀਆਂ ਕਈ ਗੈਰ ਕਾਨੂੰਨੀ ਇਨਕਲਾਬੀ ਮੰਡਲੀਆਂ ਵਿੱਚੋਂ ਲੈਨਿਨ ਇੱਕ ਅਧਿਐਨ ਮੰਡਲੀ ਦਾ ਮੈਂਬਰ ਬਣ ਗਿਆ ਜਿੱਥੇ ਉਸਨੇ ਮਾਰਕਸਵਾਦ ਦਾ ਗੰਭੀਰ ਅਧਿਐਨ ਸ਼ੁਰੂ ਕੀਤਾ ਅਤੇ ਜਾਣਿਆ ਕਿ ਅਮੀਰ ਲੋਕ ਕਿਰਤੀ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਲੁੱਟਣ ਕਰਕੇ ਹੀ ਅਮੀਰ ਹਨ। ਕਿਰਤੀ ਜਮਾਤ ਬੇਹੱਦ ਪੀੜਤ ਅਤੇ ਅਤਿਅੰਤ ਇਨਕਲਾਬੀ ਜਮਾਤ ਹੈ। ਇਸ ਜਮਾਤ ਨੂੰ ਹਰ ਤਰ੍ਹਾਂ ਦੀਆਂ ਲੋਟੂ ਤਾਕਤਾਂ ਖਿਲਾਫ਼ ਇਨਕਲਾਬੀ ਸੰਗਰਾਮ ਕਰਦਿਆਂ ਪੂੰਜੀਵਾਦੀ ਰਾਜ ਸੱਤਾ ਨੂੰ ਉਲਟਾ ਕੇ ਕਿਰਤੀ ਜਮਾਤ ਦੀ ਤਾਨਾਸ਼ਾਹੀ ਵਾਸਤੇ ਸਮਾਜਵਾਦੀ ਇਨਕਲਾਬ ਕਰਨਾ ਹੋਵੇਗਾ ਜਿਸ ਲਈ ਕਿਰਤੀ ਜਮਾਤ ਦੀ ਇਨਕਲਾਬੀ ਪਾਰਟੀ ਹੋਣੀ ਜ਼ਰੂਰੀ ਹੈ ਜੋ ਵਿਗਿਆਨਕ ਸਿਧਾਂਤ ਦੀ ਅਗਵਾਈ ਹੇਠ ਮਜ਼ਦੂਰ ਜਮਾਤ ਨੂੰ ਇਨਕਲਾਬ ਤੱਕ ਲੈ ਕੇ ਜਾ ਸਕੇ। ਨੌਜਵਾਨ ਲੈਨਿਨ ਨੇ ਰੂਸੀ ਮਜ਼ਦੂਰਾਂ ਦੀ ਬਦਹਾਲੀ ਦੇ ਹੱਲ ਲਈ ਮਾਰਕਸ ਦੀ ਮਹਾਨ ਰਚਨਾ ‘ਸਰਮਾਇਆ’ ਦਾ ਅਧਿਐਨ ਕੀਤਾ ਅਤੇ ਕਮਿਊਨਿਸਟ ਪਾਰਟੀ ਦੇ ਮੈਨੀਫ਼ੈਸਟੋ ਦਾ ਰੂਸੀ ਭਾਸ਼ਾ ’ਚ ਅਨੁਵਾਦ ਕੀਤਾ।


ਲੈਨਿਨ ਜਦ ਸਮਾਰਾ ਪੁਜਿਆ ਤਾਂ ਇੱਥੇ ਨਰੋਦਨਿਕ ਵਿਚਾਰਾਂ ਦਾ ਕਾਫ਼ੀ ਬੋਲਬਾਲਾ ਸੀ। ਨਰੋਦਨਿਕਾਂ (ਲੋਕਵਾਦੀ) ਦਾ ਮੰਨਣਾ ਸੀ ਕਿ ਰੂਸ ਵਿੱਚ ਪੂੰਜੀਵਾਦ ਵਿਕਸਤ ਨਹੀਂ ਹੋਵੇਗਾ, ਮਜ਼ਦੂਰਾਂ ਦੀ ਥਾਂ ਕਿਸਾਨੀ ਮੂਲ ਇਨਕਲਾਬੀ ਤਾਕਤ ਹੈ ਅਤੇ ਵਿਅਕਤੀਗਤ ਅਫ਼ਸਰਾਂ ਨੂੰ ਮਾਰ ਕੇ ਜ਼ਾਰਸ਼ਾਹੀ ਨੂੰ ਭੈ-ਭੀਤ ਕਰਕੇ ਉਹਨਾਂ ਨੂੰ ਆਪਣੀ ਨੀਤੀ ਬਦਲਣ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ। ਇਨ੍ਹਾਂ ਗ਼ਲਤ ਵਿਚਾਰਾਂ ਨੂੰ ਲੈਨਿਨ ਨੇ ਆਪਣੀਆਂ ਸਿਧਾਂਤਕ ਬਹਿਸਾਂ ਤੇ ਲਿਖਤਾਂ ਰਾਹੀਂ ਰੱਦ ਕੀਤਾ।

ਚਾਰ ਸਾਲਾਂ ਦੀ ਪੜ੍ਹਾਈ 18 ਮਹੀਨਿਆਂ ’ਚ ਖ਼ਤਮ ਕਰਕੇ ਲੈਨਿਨ ਨੇ ਸਮਾਰਾ ਜ਼ਿਲ੍ਹਾ ਕਚਹਿਰੀ ਵਿੱਚ ਵਕੀਲ ਵਜੋਂ ਕੰਮ ਸ਼ੁਰੂ ਕੀਤਾ। 23 ਸਾਲਾ ਲੈਨਿਨ ਨੇ ਇਥੇ ਨੌਜਵਾਨਾਂ ਦਾ ਇਕ ਅਧਿਐਨ ਮੰਡਲ ਜੱਥੇਬੰਦ ਕੀਤਾ ਅਤੇ ਸਮਾਰਾ ਤੋਂ ਇਲਾਵਾ ਕਜ਼ਾਨ, ਸਾਰਾਨੋਵ, ਸਿਜਰਾਨ ਅਤੇ ਵੋਲਗਾ ਕੰਢੇ ਦੇ ਦੂਜੇ ਸ਼ਹਿਰਾਂ ਦੇ ਮਾਰਕਸਵਾਦੀਆਂ ਨਾਲ ਸੰਪਰਕ ਕਾਇਮ ਕੀਤੇ।

1893 ਵਿੱਚ ਲੈਨਿਨ ਇਨਕਲਾਬੀ ਘੋਲ ਦੀਆਂ ਵਿਸ਼ਾਲ ਸੰਭਾਵਨਾਵਾਂ ਵਾਲੇ ਵੱਡੇ ਸਨਅਤੀ ਕੇਂਦਰ ਸੇਂਟ ਪੀਟਰਜ਼ਬਰਗ ਚਲਾ ਗਿਆ। ਰੂਸ ਵਿੱਚ 1890 ਵਿਆਂ ਵਿੱਚ ਤੇਜ਼ੀ ਨਾਲ ਹੁੰਦੇ ਸਨਅਤੀਕਰਨ ਕਾਰਨ ਮਜ਼ਦੂਰ ਜਮਾਤ ਨੂੰ ਚੇਤੰਨ ਤੇ ਜੱਥੇਬੰਦ ਕਰਨ ਕਰਨ ਲਈ ਲੈਨਿਨ ਨੇ ਇੱਕ ਇਨਕਲਾਬੀ ਪਾਰਟੀ ਬਣਾਉਣ ਦੀ ਤਜਵੀਜ਼ ਰੱਖੀ ਜਿਸਦਾ ਉਦਾਰਵਾਦੀ ਨਰੋਦਨਿਕਾਂ ਨੇ ਵਿਰੋਧ ਕੀਤਾ। ਲੈਨਿਨ ਨੇ 1894 ਵਿੱਚ ‘ਲੋਕਾਂ ਦੇ ਮਿੱਤਰ ਕੀ ਹਨ ਅਤੇ ਉਹ ਸੋਸ਼ਲ ਡੈਮੋਕਰੇਟਾਂ ਨਾਲ ਕਿਵੇਂ ਲੜਦੇ ਹਨ’ ਨਾਂ ਦੀ ਕਿਤਾਬ ਰਾਹੀਂ ਨਰੋਦਨਿਕ ਵਿਚਾਰਾਂ ਦੀ ਸਿਧਾਂਤਕ ਨੁਕਤਾਚੀਨੀ ਕੀਤੀ ਅਤੇ ਉਹਨਾਂ ਨੂੰ ਗਲਤ ਤੇ ਹਾਨੀਕਾਰਕ ਦੱਸਿਆ। ਉਸਨੇ ਦੱਸਿਆ ਕਿ ਮਾਰਕਸਵਾਦੀ ਹੀ ਲੋਕਾਂ ਦੇ ਅਸਲ ਮਿੱਤਰ ਹਨ। ਇਸ ਕਿਤਾਬ ਵਿੱਚ ਰੂਸ ਦੀ ਇਨਕਲਾਬੀ ਕਾਇਆਕਲਪ ਤੇ ਮਜ਼ਦੂਰ ਜਮਾਤ ਦਾ ਇਤਿਹਾਸਕ ਮਹੱਤਵ ਵਰਗੇ ਮਹੱਤਵਪੂਰਨ ਪੱਖਾਂ ਵੱਲ ਸਾਡਾ ਧਿਆਨ ਦਿਵਾਇਆ ਗਿਆ। ਲੈਨਿਨ ਨੇ ਕਿਸਾਨ ਤੇ ਮਜ਼ਦੂਰ ਜਮਾਤ ਦੇ ਆਪਸੀ ਨੇੜਲੇ ਰਿਸ਼ਤੇ ਦਾ ਵਿਚਾਰ ਵਿਕਸਤ ਕੀਤਾ। ਇਸ ਤਰ੍ਹਾਂ ਡੂੰਘੇ ਇਨਕਲਾਬੀ ਨਿਸ਼ਚੇ ਵਾਲਾ ਇਹ ਨੌਜਵਾਨ ਆਪਣੀ ਪਹਿਲੀ ਕਿਤਾਬ ਨਾਲ ਜਲਦ ਹੀ ਇਨਕਲਾਬੀ ਹਲਕਿਆਂ ਦੀ ਜਾਣੀ-ਪਹਿਚਾਣੀ ਤੇ ਸਤਿਕਾਰਤ ਸਖਸ਼ੀਅਤ ਬਣ ਗਿਆ। ਉਸਨੇ ਕਈ ਦੇਸ਼ਾਂ ਦੇ ਮਾਰਕਸਵਾਦੀਆਂ ਨਾਲ ਸੰਪਰਕ ਸਥਾਪਤ ਕੀਤੇ।

ਇਸ ਦੌਰਾਨ ਰੂਸੀ ਇਨਕਲਾਬੀ ਮਾਰਕਸਵਾਦੀ ਪਾਰਟੀ ਦਾ ਰੂਪ ਮੰਨੇ ਜਾਂਦੇ ‘ਘੋਲ ਦੀ ਲੀਗ’ ਗਰੁੱਪ ਦੀ ਅਗਵਾਈ ਹੇਠ ਪੀਟਰਜ਼ਬਰਗ ਦੀਆਂ ਕੱਪੜਾਂ ਮਿੱਲਾਂ ਦੇ 30 ਹਜ਼ਾਰ ਮਜਦੂਰਾਂ ਦੀ ਸਫ਼ਲ ਹੜਤਾਲ

(ਬਾਕੀ ਸਫ਼ਾ 37 ’ਤੇ)










# ਫਿਰਕੂ ਨਫ਼ਰਤ ਦੀ ਹਕੂਮਤੀ ਪੁਸ਼ਤਪਨਾਹੀ ਦੇ ਬਾਵਜੂਦ ਭਾਈਚਾਰਕ ਸਾਂਝ ਖ਼ਤਮ ਨਹੀਂ ਹੋਈ

**-ਬੂਟਾ ਸਿੰਘ ਮਹਿਮੂਦਪੁਰ**




ਪਿਛਲੇ ਇਕ ਦਹਾਕੇ ਤੋਂ ਜ਼ਹਿਰੀਲੀ ਫਿਰਕੂ ਪਾਲਾਬੰਦੀ ਦੀਆਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਭਾਰਤ ਵਿਚ ਦੋ ਬਿਲਕੁਲ ਹੀ ਵਿਰੋਧੀ ਵਰਤਾਰੇ ਚੱਲ ਰਹੇ ਹਨ। ਇਕ ਪਾਸੇ, ਆਰਐੱਸਐੱਸ-ਭਾਜਪਾ ਅਤੇ ਇਨ੍ਹਾਂ ਨਾਲ ਸੰਬੰਧਤ ਜਥੇਬੰਦੀਆਂ ਵੱਲੋਂ ਮੁਸਲਮਾਨ ਅਤੇ ਈਸਾਈ ਘੱਟਗਿਣਤੀਆਂ ਵਿਰੁੱਧ ਨਫ਼ਰਤ ਤੇ ਹਿੰਸਾ ਜ਼ੋਰਾਂ 'ਤੇ ਹੈ ਪਰ ਇਸ ਦੇ ਸਮਾਂਤਰ ਆਮ ਲੋਕਾਂ ਵਿਚ ਫਿਰਕੂ ਸਾਂਝ ਅਤੇ ਸਦਭਾਵਨਾ ਵੀ ਮਜ਼ਬੂਤੀ ਨਾਲ ਬਚੀ ਤੇ ਡਟੀ ਹੋਈ ਹੈ। ਹੇਠਲੀਆਂ ਘਟਨਾਵਾਂ ਇਸੇ ਵਰਤਾਰਿਆਂ ਨੂੰ ਬਖ਼ੂਬੀ ਦਿਖਾਉਂਦੀਆਂ ਹਨ।

**ਪਹਿਲਾ ਵਰਤਾਰਾ:** ਭਾਜਪਾ ਸਰਕਾਰ ਦੀ ਰਾਜਕੀ ਅਤੇ ਰਾਜਨੀਤਕ ਸਰਪ੍ਰਸਤੀ ਹੇਠ ਚੱਲ ਰਹੇ ਫਿਰਕੂ ਵਰਤਾਰੇ ਦੀਆਂ ਕੁਝ ਤਾਜ਼ਾ ਮਿਸਾਲਾਂ ਪੇਸ਼ ਹਨ:

• ਉੜੀਸਾ ਦੇ ਢੇਂਕਾਨਾਲ ਜ਼ਿਲ੍ਹੇ ਵਿੱਚ ਹਿੰਦੂਤਵਵਾਦੀ ਭੀੜ ਦੁਆਰਾ ਇੱਕ ਈਸਾਈ ਪਾਦਰੀ 'ਤੇ ਹਮਲਾ ਕਰਕੇ ਸਰੇਆਮ ਬੇਰਹਿਮੀ ਨਾਲ ਉਸਦੀ ਕੁੱਟਮਾਰ ਕੀਤੀ ਗਈ। ਕੁੱਟਮਾਰ ਅਤੇ ਜ਼ਲੀਲ ਕਰਨ ਦੀ ਘਟਨਾ ਨੂੰ ਦੋ ਹਫ਼ਤੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਹੁਣ ਤੱਕ ਕੋਈ ਗਿਰਫ਼ਤਾਰੀ ਨਹੀਂ ਹੋਈ ਹੈ। ਪੁਲਿਸ ਵੱਲੋਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਟਾਲ਼ਾ ਵੱਟਣ, ਕਾਨੂੰਨ ਦੇ ਚੁਣਵੇਂ ਇਸਤੇਮਾਲ ਅਤੇ ਧਾਰਮਿਕ ਘੱਟ-ਗਿਣਤੀਆਂ ਲਈ ਸੁੰਗੜ ਰਹੀ ਸਪੇਸ ਨੂੰ ਲੈ ਕੇ ਗੰਭੀਰ ਸਵਾਲ ਉੱਠ ਰਹੇ ਹਨ।

ਟੈਲੀਗ੍ਰਾਫ਼ ਅਖ਼ਬਾਰ ਅਤੇ ਆਨਲਾਈਨ ਪੋਰਟਲ ਮਕਤੂਬ ਮੀਡੀਆ ਦੀ ਰਿਪੋਰਟ ਅਨੁਸਾਰ 4 ਜਨਵਰੀ ਨੂੰ ਈਸਾਈ ਪਾਦਰੀ ਬਿਪਿਨ ਨਾਇਕ, ਆਪਣੀ ਪਤਨੀ, ਬੱਚਿਆਂ ਅਤੇ ਹੋਰ ਸ਼ਰਧਾਲੂਆਂ ਸਮੇਤ ਪਰਜੰਗ ਪਿੰਡ ਵਿੱਚ ਇਕ ਨਿਯਮਤ ਪ੍ਰਾਰਥਨਾ ਸਭਾ ਵਿਚ ਸ਼ਾਮਲ ਹੋਣ ਲਈ ਗਏ ਸਨ। ਇਹ ਹਿੰਦੂ ਬਹੁਗਿਣਤੀ ਵਾਲਾ ਪਿੰਡ ਹੈ ਜਿੱਥੇ ਸਿਰਫ਼ 7 ਈਸਾਈ ਪਰਿਵਾਰ ਰਹਿੰਦੇ ਹਨ। ਬਜਰੰਗ ਦਲ ਦੇ ਮੈਂਬਰਾਂ ਸਮੇਤ 40 ਜਣਿਆਂ ਦੀ ਭੀੜ ਨੇ ਪ੍ਰਾਰਥਨਾ ਸਭਾ ਵਾਲੇ ਘਰ ਵਿਚ ਧੱਕੇ ਨਾਲ ਘੁਸਕੇ ਖ਼ਲਲ ਪਾਇਆ। ਉੱਥੇ ਹਾਜ਼ਰ ਸਾਰੇ ਲੋਕਾਂ ਦੀ ਕੁੱਟਮਾਰ ਕੀਤੀ ਗਈ। ਭੀੜ ਨੇ ਪਾਦਰੀ ਬਿਪਿਨ ਬਿਹਾਰੀ ਨਾਇਕ ਨੂੰ ਲਾਠੀਆਂ ਨਾਲ ਕੁੱਟਿਆ, ਵਾਰ-ਵਾਰ ਥੱਪੜ ਮਾਰੇ, ਮੱਥੇ 'ਤੇ ਸਿੰਦੂਰ ਲਾਇਆ ਅਤੇ ਫਿਰ ਚੱਪਲਾਂ ਦਾ ਹਾਰ ਪਾ ਕੇ ਪੂਰੇ ਪਿੰਡ ਵਿਚ ਘੁੰਮਾਇਆ। ਫਿਰ ਉਸਨੂੰ ਹਨੂਮਾਨ ਮੰਦਰ ਕੋਲ ਲੋਹੇ ਦੀ ਰਾਡ ਨਾਲ ਹੱਥ ਬੰਨ੍ਹ ਕੇ ਕੁੱਟਿਆ ਗਿਆ, ਜ਼ਬਰੀ "ਜੈ ਸ਼੍ਰੀਰਾਮ" ਦੇ ਨਾਅਰੇ ਲਾਉਣ ਅਤੇ ਗਊ ਦਾ ਗੋਹਾ ਖਾਣ ਲਈ ਮਜਬੂਰ ਕੀਤਾ ਗਿਆ। ਪੁਜਾਰੀ ਦੀ ਪਤਨੀ ਅਤੇ ਬੱਚਿਆਂ ਨੇ ਉੱਥੋਂ ਭੀੜੀ ਗਲ਼ੀ ਵਿੱਚੋਂ ਦੀ ਭੱਜਕੇ ਨੇੜਲੇ ਥਾਣੇ ਜਾ ਕੇ ਮੱਦਦ ਮੰਗੀ ਪਰ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਪੁਲਿਸ ਦੋ ਘੰਟੇ ਬਾਅਦ ਪਿੰਡ ਵਿਚ ਗਈ। ਹਮਲਾਵਰ ਐਨੇ ਬੇਖ਼ੌਫ਼ ਸਨ ਕਿ ਪੁਲਿਸ ਦੇ ਜਾਣ ਤੋਂ ਬਾਅਦ ਵੀ ਭੀੜ ਉੱਥੋਂ ਖਿੰਡੀ ਨਹੀਂ। ਫਿਰ ਪੁਲਿਸ ਵੱਲੋਂ ਮਾਨਸਿਕ ਸਦਮੇ ਤੇ ਸੱਟਾਂ ਤੋਂ ਪੀੜਤ ਪਾਦਰੀ ਨੂੰ ਇਲਾਜ ਲਈ ਹਸਪਤਾਲ ਲਿਜਾਣ ਦੀ ਬਜਾਏ ਇਕ ਘੰਟਾ ਥਾਣੇ 'ਚ ਬਿਠਾਈ ਰੱਖਿਆ ਗਿਆ।

ਜਦੋਂ ਸਥਾਨਕ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਪਰਿਵਾਰ ਈਸਾਈ ਭਾਈਚਾਰੇ ਦੇ ਲੋਕਾਂ ਦਾ ਵੱਡਾ ਵਫ਼ਦ ਲੈ ਕੇ ਸੀਨੀਅਰ ਪੁਲਿਸ ਅਧਿਕਾਰੀ ਨੂੰ ਮਿਲਿਆ। ਜਦੋਂ ਰਸਮੀਂ ਐੱਫਆਈਆਰ ਦਰਜ ਕਰਨੀ ਪੈ ਗਈ ਤਾਂ ਨਾਲ ਹੀ ਪੁਜਾਰੀ ਵਿਰੁੱਧ ਕਾਊਂਟਰ-ਐੱਫਆਈਆਰ ਦਰਜ ਕਰ ਦਿੱਤੀ ਗਈ। ਰਿਪੋਰਟਾਂ ਅਨੁਸਾਰ ਇਸ ਕੇਸ ਵਿੱਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਦੋਸ਼ੀ ਹੁਣ ਵੀ ਖੁੱਲ੍ਹੇ ਦਨਦਨਾ ਰਹੇ ਹਨ। ਪਿੰਡ ਦੇ ਸਾਰੇ ਈਸਾਈ ਪਰਿਵਾਰ ਧਮਕੀਆਂ, ਸਮਾਜਿਕ ਬਾਈਕਾਟ ਅਤੇ ਅਗਲੀ ਹਿੰਸਾ ਦੇ ਡਰੋਂ ਆਪਣੇ ਰਿਸ਼ਤੇਦਾਰਾਂ ਕੋਲ ਜਾ ਕੇ ਰਹਿ ਰਹੇ ਹਨ। ਜਿਉਂ-ਜਿਉਂ ਦੇਰੀ ਹੁੰਦੀ ਜਾ ਰਹੀ ਹੈ, ਚਿੰਤਾ ਹੁਣ ਸਿਰਫ਼ ਪਾਦਰੀ ਦੇ ਪਰਿਵਾਰ ਤੱਕ ਸੀਮਿਤ ਨਹੀਂ ਰਹੀ ਸਗੋਂ ਪੂਰੇ ਖੇਤਰ ਦੇ ਈਸਾਈ ਭਾਈਚਾਰੇ ਵਿੱਚ ਫੈਲ ਗਈ ਹੈ।

ਉਪਰੋਕਤ ਪੀੜਤ ਪਾਦਰੀ ਨੇ ਗ੍ਰਾਹਮ ਸਟੇਨਜ਼ ਦੀ ਸ਼ਹਾਦਤ ਦੀ ਬਰਸੀ 'ਤੇ ਆਪਣੇ ਉੱਪਰ ਹਮਲਾ ਕਰਨ ਵਾਲਿਆਂ ਅਤੇ ਧਰਮ-ਬਦਲੀ ਕਰਨ ਦੇ ਝੂਠੇ ਇਲਜ਼ਾਮ ਲਾਉਣ ਵਾਲਿਆਂ ਨੂੰ ਮਾਫ਼ੀ ਦੇਣ ਦਾ ਰਸਤਾ ਚੁਣਿਆ ਹੈ। ਉਸਦਾ ਕਹਿਣਾ ਹੈ ਕਿ ਉਸਦੀ ਪ੍ਰੇਰਣਾ ਗ੍ਰਾਹਮ ਸਟੇਨਜ਼ ਦੀ ਪਤਨੀ ਹੈ ਜਿਸਨੇ ਆਪਣੇ ਪਤੀ ਅਤੇ ਬੱਚਿਆਂ ਦੇ ਕਾਤਲਾਂ ਨੂੰ ਆਪਣੇ ਤੌਰ 'ਤੇ ਮਾਫ਼ ਕਰ ਦਿੱਤਾ ਸੀ। ਯਾਦ ਰਹੇ ਕਿ ਆਸਟਰੇਲੀਆਈ ਮਿਸ਼ਨਰੀ ਗ੍ਰਾਹਮ ਸਟੇਨਜ਼, ਜੋ 1965 ਤੋਂ ਲੈ ਕੇ ਉੜੀਸਾ ਵਿਚ ਕੋਹੜ ਦੇ ਮਰੀਜ਼ਾਂ ਦੇ ਇਲਾਜ ਅਤੇ ਆਦਿਵਾਸੀਆਂ ਦੀ ਭਲਾਈ ਨੂੰ ਸਮਰਪਿਤ ਹੋ ਕੇ ਮਿਸ਼ਨਰੀ ਕੰਮ ਕਰ ਰਿਹਾ ਸੀ, ਨੂੰ 22-23 ਜਨਵਰੀ 1999 ਦੀ ਰਾਤ ਨੂੰ ਹਿੰਦੂਤਵੀ ਅਨਸਰਾਂ ਦੀ ਜਨੂੰਨੀ ਭੀੜ ਵੱਲੋਂ ਇਸੇ ਉੜੀਸਾ ਰਾਜ ਵਿਚ ਉਸ ਦੇ 6 ਅਤੇ 10 ਸਾਲ ਦੇ ਦੋ ਬੱਚਿਆਂ ਸਮੇਤ ਵੈਨ ਵਿਚ ਜ਼ਿੰਦਾ ਸਾੜ ਦਿੱਤਾ ਗਿਆ ਸੀ। ਇਸ ਕੇਸ ਵਿਚ ਬਜਰੰਗ ਦਲ ਨਾਲ ਸੰਬੰਧਤ ਕਾਰਕੁਨ ਦਾਰਾ ਸਿੰਘ ਨੂੰ ਸਜ਼ਾ ਵੀ ਹੋਈ। ਇਸ ਗਿਣੇ-ਮਿੱਥੇ ਕਤਲ ਪਿੱਛੇ ਭਾਜਪਾ ਦੇ ਮੌਜੂਦਾ ਐੱਮ.ਪੀ. ਪ੍ਰਤਾਪ ਚੰਦਰ ਸਾਰੰਗੀ ਦਾ ਹੱਥ ਹੋਣ ਦਾ ਦੋਸ਼ ਨਿਰਆਧਾਰ ਨਹੀਂ ਸੀ ਜੋ ਓਦੋਂ ਬਜਰੰਗ ਦਲ ਦੀ ਉੜੀਸਾ ਇਕਾਈ ਦਾ ਮੁਖੀ ਸੀ। ਇਹ ਕਤਲ ਕਾਂਡ ਹਿੰਦੂਤਵਵਾਦੀ ਜਥੇਬੰਦੀਆਂ ਦੇ ਇਸ ਜ਼ਹਿਰੀਲੇ ਪ੍ਰਚਾਰ ਦੇ ਅਸਰ ਹੇਠ ਕੀਤਾ ਗਿਆ ਸੀ ਕਿ ਈਸਾਈ ਮਿਸ਼ਨਰੀ ਗ਼ਰੀਬ ਆਦਿਵਾਸੀ ਲੋਕਾਂ ਨੂੰ ਵਰਗਲਾ ਕੇ ਉਨ੍ਹਾਂ ਨੂੰ ਜ਼ਬਰਦਸਤੀ ਈਸਾਈ ਬਣਾ ਰਹੇ ਹਨ। (ਵਧਵਾ ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਵਿਚ ਧਰਮ-ਬਦਲੀ ਦੇ ਇਨ੍ਹਾਂ ਦੋਸ਼ਾਂ ਨੂੰ ਤੱਥਾਂ ਸਹਿਤ ਰੱਦ ਕੀਤਾ ਸੀ।) ਪਰ ਸਵਾਲ ਇਹ ਹੈ ਕਿ ਕੀ ਪੀੜਤ ਈਸਾਈਆਂ ਵੱਲੋਂ ਦਿੱਤੀਆਂ 'ਮਾਫ਼ੀਆਂ' ਨਾਲ ਘੱਟਗਿਣਤੀ ਭਾਈਚਾਰੇ ਪ੍ਰਤੀ ਨਫ਼ਰਤ ਘੱਟ ਜਾਵੇਗੀ ਜਾਂ ਮਾਨਵਤਾ ਵਿਰੋਧੀ ਘਿਣਾਉਣੇ ਕਾਰੇ ਕਰਨ ਦੇ ਬਾਵਜੂਦ ਕੋਈ ਕਾਨੂੰਨੀ ਕਾਰਵਾਈ ਨਾ ਹੋਣ ਤੋਂ ਬੇਖ਼ੌਫ਼ ਫਿਰਕੂ ਟੋਲਿਆਂ ਦੇ ਹੌਸਲੇ ਹੋਰ ਵਧਣਗੇ ?

ਪਰਜੰਗ ਵਿੱਚ ਜੋ ਹੋਇਆ, ਉਹ ਅਲੱਗ-ਥਲੱਗ ਘਟਨਾ ਨਹੀਂ ਸਗੋਂ ਫਿਰਕੂ ਹਿੰਸਾ, ਪ੍ਰਸ਼ਾਸਕੀ ਬੇਪ੍ਰਵਾਹੀ ਅਤੇ ਧਰਮ ਦੇ ਨਾਂ ਹੇਠ ਵਧ ਰਹੇ ਅਪਰਾਧੀਕਰਨ ਦਾ ਨਮੂਨਾ ਹੈ, ਜਿਸਦੀਆਂ ਰਿਪੋਰਟਾਂ ਉੜੀਸਾ ਦੇ ਵੱਖ-ਵੱਖ ਹਿੱਸਿਆਂ ਤੋਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਪਰਜੰਗ ਦੀ ਘਟਨਾ ਉੜੀਸਾ ਵਿੱਚ ਈਸਾਈਆਂ ਵਿਰੁੱਧ ਫਿਰਕੂ ਹਿੰਸਾ ਦੇ ਵੱਡੇ ਪੈਟਰਨ ਦਾ ਹਿੱਸਾ ਹੈ ਜੋ ਵੱਖ-ਵੱਖ ਹਮਲਿਆਂ ਦੇ ਰੂਪ 'ਚ ਦੇਖਣ ਵਿਚ ਆ ਰਿਹਾ ਹੈ। ਕ੍ਰਿਸਮਿਸ ਦੇ ਮੌਕੇ ਪੂਰੇ ਭਾਰਤ ਵਿਚ ਈਸਾਈ ਵਿਰੋਧੀ ਹਿੰਸਾ ਵਿਚ ਖ਼ਾਸ ਤੇਜ਼ੀ ਦੇਖਣ ਨੂੰ ਮਿਲਦੀ ਹੈ। ਜੂਨ 2024 'ਚ ਮੋਹਨ ਮਾਝੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਉੜੀਸਾ ਵਿਚ ਕਥਿਤ ਗਊ-ਰਖਵਾਲਿਆਂ ਦੀਆਂ ਸਰਗਰਮੀਆਂ ਵਿਚ ਵਾਧਾ ਹੋਇਆ ਹੈ। ਪੀੜਤ ਘੱਟਗਿਣਤੀ ਦੀ ਕਾਨੂੰਨੀ ਕਾਰਵਾਈ ਨੂੰ ਦਬਾਉਣ ਲਈ ਕਾਊਂਟਰ-ਐੱਫਆਈਆਰ ਨੂੰ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ। 7 ਜਨਵਰੀ ਨੂੰ ਬਾਲਾਸੋਰ ਵਿਚ ਸ਼ੇਖ ਮੁਕਰੰਦ ਮੁਹੰਮਦ ਨਾਂ ਦੇ ਮੁਸਲਮਾਨ ਨੂੰ ਗਊ-ਰੱਖਿਅਕਾਂ ਵੱਲੋਂ ਪਸ਼ੂ ਤਸਕਰੀ ਦੇ ਇਲਜ਼ਾਮ ਵਿੱਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਸੋਸ਼ਲ ਮੀਡੀਆ ਉੱਪਰ ਵਾਇਰਲ ਵੀਡੀਓ ਵਿਚ ਭੀੜ ਉਸ ਉੱਪਰ ਹਮਲਾ ਕਰਦੀ ਨਜ਼ਰ ਆਉਂਦੀ ਹੈ ਅਤੇ ਉਸ ਨੂੰ 'ਜੈ ਸ਼੍ਰੀ ਰਾਮ' ਅਤੇ 'ਗਊ ਮਾਤਾ ਕੀ ਜੈ' ਦੇ ਨਾਅਰੇ ਲਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਮਯੂਰਭੰਜ ਜ਼ਿਲ੍ਹੇ ਵਿੱਚ ਇੱਕ ਹੋਰ ਮੁਸਲਮਾਨ ਨੌਜਵਾਨ ਨੂੰ ਨੰਗਾ ਕਰ ਘੁਮਾਇਆ ਗਿਆ ਅਤੇ ਧਾਰਮਿਕ ਨਾਅਰੇ ਲਗਾਉਣ ਲਈ ਮਜਬੂਰ ਕੀਤਾ ਗਿਆ। ਮਲਕਾਨਗਿਰੀ ਜ਼ਿਲ੍ਹੇ ਦੇ ਕੋਟਮਟੇਰੂ ਪਿੰਡ ਵਿੱਚ ਚਰਚ ਤੋਂ ਪਰਤ ਰਹੇ ਪ੍ਰੋਟੈਸਟੈਂਟ ਈਸਾਈਆਂ 'ਤੇ ਹਮਲਾ ਕੀਤਾ ਗਿਆ, ਜਿਸ ਵਿੱਚ ਅੱਠ ਲੋਕ ਜ਼ਖ਼ਮੀ ਹੋ ਗਏ। ਇਸ ਵਿੱਚ ਵੀ ਬਜਰੰਗ ਦਲ ਦੇ ਮੈਂਬਰਾਂ ਦੀ ਭੂਮਿਕਾ ਦੇ ਦੋਸ਼ ਲੱਗੇ ਜਦਕਿ ਪੁਲਿਸ ਨੇ ਸ਼ੁਰੂ 'ਚ ਇਸਨੂੰ 'ਪਰਿਵਾਰਕ ਝਗੜਾ' ਦੱਸ ਕੇ ਦਬਾਉਣ ਦੀ ਕੋਸ਼ਿਸ਼ ਕੀਤੀ। ਪਿੱਛੇ ਜਹੇ 29 ਸਾਲ ਦੀ ਈਸਾਈ ਸਾਧਵੀ ਨੂੰ ਬਜਰੰਗ ਦਲ ਦੇ ਕਾਰਕੁਨਾਂ ਨੇ ਜ਼ਬਰਦਸਤੀ ਟਰੇਨ ਤੋਂ ਉਤਾਰ ਲਿਆ ਸੀ ਅਤੇ ਤਸਕਰੀ ਤੇ ਧਰਮ-ਬਦਲੀ ਦੇ ਝੂਠੇ ਇਲਜ਼ਾਮਾਂ ਵਿੱਚ 18 ਘੰਟੇ ਤੱਕ ਹਿਰਾਸਤ ਵਿੱਚ ਰੱਖਿਆ ਸੀ।

ਇਸੇ ਤਰ੍ਹਾਂ ਬਿਹਾਰ ਵਿਚ ਨਵੀਂ ਸਰਕਾਰ ਬਣਨ ਤੋਂ ਬਾਅਦ ਮੁਸਲਿਮ ਫੇਰੀ ਵਾਲਿਆਂ ਅਤੇ ਮਜ਼ਦੂਰਾਂ ਵਿਰੁੱਧ ਹਿੰਸਕ ਘਟਨਾਵਾਂ ਵਧੀਆਂ ਹਨ। ਮਧੂਬਨੀ ਵਿਚ ਇਕ ਮੁਸਲਮਾਨ ਨੌਜਵਾਨ ਨੂੰ ਕੁੱਟ-ਕੁੱਟਕੇ ਮਾਰ ਦਿੱਤਾ ਗਿਆ ਜਦਕਿ ਕਟਿਹਾਰ ਅਤੇ ਸਹਰਸਾ ਵਿਚ ਬਿਸਕੁਟ, ਬਰਤਨ ਵਗੈਰਾ ਵੇਚਣ ਵਾਲੇ ਮੁਸਲਿਮ ਫੇਰੀ ਵਾਲਿਆਂ ਤੇ ਮਜ਼ਦੂਰਾਂ ਨੂੰ ਪਹਿਲਾਂ 'ਬੰਗਲਾਦੇਸ਼ੀ' ਕਹਿਕੇ ਅਤੇ ਗਾਹਲਾਂ ਦੇ ਕੇ ਅਪਮਾਨਿਤ ਕਰਨ ਅਤੇ ਫਿਰ ਕੁੱਟਮਾਰ ਕਰਨ ਦੀਆਂ ਰਿਪੋਰਟਾਂ ਹਨ। ਇਨ੍ਹਾਂ ਘਟਨਾਵਾਂ ਵਿਚ ਇਕ ਸਪਸ਼ਟ ਪੈਟਰਨ ਨਜ਼ਰ ਆਉਂਦਾ ਹੈ ਜਿੱਥੇ ਦਿਹਾੜੀਦਾਰਾਂ ਅਤੇ ਛੋਟੇ ਵਿਕਰੇਤਾਵਾਂ ਨੂੰ ਕੁੱਟਿਆ ਗਿਆ, ਲੁੱਟਿਆ ਗਿਆ, ਗੋਲੀ ਮਾਰੀ ਗਈ ਜਾਂ ਜਾਨੋਂ ਮਾਰ ਦਿੱਤਾ ਗਿਆ। ਹਰਿਆਣਾ ਵਿਚ ਸ਼ਾਲ ਵੇਚਣ ਵਾਲੇ ਦੋ ਕਸ਼ਮੀਰੀ ਨੌਜਵਾਨਾਂ ਨਾਲ ਬਦਸਲੂਕੀ ਕਰਨ ਅਤੇ "ਭਾਰਤ ਮਾਤਾ ਕੀ ਜੈ" ਨਾਅਰੇ ਲਾਉਣ ਲਈ ਮਜਬੂਰ ਕਰਨ ਦੀ ਰਿਪੋਰਟ ਹੈ।

ਡੈਕਨ ਹੇਰਾਲਡ ਦੀ ਰਿਪੋਰਟ ਅਨੁਸਾਰ ਕਰਨਾਟਕਾ ਦੀ ਬੇਲਗਾਵੀ ਸਬ-ਡਿਵੀਜਨ ਦੇ ਮਾਛੇ ਪਿੰਡ ਲਾਗੇ ਆਯੋਜਤ ਕੀਤੇ ਜਾਣ ਵਾਲੇ 'ਅਖੰਡ ਹਿੰਦੂ ਸੰਮੇਲਨ' ਤੋਂ ਪਹਿਲਾਂ ਕੱਢਿਆ ਧਾਰਮਿਕ ਜਲੂਸ ਜਦੋਂ ਅੰਸਾਰੀ ਦਰਗਾਹ ਕੋਲੋਂ ਗੁਜ਼ਰ ਰਿਹਾ ਸੀ ਤਾਂ ਵਾਹਨ ਉੱਪਰ ਖੜ੍ਹੀ ਹਿੰਦੂਤਵਵਾਦੀ ਆਗੂ ਹਰਸ਼ਿਤਾ ਠਾਕੁਰ ਨੇ ਆਪਣੇ ਹੱਥਾਂ ਨਾਲ ਦਰਗਾਹ ਵੱਲ ਕਈ ਵਾਰ ਇਸ ਤਰ੍ਹਾਂ ਭੜਕਾਊ ਇਸ਼ਾਰੇ ਕੀਤੇ ਜਿਵੇਂ ਤੀਰ ਚਲਾ ਰਹੀ ਹੋਵੇ। ਉਸਦੇ ਹਮਾਇਤੀਆਂ ਨੇ ਤਾੜੀਆਂ ਵਜਾ ਕੇ ਖ਼ੁਸ਼ੀ ਪ੍ਰਗਟਾਈ ਅਤੇ ਨਾਅਰੇ ਲਾਏ। ਇਸਦੀ ਵੀਡੀਓ ਸੋਸ਼ਲ ਮੀਡੀਆ ਉੱਪਰ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਠਾਕੁਰ ਸਮੇਤ ਸੱਤ ਜਣਿਆਂ ਵਿਰੁੱਧ ਐੱਫਆਈਆਰ ਦਰਜ ਕੀਤੀ ਹੈ।

ਪਿਛਲੇ ਪੰਦਰਵਾੜੇ ਦੀਆਂ ਇਹ ਕੁਝ ਕੁ ਰਿਪੋਰਟਾਂ ਨਮੂਨੇ ਦੇ ਤੌਰ 'ਤੇ ਲਈਆਂ ਗਈਆਂ ਹਨ। ਇਨ੍ਹਾਂ ਤੋਂ ਬਹੁਗਿਣਤੀਵਾਦੀ ਫਿਰਕੂ ਹਿੰਸਾ ਨਾਲ ਮੁਸਲਿਮ ਅਤੇ ਈਸਾਈ ਘੱਟਗਿਣਤੀਆਂ ਵਿਚ ਫੈਲੇ ਵਿਆਪਕ ਭੈਅ ਅਤੇ ਅਸੁਰੱਖਿਆ ਨੂੰ ਸਮਝਿਆ ਜਾ ਸਕਦਾ ਹੈ।

ਫਿਰਕੂ ਪਾਲਾਬੰਦੀ ਦਾ ਇਕ ਵੱਡਾ ਹਥਿਆਰ ਨਫ਼ਰਤੀ ਭਾਸ਼ਣ ਹਨ ਜੋ ਗਿਣ-ਮਿੱਥਕੇ ਧਰਮ ਦੇ ਆਧਾਰ 'ਤੇ ਨਫ਼ਰਤ ਭੜਕਾਉਣ ਅਤੇ ਫਿਰਕੂ ਪਾਟਕ ਪਾਉਣ ਲਈ ਦਿੱਤੇ ਜਾਂਦੇ ਹਨ। ਜਲੂਸਾਂ (ਖ਼ਾਸ ਕਰਕੇ ਰਾਮ ਨੌਵੀਂ ਮੌਕੇ ਜਲੂਸ) ਤੋਂ ਲੈ ਕੇ ਮੰਚਾਂ ਤੱਕ ਫਿਰਕੂ ਨਫ਼ਰਤ ਨਾਲ ਗੜੁੱਚ ਐਲਾਨ ਤੇ ਜ਼ਹਿਰੀਲਾ ਪ੍ਰਚਾਰ ਰੁਟੀਨ ਬਣ ਚੁੱਕੇ ਹਨ। ਇੰਡੀਆ ਹੇਟ ਲੈਬ ਨੇ ਹੁਣੇ ਜਹੇ ਆਪਣੀ ਵਿਸ਼ੇਸ਼ ਰਿਪੋਰਟ ਜਾਰੀ ਕੀਤੀ ਹੈ ਜਿਸ ਵਿਚ 2025 'ਚ ਭਾਰਤ ਦੇ 21 ਰਾਜਾਂ, ਇਕ ਕੇਂਦਰ ਸ਼ਾਸਤ ਪ੍ਰਦੇਸ਼ ਅਤੇ ਦਿੱਲੀ ਕੌਮੀ ਰਾਜਧਾਨੀ ਖੇਤਰ ਵਿਚ ਧਾਰਮਿਕ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ 1318 ਘਟਨਾਵਾਂ ਰਿਕਾਰਡ ਕੀਤੀਆਂ ਗਈਆਂ ਹਨ। 98% ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਹਿਸਾਬ ਨਾਲ ਨਫ਼ਰਤੀ ਭਾਸ਼ਣਾਂ ਦੀਆਂ ਰੋਜ਼ਾਨਾ ਔਸਤਨ ਚਾਰ ਘਟਨਾਵਾਂ ਵਾਪਰੀਆਂ। ਇਹ 2024 ਦੇ ਮੁਕਾਬਲੇ 13% ਵਾਧਾ ਹੈ ਅਤੇ 2023 ਦੇ ਮੁਕਾਬਲੇ ਇਹ ਵਾਧਾ 97% ਹੈ ਜਦੋਂ ਅਜਿਹੀਆਂ 668 ਘਟਨਾਵਾਂ ਦਰਜ ਕੀਤੀਆਂ ਗਈਆਂ। 308 ਭਾਸ਼ਣਾਂ (23%) ਵਿਚ ਹਿੰਸਾ ਲਈ ਸਪਸ਼ਟ ਸੱਦਾ ਦਿੱਤੇ ਗਏ। 136 ਭਾਸ਼ਣਾਂ ਵਿਚ ਹਥਿਆਰ ਚੁੱਕਣ/ਹਥਿਆਰਬੰਦ ਕਾਰਵਾਈ ਕਰਨ ਦੇ ਸਿੱਧੇ ਸੱਦੇ ਸ਼ਾਮਲ ਸਨ। 120 ਭਾਸ਼ਣਾਂ ਵਿਚ ਸਮਾਜਿਕ ਜਾਂ ਆਰਥਕ ਬਾਈਕਾਟ ਦਾ ਸੱਦਾ ਦਿੱਤਾ (2024 ਦੇ ਮੁਕਾਬਲੇ 8%)। 276 ਭਾਸ਼ਣਾਂ ਵਿਚ ਪੂਜਾ ਸਥਾਨਾਂ – ਜਿਨ੍ਹਾਂ ਵਿਚ ਮਸਜਿਦਾਂ, ਦਰਗਾਹਾਂ ਅਤੇ ਚਰਚ ਸ਼ਾਮਲ ਹਨ – ਨੂੰ ਹਟਾਉਣ ਜਾਂ ਨਸ਼ਟ ਕਰਨ ਦਾ ਸੱਦਾ ਦਿੱਤਾ ਗਿਆ। 141 ਭਾਸ਼ਣਾਂ ਵਿਚ ਅਮਾਨਵੀ ਭਾਸ਼ਾ ਵਰਤੀ ਗਈ – ਘੱਟਗਿਣਤੀਆਂ ਨੂੰ "ਸਿਉਂਕ, "ਪਰਜੀਵੀ, "ਕੀੜੇ, "ਸੂਰ, "ਪਾਗਲ ਕੁੱਤੇ, "ਸੱਪ ਦੇ ਬੱਚੇ, "ਹਰੇ ਸੱਪ" ਅਤੇ "ਲਹੂ ਦੇ ਤਿਹਾਏ ਜੌਂਬੀ" ਕਿਹਾ ਗਿਆ। 1318 ਵਿੱਚੋਂ 1278 ਦੀਆਂ ਵੀਡੀਓ ਪਹਿਲਾਂ ਸੋਸ਼ਲ ਮੀਡੀਆ ਉੱਪਰ ਸ਼ੇਅਰ ਕੀਤੀਆਂ ਗਈਆਂ ਜਾਂ ਲਾਈਵ ਪ੍ਰਸਾਰਤ ਕੀਤੀਆਂ ਗਈਆਂ। ਇਨ੍ਹਾਂ ਭਾਸ਼ਣਾਂ ਵਿਚ ਮਹਾਰਾਸ਼ਟਰ ਸਭ ਤੋਂ ਸਿਰਕੱਢ ਹੈ। ਭਾਸ਼ਣ ਦੇਣ ਵਾਲਿਆਂ ਵਿਚ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਵਿਸ਼ਵ ਹਿੰਦੂ ਪਰਿਸ਼ਦ ਆਗੂ ਪ੍ਰਵੀਨ ਤੋਗੜੀਆ ਅਤੇ ਭਾਜਪਾ ਆਗੂ ਅਸ਼ਵਨੀ ਉਪਾਧਿਆਏ ਤੇ ਨਿਤੇਸ਼ ਰਾਣਾ ਵਰਗੇ ਜਾਣੇ-ਪਛਾਣੇ ਚਿਹਰੇ ਮੋਹਰੀ ਰਹੇ।

**ਦੂਜਾ ਵਰਤਾਰਾ:** ਪਿਛਲੇ ਦਿਨੀਂ ਮਹਾਰਾਸ਼ਟਰ ਦੇ ਸੰਭਾਜੀ ਨਗਰ (ਔਰੰਗਾਬਾਦ) ਵਿਚ ਹਿੰਦੂ ਔਰਤ ਵੱਲੋਂ ਆਪਣਾ ਗੁਰਦਾ ਮੁਸਲਮਾਨ ਮਰਦ ਨੂੰ ਦੇਣ ਅਤੇ ਇਸੇ ਤਰ੍ਹਾਂ ਮੁਸਲਮਾਨ ਔਰਤ ਵੱਲੋਂ ਆਪਣਾ ਗੁਰਦਾ ਹਿੰਦੂ ਮਰਦ ਨੂੰ ਟਰਾਂਸਪਲਾਂਟ ਲਈ ਦੇਣ ਦੀ ਮਾਨਵਤਾਵਾਦੀ ਮਿਸਾਲ ਸਾਹਮਣੇ ਆਈ ਹੈ। ਦੋਨੋਂ ਔਰਤਾਂ ਦੇ ਗੁਰਦੇ ਪੀੜਤ ਮਰਦਾਂ ਦੇ ਕਾਮਯਾਬੀ ਨਾਲ ਟਰਾਂਸਪਲਾਂਟ ਕਰ ਦਿੱਤੇ ਗਏ। ਇਹ ਘਟਨਾ ਦਿਖਾਉਂਦੀ ਹੈ ਕਿ ਅਜਿਹੇ ਖ਼ਾਸ ਪਲਾਂ ਵਿੱਚ ਧਾਰਮਿਕ ਕੱਟੜਤਾ ਦੀ ਬਜਾਏ ਇਨਸਾਨੀਅਤ ਅਤੇ ਸਮਝਦਾਰੀ ਹੀ ਲੋਕਾਂ ਨੂੰ ਇੱਕ-ਦੂਜੇ ਦੀ ਮਦਦ ਕਰਨ ਅਤੇ ਜ਼ਿੰਦਗੀ ਬਚਾਉਣ ਲਈ ਪ੍ਰੇਰਦੀ ਹੈ।

ਹੋਇਆ ਇਝ ਕਿ ਇੱਕ ਹਿੰਦੂ ਅਤੇ ਇੱਕ ਮੁਸਲਮਾਨ ਵਿਅਕਤੀ, ਦੋਨਾਂ ਦੇ ਗੁਰਦੇ ਖ਼ਰਾਬ ਹੋ ਚੁੱਕੇ ਸਨ ਅਤੇ ਉਨ੍ਹਾਂ ਨੂੰ ਟਰਾਂਸਪਲਾਂਟ ਦੀ ਲੋੜ ਸੀ। ਉਨ੍ਹਾਂ ਦੀਆਂ ਪਤਨੀਆਂ ਆਪਣੇ ਜੀਵਨ-ਸਾਥੀਆਂ ਦੀ ਜਾਨ ਬਚਾਉਣ ਲਈ ਆਪਣਾ-ਆਪਣਾ ਗੁਰਦਾ ਦੇਣ ਲਈ ਤਿਆਰ ਸਨ, ਪਰ ਦੋਨਾਂ ਪਤੀ-ਪਤਨੀ ਜੋੜਿਆਂ ਦਾ ਬਲੱਡ ਗਰੁੱਪ ਆਪਸ ਵਿੱਚ ਮੇਲ ਨਹੀਂ ਸੀ ਖਾ ਰਿਹਾ। ਸਬੱਬ ਨਾਲ, ਮੁਸਲਮਾਨ ਔਰਤ ਦਾ ਬਲੱਡ ਗਰੁੱਪ ਹਿੰਦੂ ਮਰਦ ਨਾਲ ਅਤੇ ਹਿੰਦੂ ਔਰਤ ਦਾ ਬਲੱਡ ਗਰੁੱਪ ਮੁਸਲਮਾਨ ਮਰਦ ਨਾਲ ਮੇਲ ਖਾ ਗਿਆ। ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ, ਦੋਨਾਂ ਔਰਤਾਂ ਨੇ ਸਮਝਦਾਰੀ ਨਾਲ ਮਾਨਵਤਾਵਾਦੀ ਫ਼ੈਸਲਾ ਲਿਆ ਅਤੇ ਗੁਰਦਾ ਅਦਲਾ-ਬਦਲੀ ਲਈ ਸਹਿਮਤ ਹੋ ਗਈਆਂ, ਜਿਸ ਨਾਲ ਦੋਹਾਂ ਵਿਅਕਤੀਆਂ ਨੂੰ ਨਵੀਂ ਜ਼ਿੰਦਗੀ ਮਿਲ ਗਈ। ਅਜਿਹੇ ਸਮੇਂ ਵਿੱਚ ਜਦੋਂ ਨਫ਼ਰਤ ਦੀ ਸਿਆਸਤ ਅਤੇ ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਵਾਲੇ ਫਿਰਕੂ ਅਨਸਰ ਸਮਾਜ ਨੂੰ ਆਪਸ ਵਿੱਚ ਵੰਡਣ ਲਈ ਸਿਰਤੋੜ ਯਤਨਸ਼ੀਲ ਹਨ ਤਾਂ ਇਹ ਘਟਨਾ ਉਮੀਦ, ਭਰੋਸੇ ਅਤੇ ਮਾਨਵੀ ਏਕਤਾ ਦੀ ਬੇਹੱਦ ਲੋੜੀਂਦੀ ਮਿਸਾਲ ਪੇਸ਼ ਕਰਦੀ ਹੈ। ਮਾਨਵਤਾਵਾਦੀ ਸਦਭਾਵਨਾ ਦੀ ਇਹ ਕਹਾਣੀ ਮਰਾਠੀ ਅਖ਼ਬਾਰ ਸਕਾਲ ਦੇ 14 ਜਨਵਰੀ ਅੰਕ ਵਿਚ "ਤੁਮਹੀਚ ਸਾਂਗਾ, ਯਾ ਕਿਡਨੀਚਾ ਧਰਮ ਕੋਣਤਾ? ਹਿੰਦੂਚੀ ਕਿਡਨੀ ਮੁਸਲਮਾਚਿਆ; ਤਰ ਮੁਸਲਿਮਾਚੀ ਕਿਡਨੀ ਹਿੰਦੂਚਿਆ ਸ਼ਰੀਰਾਤ;" ਸਿਰਲੇਖ ਹੇਠ ਛਪੀ ਹੈ ਜਿਸਦਾ ਭਾਵ ਹੈ: ਇੱਕ ਹਿੰਦੂ ਔਰਤ ਦੀ ਕਿਡਨੀ ਇੱਕ ਮੁਸਲਮਾਨ ਆਦਮੀ ਦੇ ਸਰੀਰ ਵਿੱਚ ਅਤੇ ਇੱਕ ਮੁਸਲਮਾਨ ਔਰਤ ਦੀ ਕਿਡਨੀ ਇੱਕ ਹਿੰਦੂ ਆਦਮੀ ਦੇ ਸਰੀਰ ਵਿੱਚ ਟਰਾਂਸਪਲਾਂਟ ਕੀਤੀ ਗਈ। ਤੁਸੀਂ ਹੀ ਦੱਸੋ, ਇਹ ਕਿਡਨੀ ਕਿਸ ਧਰਮ ਦੀ ਹੈ?

**ਛਤਰਪਤੀ ਸੰਭਾਜੀਨਗਰ:** ਓਪਰੇਸ਼ਨ ਥੀਏਟਰ ਦੇ ਬੰਦ ਦਰਵਾਜ਼ੇ। ਬਾਹਰ ਰਿਸ਼ਤੇਦਾਰਾਂ ਦੀਆਂ ਬੇਚੈਨ ਧੜਕਣਾਂ। ਇੱਥੇ ਨਾ ਕੋਈ ਧਰਮ ਸੀ, ਨਾ ਕੋਈ ਜਾਤੀ—ਬਸ ਜਿਉਣ ਦੀ ਚਾਹ ਸੀ। ਆਪਣੇ ਪਿਆਰਿਆਂ ਲਈ ਪਿਆਰ ਤੋਂ ਪ੍ਰੇਰਿਤ ਹੋ ਕੇ, ਇੱਕ ਹਿੰਦੂ ਔਰਤ ਦਾ ਗੁਰਦਾ ਇੱਕ ਮੁਸਲਮਾਨ ਪੁਰਸ਼ ਨੂੰ ਅਤੇ ਇੱਕ ਮੁਸਲਮਾਨ ਔਰਤ ਦਾ ਗੁਰਦਾ ਇੱਕ ਹਿੰਦੂ ਪੁਰਸ਼ ਨੂੰ ਟਰਾਂਸਪਲਾਂਟ ਕੀਤਾ ਗਿਆ। ਇਹ ਸਰਜਰੀ ਕੇਅਰ ਸਿਗਮਾ ਹਸਪਤਾਲ ਵਿੱਚ ਕੀਤੀ ਗਈ।

ਸ਼ਹਿਰ ਵਿੱਚ ਨਗਰ ਨਿਗਮ ਚੋਣਾਂ ਲਈ ਪ੍ਰਚਾਰ ਖ਼ਤਮ ਹੋ ਚੁੱਕਾ ਸੀ। ਕੁਝ ਵਾਰਡਾਂ ਵਿੱਚ ਚੋਣ ਵਿਕਾਸ ਅਤੇ ਨਾਗਰਿਕ ਮੁੱਦਿਆਂ ਦੀ ਬਜਾਏ ਹਿੰਦੂ-ਮੁਸਲਮਾਨ ਪਾਲਾਬੰਦੀ ਵਿੱਚ ਬਦਲ ਗਈ ਸੀ। ਜਦੋਂ ਜਨਤਕ ਜੀਵਨ ਵਿੱਚ ਇਹ ਸਭ ਹੋ ਰਿਹਾ ਸੀ, ਉਸੇ ਸਮੇਂ ਨਿੱਜੀ ਪੱਧਰ 'ਤੇ ਇੱਕ ਹਿੰਦੂ ਔਰਤ ਅਤੇ ਇੱਕ ਮੁਸਲਮਾਨ ਔਰਤ ਨੇ ਧਰਮ ਦੀਆਂ ਦੀਵਾਰਾਂ ਤੋੜਦੇ ਹੋਏ ਦੋ ਜ਼ਿੰਦਗੀਆਂ ਬਚਾਈਆਂ। ਇਹ ਸਰਜਰੀ ਕੇਅਰ ਸਿਗਮਾ ਹਸਪਤਾਲ ਵਿੱਚ ਕੀਤੀ ਗਈ। ਦੋ ਪੁਰਸ਼—ਇੱਕ ਹਿੰਦੂ ਅਤੇ ਇੱਕ ਮੁਸਲਮਾਨ—ਦੇ ਗੁਰਦੇ ਪੂਰੀ ਤਰ੍ਹਾਂ ਫੇਲ ਹੋ ਚੁੱਕੇ ਸਨ। ਇਲਾਜ ਚੱਲ ਰਿਹਾ ਸੀ, ਪਰ ਗੁਰਦਾ ਟਰਾਂਸਪਲਾਂਟ ਕਰਨ ਤੋਂ ਬਿਨਾਂ ਕੋਈ ਬਦਲ ਨਹੀਂ ਬਚਿਆ ਸੀ। ਆਪਣੇ ਜੀਵਨ-ਸਾਥੀ ਨੂੰ ਗੁਆਉਣ ਦਾ ਵਿਚਾਰ ਅਸਹਿ ਸੀ—ਜਿਨ੍ਹਾਂ ਨਾਲ ਉਨ੍ਹਾਂ ਨੇ ਜੀਵਨ ਦੇ ਹਰ ਸੁਖ-ਦੁੱਖ ਸਾਂਝੇ ਕੀਤੇ ਸਨ—ਇਸ ਲਈ ਦੋਹਾਂ ਪਤਨੀਆਂ ਨੇ ਆਪਣਾ ਗੁਰਦਾ ਦੇਣ ਦਾ ਫ਼ੈਸਲਾ ਕੀਤਾ। ਹਾਲਾਂਕਿ, ਸਮੱਸਿਆ ਇਹ ਸੀ ਕਿ ਦੋਹਾਂ ਮਾਮਲਿਆਂ ਵਿੱਚ ਬਲੱਡ ਗਰੁੱਪ ਮੇਲ ਨਹੀਂ ਖਾ ਰਿਹਾ ਸੀ, ਜਿਸ ਕਾਰਨ ਕੋਈ ਵੀ ਔਰਤ ਆਪਣੇ ਪਤੀ ਨੂੰ ਗੁਰਦਾ ਦੇ ਨਹੀਂ ਸਕਦੀ ਸੀ। ਇਸੇ ਦੌਰਾਨ ਇਹ ਸਾਹਮਣੇ ਆਇਆ ਕਿ ਮੁਸਲਮਾਨ ਔਰਤ ਦਾ ਬਲੱਡ ਗਰੁੱਪ ਹਿੰਦੂ ਮਰੀਜ਼ ਨਾਲ ਅਤੇ ਹਿੰਦੂ ਔਰਤ ਦਾ ਬਲੱਡ ਗਰੁੱਪ ਮੁਸਲਮਾਨ ਮਰੀਜ਼ ਨਾਲ ਮੇਲ ਖਾਂਦਾ ਹੈ—ਕਿਉਂਕਿ ਲਹੂ ਨਾ ਭਗਵਾ ਹੁੰਦਾ ਹੈ, ਨਾ ਹਰਾ; ਉਹ ਸਿਰਫ਼ ਲਹੂ ਹੁੰਦਾ ਹੈ। ਹਸਪਤਾਲ ਦੇ ਸੀਨੀਅਰ ਨੇਫਰੋਲੋਜਿਸਟ ਡਾ. ਪ੍ਰਦੀਪ ਸ਼ੁਕ ਅਤੇ ਡਾ. ਸ਼੍ਰੀਕਾਂਤ ਦੇਸ਼ਮੁਖ ਨੇ ਦੋਹਾਂ ਪਰਿਵਾਰਾਂ ਨੂੰ ਉਚਿਤ ਸਲਾਹ ਦਿੱਤੀ। ਇਸ ਤੋਂ ਬਾਅਦ ਦੋਹਾਂ ਔਰਤਾਂ ਨੇ ਇੱਕ-ਦੂਜੇ ਦੇ ਪਤੀ ਨੂੰ ਗੁਰਦਾ ਦੇਣ ਦਾ ਇਤਿਹਾਸਕ ਫ਼ੈਸਲਾ ਲਿਆ। ਸਿੱਟੇ ਵਜੋਂ, ਨਾ ਸਿਰਫ਼ ਦੋ ਜ਼ਿੰਦਗੀਆਂ ਬਚੀਆਂ, ਸਗੋਂ ਧਰਮ ਤੋਂ ਉੱਪਰ ਉੱਠਕੇ ਇਨਸਾਨੀਅਤ ਦਾ ਇੱਕ ਨਵਾਂ ਰਿਸ਼ਤਾ ਵੀ ਬਣਿਆ। ਇਸ ਪੂਰੀ ਪ੍ਰਕਿਰਿਆ ਦੌਰਾਨ ਐਨੇਸਥੈਟਿਸਟ ਡਾ. ਪ੍ਰਮੋਦ ਆਪਸਿੰਗੇਕਰ ਅਤੇ ਉਨ੍ਹਾਂ ਦੇ ਸਹਿਯੋਗੀਆਂ, ਟਰਾਂਸਪਲਾਂਟ ਕੋਆਰਡੀਨੇਟਰ ਵਿਸ਼ਾਲ ਨਰਵਾੜੇ, ਓਟੀ ਟੈਕਨੀਸ਼ੀਅਨ ਅਤੇ ਹੋਰ ਸਟਾਫ ਮੈਂਬਰਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦੇ ਲਈ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਉਨਮੇਸ਼ ਟਕਲਕਰ, ਡਾਇਰੈਕਟਰ ਡਾ. ਮਨੀਸ਼ਾ ਟਕਲਕਰ ਅਤੇ ਚੀਫ ਓਪਰੇਟਿੰਗ ਅਫਸਰ ਸਮੀਰ ਪਵਾਰ ਨੇ ਪੂਰੀ ਟੀਮ ਨੂੰ ਵਧਾਈ ਦਿੱਤੀ।

ਇਹ ਸਪਸ਼ਟ ਹੈ ਕਿ ਅਜੇ ਵੀ ਧਾਰਮਿਕ ਫਿਰਕਿਆਂ ਤੋਂ ਉੱਪਰ ਉੱਠਕੇ ਭਾਈਚਾਰਕ ਸਾਂਝ ਦਾ ਮਜ਼ਬੂਤ ਆਧਾਰ ਹੈ ਅਤੇ ਧਰਮਨਿਰਪੱਖ ਤਾਕਤਾਂ ਵੱਲੋਂ ਨਫ਼ਰਤ ਦੀ ਸਿਆਸਤ ਵਿਰੁੱਧ ਪ੍ਰਭਾਵਸ਼ਾਲੀ ਚੇਤਨਾ ਲਹਿਰਾਂ ਜਥੇਬੰਦ ਕਰਕੇ ਫਿਰਕੂ ਪਾਲਾਬੰਦੀ ਦੀ ਸਾਜ਼ਿਸ਼ ਨੂੰ ਹਰਾਇਆ ਜਾ ਸਕਦਾ ਹੈ।

# ਮਿਨੀਸੋਟਾ 'ਚ ਆਈਸ ਵਿਰੋਧੀ ਹੜਤਾਲ ਅਤੇ ਬੰਦ ਦੌਰਾਨ ਸ਼ਾਨਦਾਰ ਇਕੱਠ

*(ਇਹ ਰਿਪੋਰਟ ਪਹਿਲੀ ਵਾਰ ਇਨ ਦੀਜ਼ ਟਾਈਮਜ਼ ਦੇ ਸਾਈਟ 'ਤੇ 23 ਜਨਵਰੀ ਨੂੰ ਛਪੀ ਸੀ।)*

**ਲੇਖਕ: ਸਾਰਾ ਲਜ਼ਾਰੇ**
**ਅਨੁਵਾਦ: ਸੁਖਵੰਤ ਹੁੰਦਲ**






ਮਿਨਸੋਟਾ ਦੇ ਦਹਿ ਹਜ਼ਾਰਾਂ ਨਿਵਾਸੀਆਂ ਨੇ "ਕੋਈ ਨਫ਼ਰਤ ਨਹੀਂ, ਕੋਈ ਡਰ ਨਹੀਂ, ਇਮੀਗ੍ਰੇਂਟਾਂ ਦਾ ਇੱਥੇ ਸਵਾਗਤ ਹੈ" ਦੇ ਨਾਅਰੇ ਲਗਾਉਂਦਿਆਂ ਸ਼ੁੱਕਰਵਾਰ, 23 ਜਨਵਰੀ ਨੂੰ, ਦੁਪਹਿਰੋਂ ਬਾਅਦ ਮਿਨੀਐਪਲਿਸ ਦੇ ਡਾਊਨਟਾਊਨ ਵਿੱਚ ਮਾਰਚ ਕੀਤਾ। ਉਹਨਾਂ ਦੀ ਮੰਗ ਸੀ ਕਿ ਆਈਸ (ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਏਜੰਸੀ) ਸੂਬੇ ਤੋਂ ਬਾਹਰ ਜਾਵੇ।

ਸਬ-ਜ਼ੀਰੋ ਤਾਪਮਾਨ ਵਿੱਚ ਵੱਡਾ ਪ੍ਰਦਰਸ਼ਨ ਇੱਕ ਆਰਥਿਕ ਬੰਦ ਦਾ ਕੇਂਦਰੀ ਹਿੱਸਾ ਸੀ, ਜਿਸ ਵਿੱਚ ਹੜਤਾਲਾਂ, ਗ੍ਰਿਫਤਾਰੀਆਂ ਅਤੇ ਸਿਵਲ-ਨਾਫਰਮਾਨੀ, ਸੈਂਕੜੇ ਕਾਰੋਬਾਰਾਂ ਦਾ ਬੰਦ ਹੋਣਾ ਅਤੇ ਰੈਲੀਆਂ ਸ਼ਾਮਲ ਸਨ। ਲਗਭਗ 10 ਦਿਨ ਪਹਿਲਾਂ ਯੂਨੀਅਨਾਂ, ਧਾਰਮਿਕ ਸਮੂਹਾਂ ਅਤੇ ਕਮਿਊਨਿਟੀ ਸੰਸਥਾਵਾਂ ਦੀ ਕੁਲੀਸ਼ਨ ਨੇ ਜਨਤਕ ਤੌਰ 'ਤੇ ਅਪੀਲ ਕੀਤੀ ਸੀ: "ਕੋਈ ਕੰਮ ਨਹੀਂ, ਕੋਈ ਸਕੂਲ ਨਹੀਂ, ਕੋਈ ਖਰੀਦਦਾਰੀ ਨਹੀਂ।

ਵਿਚਾਰ ਇਹ ਸੀ ਕਿ 'ਆਮ ਕਾਰੋਬਾਰੀ ਵਿਵਸਥਾ ਨੂੰ ਸਥਾਗਤ ਕਰਕੇ' ਮਿਨੀਸੋਟਾ ਵਿੱਚ ਹਜ਼ਾਰਾਂ ਮਾਸਕ ਪਹਿਨੇ, ਹਥਿਆਰਬੰਦ ਫੈਡਰਲ ਏਜੰਟਾਂ ਦੀ ਅਣਮਿਸਾਲੀ (ਅਨਪਰੈਸੀਡੈਂਟਿਡ) ਤਾਇਨਾਤੀ ਦਾ ਵਿਰੋਧ ਕੀਤਾ ਜਾਵੇ।

ਇਸ ਬੰਦ ਅਤੇ ਹੜਤਾਲ ਨੂੰ ਜਥੇਬੰਦ ਕਰਨ ਵਾਲੇ ਲੋਕਾਂ ਦੇ ਅੰਦਾਜ਼ੇ ਅਨੁਸਾਰ ਘੱਟੋ-ਘੱਟ 50,000 ਲੋਕ ਇਸ ਵਿੱਚ ਸ਼ਾਮਲ ਹੋਏ, ਕਈਆਂ ਨੇ ਗਿਣਤੀ 100,000 ਦੇ ਕਰੀਬ ਦੱਸੀ। ਲੋਕਾਂ ਦੀ ਇੰਨੀ ਵੱਡੀ ਗਿਣਤੀ ਹੈਰਾਨ ਕਰਨ ਵਾਲੀ ਹੈ ਕਿਉਂਕਿ ਮਾਰਚ ਸ਼ੁਰੂ ਹੋਣ ਸਮੇਂ ਤਾਪਮਾਨ ਮਾਈਨਸ ਨੌਂ (−9) ਡਿਗਰੀ ਸੀ, ਜੋ ਨੰਗੀ ਚਮੜੀ ਨੂੰ ਜਲਦੀ ਫੌਸਟਬਾਈਟ ਕਰ ਸਕਦਾ ਹੈ ਭਾਵ ਚਮੜੀ ਅਤੇ ਉਸ ਦੇ ਹੇਠਲੇ ਟਿਸ਼ੂ ਜੰਮ ਸਕਦੇ ਹਨ।

ਏਅਰਪੋਰਟ ਵਿਖੇ ਫੂਡ ਸਰਵਿਸ ਵਰਕਰ ਅਤੇ ਯੂਨਾਈਟ ਹਿਅਰ ਦੀ ਲੋਕਲ 17 ਦੀ ਸਟੀਵਰਡ ਫੇਬਨ ਗਿਲਾਗਾਬਰ ਨੇ ਕਿਹਾ "ਓ ਮੇਰਿਆ ਰੱਬਾ, ਅੱਜ ਅਦਭੁਤ, ਭਾਵੁਕ ਅਤੇ ਬਹੁਤ ਤਾਕਤਵਰ ਦਿਨ ਹੈ। ਇਹ ਮੇਰੀ ਉਮੀਦ ਤੋਂ ਵੱਧ ਸੀ, ਬਹੁਤ ਵੱਧ। ਮੈਂ ਮੌਸਮ ਬਾਰੇ ਚਿੰਤਤ ਸੀ, ਪਰ ਹਰ ਕੋਈ ਆ ਗਿਆ।

ਗਿਲਾਗਾਬਰ ਅਨੁਸਾਰ, ਉਸ ਦੀ ਯੂਨੀਅਨ ਦੇ "ਬਹੁਤ ਸਾਰੇ" ਏਅਰਪੋਰਟ ਵਰਕਰ ਬੰਦ ਦਾ ਸਮਰਥਨ ਕਰਨ ਲਈ ਸ਼ੁੱਕਰਵਾਰ ਨੂੰ ਕੰਮ ਤੇ ਨਹੀਂ ਗਏ, ਉਹਨਾਂ ਵਿੱਚੋਂ ਬਹੁਤ ਸਾਰਿਆਂ ਨੇ ਕਾਲ ਕਰਕੇ ਕਿਹਾ ਕਿ ਉਹ ਬਿਮਾਰ ਹਨ।

ਪ੍ਰਬੰਧਕਾਂ ਨੇ ਇਸ ਦਿਨ ਨੂੰ 'ਸੱਚ ਅਤੇ ਅਜ਼ਾਦੀ ਦਾ ਦਿਨ - ਡੇਅ ਆਫ ਟਰੁੱਥ ਐਂਡ ਫਰੀਡਮ' ਦਾ ਨਾਂ ਦਿੱਤਾ ਹੈ। ਅਜੇ ਇਹ ਹਿਸਾਬ ਲਾਉਣਾ ਮੁਸ਼ਕਿਲ ਹੈ ਕਿ ਇਸ ਐਕਸ਼ਨ ਦੇ ਦਿਨ ਕਿੰਨੇ ਵਰਕਰ ਆਪਣੇ ਕੰਮਾਂ 'ਤੇ ਨਹੀਂ ਗਏ। ਪਰ ਵਰਕਰ ਅਤੇ ਯੂਨੀਅਨਾਂ ਇਸ ਦਿਨ ਦੀਆਂ ਘਟਨਾਵਾਂ ਦੇ ਕੇਂਦਰ ਵਿੱਚ ਸਨ। ਇੱਕ ਕਮਰਸ਼ੀਅਲ ਇਲੈਕਟ੍ਰੀਸ਼ੀਅਨ ਅਤੇ ਆਈ ਬੀ ਈ ਡਬਲਿਊ ਲੋਕਲ 292 ਦੇ ਮੈਂਬਰ ਦੇ ਹੱਥ ਵਿੱਚ ਫੜ੍ਹੇ ਸਾਈਨ 'ਤੇ ਲਿਖਿਆ ਹੋਇਆ ਸੀ 'ਆਮ ਹੜਤਾਲ ਇਨਸਾਫ ਨੂੰ ਜਾਣ ਵਾਲਾ ਰਸਤਾ ਹੈ -ਜਨਰਲ ਸਟਰਾਈਕ ਇਜ਼ ਏ ਪਾਥ ਟੂ ਜਸਟਿਸ'। ਮਾਰਚ ਦੌਰਾਨ ਉਸ ਨੇ ਮੈਨੂੰ ਦੱਸਿਆ ਕਿ ਉਹ "ਇਮੀਗ੍ਰੇਂਟਾਂ ਦ ਅਧਿਕਾਰਾਂ ਦਾ ਸਮਰਥਨ ਕਰਨ ਅਤੇ ਹਰ ਅਮਰੀਕਨ ਦਾ ਸਮਰਥਨ ਕਰਨ ਲਈ ਇੱਥੇ ਆਇਆ ਹੈ।"

ਉਸ ਨੇ ਅੱਗੇ ਕਿਹਾ, 'ਆਈਸ ਤਾਂ ਬਿਲਕੁਲ ਨਿੰਦਣਯੋਗ ਹੈ। ਕੋਈ ਵੀ ਵਿਅਕਤੀ ਆਈਸ ਦੇ ਏਜੰਟਾਂ ਦੇ ਰਾਹ ਵਿੱਚ ਆ ਸਕਦਾ ਹੈ। ਇਹ ਤਾਂ ਸਾਡੇ ਆਪਣੇ ਨਾਗਰਿਕ ਅਧਿਕਾਰਾਂ ਤੇ ਹਮਲਾ ਹੈ।

ਮਿਨੀਸੋਟਾ ਦੀ ਰਹਿਣ ਵਾਲੀ ਇਕ ਹੋਰ ਔਰਤ ਨੇ ਮੇਰੇ ਨਾਲ ਗੱਲ ਕਰਦਿਆਂ ਆਈਸ ਤੋਂ ਡਰਦਿਆਂ ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਕੀਤੀ। ਉਸ ਨੇ ਕਿਹਾ, "ਮੈਂ ਅੱਜ ਇੱਥੇ ਸਭ ਲਈ ਖੜ੍ਹੀ ਹੋਈ ਹਾਂ, ਆਪਣੇ ਲਈ ਖੜ੍ਹੀ ਹੋਈ ਹਾਂ। ਮੈਂ ਇਸ ਤੋਂ ਪ੍ਰਭਾਵਿਤ ਹਾਂ। ਮੈਂ ਦੋ ਸਾਲ ਦੀ ਉਮਰ ਵਿੱਚ ਇੱਥੇ ਆਈ ਸੀ। ਮੇਰੇ ਮਾਪੇ ਮੈਨੂੰ ਮੈਕਸੀਕੋ ਤੋਂ ਲੈ ਕੇ ਇੱਥੇ ਆਏ ਸਨ। ਮੈਨੂੰ ਸਿਰਫ ਅਮਰੀਕਾ ਦਾ ਪਤਾ ਹੈ, ਇਸ ਲਈ ਜੋ ਕੁਝ ਵੀ ਹੋ ਰਿਹਾ ਹੈ, ਪਰਿਵਾਰਾਂ ਨੂੰ ਵੱਖ ਵੱਖ ਕੀਤੇ ਜਾਣਾ, ਬੱਚਿਆਂ ਦਾ ਖੋਹ ਲਏ ਜਾਣਾ, ਇੱਕ ਨਿਰਦੋਸ਼ ਔਰਤ ਨੂੰ ਸੱਚ ਲਈ ਖੜ੍ਹੇ ਹੋਣ ਕਰਕੇ ਗੋਲੀ ਮਾਰ ਦਿੱਤੇ ਜਾਣਾ— ਇਹ ਸਭ ਅਵਿਸ਼ਵਾਸ਼ਯੋਗ ਹੈ।

29 ਸਾਲਾਂ ਦੀ ਇਸ ਔਰਤ ਨੇ ਅੱਗੇ ਕਿਹਾ, "ਮੈਂ ਉਨ੍ਹਾਂ ਲਈ ਬੋਲ ਰਹੀ ਹਾਂ ਜੋ ਅੱਜ ਇੱਥੇ ਨਹੀਂ ਆ ਸਕੇ। ਜੋ ਲੁਕੇ ਹੋਏ ਹਨ, ਜਿਨ੍ਹਾਂ ਦਾ ਦਿਲ ਦਰਵਾਜ਼ੇ ਦੀ ਘੰਟੀ ਵੱਜਣ ਨਾਲ ਰੁਕ ਜਾਂਦਾ ਹੈ।"

ਇਸ ਹੀ ਦਿਨ ਸਵੇਰ ਨੂੰ 100 ਦੇ ਕਰੀਬ ਧਾਰਮਿਕ ਆਗੂਆਂ ਨੇ ਮਿਨੀਐਪਲਿਸ-ਸੇਂਟ ਪੌਲ ਅੰਤਰਰਾਸ਼ਟਰੀ ਏਅਰਪੋਰਟ ਦੇ ਟਰਮੀਨਲ 1 ਦੇ ਡਿਪਾਰਚਰ ਦੇ ਏਰੀਏ ਦੇ ਬਾਹਰ ਆਈਸ ਵਿਰੁੱਧ ਸਿਵਲ ਨਾਫਰਮਾਨੀ ਦੇ ਅਮਲ ਵਜੋਂ ਇੱਕ ਮੁੱਖ ਸੜਕ ਨੂੰ ਰੋਕਿਆ।

ਉਹਨਾਂ ਦੇ ਪਿੱਛੇ ਹਜ਼ਾਰਾਂ ਸਮਰਥਕਾਂ ਸਨ। ਉਹ ਗਾ ਰਹੇ ਸਨ "ਇਸ ਮੁਹਿੰਮ ਦੇ ਫੇਲ ਹੋਣ ਤੋਂ ਪਹਿਲਾਂ ਅਸੀਂ ਸਾਰੇ ਜੇਲ੍ਹ ਜਾਵਾਂਗੇ — ਹਰੇਕ ਨੂੰ ਜੀਣ ਦਾ ਅਧਿਕਾਰ ਹੈ।" ਉਨ੍ਹਾਂ ਕੋਲ ਯੂਨਾਈਟ ਹਿਅਰ ਲੋਕਲ 17 ਦੇ ਅਗਵਾ ਕੀਤੇ ਮੈਂਬਰਾਂ ਵਾਲੇ ਸਾਈਨ ਸਨ।

ਲੋਕ—ਜਿਹਨਾਂ ਵਿੱਚ ਹੜਤਾਲ ਕਰ ਰਹੇ ਵਰਕਰ ਅਤੇ ਯੂਨੀਅਨ ਦੇ ਮੈਂਬਰ ਸ਼ਾਮਲ ਸਨ ਅਤੇ ਜਿਨ੍ਹਾਂ ਵਿੱਚੋਂ ਕੁਝ ਏਅਰਪੋਰਟ ਤੇ ਕੰਮ ਕਰਦੇ ਹਨ—ਜ਼ੀਰੋ ਤੋਂ ਘੱਟ ਤਾਪਮਾਨ ਵਿੱਚ ਬਾਹਰ ਰਹੇ ਅਤੇ ਉਨ੍ਹਾਂ ਨੇ ਸਿਵਲ ਨਾਫਰਮਾਨੀ ਦਾ ਸਮਰਥਨ ਕੀਤਾ। ਸਮਰਥਕਾਂ ਨੇ ਲੋਕਾਂ ਨੂੰ ਹੈਂਡ ਵਾਰਮਰ (ਹੱਥਾਂ ਨੂੰ ਗਰਮ ਰੱਖਣ ਵਾਲੀਆਂ ਚੀਜ਼ਾਂ) ਅਤੇ ਖਾਣ ਪੀਣ ਦੀਆਂ ਵਸਤਾਂ ਵੰਡੀਆਂ ਤਾਂ ਜੋ ਲੋਕ ਉੱਥੇ ਖੜ੍ਹੇ ਰਹਿ ਸਕਣ।

22 ਸਾਲਾ ਕੈਟਰੀਨਾ ਜ਼ੈਬਰਿਸਕੀ ਨੇ ਆਪਣੀ ਮਾਂ (ਮਿਨੇਸੋਟਾ ਦੀ ਚੈਪਲੇਨ) ਨੂੰ ਗ੍ਰਿਫਤਾਰ ਹੁੰਦੇ ਵੇਖਿਆ। ਉਸ ਨੇ ਮੈਨੂੰ ਦੱਸਿਆ, "ਇਹ ਬਹੁਤ ਭਾਵੁਕ ਸੀ। ਜਦੋਂ ਲੋਕਾਂ ਨੇ 'ਅਸੀਂ ਤੁਹਾਨੂੰ ਪਿਆਰ ਕਰਦੇ ਹਾਂ" ਦੇ ਨਾਅਰੇ ਲਗਾਏ ਤਾਂ ਮੈਂ ਰੋਣ ਲੱਗ ਪਈ। ਮੁੱਖ ਤੌਰ ਤੇ ਮੈਂ ਬਹੁਤ ਮਾਣ ਮਹਿਸੂਸ ਕਰ ਰਹੀ ਹਾਂ।" ਬਹੁਤ ਸਾਰੇ ਧਾਰਮਿਕ ਆਗੂ ਪੁਲੀਸ ਵਲੋਂ ਗ੍ਰਿਫਤਾਰੇ ਕੀਤੇ ਜਾਣ ਤੋਂ ਪਹਿਲਾਂ ਪ੍ਰਾਰਥਨਾ ਕਰ ਰਹੇ ਸਨ।

ਜ਼ੈਬਰਿਸਕੀ ਨੇ ਅਗਾਂਹ ਕਿਹਾ, "ਅਸੀਂ ਆਪਣੇ ਗੁਆਂਢੀਆਂ ਦੀ ਸੁਰੱਖਿਆ ਬਾਰੇ ਚਿੰਤਤ ਹਾਂ। ਅਸੀਂ ਮੰਨਦੇ ਹਾਂ ਕਿ ਲੋਕਾਂ ਨੂੰ ਘਰਾਂ ਤੋਂ ਫੜ੍ਹ ਕੇ ਡਿਪੋਰਟ ਕਰਨਾ, ਉਨ੍ਹਾਂ ਨੂੰ ਤਸੀਹੇ ਦੇਣਾ ਅਤੇ ਡਿਟੈਂਸ਼ਨ ਸੈਂਟਰਾਂ ਵਿੱਚ ਰੱਖਣਾ ਬਹੁਤ ਅਨਿਆਂ ਹੈ। ਇਹ ਨਹੀਂ ਹੋਣਾ ਚਾਹੀਦਾ।"

ਉਹ 100 ਦੇ ਕਰੀਬ ਧਾਰਮਿਕ ਲੋਕ ਐੱਮ ਐੱਨ ਕੋਆਲੀਸ਼ਨ ਨਾਲ ਸੰਬੰਧਿਤ ਸਨ। ਆਈਸ ਦੀ ਨਿਊਜ਼ ਰਿਲੀਜ਼ ਅਨੁਸਾਰ ਉਹਨਾਂ ਨੂੰ 'ਸੂਬੇ ਭਰ ਵਿੱਚ ਆਈਸ ਆਊਟ ਆਫ ਮਿਨੀਸੋਟਾ: ਏ ਡੇਅ ਆਫ ਟਰੁੱਥ ਐਂਡ ਫ੍ਰੀਡਮ (ਆਈਸ ਸੂਬੇ ਤੋਂ ਬਾਹਰ ਜਾਓ: ਸੱਚ ਅਤੇ ਫਰੀਡਮ ਦਾ ਇਕ ਦਿਨ' ਵਿੱਚ ਹਿੱਸਾ ਲੈਣ ਲਈ ਗ੍ਰਿਫਤਾਰ ਕੀਤਾ ਗਿਆ ਸੀ। ਇਹਨਾਂ ਧਾਰਮਕ ਲੋਕਾਂ ਦੀਆਂ ਮੰਗਾਂ ਡੈਲਟਾ (ਏਅਰਲਾਈਨ) ਅਤੇ ਸਿਗਨੇਚਰ ਏਵੀਏਸ਼ਨ ਉੱਤੇ ਕੇਂਦਰਿਤ ਸਨ, ਜਿਨ੍ਹਾਂ ਨੂੰ ਉਹ ਮਿਨੀਸੋਟਾ ਵਾਸੀਆਂ ਦੀ ਡਿਪੋਰਟੇਸ਼ਨ ਵਿੱਚ ਸਹਿਯੋਗੀ ਅਤੇ ਸਹਾਇਕ ਦੱਸਦੇ ਹਨ।

ਧਾਰਮਿਕ ਆਗੂ ਚਾਹੁੰਦੇ ਹਨ ਕਿ ਡੈਲਟਾ ਅਤੇ ਸਿਗਨੇਚਰ ਏਵੀਏਸ਼ਨ ਜਨਤਕ ਤੌਰ 'ਤੇ ਮਿਨੀਸੋਟਾ ਵਿੱਚ ਆਈਸ ਦੇ 'ਵਾਧੇ' ਨੂੰ ਤੁਰੰਤ ਖਤਮ ਕਰਨ ਅਤੇ ਆਈਸ ਵਲੋਂ ਸੂਬੇ ਨੂੰ ਛੱਡ ਕੇ ਜਾਣ ਦੀ ਮੰਗ ਕਰਨ। ਉਹ ਕੰਪਨੀਆਂ ਨੂੰ ਇਹ ਬੇਨਤੀ ਵੀ ਕਰ ਰਹੇ ਹਨ ਕਿ ਉਹ ਰੈਨੀ ਗੁੱਡ ਨੂੰ ਮਾਰਨ ਵਾਲੇ ਆਈਸ ਏਜੰਟ ਨੂੰ 'ਕਾਨੂੰਨੀ ਜਵਾਬਦੇਹ' ਬਣਾਉਣ ਅਤੇ ਕਾਂਗਰਸ ਨੂੰ ਆਈਸ ਦੀ ਫੰਡਿੰਗ ਰੋਕਣ ਲਈ ਅਪੀਲ ਕਰ ਰਹੇ 'ਮਿਨੀਸੋਟਾ ਦੇ ਲੋਕਾਂ ਨਾਲ ਖੜ੍ਹਨ'।

ਗੁੱਡ, ਮਿਨੀਐਪਲਿਸ ਵਿੱਚ ਰਹਿਣ ਵਾਲੀ ਇੱਕ ਕਵੀਤਰੀ ਅਤੇ ਤਿੰਨ ਬੱਚਿਆਂ ਦੀ ਮਾਂ ਸੀ। ਉਸ ਨੂੰ 7 ਜਨਵਰੀ ਨੂੰ ਆਈਸ ਦੇ ਏਜੰਟ ਜੌਨਾਥਨ ਰੌਸ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਇਸ ਕਤਲ ਵਿਰੁੱਧ ਜਨਤਕ ਗੁੱਸੇ ਨੇ ਮਿਨੀਸੋਟਾ ਅਤੇ ਪੂਰੇ ਦੇਸ਼ ਵਿੱਚ ਜਥੇਬੰਦੀਆਂ ਅਤੇ ਲੋਕਾਂ ਨੂੰ ਊਰਜਾ ਦਿੱਤੀ ਅਤੇ (ਇਹ ਕਤਲ) ਦਿਨ ਭਰ ਰੈਲੀ ਦਾ ਨਾਅਰਾ ਰਿਹਾ।

ਏਅਰਪੋਰਟ ਤੇ ਸਿਵਲ ਨਾਫਰਮਾਨੀ ਮਹੱਤਵਪੂਰਨ ਸੀ ਕਿਉਂਕਿ ਇਹ ਥਾਂ ਮਿਨੀਸੋਟਾ ਉੱਤੇ ਫੈਡਰਲ ਹਮਲੇ ਦਾ ਫਲੈਸ਼ਪੁਆਇੰਟ ਬਣ ਗਈ ਹੈ।

ਆਈਸ ਮਿਨੀਸੋਟਾ ਤੋਂ ਬਾਹਰ ਜਾਵੇ ਨਾਂ ਦੀ ਕੋਆਲੀਸ਼ਨ (ਆਈਸ ਆਊਟ ਆਫ ਐੱਮ ਐੱਨ ਕੁਲੀਸ਼ਨ) ਨੇ ਧਾਰਮਕ ਵਿਅਕਤੀਆਂ ਦੀ ਗ੍ਰਿਫਤਾਰੀਆਂ ਤੋਂ ਬਾਅਦ ਬਿਆਨ ਵਿੱਚ ਕਿਹਾ, "ਡੈਲਟਾ ਮਿਨੀਐਪਲੈਸ ਦੇ ਸੇਂਟ ਪਾਲ ਏਅਰਪੋਰਟ ਨੂੰ ਮੁੱਖ ਹੱਬ (ਕੇਂਦਰ) ਵਜੋਂ ਵਰਤਦੀ ਹੈ ਅਤੇ ਸਿਗਨੇਚਰ ਏਵੀਏਸ਼ਨ ਆਈਸ ਦੇ ਉਪਰੇਸ਼ਨਾਂ ਲਈ ਲੌਜਿਸਟਿਕ ਸਹਾਇਤਾ ਦਿੰਦੀ ਹੈ। ਮਿਨੀਐਪਲੈਸ ਦਾ ਏਅਰਪੋਰਟ ਹਰ ਸਾਲ ਕਰੋੜਾਂ ਯਾਤਰੀਆਂ ਨੂੰ ਸੇਵਾ ਦਿੰਦਾ ਹੈ ਅਤੇ ਹੁਣ ਡੀ ਐੱਚ ਐੱਸ (ਡੀਪਾਰਟਮੈਂਟ ਆਫ ਹੋਮਲੈਂਡ ਸਿਕਿਉਰਟੀ) ਦੇ ਉਪਰੇਸ਼ਨਾਂ ਵਿੱਚ ਮੁੱਖ ਸਾਈਟ ਬਣ ਗਿਆ ਹੈ ਜਿੱਥੋਂ ਮਿਨੀਸੋਟਾ ਦੇ ਵਾਸੀਆਂ ਨੂੰ ਅਗਵਾ ਕਰਕੇ ਡਿਟੈਂਸ਼ਨ ਸੈਂਟਰਾਂ ਵਿੱਚ ਭੇਜਿਆ ਜਾਂਦਾ ਹੈ।" ਕੁਲੀਸ਼ਨ ਨੇ ਅੱਗੇ ਕਿਹਾ, "ਤਕਰੀਬਨ 2,000 ਲੋਕ ਮਿਨੀਐਪਲੈਸ ਦੇ ਇਸ ਏਅਰਪੋਰਟ ਰਾਹੀਂ ਡਿਪੋਰਟ ਕੀਤੇ ਗਏ ਹਨ, ਅਤੇ ਇਸ ਏਅਰਪੋਰਟ 'ਤੇ ਕੰਮ ਕਰਨ ਵਾਲੇ ਬਹੁਤ ਸਾਰੇ ਲੋਕ ਕੰਮ ਤੇ ਜਾਂ ਏਅਰਪੋਰਟ ਨੂੰ ਆਉਣ-ਜਾਣ ਦੌਰਾਨ ਆਈਸ ਵੱਲੋਂ ਅਗਵਾ ਕੀਤੇ ਗਏ ਹਨ।"

ਪਰ ਏਅਰਪੋਰਟ ਅਗਵਾ ਕਰਨ ਦੀ ਸਾਈਟ ਹੋਣ ਦੇ ਨਾਲ ਨਾਲ ਸੰਘਰਸ਼ ਦੀ ਵੀ ਸਾਈਟ ਹੈ। ਏਅਰਪੋਰਟ ਬਾਹਰ ਪ੍ਰਦਰਸ਼ਨਕਾਰੀ, ਵਰਕਰ ਅਤੇ ਧਾਰਮਿਕ ਆਗੂ ਇਹ ਨਾਹਰੇ ਲਾ ਰਹੇ ਸਨ, 'ਅਸੀਂ ਵਰਕਰ ਹਾਂ, ਬਲਵਾਨ ਵਰਕਰ - ਵੀ ਆਰ ਵਰਕਰਜ਼, ਮਾਈਟੀ ਮਾਈਟੀ ਵਰਕਰਜ਼'। ਇੱਕ ਸਾਈਨ ਤੇ ਲਿਖਿਆ ਸੀ ਅਸੀਂ ਲੋੜ ਤੋਂ ਘੱਟ ਪ੍ਰਤੀਕਰਮ ਕਰ ਰਹੇ ਹਾਂ- ਵੀ ਆਰ ਅੰਡਰ ਰਿਐਕਟਿੰਗ" ਅਤੇ ਇੱਕ ਵਿਅਕਤੀ ਨੇ ਬੁਲਹਾਰਨ ਰਾਹੀਂ ਜ਼ੋਰ ਨਾਲ ਕਿਹਾ: "ਅਸੀਂ ਇੱਥੇ ਕਾਰਪੋਰੇਸ਼ਨਾਂ ਨੂੰ ਇਹ ਦੱਸਣ ਆਏ ਹਾਂ ਕਿ ਉਹ ਆਈਸ ਨੂੰ ਸਹਿਯੋਗ ਦੇਣਾ ਬੰਦ ਕਰਨ।"

ਸ਼ੁੱਕਰਵਾਰ ਸਵੇਰੇ ਏਅਰਪੋਰਟ ਤੇ, ਇਕ ਗਰਾਸਰੂਟਸ ਅਤੇ ਨਾਨ-ਪਾਰਟੀਜ਼ਨ ਗਰੁੱਪ ਐੱਮ ਐੱਨ 50501 ਦੇ ਨਿੱਕ ਬੈਨਸਨ ਨੇ ਮੈਨੂੰ ਕਿਹਾ, "ਇਹ ਏਅਰਪੋਰਟ ਕੁੱਪੀ ਦਾ ਤੰਗ ਸਿਰਾ ਹੈ ਜਿੱਥੋਂ ਸਾਡੇ ਗੁਆਂਢੀਆਂ ਨੂੰ ਪਤਾ ਨਹੀਂ ਕਿੱਥੇ ਭੇਜਿਆ ਜਾ ਰਿਹਾ ਹੈ।"

ਸੂਬੇ ਭਰ ਵਿੱਚ ਹੜਤਾਲ ਅਤੇ ਐਕਸ਼ਨ — ਅਤੇ ਦੇਸ਼ ਭਰ ਵਿੱਚ ਸੌਲੀਡੈਰਿਟੀ ਐਕਸ਼ਨ — ਇਸ ਖੌਫਨਾਕ ਖਬਰ ਤੋਂ ਬਾਅਦ ਵਾਪਰਿਆ ਜਦੋਂ ਮੰਗਲਵਾਰ ਨੂੰ ਮਿਨੀਐਪਲਿਸ ਦੇ ਏਰੀਆ ਵਿੱਚ ਇੱਕ 5 ਸਾਲਾਂ ਦੇ ਬੱਚੇ ਨੂੰ ਆਈਸ ਦੇ ਏਜੰਟਾਂ ਨੇ ਘਰ ਦੇ ਡਰਾਈਵੇ ਤੋਂ ਚੁੱਕ ਲਿਆ। ਇਹ ਪ੍ਰੀਸਕੂਲਰ ਅਤੇ ਉਸ ਦਾ ਪਿਤਾ ਹੁਣ ਟੈਕਸਾਸ ਵਿੱਚ ਡਿਟੈਂਸ਼ਨ ਸੈਂਟਰ ਵਿੱਚ ਕੈਦ ਹਨ।

ਕਈ ਹਫ਼ਤਿਆਂ ਤੋਂ ਫੈਡਰਲ ਏਜੰਟ ਸਕੂਲਾਂ, ਡੇਅ-ਕੇਅਰਾਂ ਅਤੇ ਘਰਾਂ ਤੱਕ ਲੋਕਾਂ ਦਾ ਪਿੱਛਾ ਕਰ ਰਹੇ ਹਨ ਅਤੇ ਉਹਨਾਂ ਨੂੰ ਅਗਵਾ ਕਰ ਰਹੇ ਹਨ — ਅਤੇ ਆਪਣੇ ਗੁਆਂਢੀਆਂ ਦੀ ਰੱਖਿਆ ਕਰਨ ਵਾਲਿਆਂ ਤੇ ਹਿੰਸਾ ਕਰ ਰਹੇ ਹਨ। ਇਹ ਹਿੰਸਾ ਬਹੁਤ ਪਰਚੰਡ ਅਤੇ ਜਾਨਲੇਵਾ ਰਹੀ ਹੈ।

ਸ਼ੁੱਕਰਵਾਰ ਦੀ ਹੜਤਾਲ ਨੂੰ ਸੰਗਠਿਤ ਕਰਨ ਵਾਲੇ ਵੱਡੇ ਗਠਜੋੜ ਦੀਆਂ ਖਾਸ ਮੰਗਾਂ ਵਿੱਚ ਆਈਸ ਨੂੰ ਮਿਨੀਸੋਟਾ ਤੋਂ ਤੁਰੰਤ ਕੱਢਣਾ ਅਤੇ ਜੌਨਾਥਨ ਰੌਸ (ਗੁੱਡ ਨੂੰ ਮਾਰਨ ਵਾਲੇ ਆਈਸ ਦੇ ਏਜੰਟ) ਨੂੰ "ਕਾਨੂੰਨੀ ਜਵਾਬਦੇਹ" ਬਣਾਉਣਾ ਸ਼ਾਮਲ ਹੈ। ਉਹ ਆਈਸ ਨੂੰ ਆਉਣ ਵਾਲੇ ਕਾਂਗਰਸ ਦੇ ਬਜਟ ਵਿੱਚ 'ਕੋਈ ਵਾਧੂ ਫੰਡਿੰਗ ਨਾ ਦੇਣ ਅਤੇ ਆਈਸ ਵਲੋਂ ਅਮਰੀਕੀਆਂ ਅਤੇ ਉਹਨਾਂ ਦੇ ਗੁਆਂਢੀਆਂ ਦੇ ਮਨੁੱਖੀ ਅਤੇ ਸੰਵਿਧਾਨਕ ਹੱਕਾਂ ਦੀ ਉਲੰਘਣਾਂ ਕਰਨ ਲਈ ਜਾਂਚ ਕਰਨ ਦੀ ਵੀ ਮੰਗ ਕਰ ਰਹੇ ਹਨ।'

ਸ਼ੁੱਕਰਵਾਰ ਨੂੰ ਬੰਦ ਵਿੱਚ ਹਿੱਸਾ ਲੈਣ ਵਾਲਿਆਂ ਲਈ ਮੁੱਦੇ ਅਕਾਦਮਿਕ ਨਹੀਂ ਸਨ। ਸੂਬੇ ਵਿੱਚ 8,000 ਤੋਂ ਵੱਧ ਜੈਨੀਟਰਾਂ, ਵਿੰਡੋ ਕਲੀਨਰਾਂ ਅਤੇ ਹੋਰ ਪ੍ਰੌਪਰਟੀ ਸਰਵਿਸ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਐੱਸ ਈ ਆਈ ਯੂ ਲੋਕਲ 26 ਦੇ ਪ੍ਰਧਾਨ ਗ੍ਰੈਗ ਨਾਮਾਚਰ ਨੇ 19 ਜਨਵਰੀ ਨੂੰ ਇਕ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਸੀ ਕਿ ਯੂਨੀਅਨ ਦੇ "20 ਤੋਂ ਵੱਧ ਮੈਂਬਰ ਫੈਡਰਲ ਏਜੰਟਾਂ ਵੱਲੋਂ ਬਿਨਾਂ ਕਿਸੇ ਚਿਤਾਵਨੀ ਅਤੇ ਬਿਨਾਂ ਕਿਸੇ ਡਿਊ ਪ੍ਰੌਸੈੱਸ (ਸਹੀ ਕਾਨੂੰਨੀ ਅਮਲ) ਦੇ ਅਗਵਾ ਕੀਤੇ ਗਏ ਹਨ।"

ਉਸ ਨੇ ਅਗਾਂਹਾ ਕਿਹਾ ਕਿ ਫੈਡਰਲ ਏਜੰਟਾਂ ਦੀ ਰਣਨੀਤੀ "ਪਰਿਵਾਰਾਂ ਨੂੰ ਤੋੜਨਾ, ਪਿਆਰਿਆਂ ਨੂੰ ਗੁੰਮ ਕਰਨਾ ਹੈ ਜਿਨ੍ਹਾਂ ਨੂੰ ਘੰਟਿਆਂ ਅਤੇ ਦਿਨਾਂ ਤੱਕ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਕਿੱਥੇ ਹਨ ਅਤੇ ਅਕਸਰ ਕਾਨੂੰਨੀ ਸਲਾਹ ਤੱਕ ਪਹੁੰਚ ਨਹੀਂ ਹੁੰਦੀ।"

ਪਰ ਸਿਰਫ ਇਮੀਗ੍ਰੈਂਟ ਵਰਕਰ ਹੀ ਪ੍ਰਭਾਵਿਤ ਨਹੀਂ ਹੁੰਦੇ। ਨਾਮਾਚਰ ਨੇ ਜ਼ੋਰ ਦਿੰਦਿਆ ਕਿਹਾ, "ਜੇ ਘੋਸ਼ਿਤ ਉਦੇਸ਼ ਅਮਰੀਕਾ ਵਿੱਚ ਜਨਮੇ ਵਰਕਰਾਂ ਨੂੰ ਵੱਧ ਤਨਖਾਹ ਦੇਣਾ ਹੈ, ਜੋ ਕਈ ਵਾਰ ਸਾਨੂੰ ਦੱਸਿਆ ਜਾਂਦਾ ਹੈ, ਤਾਂ ਇਸ ਦਾ ਉਲਟ ਅਸਰ ਹੋਇਆ ਹੈ।"

ਨਾਮਾਚਰ ਨੇ ਹੋਰ ਦੱਸਿਆ ਕਿ ਇੱਕ ਵਿੰਡੋ ਕਲੀਨਰ ਜਿਸ ਨੇ ਚਾਰ ਸਾਲ ਪਹਿਲਾਂ ਨੌਕਰੀ ਉੱਤੇ ਸੁਰੱਖਿਆ ਵਿੱਚ ਸੁਧਾਰ ਲਈ ਹੜਤਾਲ ਦੀ ਅਗਵਾਈ ਕੀਤੀ ਸੀ, ਹਾਲ ਹੀ ਵਿੱਚ ਰੁਟੀਨ ਇਮੀਗ੍ਰੇਸ਼ਨ ਚੈੱਕ-ਇਨ ਤੇ ਫੜਿਆ ਗਿਅ ਸੀ। ਉਹ 30 ਸਾਲਾਂ ਤੋਂ ਯੂਨਾਈਟਿਡ ਸਟੇਟਸ ਅਮਰੀਕਾ ਵਿੱਚ ਰਹਿ ਰਿਹਾ ਸੀ, ਫਿਰ ਵੀ ਏਜੰਟਾਂ ਨੇ ਉਸ ਨੂੰ ਪਹਿਲਾਂ ਹੀ ਉਸ ਦੇ ਪਰਿਵਾਰ ਤੋਂ ਦੂਰ ਮੈਕਸੀਕੋ ਡਿਪੋਰਟ ਕਰ ਦਿੱਤਾ ਹੈ।

ਨਾਮਾਚਾਰ ਨੇ ਕਿਹਾ ਕਿ "ਉਸ ਦੀ ਕੁਰਬਾਨੀ ਨੇ ਟਵਿਨ ਸਿਟੀਜ਼ ਦੇ ਸਾਰੇ ਵਿੰਡੋ ਕਲੀਨਰਾਂ ਨੂੰ ਸੁਰੱਖਿਅਤ ਬਣਾਇਆ, ਭਾਵੇਂ ਉਹ ਕਿਤੇ ਵੀ ਜਨਮੇ ਹੋਣ, ਭਾਵੇਂ ਉਨ੍ਹਾਂ ਦੀ ਨਾਗਰਿਕਤਾ ਕੋਈ ਵੀ ਹੋਵੇ।"

ਯੂਨਾਈਟ ਹਿਅਰ ਦੀ ਲੋਕਲ 17 (ਜੋ ਟਵਿਨ ਸਿਟੀਜ਼ ਦੇ ਮੈਟਰੋ ਏਰੀਆ ਵਿੱਚ 6,000 ਤੋਂ ਵੱਧ ਹੌਸਪਿਟੈਲਿਟੀ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ) ਦੇ ਲਗਭਗ 16 ਮੈਂਬਰ ਅਗਵਾ ਕੀਤੇ ਗਏ ਹਨ ਅਤੇ ਮਿਨੀਐਪਲਿਸ ਦਾ ਸੇਂਟ ਪੌਲ ਅੰਤਰਰਾਸ਼ਟਰੀ ਏਅਰਪੋਰਟ ਯੂਨੀਅਨ ਅਤੇ ਨਾਨ ਯੂਨੀਅਨ ਵਰਕਰਾਂ ਦੇ ਵਾਰ ਵਾਰ ਕੀਤੇ ਜਾਣ ਵਾਲੇ ਅਗਵਾਵਾਂ ਦੀ ਸਾਈਟ ਬਣ ਗਿਆ ਹੈ।

ਲੋਕਲ 17 ਦੀ ਸਕੱਤਰ-ਖਜ਼ਾਨਚੀ ਸ਼ੇਘ ਫ੍ਰੀਬਰਗ ਨੇ 9 ਜਨਵਰੀ ਨੂੰ ਟਰਮੀਨਲ 1 ਅੰਦਰ ਇਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ, "ਉਬਰ ਡਰਾਈਵਰਾਂ ਨੂੰ ਲਗਾਤਾਰ ਹੈਰਾਨ ਕੀਤਾ ਜਾਂਦਾ ਹੈ ਅਤੇ ਚੁੱਕ ਲਿਆ ਜਾਂਦਾ ਹੈ, ਉਨ੍ਹਾਂ ਦੀਆਂ ਗੱਡੀਆਂ ਨੂੰ ਪਿੱਛੇ ਸੜਕ 'ਤੇ ਖੜ੍ਹਾ ਰਹਿਣ ਦਿੱਤਾ ਜਾਂਦਾ ਹੈ ਅਤੇ ਪਰਿਵਾਰਾਂ ਨੂੰ ਪਤਾ ਨਹੀਂ ਹੁੰਦਾ ਕਿ ਉਹ ਕਿੱਥੇ ਹਨ। ਯੂਨਾਈਟ ਹਿਅਰ ਲੋਕਲ 17 ਦੇ ਏਅਰਪੋਰਟ ਤੇ ਕੰਮ ਕਰਨ ਵਾਲੇ ਮੈਂਬਰਾਂ ਨੂੰ ਟੀ ਐੱਸ ਏ ਦੇ ਪਿੱਛੇ ਲਿਜਾਇਆ ਗਿਆ ਹੈ ਅਤੇ ਆਈਸ ਦੀਆਂ ਫਲਾਈਟਾਂ ਵਧ ਗਈਆਂ ਹਨ — ਕਈ ਵਾਰ ਦਿਨ ਵਿੱਚ ਦੋ ਵਾਰ।

ਬੰਦ ਦੀ ਅਪੀਲ ਜਾਣ ਤੋਂ ਬਾਅਦ, ਇਸ ਯਤਨ ਵਿੱਚ ਸ਼ਾਮਲ ਹੋਣ ਵਾਲੀਆਂ ਯੂਨੀਅਨਾਂ, ਕਮਿਊਨਿਟੀ ਅਤੇ ਧਾਰਮਿਕ ਸੰਗਠਨਾਂ ਦੀ ਸੂਚੀ ਵਿੱਚ ਵੱਡਾ ਵਾਧਾ ਹੋਇਆ। ਐੱਸ ਈ ਆਈ ਯੂ ਦੀ ਲੋਕਲ 26 ਅਤੇ ਯੂਨਾਈਟ ਹਿਅਰ ਦੀ ਲੋਕਲ 17 ਤੋਂ ਇਲਾਵਾ ਮਿਨੀਸੋਟਾ ਦੀਆਂ ਨਰਸਾਂ ਦੀ ਐਸੋਸੀਏਸ਼ਨ (ਇੱਕ ਹੋਰ ਮਜ਼ਬੂਤ ਯੂਨੀਅਨ) ਵੀ ਇਸ ਵਿੱਚ ਸ਼ਾਮਲ ਹੋ ਗਈ।

ਲੋਕਲ ਅਤੇ ਰੀਜਨਲ ਲੇਬਰ ਕੌਂਸਲਾਂ ਵੀ ਸ਼ਾਮਲ ਹੋਈਆਂ ਅਤੇ 20 ਜਨਵਰੀ ਨੂੰ ਮਿਨੀਸੋਟਾ ਦੇ 300,000 ਤੋਂ ਵੱਧ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਮਿਨੀਸੋਟਾ ਦੀ ਏ ਐੱਫ ਐੱਲ-ਸੀ ਆਈ ਓ ਦੇ ਐਗਜ਼ੀਕਿਊਟਿਵ ਬੋਰਡ ਨੇ ਸ਼ੁੱਕਰਵਾਰ ਦੀ ਵਰਕ ਸਟੌਪੇਜ ਦੀ ਹਿਮਾਇਤ ਕਰਨ ਲਈ ਵੋਟ ਪਾਈ।

ਯੂਨੀਅਨਾਂ ਦੀ ਲਾਮਬੰਦੀ ਸਿਰਫ਼ ਸ਼ਹਿਰੀ ਮੈਟਰੋ ਇਲਾਕਿਆਂ ਤੱਕ ਸੀਮਤ ਨਹੀਂ ਰਹੀ। ਉਦਾਹਰਨ ਲਈ ਸੂਬੇ ਭਰ ਵਿੱਚ ਪਬਲਿਕ ਸਰਵਿਸਿਜ਼, ਨਾਨਪ੍ਰੌਫਿਟ ਅਤੇ ਹੈਲਥਕੇਅਰ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਏ ਐੱਫ ਐੱਸ ਸੀ ਐੱਮ ਈ ਕੌਂਸਲ-65 (ਮਿਨੀਸੋਟਾ, ਨੌਰਥ ਡਕੋਟਾ ਅਤੇ ਸਾਊਥ ਡਕੋਟਾ) ਨੇ ਕੁਲੀਸ਼ਨ ਦੀ ਹਿਮਾਇਤ ਕਰਨ ਬਾਰੇ ਬਿਆਨ ਜਾਰੀ ਕੀਤਾ, ਭਾਵੇਂ ਕਿ ਉਹਨੇ ਕੰਮ ਨਾ ਕਰਨ ਤੱਕ ਦੀ ਗੱਲ ਨਹੀਂ ਕਹੀ।

ਮੈਸੇਚੂਸੈਟਸ ਤੋਂ ਨਿਊਯਾਰਕ, ਸ਼ਿਕਾਗੋ ਤੱਕ ਪੂਰੇ ਦੇਸ਼ ਭਰ ਵਿੱਚ ਸੌਲੀਡੈਰਿਟੀ ਐਕਸ਼ਨ ਹੋਏ। ਕੁਝ ਲੇਬਰ ਅਤੇ ਕਮਿਊਨਿਟੀ ਲੀਡਰ, ਆਰਗੇਨਾਈਜ਼ਰ ਅਤੇ ਸਮਰਥਕ ਵੀ ਇਸ ਬੰਦ ਲਈ ਮਿਨੀਸੋਟਾ ਆਏ, ਜਿਨ੍ਹਾਂ ਵਿੱਚ ਰੈਬਾਈਜ਼ ਫਾਰ ਸੀਜ਼ ਫਾਈਰ, ਜਿਹੜੇ ਧਾਰਮਕ ਲੋਕਾਂ ਵਿੱਚ ਸ਼ਾਮਲ ਹੋਏ ਅਤੇ ਸ਼ਿਕਾਗੋ ਦੀ ਟੀਚਰਜ਼ ਯੂਨੀਅਨ ਦੀ ਪ੍ਰੈਜ਼ੀਡੈਂਟ ਸਟੇਸੀ ਡੇਵਿਸ ਗੇਟਸ ਸ਼ਾਮਲ ਸਨ।

ਇਕ ਇੰਟਰਵਿਊ ਦੌਰਾਨ ਗੇਟਸ ਨੇ ਕਿਹਾ, "ਮੈਂ ਅੱਥਰੂ ਪੂੰਝ ਪੂੰਝ ਥੱਕ ਗਈ ਹਾਂ, ਲੋਕਾਂ ਨੂੰ ਗਲ ਲਾ ਲਾ ਥੱਕ ਗਈ ਹਾਂ, ਮੈਂ ਇਹ ਕਹਿ ਕਹਿ ਥੱਕ ਗਈ ਹਾਂ ਕਿ ਮੈਂ ਸੌਰੀ ਹਾਂ। ਅੱਜ ਅਸੀਂ ਉਨ੍ਹਾਂ ਲੋਕਾਂ ਨੂੰ ਵੇਖਿਆ ਜੋ ਇਹ ਕਰ ਕਰ ਤੋਂ ਥੱਕ ਗਏ ਹਨ। ਮੈਂ ਸੋਚਦੀ ਹਾਂ ਇਹ ਸ਼ਾਨਦਾਰ ਸੀ, ਅਤੇ ਮੈਂ ਸੋਚਦੀ ਹਾਂ ਕਿ ਹਰੇਕ ਨੂੰ ਇਹ ਕਰਨਾ ਪਵੇਗਾ — ਅਤੇ ਇੱਕੋ ਸਮੇਂ।

ਗੇਟਸ ਨੇ ਅੱਗੇ ਕਿਹਾ, "ਹਰ ਵਾਰ ਜਦੋਂ ਇਸ ਦੇਸ਼ ਵਿੱਚ ਸਾਡੀ ਡੈਮੋਕਰੇਸੀ ਦੀ ਸਲਾਮਤੀ ਅਤੇ ਵਾਧੇ ਬਾਰੇ ਬਹਿਸ ਹੋਈ ਹੈ, ਵਰਕਰਾਂ ਨੇ ਉਹ ਬਹਿਸ ਸੈਟਲ ਕੀਤੀ ਹੈ, ਅਤੇ ਮੈਂ ਇਸ ਵਾਰ ਵੀ ਵਰਕਰਾਂ ਤੋਂ ਇਹੀ ਉਮੀਦ ਕਰ ਰਹੀ ਹਾਂ।

*...ਵੈਨਜ਼ੁਏਲਾ ਫਿਰ ਹੜੱਪ ਲਿਆ ਗਿਆ*

# ਦੁਨੀਆ ਦਾ ਸਭ ਤੋਂ ਵੱਡਾ ਦਹਿਸ਼ਤਗਰਦ-ਅਮਰੀਕੀ ਸਾਮਰਾਜਵਾਦ

ਨਰਭਿੰਦਰ
93544-30211






ਆਖਰ ਕਈ ਮਹੀਨਿਆਂ ਦੀ ਘੇਰਾਬੰਦੀ ਤੋਂ ਪਿਛੋਂ 3 ਜਨਵਰੀ 2026 ਨੂੰ ਸੰਸਾਰ ਦੇ ਗੁੰਡਿਆਂ ਦੇ ਸਰਦਾਰ-ਅਮਰੀਕਾ ਨੇ ਵੈਨਜ਼ੁਏਲਾ 'ਤੇ ਸਿੱਧਾ ਫੌਜੀ ਹਮਲਾ ਕਰਕੇ, ਉਸ ਦੇਸ਼ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਅਤੇ ਉਹਦੀ ਪਤਨੀ ਨੂੰ ਅਮਰੀਕੀ ਫੌਜ ਚੁੱਕ ਕੇ ਆਪਣੇ ਦੇਸ਼ ਲੈ ਗਈ ਜਿਥੇ ਅਗਲੇ ਹਫ਼ਤੇ ਉਹਨੂੰ ਫੈਡਰਲ ਕੋਰਟ ਵਿਚ ਪੇਸ਼ ਕੀਤਾ ਗਿਆ। ਇਸ ਹਮਲੇ ਵਿਚ ਵੈਨਜ਼ੁਏਲਾ ਦੇ 40 ਨਾਗਰਿਕ ਅਤੇ ਫੌਜੀ ਅਧਿਕਾਰੀਆਂ ਨੂੰ ਅਮਰੀਕੀ ਫੌਜ ਨੇ ਕਤਲ ਕਰ ਦਿੱਤਾ।

ਇਹ ਅਪਰਾਧ ਕੌਮਾਂਤਰੀ ਕਾਨੂੰਨਾਂ ਅਤੇ ਸੰਯੁਕਤ ਰਾਸ਼ਟਰ ਦੇ ਚਾਰਟਰ 1945 ਦੀ ਖੁੱਲ੍ਹੀ ਉਲੰਘਣਾ ਹੈ। ਇਹ ਕੋਈ ਸਾਧਾਰਨ ਘਟਨਾ ਨਹੀਂ। ਕਿਸੇ ਦੇਸ਼ ਦੀ ਅਜ਼ਾਦੀ ਅਤੇ ਪ੍ਰਭੂਸੱਤਾ 'ਤੇ ਘਾਤਕ ਹਮਲਾ ਹੈ। ਜਦੋਂ ਇਕ ਦੇਸ਼ ਦੇ ਆਪਣੇ ਹੀ ਰਾਸ਼ਟਰਪਤੀ ਨੂੰ ਉਹਦੇ ਬੈਡਰੂਮ ਵਿਚੋਂ ਉਹਦੀ ਪਤਨੀ ਸਮੇਤ ਚੁੱਕ ਕੇ ਦੂਸਰੇ ਦੇਸ਼ ਲਿਜਾਇਆ ਜਾ ਰਿਹਾ ਹੋਵੇ ਤਾਂ ਕੌਮਾਂਤਰੀ ਕਾਨੂੰਨਾਂ ਨੇ ਨਿਯਮਾਂ ਨੇ ਕੀ ਅੱਖਾਂ ਉਤੇ ਪੱਟੀ ਬੰਨ੍ਹ ਲਈ ਹੈ, ਉਸ ਸੰਯੁਕਤ ਰਾਸ਼ਟਰ ਸੰਘ ਦੀ ਕੀ ਹੋਂਦ ਰਹਿ ਗਈ ਹੈ। ਰਾਤ ਦੇ ਹਨ੍ਹੇਰੇ 'ਚ ਨਹੀਂ, ਚਿੱਟੇ ਦਿਨ ਅਤੇ ਕੈਮਰਿਆਂ ਦੇ ਸਾਹਮਣੇ ਹੋਈ ਇਹ ਅਮਰੀਕੀ ਫੌਜੀ ਕਾਰਵਾਈ ਛੋਟੇ ਦੇਸ਼ਾਂ ਉਤੇ ਸਾਮਰਾਜੀ ਧੌਂਸ ਦਾ ਨੰਗਾ ਚਿੱਟਾ ਪ੍ਰਤੀਕ ਹੈ। ਸੰਯੁਕਤ ਰਾਸ਼ਟਰ ਸੰਘ ਹੁਣ ਕਿਹੜੀ ਬਰਾਬਰਤਾ ਦੀ ਗੱਲ ਕਰੇਗਾ, ਉਹ ਸੰਧੀਆਂ ਕੀ ਕੂੜੇਦਾਨ 'ਚ ਗੁੱਟ ਦਿੱਤੀਆਂ ਗਈਆਂ ਹਨ। ਕਾਨੂੰਨ ਦੀ ਥਾਂ ਜਦੋਂ ਟੈਂਕ ਅਤੇ ਫੌਜੀ ਹਵਾਈ ਜਹਾਜ਼

HOMELIFE
HIGHER STANDARDS
HomeLife SilverCity Realty Inc.
Brokerage Independently Owned & Operated
Harbans Singh
Sales Representative &
Insurance Advisor
Mob. 416-817-7142
905-913-8500
Fax: 415-213-9010
dharbans@hotmail.com
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR
FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Insurance Advisor

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

SimpleX
MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
WE FINANCE TOO
WE DO INSTALL & SERVICE
ALL MAJOR BRANDS
York Authorized Dealer
YORK
Ritesh Vashisht
604.657.9420
Email: simplexmechanical@hotmail.com
www.hvacsurreybc.ca

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS





ਲੈ ਲੈਣ ਤਾਂ ਇਹ ਸਵਾਲ ਪੂਰੀ ਵਿਸ਼ਵੀ ਵਿਵਸਥਾ 'ਤੇ ਹੈ। ਇਹ ਇਕ ਦੇਸ਼ ਇਕ ਦੇਸ਼ ਦੇ ਚੁਣੇ ਹੋਏ ਰਾਸ਼ਟਰਪਤੀ ਦਾ ਅਪਮਾਨ ਨਹੀਂ ਜਾਂ ਬੰਦੀ ਬਣਾਉਣ ਦੀ ਕਾਰਵਾਈ ਨਹੀਂ, ਇਹ ਵਿਸ਼ਵ ਵਿਵਸਥਾ ਨੂੰ ਬੰਦੂਕ ਦੇ ਜ਼ੋਰ ਬੰਧਕ ਬਣਾਉਣ ਦੀ ਅਪਰਾਧਿਕ ਕਾਰਵਾਈ ਹੈ।

ਜਿਹੜਾ ਗੁਣਗਾਨ ਸੰਯੁਕਤ ਰਾਜ ਅਮਰੀਕਾ ਪਿਛਲੀ ਸਦੀ ਤੋਂ ਕਰਦਾ ਆ ਰਿਹਾ ਹੈ-ਕਾਨੂੰਨ ਦਾ ਰਾਜ (Rule of Law), ਮਨੁੱਖਤਾ ਦੇ ਅਧਿਕਾਰ (Human Rights), ਵਿਸ਼ਵੀ ਨਿਆਂ (Global Justice) ਅੱਜ (3 ਜਨਵਰੀ 2026) ਉਹ ਲਫ਼ਾਜੀ ਦੇ ਪਿਛੇ ਛੁਪੇ ਅਰਕ ਸਮਝ ਆ ਰਹੇ ਹਨ। ਅੱਜ ਖ਼ੁਦ ਇਹ ਅਮਰੀਕਾ ਕੌਮਾਂਤਰੀ ਸੰਸਥਾਵਾਂ ਤੋਂ ਨਿਯਮ ਨੂੰ ਛਿੱਕੇ ਟੰਗ ਕੇ ਖ਼ੁਦ ਹੀ ਜੱਜ, ਜਿਊਰੀ ਅਤੇ ਜੱਲਾਦ ਬਣ ਕੇ ਸਾਹਮਣੇ ਆਇਆ ਹੈ। ਜੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੇ ਸੱਚੀਓਂ ਹੀ ਨਸ਼ਾ ਤਸਕਰੀ ਵਰਗੇ ਅਪਰਾਧ ਕੀਤੇ ਹਨ, ਜਿਸ ਦਾ ਦਾਅਵਾ ਅਮਰੀਕਾ ਅਤੇ ਟਰੰਪ ਕਰ ਰਿਹਾ ਹੈ, ਤਾਂ ਵੀ ਇਹ ਮਾਮਲਾ ਕੌਮਾਂਤਰੀ ਕਰੀਮੀਨਲ ਕੋਰਟ (ਰਾਜ (Rule of Law), ਮਨੁੱਖਤਾ ਦੇ ਅਧਿਕਾਰ (Human Right), ਵਿਸ਼ਵੀ ਨਿਆਂ (International Criminal Court) ਵਿਚ ਜਾਣਾ ਚਾਹੀਦਾ ਸੀ। ਸੰਯੁਕਤ ਰਾਸ਼ਟਰ ਵਲੋਂ ਕਾਰਵਾਈ ਹੁੰਦੀ। ਕੀ ਅਮਰੀਕਾ ਲਈ ਯੂ.ਐਲ.ਏ. ਵਲੋਂ ਬਣਾਏ ਨਿਯਮ ਅਲੱਗ ਹਨ ਅਤੇ ਬਾਕੀ ਦੁਨੀਆ ਲਈ ਅਲੱਗ। ਇਹ ਕਾਇਨਾਤ ਕਾਰਵਾਈ ਹੈ।

**ਇਹ ਹਮਲਾ ਪਹਿਲਾ ਨਹੀਂ** : ਦਰਅਸਲ ਇਹ ਹਮਲੇ ਵੈਨਜ਼ੁਏਲਾ 'ਤੇ 2001 ਤੋਂ ਜਾਰੀ ਸਨ। ਜਦੋਂ ਤੋਂ ਉਸ ਦੇ ਰਾਸ਼ਟਰਪਤੀ ਹਿਊਗੋ ਚਾਵੇਜ ਦੀ ਅਗਵਾਈ ਵਾਲੀ ਸਰਕਾਰ ਸੀ ਅਤੇ ਜਿਸ ਨੇ ਬੋਲਵੇਰੀਅਨ ਸੰਵਿਧਾਨ ਵਿਚ (1999) 'ਚ ਦੇਸ਼ ਦੀ ਪ੍ਰਭੂਸੱਤਾ ਕਾਇਮ ਰੱਖਦਿਆਂ ਕੁਝ ਅਜਿਹੇ ਫੈਸਲੇ ਲਏ ਸਨ ਜਿਲ੍ਹਾਂ ਨਾਲ ਸਾਮਰਾਜੀ ਚੌਧਰ ਦਾ ਮੁਖੀ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਸੀ। ਉਦੋਂ ਤੋਂ ਹੀ ਅਮਰੀਕਾ ਵੈਨਜ਼ੁਹੇਲਾ ਦੇ ਪਿਛੇ ਪਿਆ ਹੋਇਆ ਸੀ। 2001 ਵਿਚ ਅਮਰੀਕਾ ਦਾਤਾ (ਸਰਕਾਰਾਂ ਉਲਟਾਉਣ ਵਿਚ ਭੂਮਿਕਾ ਨਿਭਾਉਣ ਵਾਲੀਆਂ) ਏਜੰਸੀਆਂ ਨੇ ਉਨ੍ਹਾਂ ਸੰਗਠਨਾਂ ਨੂੰ ਵਿੱਤੀ ਪੋਸ਼ਣ ਦੇਣਾ ਸ਼ੁਰੂ ਕਰ ਦਿੱਤਾ ਸੀ, ਜਿਹੜੀਆਂ ਦੇਸ਼ ਵਿਚ ਅਸ਼ਾਂਤੀ ਫੈਲਾਉਣ 'ਚ ਭੂਮਿਕਾ ਨਿਭਆ ਰਹੀਆਂ ਸਨ ਜਿਨ੍ਹਾਂ ਵਿਚ ਨੈਸ਼ਨਲ ਐਡੋਮੈਂਟ ਫਾਰ ਡੈਮੋਕਰੇਸ਼ੀ ਅਤੇ 2002 ਵਿਚ ਤਖਤ ਪਲਟਣ ਦੀਆਂ ਕੋਸ਼ਿਸ਼ਾਂ ਵੀ ਹੋਈਆਂ। 2003-04 ਵਿਚ ਰਾਸ਼ਟਰਪਤੀ ਚਾਵੇਜ਼ ਨੂੰ ਲਾਹੁਣ ਲਈ, ਮਾਰੀਆ, ਕੋਹਿਨਾ ਮਚਾਂਡੋ ਨੂੰ ਫੰਡ ਅਤੇ ਰਾਜਨੀਤਕ ਦਿਸ਼ਾ ਨਿਰਦੇਸ਼ ਵੀ ਅਮਰੀਕਾ ਨੇ ਦਿੱਤੇ। 2004 ਵਿਚ ਚਾਵੇਜ਼ ਦੀ ਸਰਕਾਰ ਅਤੇ ਉਹਨੂੰ ਬਦਨਾਮ ਕਰਨ ਲਈ ਪੰਜ ਨੁਕਾਤੀ ਰਣਨੀਤੀ ਵੀ ਅਮਰੀਕਾ ਨੇ ਹੀ ਬਣਾਈ ਸੀ।

2015 ਵਿਚ ਜਦੋਂ ਅਮਰੀਕਾ ਦਾ ਰਾਸ਼ਟਰਪਤੀ ਬਾਰਕ ਉਬਾਮਾ ਸੀ, ਤਾਂ ਉਨ੍ਹਾਂ ਨੇ ਵੈਨਜ਼ੁਏਲਾ ਨੂੰ 'ਅਸਾਧਾਰਨ ਖਤਰਾ' ਐਲਾਨ ਕੇ ਉਸ 'ਤੇ ਕਈ ਪਾਬੰਦੀਆਂ ਲਾਈਆਂ ਸਨ। 2017 ਵਿਚ ਵੈਨਜ਼ੁਏਲਾ ਦਾ ਅਮਰੀਕੀ ਵਿੱਤੀ ਬਾਜ਼ਾਰ ਵਿਚ ਦਾਖਲਾ ਬੰਦ ਕਰ ਦਿੱਤਾ ਗਿਆ ਸੀ। 2018 ਵਿਚ ਕੌਮਾਂਤਰੀ ਬੈਂਕਾਂ ਅਤੇ ਸਿਪਿੰਗ ਕੰਪਨੀਆਂ ਨੂੰ ਅਮਰੀਕੀ ਰੋਕਾਂ ਦੀ ਪਾਲਣਾ ਕਰਨ ਲਈ ਇਹ ਨਿਰਦੇਸ਼ ਦਿੱਤੇ ਗਏ ਸਨ। ਇਸ 'ਤੇ ਕਾਰਵਾਈ ਕਰਦਿਆਂ ਬੈਂਕ ਆਫ਼ ਇੰਗਲੈਂਡ ਨੇ ਵੈਨਜ਼ੁਏਲਾ ਦੇ ਕੇਂਦਰੀ ਬੈਂਕ ਦੇ ਸੋਨੇ ਦੇ ਸਾਰੇ ਭੰਡਾਰ ਜ਼ਬਰ ਕਰ ਲਏ ਸਨ। 2019 ਵਿਚ ਜੁਆਨ ਗੁਆਈਦੋ ਨੂੰ ਅਮਰੀਕਾ ਵਲੋਂ ਪ੍ਰਮਾਣਿਤ ਰਾਸ਼ਟਰਪਤੀ ਐਲਾਨ ਕੇ ਵਿਦਰੋਹ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਅਤੇ ਨਾਲ ਹੀ ਵੈਨਜ਼ੁਏਲਾ ਦੀਆਂ ਤੇਲ ਵੇਚਣ ਦੀ ਸਮਰੱਥਾ ਨੂੰ ਫਰੀਜ਼ ਕਰਨ ਅਤੇ ਵਿਦੇਸ਼ਾਂ ਵਿਚ ਉਹਦੀਆਂ ਤੇਲ ਸੰਪਤੀਆਂ ਨੂੰ ਬੰਦ ਕਰਨ ਦੇ ਆਦੇਸ਼ ਵੀ ਦਿੱਤੇ।

2020 ਵਿਚ ਓਪਰੇਸ਼ਨ ਗਿਦੋਨ ਓਪਰੇਸ਼ਨ ਰਾਹੀਂ ਰਾਸ਼ਟਰਪਤੀ ਮਾਦੁਰੋ ਨੂੰ ਅਗਵਾ ਕਰਨ ਅਤੇ ਉਹਦੀ ਗ੍ਰਿਫ਼ਤਾਰੀ ਲਈ ਇਨਾਮ ਵੀ ਰੱਖਿਆ। ਯਾਦ ਹੋਵੇਗਾ ਕਿ ਇਹ ਉਹੀ ਦੌਰ ਸੀ ਜਦੋਂ ਕਰੋਨਾ ਮਹਾਂਮਾਰੀ ਛਾਈ ਹੋਈ ਸੀ ਅਤੇ ਅਮਰੀਕਾ ਵੈਨਜ਼ੁਏਲਾ 'ਤੇ ਕੌਮਾਂਤਰੀ ਮੁਦਰਾ ਕੋਸ਼ ਤੇ ਹੋਰ ਢੰਗਾਂ ਰਾਹੀਂ ਦਬਾਅ ਵਧਾ ਰਿਹਾ ਸੀ।

2025 ਵਿਚ ਨੋਬਲ ਇਨਾਮ ਕਮੇਟੀ ਨੇ ਇਹ ਸੁਝਾਅ ਭੇਜਿਆ ਕਿ ਮਾਦੁਰੋ ਨੂੰ ਰਾਸ਼ਟਰਪਤੀ ਦਾ ਅਹੁਦਾ ਤਿਆਗ ਦੇਣਾ ਚਾਹੀਦਾ ਹੈ ਅਤੇ ਇਸਦੇ ਬਦਲੇ ਮਾਰੀਆ ਕੋਰਿਨਾ ਮਚਾਂਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਤੋਹਫ਼ੇ ਵਿਚ ਦਿੱਤਾ ਜਾਵੇਗਾ।

2025 ਦੇ ਅਖੀਰ ਤੇ 2026 ਦੇ ਪਹਿਲੇ ਦਿਨ ਵੈਨਜ਼ੁਏਲਾ ਦੇ ਸਮੁੰਦਰੀ ਤੱਟਾਂ 'ਤੇ ਛੋਟੀਆਂ ਸਮੁੰਦਰੀ ਬੇੜੀਆਂ 'ਤੇ ਹਮਲਾ, ਵੈਨਜ਼ੁਏਲਾ 'ਤੇ ਪਾਬੰਦੀਆਂ ਲਾਉਣ ਲਈ ਖਤਰਨਾਕ ਫੌਜੀ ਬੇੜੇ ਨੂੰ ਤਾਇਨਾਤ ਕੀਤਾ ਗਿਆ ਤੇ ਵੈਨਜ਼ੁਏਲਾ ਦੇ ਤੇਲ ਵਾਲੇ ਜਹਾਜ਼ਾਂ ਨੂੰ ਜ਼ਬਤ ਕਰ ਲਿਆ ਗਿਆ। ਭਾਵ ਸਿੱਧਾ ਸਮੁੰਦਰੀ ਡਾਕੂਆਂ ਵਾਲਾ ਰੂਪ ਸਾਹਮਣੇ ਆਇਆ।

ਸੋ ਤਿੰਨ ਜਨਵਰੀ 2026 ਨੂੰ ਜੋ ਕੁਝ ਵਾਪਰਿਆ ਇਹ ਉਸੇ ਲੜੀ ਦਾ ਹਿੱਸਾ ਹੈ।

**ਅਮਰੀਕਾ ਛੋਟੇ ਜਿਹੇ ਦੇਸ਼ ਵੈਨਜ਼ੁਏਲਾ ਤੋਂ ਐਨਾ ਖਫ਼ਾ ਕਿਉਂ ਹੈ?** : ਇਸ ਲਈ ਚਾਰ ਮਹੀਨੇ ਪਹਿਲਾਂ, ਅਮਰੀਕੀ ਹੋਮਲੈਂਡ ਸਿਕਿਓਰਿਟੀ ਸਾਲਾਹ ਸਟੀਫ਼ਨ ਮਿਲਰ ਦੇ ਕਹੇ ਸ਼ਬਦਾਂ ਨੂੰ ਸਾਂਝਾ ਕਰ ਲਈਏ ਜਿਸ 'ਚ ਉਹਨੇ ਇਹ ਕਿਹਾ ਸੀ, "ਅਮਰੀਕਾ ਦੇ ਖ਼ੂਨ ਪਸੀਨੇ, ਬੁੱਧੀ ਅਤੇ ਮਿਹਨਤ ਨੇ ਵੈਨਜ਼ੁਏਲਾ ਵਿਚ ਤੇਲ ਉਦਯੋਗ ਬਣਾਇਆ ਸੀ, ਉਸ ਉਤੇ ਤਾਨਾਸ਼ਾਹ ਜ਼ਬਤੀ ਅਮਰੀਕੀ ਸੰਪਤੀ ਦੀ ਦਰਜ ਸਭ ਤੋਂ ਵੱਡੀ ਚੋਰੀ ਹੈ।' ਅਮਰੀਕਾ ਲਾਤੀਨੀ ਅਮਰੀਕਨ ਇਸ ਦੇਸ਼ ਦੇ ਤੇਲ ਭੰਡਾਰਾਂ ਨੂੰ ਆਪਣੀ ਸੰਪਤੀ ਸਮਝਦਾ ਹੈ। ਵੈਨਜ਼ੁਏਲਾ ਵਿਚ ਦੁਨੀਆ ਨਾਲੋਂ ਸਭ ਤੋਂ ਵੱਧ ਤੇਲ ਦੇ ਭੰਡਾਰ ਹਨ। 3.12 ਕਰੋੜ ਦੀ ਆਬਾਦੀ ਵਾਲੇ ਵੈਨਜ਼ੁਏਲਾ ਦੀ ਧਰਤੀ ਹੇਠ ਤੇਲ, ਕੁਦਰਤੀ ਗੈਸ ਸੋਨਾ, ਲੋਹਾ, ਬਕਸਾਈਟ, ਹੀਰੇ ਆਦਿ ਖਣਿਜ ਪਦਾਰਥ ਹਨ।

ਵੈਨਜ਼ੁਏਲਾ ਦੀ ਧਰਤੀ ਹੇਠ 303 ਬਿਲੀਅਨ ਬੈਰਲ ਤੇਲ ਦਾ ਭੰਡਾਰ ਹੈ, ਜਦੋਂਕਿ ਸਾਊਦੀ ਅਰਬ ਕੋਲ 276 ਬਿਲੀਅਨ ਬੈਰਲ, ਇਰਾਨ ਕੋਲ 209, ਕੈਨੇਡਾ ਕੋਲ 163, ਇਰਾਨ ਕੋਲ 145, ਯੂ.ਏ.ਈ. ਕੋਲ 113, ਕੁਵੈਤ ਕੋਲ 102, ਰੂਸ ਕੋਲ 80, ਅਮਰੀਕਾ ਕੋਲ 74 ਬਿਲੀਅਨ ਬੈਰਲ, ਲਿਬੀਆ ਕੋਲ 48 ਬਿਲੀਅਨ ਬੈਰਲ। ਦਰਅਸਲ ਦੁਨੀਆ ਦੀ ਸਭ ਤੋਂ ਵੱਧ ਤੇਲ ਸੰਪਤੀ ਦੇ ਮਾਲਕ ਵੈਨਜ਼ੁਏਲਾ ਦੀ ਤੇਲ ਸਨਅਤ ਉਸਾਰਨ ਵਿਚ ਅਮਰੀਕੀ ਕੰਪਨੀਆਂ ਦੀ ਭੂਮਿਕਾ ਰਹੀ ਹੈ। ਇਹ ਟਕਰਾਅ ਉਦੋਂ ਸ਼ੁਰੂ ਹੋਇਆ ਜਦੋਂ ਹਿਊਮ ਚਾਵੇਜ਼ ਰਾਸ਼ਟਰਪਤੀ ਬਣੇ, ਜਿਹੜੇ ਸਮਾਜਵਾਦੀ ਵਿਚਾਰਾਂ ਦੇ ਸਨ ਅਤੇ ਸਾਮਰਾਜਵਾਦੀ ਨੀਤੀਆਂ ਦੇ ਵਿਰੋਧੀ ਸਨ। ਉਨ੍ਹਾਂ 1999 ਵਿਚ ਦੇਸ਼ ਦਾ ਨਵਾਂ ਸੰਵਿਧਾਨ ਬਣਾਇਆ ਅਤੇ ਜਿਹੜੀ ਆਰਥਿਕ ਤੇ ਵਿਦੇਸ਼ ਨੀਤੀ ਬਣਾਈ ਉਹ ਅਮਰੀਕਾ ਨੂੰ ਕਦੇ ਰਾਸ ਨਹੀਂ ਆਈ। ਜਿਸ ਕਰਕੇ ਉਹ ਵੈਨਜ਼ੁਏਲਾ ਨੂੰ ਹੜਪਣ ਦੀ ਹਰ ਕੋਸ਼ਿਸ਼ ਕਰਦੇ ਰਹੇ। ਚਾਵੇਜ਼ ਨੇ ਤਾਂ ਯੂ.ਐਨ.ਓ. ਦੇ ਇਕ ਭਾਸ਼ਣ ਵਿਚ ਜਾਰਜ ਬੁਸ਼ ਨੂੰ ਸ਼ੈਤਾਨ ਤੱਕ ਕਹਿ ਦਿੱਤਾ ਸੀ। ਚਾਵੇਜ਼ 2012 ਵਿਚ ਕੈਂਸਰ ਦੀ ਬਿਮਾਰੀ ਨਾਲ ਪੂਰੇ ਹੋ ਗਏ।

ਚਾਵੇਜ਼ ਦੀ ਮੌਤ ਪਿਛੋਂ ਹੀ ਨਿਕੋਲਸ ਮੁਦੋਰੀ ਰਾਸ਼ਟਰਪਤੀ ਬਣੇ। ਇਨ੍ਹਾਂ ਉਨ੍ਹਾਂ ਨੀਤੀਆਂ ਨੂੰ ਹੀ ਚਲਦਾ ਰੱਖਿਆ। ਬੇਸ਼ੱਕ ਇਸ 'ਤੇ ਹਰ ਪਾਸਿਓਂ ਦਬਾਅ ਬਣਦਾ ਰਿਹਾ।

ਸਿਰਫ਼ ਤੇਲ ਹੀ ਨਹੀਂ-ਸਵਾਲ ਡਾਲਰ ਦੀ ਸਰਦਾਰੀ ਦਾ ਵੀ ਹੈ।

ਵੈਨਜੁਏਲਾ ਆਪਣਾ ਤੇਲ 2018 ਤੋਂ, ਯੂਆਨ (ਚੀਨੀ ਕਰੰਸੀ), ਯੂਰੋ ਅਤੇ ਰੂਬਲ ਦੀ ਮੁਦਰਾ ਲੈ ਕੇ ਵੇਚ ਰਿਹਾ ਹੈ। ਜਦੋਂਕਿ ਮੰਡੀ ਵਿਚ ਸਰਦਾਰੀ ਅਮਰੀਕੀ ਡਾਲਰ ਦੀ ਚਲੀ ਆ ਰਹੀ ਸੀ। ਉਹਨੇ ਬਹਿਕਸ (Brics) 'ਚ ਸ਼ਾਮਲ ਹੋਣ ਦੀ ਬੇਨਤੀ ਵੀ ਕੀਤੀ ਹੈ ਅਤੇ ਉਹਦੇ ਤੇਲ ਦਾ ਖ਼ਰੀਦਦਾਰ ਵਿਸ਼ੇਸ਼ ਕਰਕੇ ਚੀਨ ਹੈ।

ਅਮਰੀਕਾ ਲਈ 2018 ਤੋਂ ਪਿਛੋਂ ਵੱਡੀ ਸੱਟ ਉਹਦੇ ਡਾਲਰ ਦੀ ਕੀਮਤ ਕੌਮਾਂਤਰੀ ਮੰਡੀ ਵਿਚ ਘਟਨਾ ਹੈ। ਅਮਰੀਕੀ ਅਰਥ ਵਿਵਸਥਾ ਟਿਕੀ ਹੀ ਡਾਲਰ 'ਤੇ ਹੈ। ਯਾਦ ਹੋਵੇਗਾ 1974 'ਚ ਹੈਨੇਰੀ ਕਸਿੰਜਰ ਨੇ ਸਾਊਦੀ ਅਰਬ ਜੋ ਸਮਝੌਤਾ ਕੀਤਾ ਸੀ ਤੇ ਜਿਹੜਾ ਫਿਰ ਦੁਨੀਆ 'ਚ ਲਾਗੂ ਹੋਇਆ ਕਿ ਦੁਨੀਆ ਭਰ ਵਿਚ ਵਿਕਣ ਵਾਲਾ ਸਾਰਾ ਤੇਲ ਅਮਰੀਕੀ ਡਾਲਰ ਨਾਲ ਹੀ ਵਿਕੇਗਾ ਅਤੇ ਇਸ ਦੇ ਬਦਲ ਵਿਚ ਅਮਰੀਕਾ ਇਨ੍ਹਾਂ ਦੇਸਾਂ ਨੂੰ ਫੌਜੀ ਸੁਰੱਖਿਆ ਮੁਹੱਈਆ ਕਰੇਗਾ। ਇਸ ਸਮਝੌਤੇ ਨੇ ਡਾਲਰ ਦੀ ਮੰਗ ਵਧਾ ਦਿੱਤੀ ਅਤੇ ਫਿਰ ਅਮਰੀਕੀ ਬੈਂਕਾਂ ਨੇ ਧੜਾਧੜ ਡਾਲਰ ਛਾਪਣੇ ਸ਼ੁਰੂ ਕਰ ਦਿੱਤੇ ਕਿਉਂਕਿ ਹਰ ਦੇਸ਼ ਨੂੰ ਤੇਲ ਖ਼ਰੀਦਣ ਲਈ ਡਾਲਰ ਦੀ ਲੋੜ ਸੀ। ਇਸ ਪਿਛੋਂ ਹੀ ਕੌਮਾਂਤਰੀ ਆਰਥਿਕ ਮਾਹਿਰਾਂ ਨੇ ਅਮਰੀਕੀ ਡਾਲਰ ਨੂੰ ਪੈਟਰੋ ਡਾਲਰ ਦਾ ਨਾਮਕਰਨ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਪੌਂਡ ਤੇ ਸੋਨੇ ਦੀ ਸਰਦਾਰੀ ਸੀ। ਪੈਟਰੋ ਡਾਲਰ ਦਾ ਰੁਤਬਾ ਮਿਲਣ 'ਤੇ ਅਮਰੀਕਾ ਨੂੰ ਬੇਅਥਾਹ ਮੁਨਾਫ਼ੇ ਹੋਏ, ਇਸ ਰਾਸ਼ੀ ਨਾਲ ਹੀ ਉਹਨੇ ਆਪਣੇ ਫੌਜੀ ਫੰਡਾਂ ਨੂੰ ਵਧਾ ਕੇ ਫੌਜ ਨੂੰ ਆਧੁਨਿਕ ਰੂਪ ਦਿੱਤਾ ਤੇ ਨਾਲ ਹੀ ਇਕ ਕਲਿਆਣਕਾਰੀ ਰਾਜ ਵੀ ਬਣਾ ਗਿਆ ਤੇ ਉਹਦੀ ਮੰਡੀ ਵਿਚ ਧੌਂਸ ਵੀ ਬਣਦੀ ਗਈ। ਜੇ ਕਿਹਾ ਜਾਵੇ ਤਾਂ ਪੈਟਰੋ ਡਾਲਰ ਅਮਰੀਕੀ ਵਿਸ਼ਵ ਸਰਦਾਰੀ ਲਈ ਏਅਰਕਰਾਫਟ ਕੈਰੀਅਰ ਜਾਂ ਹਵਾਈ ਲੜਾਕੂ ਫੌਜ ਨਾਲੋਂ ਵੀ ਵੱਧ ਮਹੱਤਵਪੂਰਨ ਸੀ ਤੇ ਹੈ। ਉਹ ਹੋਰ ਬਰਦਾਸ਼ਤ ਕਰ ਸਕਦਾ ਹੈ ਪਰ ਡਾਲਰ ਦੀ ਕੀਮਤ ਡਿੱਗੇ, ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਵੈਨਜ਼ੁਏਲਾ ਦੇ ਚੀਨ ਦੀ ਮੁਦਰਾ ਯੂਆਨ ਨਾਲ ਭੁਗਤਾਨ ਦਾ ਸਿੱਧਾ ਚੈਨਲ ਬਣਨਾ ਅਮਰੀਕਾ ਲਈ ਗਲੇ ਦੀ ਹੱਡੀ ਸੀ ਤੇ ਹੈ।

ਇਹ ਵੈਨਜ਼ੁਏਲਾ ਹੀ ਨਹੀਂ। ਯਾਦ ਹੋਵੇਗਾ 2000 ਵਿਚ ਸੱਦਾਮ ਹੁਸੈਨ ਨੇ ਵੀ ਇਹੋ ਫੈਸਲਾ ਲਿਆ ਸੀ ਕਿ ਉਹ ਤੇਲ ਡਾਲਰ ਨਹੀਂ, ਇਰਾਕੀ ਤੇਲ ਯੂਰੋ ਨਾਲ ਵੇਚੇਗਾ। 2003 ਵਿਚ ਇਰਾਕ 'ਤੇ ਹਮਲਾ 'ਤੇ ਸੁਦਾਮ ਹੁਸੈਨ ਦੀ ਫਾਂਸੀ ਪਿਛੋਂ ਇ+ਾਕੀ ਤੇਲ ਵੀ ਡਾਲਰ ਨਾਲ ਵਿਕਣ ਲੱਗਾ।

2009 ਵਿਚ ਗਦਾਫੀ ਨੇ ਵੀ ਵਪਾਰ ਲਈ ਸੋਨਾ ਜਾਂ ਅਫਰੀਕੀ ਗੋਲਡ ਦੀਨਾਰ ਨੂੰ ਅਪਣਾਇਆ ਅਤੇ ਇਸੇ ਨਾਲ ਤੇਲ ਵੇਚਿਆ। ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਹਿਲੇਰੀ ਕਲਿੰਟਨ ਦੀ ਜਿਹੜੀ ਈ-ਮੇਲ ਜੱਗ ਜ਼ਾਹਿਰ ਹੋਈ ਸੀ, ਉਹ ਅਮਰੀਕੀ ਚਿਹਰੇ ਨੂੰ ਬੇਪੜਦ ਕਰਦੀ ਹੈ ਕਿ "ਇਹ ਸੋਨਾ ਲਿਬੀਆ ਦੇ ਗੋਲਡ ਦੀਨਾਰ 'ਤੇ ਆਧਾਰਤ ਪੈਨ ਅਫਰੀਕੀ ਮੁਦਰਾ ਸਥਾਪਤ ਕਰਨ ਲਈ ਸੀ।" 2011 'ਚ ਲਿਬੀਆ 'ਤੇ ਬੰਬਾਰੀ ਅਤੇ ਕਰਨਲ ਗਦਾਫੀ ਦੀ ਹੱਤਿਆ ਪਿਛੋਂ ਲਿਬੀਆ ਅੱਜ ਖੁੱਲ੍ਹਾ ਗੁਲਾਮ ਬਾਜ਼ਾਰ ਹੈ। ਯਾਦ ਹੋਣਗੇ ਅਮਰੀਕੀ ਕਵਿੰਟਟ ਦੇ ਕੈਮਰੇ ਉਤੇ ਕਹੇ ਸ਼ਬਦ 'We Came, We Saw he died'! ਅਸੀਂ ਆਏ, ਅਸੀਂ ਵੇਖਿਆ ਉਹ ਮਰਿਆ ਹੋਇਆ ਸੀ। ਗੋਲਡ ਦੀਨਾਰ ਉਹਦੇ ਨਾਲ ਹੀ ਮਰ ਗਿਆ।

ਵੈਨਜ਼ੁਏਲਾ ਦੀ ਚੀਨੀ ਕਰੰਸੀ ਨਾਲ ਤੇਲ ਵੇਚਣ ਅਤੇ ਬ੍ਰਿਕਸ ਵਿਚ ਸ਼ਾਮਲ ਹੋਣ ਦੀ ਬੇਨਤੀ-ਇਹ ਦੋਵੇਂ ਹੀ ਫੈਸਲੇ ਛੋਟੇ ਜਿਹੇ ਲਾਤੀਨੀ ਅਮਰੀਕੀ ਦੇਸ਼ ਲਈ ਬਹੁਤ ਅਹਿਮ ਸਨ। ਇਉਂ ਵਿਸ਼ਵ ਡੀ-ਡਾਲਰਾਈਜੇਸ਼ਨ ਦੇ ਤਿੰਨ ਪ੍ਰਮੁੱਖ ਦੇਸ਼ਾਂ, ਚੀਨ, ਰੂਸ ਅਤੇ ਇਰਾਨ ਦੇ ਨਾਲ ਸਾਂਝੇਦਾਰੀ ਵਰਤ ਵਧਣਾ ਅਮਰੀਕਾ ਨੂੰ ਕਿਵੇਂ ਬਰਦਾਸ਼ਤ ਹੁੰਦਾ। ਅਮਰੀਕੀ ਕਹਿ ਤਾਂ ਰਹੇ ਹਨ ਵੈਨਜ਼ੁਏਲਾ ਦਾ ਤੇਲ ਅਮਰੀਕਾ ਦੀ ਮਾਲਕੀ ਹੈ, ਕਿਉਂਕਿ 100 ਸਾਲ ਪਹਿਲਾਂ ਅਮਰੀਕੀ ਕੰਪਨੀਆਂ ਨੇ ਹੀ ਇਹਨੂੰ ਪਹਿਚਾਣਿਆ ਅਤੇ ਕੱਢਣਾ ਸ਼ੁਰੂ ਕੀਤਾ ਸੀ। ਉਹ ਵੈਨਜ਼ੁਏਲਾ ਦੇ ਲੋਕਾਂ ਅਤੇ ਹਕੂਮਤਾਂ 'ਤੇ ਉਲਟਾ ਇਲਜ਼ਾਮ ਲਾ ਰਹੇ ਸਨ ਕਿ ਇਹ ਅਮਰੀਕੀ ਸਾਧਨਾਂ ਦੀ ਚੋਰੀ ਹੈ।

ਪੈਟਰੋ ਡਾਲਰ ਨੂੰ ਕਈ ਪਾਸਿਓਂ ਮਾਰ ਪੈ ਰਹੀ ਹੈ। ਰੂਸ, ਯੂਕਰੇਨ ਜੰਗ ਪਿਛੇ, ਰੂਬਲ ਤੇ ਯੂਆਨ ਵਿਚ ਤੇਲ ਵੇਚ ਰਿਹਾ ਹੈ। ਸਾਊਦੀ ਅਰਬ ਖੁੱਲ੍ਹ ਕੇ ਯੂਆਨ ਸੈਟਲਮੈਂਟ ਉਤੇ ਚਰਚਾ ਕਰ ਰਿਹਾ ਹੈ। ਇਰਾਨ ਸਾਲਾਂ ਤੋਂ ਗੈਰ ਡਾਲਰ ਮੁਦਰਾਵਾਂ ਵਿਚ ਵਪਾਰ ਕਰ ਰਿਹਾ ਹੈ। ਚੀਨ ਜਿਹੜੀਆਂ ਕੌਮਾਂਤਰੀ ਸੰਸਥਾਵਾਂ ਖੜ੍ਹੀਆਂ ਕਰ ਰਿਹਾ ਹੈ ਜਿਸ ਨਾਲ ਸਿੱਧੇ ਅਸਿੱਧੇ 185 ਦੇਸ਼ਾਂ ਵਿਚ 4800 ਬੈਂਕਾਂ ਨਾਂਲ ਰਿਸ਼ਤਾ ਹੈ, ਵਿਚ ਵੀ ਵਪਾਰ ਤੇ ਲੈਣ ਦੇਣ ਲਈ ਨਵੀਂ ਮੁਦਰਾ ਦਾ ਏਜੰਡਾ ਹੈ। ਬਹਿਕਸ ਸਪਸ਼ਟ ਰੂਪ ਵਿਚ ਡਾਲਰ ਬਾਈ ਪਾਸ ਕਰਨ ਵਾਲੀਆਂ ਭੁਗਤਾਨ



ਪ੍ਰਣਾਲੀਆਂ ਬਣਾ ਰਿਹਾ ਹੈ। ਹੁਣ ਤਾਂ ਵਿੱਤੀ ਖੇਤਰਾਂ ਵਿਚ ਬਹੁਤ ਸਾਰੇ ਵਪਾਰਕ ਅਦਾਨ ਪ੍ਰਦਾਨ ਸਥਾਨਕ ਮੁਦਰਾਵਾਂ ਵਿਚ ਟਰੇਂਡ ਸੈਟਲ ਕਰਨ ਦੀ ਇਜਾਜ਼ਤ ਦਿੰਦਾ ਹੈ।

ਖੈਰ ਵੈਨਜ਼ੁਏਲਾ ਦੇ ਤੇਲ ਨੂੰ ਚੀਨ ਵਲੋਂ ਯੂਆਨ 'ਚ ਖ਼ਰੀਦੇ ਜਾਣ ਨਾਲ ਅਮਰੀਕਾ ਨੂੰ ਬਹੁਤ ਵੱਡਾ ਆਰਥਿਕ ਨੁਕਸਾਨ ਉਠਾਉਣਾ ਪੈ ਰਿਹਾ ਸੀ ਤੇ ਹੈ। ਇਸ ਹਮਲੇ ਨਾਲ ਡੀ-ਡਾਲਰਾਈਜੇਸ਼ਨ ਉਤੇ ਵਿਚਾਰ ਕਰਨ ਵਾਲੇ ਦੇਸ਼ਾਂ ਨੂੰ ਵੀ ਇਕ ਸੰਦੇਸ਼ ਦਿੱਤਾ ਗਿਆ ਹੈ। ਜੇ ਡਾਲਰ ਨੂੰ ਚੁਣੌਤੀ ਦੇਵੋਗੇ ਤਾਂ ਤੁਹਾਡੇ 'ਤੇ ਵੀ ਇਹੋ ਜਿਹੀ ਬੰਬਾਰੀ ਹੋਵੇਗੀ। ਬਹਿਕਸ ਦੇਸ਼ਾਂ ਲਈ ਵੀ ਸੋਚਣਾ ਪਵੇਗਾ ਕਿ ਡਾਲਰ ਤੋਂ ਬਾਹਰ ਵਿਉਪਾਰ ਕਰਨ 'ਤੇ ਕੀ ਦੇਸ਼ਾਂ ਉਤੇ ਹਮਲਾ ਹੋ ਜਾਵੇਗਾ। ਬੇਸ਼ੱਕ ਇਹ ਸਵਾਲ ਵੀ ਖੜ੍ਹਾ ਹੈ ਕਿ ਕੀ ਇਹ ਹਮਲਾ, ਡੀ-ਡਾਲਰਾਈਜੇਸ਼ਨ ਨੂੰ ਰੋਕੇਗਾ ਜਾਂ ਹੋਰ ਤੇਜ਼ ਕਰ ਦੇਵੇਗਾ? ਪਰ ਇਹ ਸੰਦੇਸ਼ ਕਿ ਡਾਲਰ ਦੀ ਸਰਦਾਰੀ ਨੂੰ ਧਮਕੀ ਦੇਣ 'ਤੇ ਕੀ ਹੋ ਸਕਦਾ ਹੈ। ਪਾਗਲਪਣ ਦੇ ਹਿਕ ਸੰਕੇਤ ਹਨ। ਟਰੰਪ ਬੌਖਲਾਹਟ ਵਿਚ ਹੈ। ਦੁਨੀਆ ਹੁਣ ਪਿਛਲੀ ਸਦੀ ਦੇ 70ਵੇਂ ਦਹਾਕੇ ਵਾਲੀ ਨਹੀਂ।

ਯਾਦ ਹੋਵੇਗਾ 1990 ਵਿਚ ਪਨਾਮਾ ਉਤੇ ਵੀ ਹਮਲਾ 3 ਜਨਵਰੀ ਨੂੰ ਹੀ ਹੋਇਆ ਸੀ। ਇਹ ਨਹਿਰ ਸੁਏਜ਼ ਉਤੇ ਸਰਦਾਰੀ ਦਾ ਮਾਮਲਾ ਸੀ ਅਤੇ ਹੁਣ 3 ਜਨਵਰੀ 26 ਨੂੰ 36 ਸਾਲਾਂ ਦੇ ਵਕਫ਼ੇ ਪਿਛੋਂ ਵੈਨਜ਼ੁਏਲਾ 'ਤੇ ਹਮਲਾ, ਸੰਸਾਥਨਾ, ਵਿਓਪਾਰ ਤੇ ਸਮੁੰਦਰੀ ਮਾਰਗਾਂ ਉਤੇ ਇਕੋ ਵਿਸ਼ਵ ਮੁੰਡੇ ਸਰਦਾਰ ਦੀ ਚੌਧਰ ਦਾ ਸਵਾਲ ਹੈ।

ਅਮਰੀਕੀ ਕੰਪਨੀਆਂ ਪਹਿਲਾਂ ਹੀ ਲਾਈਨ ਵਿਚ ਸਨ ਕਿ ਉਹ ਵੈਨਜ਼ੁਏਲਾ ਵਿਚੋਂ ਤੇਲ ਕੱਢਣਗੀਆਂ, ਇਸ ਦੀ ਪੁਸ਼ਟੀ ਪੋਲਿਟਿਕੋ ਦੀ ਰਿਪੋਰਟ ਤੋਂ ਹੁੰਦੀ ਹੈ। ਅੱਜ 4 ਜਨਵਰੀ ਨੂੰ ਰਾਸ਼ਟਰਪਤੀ ਟਰੰਪ ਨੇ ਕਹਿ ਹੀ ਦਿੱਤਾ ਹੈ ਕਿ 4 ਅਮਰੀਕੀ ਕੰਪਨੀਆਂ ਵੈਨਜ਼ੁਏਲਾ ਵਿਚੋਂ ਤੇਲ ਕੱਢਣ ਦਾ ਕੰਮ ਸ਼ੁਰੂ ਕਰਨਗੀਆਂ। ਚਾਰ ਜਨਵਰੀ ਤੋਂ ਇਕ ਦਿਨ ਪਹਿਲਾਂ ਹਮਲਾ ਵੀ ਗਿਣਤੀ ਮਿਣਤੀ ਕਰਕੇ ਹੋਇਆ ਹੈ ਕਿਉਂਕਿ ਅੱਜ (4 ਜਨਵਰੀ) ਨੂੰ ਹੀ ਅਮਰੀਕੀ ਲੰਪਟ ਬਦਮਾਸ਼ ਨੇ ਅਮਰੀਕੀ ਸੰਸਦਾਂ ਦੇ ਸਾਹਮਣੇ ਸਾਲਾਨਾ ਭਾਸ਼ਣ ਦੇਣਾ ਸੀ ਜੋ ਦਿੱਤਾ ਅਤੇ ਆਪਣੀਆਂ ਵੱਡੀਆਂ ਪ੍ਰਾਪਤੀਆਂ ਅਤੇ ਬਹੁਤ ਵੱਡੀ ਜਿੱਤ ਕਿਹਾ।

ਪਰ ਉਧਰ ਅਮਰੀਕਾ ਦੇ ਸਾਰੇ ਸ਼ਹਿਰਾਂ ਅਤੇ ਵਿਸ਼ਵ ਵਿਚ ਉਹਦੀ ਇਸ ਕਾਇਨਾਤਾ ਕਾਰਵਾਈ ਦੇ ਵਿਰੁੱਧ ਦੁਨੀਆ ਦੇ ਲੋਕ ਸੜਕਾਂ 'ਤੇ ਨਿਕਲ ਆਏ ਹਨ। ਅਮਰੀਕੀ ਲੋਕ ਜਾਣਦੇ ਹਨ ਇਸ ਨਾਲ ਅਮਰੀਕਾ ਨੂੰ ਇਕ ਹੋਰ ਯੁੱਧ ਵਿਚ ਟਰੰਪ ਨੇ ਧੱਕ ਦਿੱਤਾ ਹੈ। ਇਰਾਕ ਅਤੇ ਅਫ਼ਗਾਨਿਸਤਾਨ ਵਿਚ ਹਜ਼ਾਰਾਂ ਅਮਰੀਕੀਆਂ ਨੂੰ ਨਾ ਸਿਰਫ਼ ਜਾਨ ਗਵਾਉਣੀ ਪਈ ਸਗੋਂ ਕਰੋੜਾਂ ਡਾਲਰ ਵੀ ਬਰਬਾਦ ਹੋਏ।

ਅਮਰੀਕਾ ਜੋ ਕੌਮਾਂਤਰੀ ਗੁੰਡਾ ਗਰੋਹਾਂ ਦਾ ਸਰਗਨਾ ਹੈ, ਦੀਆਂ ਅਜਿਹੀਆਂ ਕਾਰਵਾਈਆਂ ਦੀਆਂ ਸੈਂਕੜੇ ਮਿਸਾਲਾਂ ਹਨ। ਵੈਨਜ਼ੁਏਲਾ ਉਨ੍ਹਾਂ 'ਚੋਂ ਇਕ ਹੈ। ਇਸ ਹਮਲੇ ਨਾਲ ਜਿਥੇ ਤੇਲ ਦੀ ਅਪੂਰਤੀ ਵਿਚ ਰੁਕਾਵਟ ਪਵੇਗੀ, ਉਥੇ ਤੇਲ ਦੀਆਂ ਕੀਮਤਾਂ ਵਿਚ ਵੀ ਵਿਸ਼ਵ ਮੰਡੀ ਵਿਚ ਵਾਧਾ ਹੋਣ ਦੇ ਆਸਾਰ ਹਨ, ਜਿਸ ਨਾਲ ਵਿਸ਼ਵ ਪੱਧਰ 'ਤੇ ਮਹਿੰਗਾਈ ਵਧੇਗੀ ਅਤੇ ਬਾਜ਼ਾਰ ਵਿਚ ਅਸਥਿਰਤਾ ਆਵੇਗੀ ਜਿਸ ਦਾ ਜ਼ਿਕਰ ਕਿਸੇ ਹੋਰ ਲੇਖ 'ਚ ਕੀਤਾ ਜਾ ਸਕਦਾ ਹੈ।

ਪਰ ਡਾਲਰ ਦੀ ਸਰਦਾਰੀ ਲਈ ਬੰਬਾਰੀ ਤੇ ਰਾਸ਼ਟਰਪਤੀ ਤੱਕ ਨੂੰ ਅਗਵਾ ਕਰਨ ਤੱਕ ਪਹੁੰਚਣਾ, ਡਾਲਰ ਦੀ ਡਿੱਗਦੀ ਸਾਖ਼ ਨੂੰ ਬਚਾ ਨਹੀਂ ਸਕੇਗਾ। ਜਦੋਂ ਬਹਿਕਸ (ਬ੍ਰਾਜ਼ੀਲ, ਚੀਨ, ਇਜੈਪਟ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਇਰਾਨ, ਰੂਸ, ਸਾਊਥ ਅਫ਼ਰੀਕਾ ਤੇ ਯੁਕਤ ਅਰਬ ਅਮੀਰਾਤ) ਕੋਲ ਵਿਸ਼ੇਸ਼ ਜੀ.ਡੀ.ਪੀ. ਦਾ 40 ਫੀਸਦੀ ਕੰਟਰੋਲ ਹੋਵੇਗਾ ਤਾਂ ਇਹ ਕਹਿ ਦੇਵੇ ਕਿ -'ਬਸ-ਹੁਣ ਕਾਫ਼ੀ ਹੋ ਗਿਆ-ਡਾਲਰ'-ਤਾਂ ਕੀ ਡਾਲਰ ਸਰਦਾਰੀ ਲਈ ਹਰ ਥਾਂ ਹਿੰਸਾ 'ਤੇ ਬੰਬਾਰੀ ਉਤੇ ਹੀ ਉਤਰ ਆਵੇਗਾ।

ਅਤੇ ਜਦੋਂ ਕੋਈ ਦੇਸ਼ ਆਪਣੀ ਮੁਦਰਾ ਸਥਾਪਤ ਕਰਨ ਲਈ ਦੁਨੀਆ ਦੇ ਦੂਸਰੇ ਦੇਸ਼ਾਂ 'ਤੇ ਬੰਬਾਰੀ ਉਤੇ ਉਤਰ ਆਵੇ ਤਾਂ ਸਮਝੋ ਉਹਦੀ ਮੁਦਰਾ ਮਰ ਚੁੱਕੀ ਹੈ। ਵੈਨਜ਼ੁਏਲਾ ਸੁਰੱਖਿਅਤ ਨਹੀਂ, ਉਹ ਹੜੱਪਿਆ ਜਾਵੇਗਾ ਤਾਂ ਅਮਰੀਕਾ ਵੀ ਆਪਣੇ ਅੰਤ ਵੱਲ ਵੱਧ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਟਰੰਪ ਕਹਿ ਰਿਹਾ ਹੈ ਜਦੋਂ ਤਕ ਸ਼ਾਂਤੀ ਨਹੀਂ ਹੁੰਦੀ, ਸਰਕਾਰ ਉਹ ਚਲਾਵੇਗਾ।

ਇਸ ਕੌਮਾਂਤਰੀ ਗੁੰਡਾਗਰਦੀ ਦਾ ਵੈਨਜ਼ੁਏਲਾ ਦੇ ਲੋਕਾਂ ਤੋਂ ਲੈ ਕੇ ਦੁਨੀਆ ਭਰ ਵਿਚ ਵਿਰੋਧ ਹੋ ਰਿਹਾ ਹੈ। ਬਹੁਤ ਸਾਰੀਆਂ ਸਰਕਾਰਾਂ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ ਬੇਸ਼ੱਕ ਭਾਰਤ ਸਰਕਾਰ ਅਜੇ ਚੁੱਪ ਹੈ। ਅਮਰੀਕੀ ਦੀ ਇਸ ਦਾਦਾਗਿਰੀ ਦਾ ਸਖ਼ਤ ਵਿਰੋਧ ਹੋਣਾ ਚਾਹੀਦਾ ਹੈ। ਇਹ ਸਿਰਫ਼ ਇਕ ਦੇਸ਼ ਉਤੇ ਹਵਾਈ ਹਮਲਾ ਕਰਕੇ ਕਬਜ਼ਾ ਕਰਨ ਅਤੇ ਆਪਣੀ ਹੱਥਠੋਕਾ ਸਰਕਾਰ ਥੋਪਣ ਤੱਕ ਸੀਮਤ ਨਹੀਂ। ਇਹ ਵਿਸ਼ਵ ਪੱਧਰ ਉਤੇ ਇਕ ਜੰਗਲ ਦਾ ਕਾਨੂੰਨ ਨੂੰ ਉਤਸ਼ਾਹ ਕਰਨ ਵਾਲੀ ਹੈ। ਇਹ ਦੂਸਰੀ ਸੰਸਾਰ ਜੰਗ ਤੋਂ ਪਿਛੋਂ ਸਭ ਤੋਂ ਖਤਰਨਾਕ ਸੰਕੇਤ ਹਨ ਕਿ ਵਿਸ਼ਵ ਬਾਜ਼ਾਰ ਵਿੱਤੀ ਸਰੋਤਾਂ, ਸੰਸਥਾਨਾਂ, ਦੁਨੀਆਂ ਦੇ ਕੁਦਰਤੀ ਸੰਸਾਧਨਾ ਅਤੇ ਸਸਤੀ ਕਿਰਤ ਹਾਸਲ ਕਰਨ ਲਈ, ਕਦੇ ਵੀ ਕਿਤੇ ਰਾਖਸ਼ੀ ਦੰਦਾਂ ਨੂੰ ਗੱਡ ਕੇ ਆਪਣੇ ਮੁਨਾਫਿਆਂ ਅਤੇ ਪੂੰਜੀ ਦੇ ਅੰਬਾਰਾਂ ਨੂੰ ਵਿਸਥਾਰਨ ਦਾ ਐਲਾਨ ਕਰ ਸਕਦੀ ਹੈ। ਜਿਵੇਂ ਟਰੰਪ ਨੇ ਐਲਾਨ ਕੀਤਾ ਹੈ, ਉਸ 'ਚੋਂ ਜਾਹਰ ਹੈ ਕਿ ਇਸ ਫੌਜੀ ਹਮਲੇ ਨਾਲ ਦੁਨੀਆ ਦੇ ਸਭ ਤੋਂ ਵੱਧ ਤੇਲ ਭੰਡਾਰਾਂ 'ਤੇ ਅਮਰੀਕਾ ਦੀ ਸਰਦਾਰੀ ਫਿਰ ਬਹਾਲ ਹੋ ਗਈ ਹੈ। ਬੂਹੇ ਦੀ ਹੱਦ ਤੱਕ ਜਾਣ ਵਾਲੀ ਇਹ ਨੀਤੀ ਅਮਰੀਕਾ ਨੂੰ ਉਸ ਵਿੱਤੀ ਤੇ ਆਰਥਿਕ ਤੇ ਵਪਾਰਕ ਸੰਕਟ ਵਿਚੋਂ ਕੱਢਣ 'ਚ ਸਫ਼ਲ ਨਹੀਂ ਹੋਵੇਗੀ। ਸਗੋਂ ਵਿਸ਼ਵ ਨੂੰ ਗ੍ਰਹਿ ਯੁੱਧਾਂ 'ਚ ਧੱਕ ਕੇ ਸ਼ਾਂਤ ਰੱਖਣ ਦਾ ਦਾਅਵੇਦਾਰ ਖ਼ੁਦ ਅਸ਼ਾਂਤੀ ਵੱਲ ਲਗਾਤਾਰ ਧੱਕਿਆ ਜਾਵੇਗਾ। ਬੇਸ਼ੱਕ ਵਿਸ਼ਵ ਕਾਰਪੋਰੇਟੀ ਪੂੰਜੀ ਨਵੀਂ, ਤਾਨਾਸ਼ਾਹ ਤੇ ਫਾਸ਼ਿਸ਼ ਰਾਜ ਵਿਵਸਥਾਵਾਂ ਤੇ ਅਰਥ ਵਿਵਸਥਾਵਾਂ, ਵਿਸ਼ਵ ਲੋਕਾਈ ਨੂੰ ਨਵੀਂ ਗੁਲਮਦਾਰੀ ਵਿਵਸਥਾ ਵੱਲ ਧੱਕਣ ਦੀਆਂ ਕੋਸ਼ਿਸ਼ਾਂ ਕਰਨ, ਬੰਬਾਂ, ਹਵਾਈ ਹਮਲਿਆਂ ਨਾਲ ਦਹਿਸ਼ਤਜਦਾ ਕਰਨ ਦੀਆਂ ਕੋਸ਼ਿਸ਼ਾਂ ਕਰਨ, ਪਰ ਵਿਸ਼ਵ ਭਰ 'ਚੋਂ ਉਠ ਰਹੀ ਰਿਵੋਧ ਦੀ ਆਵਾਜ਼, ਸਾਮਰਾਜ ਦੇ ਵਹਿਸ਼ੀ ਬੁਰਕੇ ਨੂੰ ਲੀਰੋ-ਲੀਰ ਕਰ ਰਹੀ ਹੈ। ਦੁਨੀਆ ਦੇ ਲੋਕਾਂ ਨੂੰ ਅਮਰੀਕੀ ਸਾਮਰਾਜ ਦੀ ਵੈਨਜ਼ੁਏਲਾ ਉਤੇ ਕੀਤੇ ਇਸ ਫੌਜੀ ਓਪਰੇਸ਼ਨ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਇਸ ਸਮੇਂ ਚੁੱਪ, ਇਕ ਖਤਰਨਾਕ ਭਵਿੱਖ ਵੱਲ ਧੱਕੇਗੀ। ਅਮਰੀਕਾ ਨੇ ਜਾਹਰ ਕਰ ਦਿੱਤਾ ਹੈ ਕਿ ਉਹ ਦੁਨੀਆ ਦਾ ਸਭ ਤੋਂ ਵੱਡਾ ਅੱਤਵਾਦੀ ਦੇਸ਼ ਹੈ।

### ਜਥੇਬੰਦਕ ਧਰਮਾਂ ਦਾ ਮਾਇਆ ਜਾਲ

**ਲੜੀ ਨੰ. 26**

# ਸੌਦੇਬਾਜ਼ੀ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ 10-15 ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿੱਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿੱਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤਾਂ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਨਕਲੀ ਧਰਮ ਦੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਅਸਲੀ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਾਮਾਤਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਤੇ ਅਸਲੀ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਬੇਹੋਸ਼ੀ ਤੋਂ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ, ਧਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁੱਝ ਧਰਮ ਦਾ ਅੰਸ਼ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ, ਧਰਮ ਦਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਖਤਰੇ ਦੇ ਨਾਂ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਧਰਮ ਅਧਾਰਿਤ ਹਥਿਆਰਬੰਦ ਸੰਗਠਨ ਧਰਮ ਨੂੰ ਖਤਰਾ, ਧਰਮ ਦਾ ਰਾਜ ਜਾਂ ਧਰਮ ਦਾ ਪ੍ਰਸਾਰ ਦੇ ਨਾਮ ਹੇਠ ਮਾਨਵਤਾ ਦਾ ਖ਼ੂਨ ਵਹਾ ਰਹੇ ਹਨ। ਅੱਜ ਕਿਸੇ ਵੀ ਅਖੌਤੀ ਧਰਮ ਨੂੰ ਖਤਰਾ ਨਾਸਤਿਕਾਂ, ਸਾਇੰਸਦਾਨਾਂ, ਆਧੁਨਿਕਵਾਦੀਆਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਕਾਬਿਜ਼ ਇਸ ਤਿੱਕੜੀ ਤੋਂ ਹੈ। ਇਨ੍ਹਾਂ ਤੇ ਕਾਬਿਜ਼ ਕੱਟੜਪੰਥੀ ਤਾਕਤਾਂ ਤੋਂ ਹੈ, ਜੋ ਆਪਣੇ ਫਿਰਕੇ ਦੀਆਂ ਧਾਰਮਿਕ ਰਸਮਾਂ ਜਾਂ ਧਾਰਮਿਕ ਚਿੰਨ੍ਹਾਂ ਨੂੰ ਹੀ ਧਰਮ ਸਮਝਦੀਆਂ ਹਨ ਹੈ ਤੇ ਇਨ੍ਹਾਂ ਨੂੰ ਲੋਕਾਂ ਤੇ ਤਾਕਤ ਦੇ ਜ਼ੋਰ ਨਾਲ ਥੋਪਣਾ ਚਾਹੁੰਦੀਆਂ ਹਨ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਨਕਲੀ ਧਰਮਾਂ ਦੀ ਇਸ ਲੜੀ ਵਿੱਚ ਹੁਣ ਅਸੀਂ 'ਸੌਦੇਬਾਜ਼ੀ' ਅਧਾਰਿਤ ਨਕਲੀ ਧਰਮ ਦੀ ਚਰਚਾ ਕਰਾਂਗੇ। 'ਸੌਦੇਬਾਜ਼ਜੀ' ਦਾ ਅੱਖਰੀ ਅਰਥ ਹੈ; ਲੈਣ ਦੇਣ ਕਰਨਾ, ਬਿਜਨੈਸ ਡੀਲ ਕਰਨਾ, ਕਾਰੋਬਾਰ ਵਿੱਚ ਆਦਾਨ ਪ੍ਰਦਾਨ ਕਰਨਾ ਆਦਿ। ਮਨੁੱਖੀ ਸਭਿਅਤਾ ਦੇ ਸ਼ੁਰੂਆਤੀ ਦੌਰ ਵਿੱਚ ਜਦੋਂ ਮਨੁੱਖ ਨੇ ਸਮਾਜਿਕ ਢਾਂਚਾ ਉਸਾਰਨਾ ਸ਼ੁਰੂ ਕੀਤਾ ਤਾਂ ਉਸਦਾ ਆਧਾਰ ਲੈਣ-ਦੇਣ ਜਾਂ ਅਦਾਨ-ਪ੍ਰਦਾਨ ਕਰਨਾ ਹੀ ਮਿਥਿਆ ਗਿਆ ਸੀ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਵੀ ਸਾਰਾ ਸੰਸਾਰ ਹਰ ਖੇਤਰ ਵਿੱਚ ਇਸੇ ਲੈਣ-ਦੇਣ ਜਾਂ ਆਦਾਨ-ਪ੍ਰਦਾਨ ਦੇ ਅਧਾਰ ਤੇ ਹੀ ਚੱਲ ਰਿਹਾ ਹੈ। ਦੁਨੀਆਂ ਵਿੱਚ ਸਭ ਕੁੱਝ ਡੀਲਜ਼ (ਸੌਦੇਬਾਜ਼ੀ) ਦੇ ਆਧਾਰ ਤੇ ਹੀ ਚਲਦਾ। ਤੁਸੀਂ ਕੁੱਝ ਵੀ ਕੁੱਝ ਦਿੱਤੇ ਬਿਨਾਂ ਲੈ ਨਹੀਂ ਸਕਦੇ ਜਾਂ ਇਸਦੇ ਉਲਟ ਕੁੱਝ ਲੈ ਕੇ ਕੁੱਝ ਦੇਣ ਦੇ ਪਾਬੰਧ ਹੋ ਜਾਂਦੇ ਹੋ। ਇੱਕ ਆਮ ਵਿਅਕਤੀ ਕਿਸੇ ਦੁਕਾਨਦਾਰ ਕੋਲੋਂ ਕੁੱਝ ਲੈਣ ਜਾਂਦਾ ਹੈ ਤਾਂ ਉਹ ਮੌਕੇ ਦੀ ਕਰੰਸੀ ਜਾਂ ਲੈਣ-ਦੇਣ ਦੇ ਕਿਸੇ ਸਿਸਟਮ ਅਧੀਨ ਹੀ ਕੁੱਝ ਲੈ ਸਕਦਾ ਹੈ, ਬਿਨਾਂ ਦਿੱਤਿਆਂ ਜਾਂ ਦੇਣ ਦੇ ਭਰੋਸੇ ਤੁਹਾਨੂੰ ਕੁੱਝ ਨਹੀਂ ਮਿਲ ਸਕਦਾ। ਇਹ ਵਰਤਾਰਾ ਤਾਂ ਆਮ ਦੁਨੀਆਂ ਦਾ ਹੈ, ਪਰ ਜਦੋਂ ਮਨੁੱਖ ਇਸੇ ਬਿਰਤੀ ਅਧੀਨ ਧਰਮ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਉਸਨੂੰ ਲਗਦਾ ਹੈ ਕਿ ਇਥੇ ਵੀ ਇਵੇਂ ਹੀ ਚਲਦਾ ਹੋਵੇਗਾ, ਕੁੱਝ ਦੇ ਕੇ ਹੀ ਕੁੱਝ ਲਿਆ ਜਾ ਸਕਦਾ ਹੈ। ਇਥੋਂ ਹੀ ਸੌਦੇਬਾਜ਼ੀ ਅਧਾਰਿਤ ਨਕਲੀ ਧਰਮ ਦੀ ਸ਼ੁਰੂਆਤ ਹੁੰਦੀ ਹੈ। ਜਿਸ ਤਰ੍ਹਾਂ ਕਿ 'ਨਕਲੀ ਧਰਮਾਂ' ਦੀ ਲੇਖ ਲੜੀ ਵਿੱਚ ਅਸੀਂ ਅਕਸਰ ਜ਼ਿਕਰ ਕਰਦੇ ਆਏ ਹਾਂ ਕਿ ਦੁਨੀਆਂ ਨੂੰ ਰਾਜਨੀਤਕ, ਸਰਮਾਏਦਾਰ ਤੇ ਪੁਜਾਰੀ ਚਲਾਉਂਦੇ ਆਏ ਹਨ ਤੇ ਚਲਾ ਰਹੇ ਹਨ। ਇਨ੍ਹਾਂ ਦਾ ਮਕਸਦ ਹਮੇਸ਼ਾਂ ਤੋਂ ਆਪਣੀ ਸਰਦਾਰੀ ਕਾਇਮ ਰੱਖਣੀ ਤੇ ਮਨੁੱਖਤਾ ਦੀ ਲੁੱਟ ਕਰਨੀ ਹੈ। ਪੁਜਾਰੀਆਂ ਲਈ ਧਰਮ ਕਦੇ ਵੀ ਨਾ ਜੀਵਨ ਜਾਚ ਰਿਹਾ ਹੈ ਤੇ ਨਾ ਹੀ ਮਨ ਦੀ ਖੋਜ ਦਾ ਮਾਰਗ, ਸਗੋਂ ਧਰਮ ਉਨ੍ਹਾਂ ਲਈ ਧੰਦਾ ਹੁੰਦਾ ਹੈ ਤੇ ਧਰਮ ਅਸਥਾਨ ਉਨ੍ਹਾਂ ਲਈ ਬਿਜਨੈਸ ਅਦਾਰੇ ਤੋਂ ਵੱਧ ਕੁੱਝ ਨਹੀਂ ਹੁੰਦੇ। ਉਨ੍ਹਾਂ ਨੇ ਇਹ ਧੰਦਾ, ਸ਼ਰਧਾ ਰੂਪੀ ਅਗਿਆਨਤਾ ਦੇ ਸਿਰ ਖੜਾ ਕੀਤਾ ਹੁੰਦਾ ਹੈ, ਅਗਿਆਨਤਾ ਤੇ ਸ਼ਰਧਾ, ਅੰਧ ਵਿਸ਼ਵਾਸ਼ ਦੀ ਮਾਂ ਹੈ। ਜੋ ਮਨੁੱਖੀ ਦਿਮਾਗ ਦੇ ਦਲੀਲ ਜਾਂ ਤਰਕ ਨਾਲ ਸੋਚਣ ਵਾਲੇ ਭਾਗ ਨੂੰ ਖਤਮ ਕਰ ਦਿੰਦੇ ਹਨ। ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਦੁਨੀਆਂ ਦਾ ਸਾਰਾ ਦਾਰੋ-ਮਦਾਰ ਦੇਣ ਲੈਣ ਤੇ ਖੜਾ ਹੈ, ਪਰ ਧਰਮ ਹੀ ਇੱਕ ਅਜਿਹਾ ਧੰਦਾ ਹੈ, ਜਿਥੇ ਸਿਰਫ ਲਿਆ ਹੀ ਜਾਂਦਾ ਹੈ, ਦੇਣ ਲਈ ਉਨ੍ਹਾਂ ਕੋਲ ਝੂਠੇ ਲਾਰਿਆਂ ਤੋਂ ਵੱਧ ਕੁੱਝ ਨਹੀਂ ਹੁੰਦਾ। ਵੈਸੇ ਦੇਣ ਲਈ ਉਨ੍ਹਾਂ ਕੋਲ ਗਿਆਨ ਹੁੰਦਾ ਹੈ, ਜੋ ਉਹ ਮਨੁੱਖ ਨੂੰ ਦੇ ਕੇ ਉਸਨੂੰ ਸੱਚ ਦੇ ਮਾਰਗ ਤੋਰ ਸਕਦੇ ਹਨ, ਪਰ 'ਘੋੜਾ ਘਾਹ ਨਾਲ ਦੋਸਤੀ ਕਰੇਗਾ ਤੇ ਭੁੱਖਾ ਮਰੇਗਾ' ਦੀ ਕਹਾਵਤ ਅਨੁਸਾਰ ਸ਼ਰਧਾਲੂਆਂ ਨੂੰ ਗਿਆਨਵਾਨ ਬਣਾ ਕੇ ਉਹ ਅਗਿਆਨਤਾ ਤੇ ਅੰਧਵਿਸ਼ਵਾਸ਼ ਅਧਾਰਿਤ ਧੰਦਾ ਨਹੀਂ ਚਲਾ ਸਕਣਗੇ। ਇਸ ਲਈ ਉਹ ਕਦੇ ਵੀ ਗਿਆਨ ਦੀ ਗੱਲ ਨਹੀਂ ਕਰਦੇ। ਮਨੁੱਖ ਨੂੰ ਗੈਰ ਕੁਦਰਤੀ ਕਥਾ ਕਹਾਣੀਆਂ ਸੁਣਾਉਣਗੇ, ਵੱਖ-ਵੱਖ ਤਰ੍ਹਾਂ ਦੇ ਕਰਮਕਾਂਡ ਕਰਨ ਲਈ ਕਹਿਣਗੇ, ਪੂਜਾ ਪਾਠ ਦੇ ਚੱਕਰ ਵਿੱਚ ਉਲਝਾਉਣਗੇ ਤਾਂ ਕਿ ਮਨੁੱਖ ਗਿਆਨਵਾਨ ਨਾ ਬਣ ਸਕੇ। ਪਰ ਆਮ ਸ਼ਰਧਾਲੂ ਮਨੁੱਖ ਇਨ੍ਹਾਂ ਦੇ ਭਰਮਜਾਲ ਵਿੱਚ ਫਸਿਆ, ਆਪ ਗਿਆਨ ਲੈਣ ਲਈ ਯਤਨ ਨਹੀਂ ਕਰਦਾ ਤੇ ਬੜੀ ਆਸ ਨਾਲ ਧਰਮ ਪੁਜਾਰੀਆਂ ਕੋਲ ਤਨ, ਮਨ, ਧਨ ਲੈ ਕੇ ਜਾਂਦਾ ਹੈ, ਪੁਜਾਰੀ ਸ਼ਰਧਾਲੂ ਦਾ ਇਹ ਸਭ ਕੁੱਝ ਲੁੱਟਣ ਤੋਂ ਬਾਅਦ ਫੋਕੇ ਧਰਵਾਸ ਜਾਂ ਭਵਿੱਖ ਦੇ ਲਾਰਿਆਂ ਤੋਂ ਵੱਧ ਕੁੱਝ ਨਹੀਂ ਦਿੰਦਾ, ਅਸਲ ਵਿੱਚ ਉਸ ਕੋਲ ਇਸ ਤੋਂ ਵੱਧ ਦੇਣ ਲਈ ਕੁੱਝ ਹੁੰਦਾ ਵੀ ਨਹੀਂ ਜਾਂ ਜੇ ਕੁੱਝ ਗਿਆਨ ਹੋਵੇ ਵੀ ਤਾਂ ਉਹ ਦਿੰਦਾ ਨਹੀਂ। ਸਵਾਲ ਪੈਦਾ ਹੁੰਦਾ ਹੈ ਕਿ ਜੇ ਪੁਜਾਰੀ ਕੋਲੋਂ ਕੁੱਝ ਮਿਲਣਾ ਨਹੀਂ ਹੁੰਦਾ ਤਾਂ ਫਿਰ ਵੀ ਸ਼ਰਧਾਲੂ ਉਸਦੇ ਮਾਇਆ ਜਾਲ਼ ਵਿੱਚ ਕਿਉਂ ਫਸਦੇ ਹਨ? ਕਿਉਂ ਸ਼ਰਧਾਲੂ ਇਨ੍ਹਾਂ ਪੁਜਾਰੀਆਂ ਕੋਲੋਂ ਸਰੀਰਕ, ਮਾਨਸਿਕ, ਆਰਥਿਕ ਸੋਸ਼ਣ ਕਰਾਉਂਦੇ ਹਨ? ਉਹ ਕਿਉਂ ਨਹੀਂ ਇਨ੍ਹਾਂ ਦੇ ਮਾਇਆਜਾਲ ਵਿਚੋਂ ਨਿਕਲ ਕੇ ਇੱਕ ਆਮ ਇਨਸਾਨ ਵਾਲਾ ਜੀਵਨ ਬਤੀਤ ਕਰਦੇ, ਜਿਸ ਵਿੱਚ ਸੁੱਖੀ ਰਹਿ ਸਕਣ? ਇਹ ਸਾਰੇ ਸਵਾਲ ਜੇ ਸਾਡੇ ਦਿਮਾਗ ਵਿੱਚ ਨਹੀਂ ਆਉਂਦੇ ਤਾਂ ਇਹੀ ਸਭ ਤੋਂ ਵੱਡੀ ਸਮੱਸਿਆ ਹੈ? ਜਿਹੜੇ ਲੋਕ ਗਿਆਨਵਾਨ ਹਨ, ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਸ਼ਰਧਾਲੂਆਂ ਦੇ ਦਿਮਾਗ ਵਿੱਚ ਸਵਾਲ ਖੜ੍ਹੇ ਕਰਨ ਤਾਂ ਕਿ ਉਹ ਕੁੱਝ ਸੋਚਣ ਦੇ ਸਮਰੱਥ ਹੋ ਸਕਣ। ਉਨ੍ਹਾਂ ਦੇ ਦਿਮਾਗ ਦਾ ਦਲੀਲ ਤੇ ਤਰਕ ਵਾਲਾ ਜਿਹੜਾ ਹਿੱਸਾ ਸੌਂ ਚੁੱਕਾ ਹੈ ਜਾਂ ਕਮਜ਼ੋਰ ਪੈ ਚੁੱਕਾ ਹੈ, ਉਸਨੂੰ ਜਗਾਇਆ ਜਾ ਸਕੇ, ਤਕੜਾ ਕੀਤਾ ਜਾ ਸਕੇ। ਜਦ ਤੱਕ ਗਿਆਨਵਾਨ ਪੁਰਸ਼ ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਦੇ ਮਨਾਂ ਵਿੱਚ ਸਵਾਲ ਖੜੇ ਨਹੀਂ ਕਰਦੇ, ਸੁਧਾਰ ਨਹੀਂ ਹੋ ਸਕਦਾ? ਇਥੇ ਇੱਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਪੁਜਾਰੀ ਸਭ ਤੋਂ ਵੱਧ ਸਵਾਲਾਂ ਤੋਂ ਹੀ ਡਰਦੇ ਹਨ, ਇਸੇ ਕਰਕੇ ਉਹ ਵਾਰ ਸ਼ਰਧਾਲੂਆਂ ਨੂੰ ਸ਼ਰਧਾ ਰੱਖਣ, ਯਕੀਨ ਕਰਨ, ਭਰੋਸਾ ਕਰਨ, ਸਭ ਕੁੱਝ ਠੀਕ ਹੋ ਜਾਵੇਗਾ, ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ ਵਰਗੀਆਂ ਗੱਲਾਂ ਵਾਰ-ਵਾਰ ਦੁਹਰਾਉਂਦੇ ਹਨ, ਤਾਂ ਕਿ ਮਨੁੱਖ ਜਾਗ ਨਾ ਪਵੇ, ਸੋਚਣ ਦੇ ਰਾਹ ਨਾ ਪੈ ਜਾਵੇ, ਸਵਾਲ ਕਰਨ ਲਈ ਨਾ ਉਠ ਪਵੇ। ਇਸ ਲਈ ਜੇ ਪੁਜਾਰੀਆਂ ਦੇ ਮਕੜਜਾਲ ਵਿਚੋਂ ਨਿਕਲਣਾ ਹੈ ਜਾਂ ਮਨੁੱਖਤਾ ਨੂੰ ਕੱਢਣਾ ਹੈ ਤੇ ਮਨੁੱਖਤਾ ਦੀ ਲੁੱਟ ਰੋਕਣੀ ਹੈ ਤਾਂ ਸਵਾਲ ਖੜੇ ਕਰਨੇ ਪੈਣਗੇ? ਉਨ੍ਹਾਂ ਨੂੰ ਪੁਛਣਾ ਪਵੇਗਾ ਕਿ ਉਹ ਜਿਹੜੇ ਕਰਮਕਾਂਡ ਕਰਦੇ ਹਨ, ਉਨ੍ਹਾਂ ਦਾ ਕੋਈ ਲਾਭ ਹੋਇਆ ਹੈ, ਉਨ੍ਹਾਂ ਵਲੋਂ ਕੀਤੇ ਜਾਂਦੇ ਮੰਤਰ ਜਾਪਾਂ, ਸਿਮਰਨਾਂ, ਨਿਤਨੇਮਾਂ ਨਾਲ ਜੀਵਨ ਵਿੱਚ ਕੋਈ ਤਬਦੀਲੀ ਆਈ ਹੈ, ਕੀ ਸਿਰਫ ਧਰਮ ਦੇ ਚਿੰਨ੍ਹ ਪਹਿਨਣ, ਧਰਮ ਦੀਆਂ ਰੀਤਾਂ ਰਸਮਾਂ ਨਿਭਾਉਣ, ਵਿਧੀ ਨਾਲ ਕਰਮਕਾਂਡ ਆਦਿ ਕਰਨ, ਧਰਮ ਦਾ ਪਹਿਰਾਵਾ ਪਹਿਨ ਲੈਣ, ਦਾਨ-ਦੱਸ਼ਣਾ ਆਦਿ ਦੇਣ ਨਾਲ ਉਨ੍ਹਾਂ ਦਾ ਜਾਂ ਮਨੁੱਖਤਾ ਜਾਂ ਸਮਾਜ ਦਾ ਕੋਈ ਭਲਾ ਹੋਇਆ ਹੈ? ਕੀ ਜੇ ਉਹ ਅਜਿਹੇ ਕਰਮ ਨਾ ਕਰਨਗੇ ਤਾਂ ਕੀ ਉਨ੍ਹਾਂ ਦਾ ਕੋਈ ਨੁਕਸਾਨ ਹੋ ਜਾਵੇਗਾ? ਇਸ ਤਰ੍ਹਾਂ ਦੇ ਅਨੇਕਾਂ ਸਵਾਲ ਖੜ੍ਹੇ ਕੀਤੇ ਜਾ ਸਕਦੇ ਹਨ? ਸਵਾਲ ਖੜ੍ਹੇ ਕਰਨ ਨਾਲ ਹੀ ਗਿਆਨ ਦਾ ਦੀਵਾ ਜਗ ਸਕਦਾ ਹੈ ਤੇ ਅਗਿਆਨਤਾ ਦਾ ਅੰਧੇਰਾ ਖਤਮ ਹੋ ਸਕਦਾ ਹੈ। ਜੇ ਗਿਆਨਵਾਨ ਜਾਂ ਜਾਗਰੂਕ ਲੋਕ, ਪੁਜਾਰੀਆਂ ਦੀਆਂ ਮਰਿਯਾਦਾਵਾਂ, ਕਰਮਕਾਂਡਾਂ, ਫੋਕਟ ਧਾਰਮਿਕ ਚਿੰਨ੍ਹਾਂ, ਦਿਖਾਵਿਆਂ-ਪਹਿਰਾਵਿਆਂ ਤੇ ਪ੍ਰਸ਼ਨ ਚਿੰਨ੍ਹ ਲਗਾਉਣ ਲੱਗਣ, ਸਵਾਲ ਖੜ੍ਹੇ ਕਰਨ ਲੱਗਣ ਤਾਂ ਸੁਧਾਰ ਕਰਨਾ ਜਾਂ ਤਬਦੀਲੀ ਲਿਆਉਣੀ ਕੋਈ ਬਹੁਤ ਵੱਡੀ ਗੱਲ ਨਹੀਂ। ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਇੱਕ ਜਗਦਾ ਦੀਵਾ ਹੀ ਹੋਰ ਦੀਵੇ ਜਗਾ ਸਕਦਾ ਹੈ, ਇਸੇ ਤਰ੍ਹਾਂ ਪਹਿਲਾਂ ਆਪ ਗਿਆਨਵਾਨ ਹੋਈਏ, ਪੁਜਾਰੀਆਂ ਵਲੋਂ ਖੜ੍ਹੇ ਕੀਤੇ ਨਕਲੀ ਧਰਮਾਂ ਦੀ ਨਬਜ਼ ਪਛਾਣੀਏ, ਉਨ੍ਹਾਂ ਵਿਚੋਂ ਆਪ ਨਿਕਲੀਏ, ਉਨ੍ਹਾਂ ਵਲੋਂ ਖੜ੍ਹੇ ਕੀਤੇ ਦਿਖਾਵੇ ਦੇ ਕਰਮਕਾਂਡਾਂ, ਮਰਿਯਾਦਾਵਾਂ, ਚਿੰਨ੍ਹਾਂ ਨੂੰ ਨਕਾਰੀਏ, ਫਿਰ ਅਸੀਂ ਜੋਤ ਤੋਂ ਜੋਤ ਜਗਾ ਸਕਾਂਗੇ।

ਇਸ ਤੋਂ ਪਹਿਲਾਂ ਕਿ ਅਸੀਂ ਇਹ ਜਾਣੀਏ ਕਿ ਮਨੁੱਖ 'ਸੌਦੇਬਾਜ਼ੀ ਵਾਲੇ ਨਕਲੀ ਧਰਮ' ਵਿੱਚ ਫਸਦਾ ਕਿਉਂ ਹੈ? ਇਹ ਜਾਣ ਲੈਣਾ ਵੀ ਜ਼ਰੂਰੀ ਹੈ ਪੁਜਾਰੀ ਕਿਵੇਂ ਭੋਲੇ-ਭਾਲੇ ਸ਼ਰਧਾਲੂਆਂ ਨੂੰ ਆਪਣੇ ਕਪਟੀ ਮਾਇਆਜਾਲ ਵਿੱਚ ਫਸਾਉਂਦਾ ਹੈ ਤੇ ਫਿਰ ਸਾਰੀ ਉਮਰ ਉਸ ਵਿਚੋਂ ਨਿਕਲਣ ਨਹੀਂ ਦਿੰਦਾ? ਧਰਮਾਂ ਦਾ ਸਾਰਾ ਧੰਦਾ ਰੱਬ ਦੀ ਹੋਂਦ ਤੇ ਖੜਾ ਹੈ। ਉਹ ਇਹ ਮੰਨ ਕੇ ਚੱਲਦੇ ਹਨ ਜਾਂ ਅਜਿਹਾ ਸ਼ਰਧਾਲੂ ਨੂੰ ਦੱਸਦੇ ਹਨ ਕਿ ਇਸ ਦਿਸਦੇ ਸੰਸਾਰ ਪਿਛੇ ਇੱਕ ਅਜਿਹੀ ਲੁਕਵੀਂ ਸ਼ਕਤੀ ਹੈ, ਜੋ ਇਸ ਯੂਨੀਵਰਸ ਨੂੰ ਚਲਾ ਰਹੀ ਹੈ। ਇਸ ਸ਼ਕਤੀ (ਰੱਬ) ਬਾਰੇ ਵੀ ਵੱਖ-ਵੱਖ ਧਰਮਾਂ ਦਾ ਵੱਖੋ-ਵੱਖਰਾ ਨਜ਼ਰੀਆ ਹੈ। ਜਿਥੇ ਬਹੁਤੇ ਇਸਦਾ ਵਾਸਾ ਧਰਤੀ ਤੋਂ ਉਪਰ ਕਿਸੇ ਹੋਰ ਧਰਤੀ (ਪਲੈਨਿਟ ਜਾਂ ਆਕਾਸ਼) ਤੇ ਮੰਨਦੇ ਹਨ, ਉਥੇ ਕਈ ਇਸਨੂੰ ਇਸ ਸ੍ਰਿਸ਼ਟੀ ਵਿੱਚ ਵਿਚਰਦਾ ਮੰਨਦੇ ਹਨ। ਪਰ ਅਸਲ ਵਿੱਚ ਕੁਦਰਤ ਦੀ ਇਹ ਖੇਡ ਕਿਸ ਤਰ੍ਹਾਂ ਚਲਦੀ ਹੈ, ਬਾਰੇ ਕਿਸੇ ਨੂੰ ਕੁੱਝ ਪਤਾ ਨਹੀਂ। ਸਭ ਧਰਮ ਆਗੂਆਂ ਨੇ ਆਪਣੀ-ਆਪਣੀ ਸਮਝ ਅਨੁਸਾਰ ਕਿਆਸ ਅਰਾਈਆਂ ਹੀ ਕੀਤੀਆਂ ਹੋਈਆਂ ਹਨ। ਬੇਸ਼ੱਕ ਜੋ ਵੀ ਹੋਵੇ, ਇੱਕ ਗੱਲ ਮੰਨਣ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਕਿ ਇਹ ਸ੍ਰਿਸ਼ਟੀ ਆਪਣੀ ਹੋਂਦ ਤੋਂ ਹੀ ਇੱਕ ਬੱਝਵੇਂ (ਅਟੱਲ ਜਾਂ ਨਾ ਬਦਲਣ ਵਾਲੇ) ਨਿਯਮਾਂ ਅਧੀਨ ਚੱਲ ਰਹੀ ਹੈ। ਸਾਇੰਸ ਨੂੰ ਮੰਨਣ ਵਾਲੇ ਇਸ ਵਿਚਾਰਧਾਰਾ ਦੇ ਹਨ ਕਿ ਇਹ ਅਟੱਲ ਨਿਯਮ (ਲਾਅ ਆਫ ਨੇਚਰ ਜਾਂ ਕੁਦਰਤ ਦੇ ਨਿਯਮ) ਹੀ ਸਭ ਕੁੱਝ ਹਨ, ਕੋਈ ਇਨ੍ਹਾਂ ਨੂੰ ਰੱਬ ਦਾ ਨਾਮ ਦੇਵੇ ਜਾਂ ਕੁੱਝ ਹੋਰ, ਪਰ ਇਨ੍ਹਾਂ ਨਿਯਮਾਂ ਤੋਂ ਬਾਹਰ ਕੁੱਝ ਨਹੀਂ ਤੇ ਇਹ ਨਿਯਮ ਕਿਸੇ ਨਿਯਮ ਅਧੀਨ ਆਪੇ ਹੀ ਹੋਂਦ ਵਿੱਚ ਆਏ ਤੇ ਨਿਰੰਤਰ ਚੱਲ ਰਹੇ ਹਨ। ਦੂਜੇ ਪਾਸੇ ਧਾਰਮਿਕ ਲੋਕ ਇਹ ਮੰਨਦੇ ਹਨ ਕਿ ਬੇਸ਼ੱਕ ਇਹ ਅਟੱਲ ਨਿਯਮ ਸਦਾ ਤੋਂ (ਸ੍ਰਿਸ਼ਟੀ ਦੇ ਮੁੱਢ ਤੋਂ) ਬਣੇ ਹੋਏ ਹਨ, ਪਰ ਇਨ੍ਹਾਂ ਨਿਯਮਾਂ ਨੂੰ ਬਣਾਉਣ ਵਾਲਾ ਕੋਈ ਹੋਰ ਹੈ, ਇਹ ਆਪੇ ਨਹੀਂ ਬਣ ਗਏ, ਜਿਸ ਤਰ੍ਹਾਂ ਸਾਇੰਸਦਾਨ ਮੰਨਦੇ ਹਨ? ਇਹ ਤਾਂ ਫਿਰ 'ਮੁਰਗੀ ਤੇ ਅੰਡੇ' ਵਾਲੀ ਬੁਝਾਰਤ ਬਣ ਗਈ ਕਿ ਪਹਿਲਾਂ ਮੁਰਗੀ ਸੀ, ਜਿਸਨੇ ਪਹਿਲਾ ਅੰਡਾ ਦਿੱਤਾ ਤੇ ਅੱਗੇ ਉਤਪਤੀ ਤੁਰੀ ਜਾਂ ਪਹਿਲਾਂ ਅੰਡਾ ਸੀ, ਜਿਸ ਵਿਚੋਂ ਮੁਰਗੀ ਨਿਕਲੀ ਸੀ? ਇਸੇ ਕਰਕੇ ਕਵੀ ਪ੍ਰੋ: ਮੋਹਣ ਸਿੰਘ ਹੋਰਾਂ ਕਿਹਾ ਸੀ ਕਿ 'ਰੱਬ ਇੱਕ ਗੁੰਝਲਦਾਰ ਬੁਝਾਰਤ, ਰੱਬ ਇੱਕ ਗੋਰਖਧੰਦਾ, ਪੇਚ ਇਸਦੇ ਖੋਲਣ ਲੱਗਿਆਂ, ਕਾਫਿਰ ਹੋ ਜਾਏ ਬੰਦਾ'। ਜੇ ਅਸੀਂ ਇਸ ਉਲਝਣ ਵਿੱਚ ਪਵਾਂਗੇ ਤਾਂ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦੇ, ਸਿਵਾਏ ਬਹਿਸ ਕਰਕੇ ਝਗੜਾ ਖੜ੍ਹਾ ਕਰਨ ਦੇ। ਪਰ ਇਹ ਗੱਲ ਤਕਰੀਬਨ ਸਾਰੇ ਮੰਨਦੇ ਹਨ ਕਿ ਕੁਦਰਤ ਦੇ ਅਟੱਲ ਨਿਯਮ, ਆਪਣੇ ਨਿਯਮ ਵਿੱਚ ਨਿਰੰਤਰ ਚੱਲ ਰਹੇ ਹਨ, ਇਨ੍ਹਾਂ ਵਿੱਚ ਕਦੇ ਕੋਈ ਤਬਦੀਲੀ ਨਹੀਂ ਆਉਂਦੀ, ਇਨ੍ਹਾਂ ਨੂੰ ਕੋਈ ਵਿਅਕਤੀ ਆਪਣੇ ਕਿਸੇ ਯਤਨ ਨਾਲ ਬਦਲ ਨਹੀਂ ਸਕਦਾ। ਜੇ ਅਸੀਂ ਇਨ੍ਹਾਂ ਨਿਯਮਾਂ ਨੂੰ ਧਿਆਨ ਨਾਲ ਸਮਝ ਲਈਏ, ਉਸ ਅਨੁਸਾਰ ਜੀਵਨ ਜਾਚ ਬਣਾ ਲਈਏ ਤਾਂ ਅਸੀਂ ਇਸ ਧਰਤੀ ਤੇ ਸੌਖਾ ਤੇ ਆਨੰਦਮਈ ਜੀਵਨ ਬਤੀਤ ਕਰ ਸਕਦੇ ਹਾਂ। ਇਸ ਨਾਲ ਸਾਨੂੰ ਆਪਣੀਆਂ ਸ਼ਕਤੀਆਂ ਤੇ ਸੀਮਾਵਾਂ ਦਾ ਪਤਾ ਚੱਲ ਜਾਂਦਾ ਹੈ। ਜੇ ਅਸੀਂ ਇਹ ਵੀ ਜਾਣ ਲਈਏ ਕਿ ਇਨ੍ਹਾਂ ਨਿਯਮਾਂ ਪਿਛੇ ਵੀ ਅਨੇਕਾਂ ਲੁਕਵੇਂ ਨਿਯਮ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਸਮਝਣ ਨਾਲ ਸਾਡੀਆਂ ਕਈ ਸਮੱਸਿਆਵਾਂ ਹੀ ਹੱਲ ਨਹੀਂ ਹੋ ਜਾਂਦੀਆਂ, ਬਲਕਿ ਅਸੀਂ ਕਈ ਕੁੱਝ ਨਵਾਂ ਵੀ ਪੈਦਾ ਕਰ ਸਕਦੇ ਹਾਂ। ਸਾਇੰਸਦਾਨ ਇਸੇ ਲਈ ਅੱਗੇ ਤੋਂ ਅੱਗੇ ਤਰੱਕੀ ਕਰ ਰਹੇ ਹਨ ਕਿਉਂਕਿ ਉਹ ਅੱਗੇ ਤੋਂ ਅੱਗੇ ਇਨ੍ਹਾਂ ਨਿਯਮਾਂ ਵਿੱਚ ਛੁਪੇ ਹੋਏ ਨਿਯਮਾਂ ਦੀ ਖੋਜ ਕਰਦੇ ਜਾ ਰਹੇ ਹਨ, ਜਿਸ ਨਾਲ ਉਹ ਨਾ ਸਿਰਫ ਨਿੱਤ ਨਵੇਂ ਖੁਲਾਸੇ ਕਰ ਰਹੇ ਹਨ, ਸਗੋਂ ਮਨੁੱਖ ਲਈ ਨਿੱਤ ਨਵੀਆਂ ਸੁੱਖ ਸਹੂਲਤਾਂ ਪੈਦਾ ਕਰ ਰਹੇ ਹਨ। ਸਾਇੰਸਦਾਨ ਜਿਸ ਤਰ੍ਹਾਂ ਅੱਗੇ ਤੋਂ ਅੱਗੇ ਨਿੱਤ ਨਵੀਆਂ ਖੋਜਾਂ ਕਰਦੇ ਜਾ ਰਹੇ ਹਨ, ਸ਼ਾਇਦ ਉਹ ਇੱਕ ਦਿਨ ਉਸ ਸ਼ਕਤੀ ਦੇ ਸੋਮੇ (ਜਿਸਨੂੰ ਧਰਮ ਵਿੱਚ ਰੱਬ ਕਿਹਾ ਜਾਦਾ ਹੈ) ਨੂੰ ਵੀ ਲੱਭ ਲੈਣ, ਜੋ ਇਨ੍ਹਾਂ ਨਿਯਮਾਂ ਨੂੰ ਚਲਾ ਰਹੀ ਹੈ। ਪਰ ਧਰਮ ਇਸ ਤੋਂ ਬਿਲਕੁਲ ਉਲਟ ਦਿਸ਼ਾ ਵਿੱਚ ਖੜਾ ਹੈ। ਉਹ ਕੁਦਰਤ ਦੇ ਅਟੱਲ ਨਿਯਮਾਂ ਨੂੰ ਮੰਨਦਾ ਹੋਇਆ ਵੀ ਅਜਿਹੀ ਆਸ ਰੱਖਦਾ ਹੈ ਕਿ ਇਨ੍ਹਾਂ ਨਿਯਮਾਂ ਪਿਛੇ ਛੁਪੀ ਸ਼ਕਤੀ ਦੇ ਪੂਜਾ ਪਾਠ, ਭਜਨ ਬੰਦਗੀ, ਸੇਵਾ ਸਿਮਰਨ, ਦਾਨ-ਦੱਸ਼ਣਾ ਆਦਿ ਨਾਲ ਉਸਨੂੰ ਖੁਸ਼ ਕੀਤਾ ਜਾ ਸਕਦਾ ਹੈ ਤੇ ਉਹ ਸ਼ਕਤੀ ਆਪਣੇ ਭਗਤਾਂ ਤੇ ਮਿਹਰਬਾਨ ਹੋ ਕੇ ਆਪਣੇ ਬਣਾਏ ਅਟੱਲ ਨਿਯਮਾਂ ਨੂੰ ਵੀ ਬਦਲ ਲੈਂਦੀ ਹੈ। ਸਾਹਮਣੇ ਵਾਪਰਦੇ ਦੇ ਸੱਚ ਨੂੰ ਦੇਖ ਕੇ ਵੀ ਮਨੁੱਖ ਇਹ ਆਸ ਰੱਖਦਾ ਹੈ ਕਿ ਕੁੱਝ ਅਣਹੋਣੀ ਜ਼ਰੂਰ ਵਾਪਰੇਗੀ ਕਿ ਉਸਦਾ ਬੇੜਾ ਪਾਰ ਹੋ ਜਾਵੇਗਾ। ਉਸਨੂੰ ਇਹ ਭਰੋਸਾ ਹੁੰਦਾ ਹੈ ਕਿ ਪ੍ਰਭੂ ਉਸਦੀ ਸ਼ਰਧਾ ਭਾਵਨਾ ਤੇ ਪ੍ਰਭੂ ਭਗਤੀ ਤੋਂ ਤਰੁੱਠ (ਖੁਸ਼ ਹੋ) ਕੇ ਉਸ ਦੀਆਂ ਮਨੋ ਮੰਗੀਆਂ ਮੁਰਾਦਾਂ ਪੂਰੀਆਂ ਕਰਨ ਦੇ ਸਮਰੱਥ ਹੈ। ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ, ਸੱਚੇ ਦਿਲੋਂ ਕੀਤੀ ਅਰਦਾਸ ਰੱਬ ਜਰੂਰ ਸੁਣਦਾ ਹੈ ਤੇ ਸੁਣਦਾ ਵੀ ਨੇੜਿਉਂ ਹੋ ਕੇ ਹੈ। ਸੱਚ ਸਾਹਮਣੇ ਹੋਣ ਦੇ ਬਾਵਜੂਦ ਮਨੁੱਖ ਅਜਿਹਾ ਕਿਉਂ ਸੋਚਦਾ ਹੈ? ਕਿਉਂਕਿ ਪੁਜਾਰੀ, ਪਰਿਵਾਰ ਤੇ ਸਮਾਜ, ਉਸਨੂੰ ਅਜਿਹਾ ਵਿਸ਼ਵਾਸ਼ ਕਰਨ ਲਈ ਬਚਪਨ ਤੋਂ ਹੀ ਉਸਦੀ ਕੰਡੀਸ਼ਨਿੰਗ ਕਰ ਦਿੰਦੇ ਹਨ ਕਿ ਬਹੁ-ਗਿਣਤੀ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਸੋਚਣ ਦੇ ਸਮਰੱਥ ਹੀ ਨਹੀਂ ਰਹਿੰਦੀ, ਉਹ ਤਾਂ ਪੁਜਾਰੀਆਂ ਦੇ ਦੱਸੇ ਰਸਤੇ ਤੇ ਹੀ ਅੱਖਾਂ ਮੀਟ ਕੇ ਸਾਰੀ ਉਮਰ ਤੁਰਦੀ, ਇਸ ਸੰਸਾਰ ਨੂੰ ਅਲਵਿਦਾ ਆਖ ਜਾਂਦੀ ਹੈ। ਉਨ੍ਹਾਂ ਦੇ ਦਿਮਾਗ ਦਾ ਧਰਮ ਬਾਰੇ ਸੋਚਣ ਵਾਲਾ ਪਾਸਾ ਬੰਦ ਹੋ ਜਾਂਦਾ ਹੈ ਜਾਂ ਮਰ ਜਾਂਦਾ ਹੈ। ਪੁਜਾਰੀਆਂ ਦੇ ਨਕਲੀ ਧਰਮਾਂ ਦਾ ਧੰਦਾ ਮਨੁੱਖ ਦੀਆਂ ਦੋ ਬੁਨਿਆਦੀ ਕਮਜ਼ੋਰੀਆਂ ਤੇ ਖੜ੍ਹਾ ਹੈ, ਇੱਕ ਡਰ ਤੇ ਦੂਜਾ ਲਾਲਚ। ਪੁਜਾਰੀ ਨੂੰ ਮਨੁੱਖੀ ਮਨ ਦੇ 'ਡਰ' ਤੇ 'ਲਾਲਚ' ਨੂੰ ਵਰਤਣਾ ਖੂਬ ਆਉਂਦਾ ਹੈ। ਇਨ੍ਹਾਂ ਦੋ ਕਮਜ਼ੋਰੀਆਂ ਸਿਰ ਪੁਜਾਰੀ 5000 ਸਾਲ ਤੋਂ ਧਰਮ ਦਾ ਧੰਦਾ ਚਲਾ ਰਿਹਾ ਹੈ। ਪੁਜਾਰੀ ਬਚਪਨ ਤੋਂ ਮਨੁੱਖ ਅੰਦਰ ਹੀਣ ਭਾਵਨਾ ਭਰ ਕੇ ਰੱਖਦਾ ਹੈ ਕਿ ਮਨੁੱਖ ਹਮੇਸ਼ਾਂ ਦੀਨ, ਨਿਮਾਣਾ, ਬੇਸਹਾਰਾ ਬਣਿਆ ਰਹੇ, ਦੂਜੇ ਪਾਸੇ ਉਸ ਵਲੋਂ ਕਲਪਿਤ ਰੱਬ ਜਾਂ ਦੇਵੀ-ਦੇਵਤਿਆਂ, ਗੁਰੂਆਂ, ਪੀਰਾਂ, ਪੈਗੰਬਰਾਂ ਬਾਰੇ ਅਨੇਕਾਂ ਤਰ੍ਹਾਂ ਦੀਆਂ ਕਰਾਮਾਤੀ ਸ਼ਕਤੀਆਂ ਦਾ ਭਰਮਜਾਲ ਬੁਣਿਆ ਹੋਇਆ ਹੈ। ਜਿਸ ਨਾਲ ਮਨੁੱਖ ਨੂੰ ਪੈਰ ਪੈਰ ਤੇ ਅਹਿਸਾਸ ਹੁੰਦਾ ਰਹੇ ਕਿ ਉਸਦੇ ਹੱਥ ਕੁੱਝ ਨਹੀਂ, ਉਹ ਕੁੱਝ ਵੀ ਕਰਨ ਦੇ ਸਮਰੱਥ ਨਹੀਂ। ਜੋ ਕੁੱਝ ਉਸ ਕੋਲ ਹੈ, ਇਹ ਉਸਦੀ ਰਹਿਮਤ ਤੇ ਬਖਸ਼ਿਸ਼ ਹੈ ਅਤੇ ਜੇ ਕੁੱਝ ਨਹੀਂ ਹੈ ਤਾਂ ਉਸਦੇ ਮੰਦੇ ਭਾਗਾਂ ਦਾ ਫਲ ਹੈ। ਮਨੁੱਖ ਆਪਣੇ ਮੱਥੇ ਦੀਆਂ ਪੁੱਠੀਆਂ ਲਕੀਰਾਂ ਪੁਜਾਰੀਆਂ ਜਾਂ ਉਨ੍ਹਾਂ ਵਲੋਂ ਬਣਾਏ ਰੱਬਾਂ ਅੱਗੇ ਮੱਥੇ ਰਗੜ ਕੇ ਹੀ ਸਿੱਧੀਆਂ ਕਰ ਸਕਦਾ ਹੈ। ਰੱਬ ਦੀ ਰਹਿਮਤ ਉਨ੍ਹਾਂ ਤੇ ਹੁੰਦੀ ਹੈ, ਜੋ ਸ਼ਰਧਾ ਨਾਲ ਭਰੋਸਾ ਰੱਖ ਕੇ ਚਲਦੇ ਹਨ, ਤਰਕ ਦਲੀਲ ਦੀਆਂ ਗੱਲਾਂ ਕਰਨ ਵਾਲੇ ਕੁੱਝ ਵੀ ਪ੍ਰਾਪਤ ਨਹੀਂ ਕਰ ਸਕਦੇ, ਖਾਲੀ ਹੱਥ ਤੁਰ ਜਾਂਦੇ ਹਨ। ਰੱਬ ਉਨ੍ਹਾਂ ਦੀਆਂ ਹੀ ਝੋਲੀਆਂ ਭਰਦਾ ਹੈ, ਉਨ੍ਹਾਂ ਤੇ ਹੀ ਮਿਹਰਬਾਨ ਹੁੰਦਾ ਹੈ, ਉਨ੍ਹਾਂ ਤੇ ਹੀ ਰਹਿਮਤਾਂ ਦੀ ਬਖਸ਼ਿਸ਼ ਕਰਦਾ ਹੈ, ਜੋ ਸਿਰ ਸੁੱਟ ਕੇ, ਅੱਖਾਂ ਮੀਟ ਕੇ, ਪੁਜਾਰੀ ਵਲੋਂ ਦੱਸੇ ਕਰਮਕਾਂਡਾਂ, ਮਰਿਯਾਦਾਵਾਂ, ਪੂਜਾ ਪਾਠ ਆਦਿ ਨੂੰ ਸ਼ਰਧਾ ਨਾਲ ਨਿਭਾਉਂਦਾ ਹੈ।

ਜਦੋਂ ਮਨੁੱਖ ਨੂੰ ਇਹ ਪਤਾ ਹੈ ਕਿ ਇਹ ਦਿਸਦੀ ਜਾਂ ਅਣਦਿਸਦੀ ਸ੍ਰਿਸ਼ਟੀ ਕੁਦਰਤ ਦੇ ਅਟੱਲ ਨਿਯਮਾਂ ਵਿੱਚ ਚੱਲ ਰਹੀ ਹੈ ਤੇ ਇਨ੍ਹਾਂ ਨਿਯਮਾਂ ਨੂੰ ਬਦਲਣ ਦੀ ਕਿਸੇ ਕੋਲ ਕੋਈ ਸਮਰੱਥਾ ਨਹੀਂ। ਇਨ੍ਹਾਂ ਨੂੰ ਸਮਝਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ, ਖੋਜਿਆ ਜਾ ਸਕਦਾ ਹੈ, ਇਨ੍ਹਾਂ ਨੂੰ ਸਹੀ ਢੰਗ ਨਾਲ ਜਾਣ ਕੇ ਜਾਂ ਖੋਜ ਕੇ ਮਨੁੱਖ ਜਿਥੇ ਆਪ ਸੁੱਖੀ ਰਹਿ ਸਕਦਾ ਹੈ, ਉਥੇ ਕਈ ਤਰ੍ਹਾਂ ਦੀਆਂ ਮੁਸੀਬਤਾਂ ਤੋਂ ਆਪ ਵੀ ਬਚ ਸਕਦਾ ਹੈ ਤੇ ਮਨੁੱਖਤਾ ਨੂੰ ਵੀ ਬਚਾ ਸਕਦਾ ਹੈ। ਪਰ ਧਰਮ ਪੁਜਾਰੀ ਮਨੁੱਖ ਨੂੰ ਅਜਿਹਾ ਸੋਚਣ ਨਹੀਂ ਦਿੰਦੇ। ਉਨ੍ਹਾਂ ਨੂੰ ਅਜਿਹਾ ਭਰਮ ਪਾਈ ਰੱਖਦੇ ਹਨ ਕਿ ਉਨ੍ਹਾਂ ਵਲੋਂ ਦੱਸੀ ਮਰਿਯਾਦਾ ਨਿਭਾਉਣ

ਨਾਲ ਹੀ ਰੱਬ ਖੁਸ਼ ਹੁੰਦਾ ਹੈ ਤੇ ਨਾ ਨਿਭਾਉਣ ਨਾਲ ਰੱਬ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ। ਜੇ ਮਨੁੱਖ ਪੁਜਾਰੀ ਦੀ ਦੱਸੀ ਮਰਿਯਾਦਾ ਨੂੰ ਨੇਮ ਨਾਲ ਨਿਭਾਏ ਤਾਂ ਇਹ ਜਨਮ ਹੀ ਨਹੀਂ ਅਗਲਾ ਜਨਮ ਵੀ ਸਫਲ ਹੋ ਸਕਦਾ ਹੈ। ਜਿਸ ਦਿਨ ਰੱਬ ਦੀ ਕਚਹਿਰੀ ਵਿੱਚ ਹਿਸਾਬ ਕਿਤਾਬ ਹੋਵੇਗਾ ਤਾਂ ਪੈਗੰਬਰ, ਪੁਜਾਰੀਆਂ ਵਲੋਂ ਪੂਜਾ ਪਾਠ ਦੀ ਦਿੱਤੀ ਲਿਸਟ ਮੁਤਾਬਿਕ ਸ਼ਰਧਾਲੂ ਦੇ ਹੱਕ ਵਿੱਚ ਗਵਾਹੀ ਦੇਵੇਗਾ। ਇਸ ਤਰ੍ਹਾਂ ਦਾ ਭਰਮ ਪਾ ਕੇ ਪੁਜਾਰੀ ਮਨੁੱਖ ਨੂੰ 'ਸੌਦੇਬਾਜ਼ੀ' ਲਈ ਪ੍ਰੇਰਦਾ ਹੈ। ਮਨੁੱਖ ਜਦੋਂ ਸਮਾਜ ਵਿੱਚ ਪ੍ਰਚਲਤ ਸੌਦੇਬਾਜ਼ੀ (ਦੇਣ-ਲੈਣ) ਨੂੰ ਦੇਖਦਾ ਹੈ ਤਾਂ ਉਸਨੂੰ ਲਗਦਾ ਹੈ ਕਿ ਰੱਬ ਦੇ ਦਰਬਾਰ ਵਿੱਚ ਵੀ ਜਰੂਰ ਅਜਿਹੀ ਸੌਦੇਬਾਜ਼ੀ ਹੁੰਦੀ ਹੋਵੇਗੀ। ਇਸ ਤਰ੍ਹਾਂ ਸ਼ਰਧਾਲੂ ਪੁਜਾਰੀ ਵਲੋਂ ਦੱਸੀ ਮਰਿਯਾਦਾ ਨੂੰ ਨਿਭਾਉਣ ਵਿੱਚ ਹੀ ਆਪਣਾ ਧਰਮ ਸਮਝਦਾ ਹੈ। ਇਸ ਤਰ੍ਹਾਂ ਪੁਜਾਰੀ ਸ਼ਰਧਾਲੂ ਨੂੰ ਸੌਦੇਬਾਜ਼ੀ ਦੀ ਲਿਸਟ ਦਿੰਦਾ ਹੈ। ਕਿਸੇ ਖਾਸ ਧਾਰਮਿਕ ਅਸਥਾਨ ਦੇ ਦਰਸ਼ਨ ਕਰਨ ਨਾਲ ਇਹ ਲਾਭ ਮਿਲੇਗਾ, ਤੀਰਥ ਅਸਥਾਨ ਤੇ ਵਿਧੀ ਨਾਲ ਖਾਸ ਮੌਕਿਆਂ ਤੇ ਇਸ਼ਨਾਨ ਕਰਨ ਨਾਲ ਇਹ ਲਾਭ ਪ੍ਰਾਪਤ ਹੋਵੇਗਾ, ਪੁਜਾਰੀ ਵਲੋਂ ਦਿੱਤਾ ਮੰਤਰ ਪੜ੍ਹਨ (ਜਾਪ ਕਰਨ) ਨਾਲ ਇਹ ਲਾਭ ਮਿਲੇਗਾ, ਧਰਮ ਗ੍ਰੰਥ ਦੇ ਪਾਠ ਕਰਾਉਣ ਨਾਲ ਇਹ ਲਾਭ ਮਿਲੇਗਾ, ਪੂਜਾ ਕਰਾਉਣ ਨਾਲ ਇਹ ਲਾਭ ਮਿਲੇਗਾ, ਜੇ ਆਪ ਅਜਿਹਾ ਕਰਨ ਲਈ ਸਮਾਂ ਨਹੀਂ ਤਾਂ ਪੁਜਾਰੀ ਨੂੰ ਧੰਨ ਦੌਲਤ ਦਿੱਤਾ ਜਾਵੇ ਤੇ ਪੁਜਾਰੀ ਤੁਹਾਡੇ ਲਈ ਪੂਜਾ, ਪਾਠ, ਮੰਤਰ ਜਾਪ, ਯੱਗ, ਹਵਨ, ਮਾਲਾ ਫੇਰਨਾ, ਧਰਮ ਗ੍ਰੰਥਾਂ ਦੇ ਪਾਠ ਆਦਿ ਕਰਕੇ ਸ਼ਰਧਾਲੂ ਲਈ ਰੱਬ ਤੋਂ ਮੂੰਹੋਂ ਮੰਗੀਆਂ ਮੁਰਾਦਾਂ ਲੈ ਕੇ ਦੇ ਸਕਦਾ ਹੈ। ਪੁਜਾਰੀ ਰੱਬ ਅੱਗੇ ਸ਼ਰਧਾਲੂ ਲਈ ਅਰਦਾਸ (ਪ੍ਰੇਅਰ) ਕਰਕੇ ਕਿਸੇ ਵਿਗੜੇ ਕੰਮ ਨੂੰ ਸੰਵਾਰਨ ਲਈ ਸਿਫਾਰਸ਼ ਕਰ ਸਕਦਾ ਹੈ। ਸ਼ਰਧਾਲੂਆਂ ਦੇ ਮਨਾਂ ਵਿੱਚ ਇਹ ਗੱਲ ਪੱਕੀ ਕੀਤੀ ਜਾਂਦੀ ਹੈ ਕਿ ਪੁਜਾਰੀ ਹੀ ਇੱਕ ਵਿਅਕਤੀ ਹੈ, ਜਿਸਦਾ ਰੱਬ ਨਾਲ ਸਿੱਧਾ ਸਬੰਧ ਹੁੰਦਾ ਹੈ। ਉਸ ਵਲੋਂ ਕੀਤੀ ਸਿਫਰਸ਼ (ਅਰਦਾਸ) ਕਦੇ ਅਜਾਈਂ ਨਹੀਂ ਜਾਂਦੀ। ਇਸ ਤਰ੍ਹਾਂ ਮਨੁੱਖ ਆਪਣੀ ਲਾਲਚੀ ਬਿਰਤੀ ਅਧੀਨ ਪੁਜਾਰੀਆਂ ਦੇ ਪੈਰਾਂ ਤੇ ਹਮੇਸ਼ਾਂ ਡਿਗਿਆ ਰਹਿੰਦਾ ਹੈ। ਉਹ ਕਦੇ ਨਹੀਂ ਸੋਚਦਾ ਕਿ ਜੇ ਇਸ ਤਰ੍ਹਾਂ ਅਰਦਾਸਾਂ, ਪੂਜਾ-ਪਾਠਾਂ, ਮੰਤਰ-ਜਾਪਾਂ, ਭਗਤੀਆਂ ਆਦਿ ਨਾਲ ਰੱਬ ਖੁਸ਼ ਹੋ ਕੇ ਆਪਣੇ ਨਿਯਮ ਬਦਲਦਾ ਤਾਂ ਹੁਣ ਤੱਕ ਕਦੋਂ ਦਾ ਪੁਜਾਰੀਆਂ ਨੇ ਰੱਬ ਨੂੰ ਵੇਚ ਦਿੱਤਾ ਹੁੰਦਾ ਜਾਂ ਆਪਣੇ ਕਿਸੇ ਧਰਮ ਅਸਥਾਨ ਵਿੱਚ ਕੈਦ ਕਰ ਲਿਆ ਹੁੰਦਾ ਤੇ ਫਿਰ ਆਪਣੀ ਮਰਜ਼ੀ ਦੇ ਫੈਸਲੇ ਕਰਾਉਂਦਾ। ਪਰ ਮਨੁੱਖੀ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕੁਦਰਤ ਦੇ ਅਟੱਲ ਨਿਯਮਾਂ ਤੋਂ ਉਲਟ ਕਦੇ ਕੋਈ ਕਰਾਮਾਤ ਨਹੀਂ ਵਾਪਰਦੀ। ਜੋ ਕੁੱਝ ਵਾਪਰਦਾ ਹੈ, ਉਹ ਉਨ੍ਹਾਂ ਅਟੱਲ ਨਿਯਮਾਂ ਅਧੀਨ ਹੀ ਵਾਪਰਦਾ ਹੈ। ਇਸਦਾ ਦੂਜਾ ਪੱਖ ਇਹ ਵੀ ਹੈ ਕਿ ਕੁਦਰਤ ਦੇ ਇਨ੍ਹਾਂ ਨਿਯਮਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਕੌਣ ਕੀ ਕਰ ਰਿਹਾ ਹੈ? ਕੌਣ ਆਸਤਿਕ ਹੈ ਤੇ ਕੌਣ ਨਾਸਤਿਕ ਹੈ? ਕੌਣ ਕਿਸ ਧਰਮ ਨੂੰ ਮੰਨਦਾ ਹੈ ਜਾਂ ਨਹੀਂ ਮੰਨਦਾ? ਕੌਣ ਪੂਜਾ ਪਾਠ ਕਰਦਾ ਹੈ ਤੇ ਕੌਣ ਨਹੀਂ ਕਰਦਾ? ਕੌਣ ਧਰਮੀ ਹੈ ਤੇ ਕੌਣ ਪਾਪੀ ਹੈ, ਕੌਣ ਧਰਮ ਅਸਥਾਨਾਂ ਵਿੱਚ ਨੇਮ ਨਾਲ ਜਾਂਦਾ ਹੈ ਤੇ ਕੌਣ ਨਹੀਂ ਜਾਂਦਾ? ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੌਣ ਕਿਹੜੇ ਦੇਸ਼, ਧਰਮ, ਨਸਲ, ਕੌਮ, ਰੰਗ, ਲਿੰਗ ਆਦਿ ਨਾਲ ਸਬੰਧਤ ਹੈ। ਕੁਦਰਤ ਦੇ ਅਟੱਲ ਨਿਯਮ ਆਪਣੇ ਸੁਭਾਅ ਅਨੁਸਾਰ ਨਿਰੰਤਰ ਚੱਲ ਰਹੇ ਹਨ। ਜਿਹੜਾ ਵੀ ਇਨ੍ਹਾਂ ਨਿਯਮਾਂ ਅਨੁਸਾਰ ਜਾਂ ਉਨ੍ਹਾਂ ਨੂੰ ਸਮਝ ਕੇ ਚਲਦਾ ਹੈ, ਉਹ ਸੁੱਖੀ ਰਹਿ ਸਕਦਾ ਹੈ ਤੇ ਜਿਹੜਾ ਨਿਯਮਾਂ ਦੀ ਉਲੰਘਣਾ ਕਰਦਾ ਹੈ, ਉਹ ਦੁੱਖ ਪਾ ਸਕਦਾ ਹੈ। ਇਸ ਤਰ੍ਹਾਂ ਕੁਦਰਤ ਦੇ ਨਿਯਮਾਂ ਅਧੀਨ ਮਨੁੱਖ ਨੂੰ ਸੁੱਖ ਦੁੱਖ ਮਿਲਦੇ ਰਹਿੰਦੇ ਹਨ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਿਸੇ ਦੇਸ਼ ਦਾ ਕੋਈ ਨਾਗਰਿਕ ਅਗਰ ਦੇਸ਼ ਦੇ ਕਨੂੰਨ ਵਿੱਚ ਰਹਿ ਕੇ ਕੰਮ ਕਰਦਾ ਰਹੇ ਤਾਂ ਉਹ ਚੰਗਾ ਨਾਗਰਿਕ ਬਣ ਕੇ ਸਭ ਸੁੱਖ ਸਹੂਲਤਾਂ ਮਾਣਦਾ ਹੈ ਤੇ ਕਨੂੰਨ ਦੀ ਉਲੰਘਣਾ ਕਰਨ ਵਾਲਾ ਸਜ਼ਾ ਪਾਉਂਦਾ ਹੈ। ਕਈ ਵਾਰ ਮਨੁੱਖ ਅਣਜਾਣੇ ਵਿੱਚ ਨਿਯਮਾਂ ਦੀ ਉਲੰਘਣਾ ਕਰਕੇ ਵੀ ਦੁੱਖ ਪਾ ਸਕਦਾ ਹੈ ਤੇ ਇਸੇ ਤਰ੍ਹਾਂ ਕਈ ਵਾਰ ਅਣਜਾਣੇ ਵਿੱਚ ਨਿਯਮ ਅਨੁਸਾਰ ਚੱਲ ਕੇ ਸੁੱਖ ਵੀ ਪਾ ਸਕਦਾ ਹੈ। ਕਈ ਵਾਰ ਮਨੁੱਖ ਕੁੱਝ ਕਰਦਾ ਹੈ, ਉਸਦਾ ਚੰਗਾ ਜਾਂ ਮਾੜਾ ਨਤੀਜਾ ਜਲਦੀ ਸਾਹਮਣੇ ਆ ਜਾਂਦਾ ਹੈ ਤੇ ਕਈ ਵਾਰ ਉਸ ਲਈ ਸਮਾਂ ਲੱਗ ਸਕਦਾ ਹੈ। ਪਰ ਇਹ ਸਭ ਹੁੰਦਾ ਨਿਯਮ (ਭਾਣੇ) ਵਿੱਚ ਹੀ ਹੈ। ਕੁੱਝ ਵੀ ਇਸ ਤੋਂ ਬਾਹਰ ਨਹੀਂ ਹੈ। ਇਸ ਲਈ ਸੌਦੇਬਾਜ਼ੀ ਦੀ ਭਾਵਨਾ ਨਾਲ ਕੀਤੇ ਪੂਜਾ ਪਾਠ, ਸਿਮਰਨ, ਭਜਨ ਬੰਦਗੀ, ਮੰਤਰ ਜੰਤਰ ਆਦਿ ਕੁੱਝ ਨਹੀਂ ਸੰਵਾਰ ਸਕਦੇ ਤੇ ਨਾ ਹੀ ਇਸ ਨਾਲ ਇਨ੍ਹਾਂ ਅਟੱਲ ਨਿਯਮਾਂ (ਹੁਕਮ ਜਾਂ ਭਾਣਾ) ਨੂੰ ਬਦਲਿਆ ਜਾ ਸਕਦਾ ਹੈ ਤੇ ਨਾ ਹੀ ਖੁਸ਼ ਕੀਤਾ ਜਾ ਸਕਦਾ ਹੈ। ਪੁਜਾਰੀਆਂ ਵਲੋਂ ਧਰਮ ਦੇ ਨਾਮ ਤੇ ਕੀਤਾ ਜਾਂਦਾ ਅਡੰਬਰ ਝੂਠਾ ਤੇ ਨਕਲੀ ਹੈ। ਪੁਜਾਰੀਆਂ ਵਲੋਂ ਮਨੁੱਖੀ ਮਨ ਦੀ ਲਾਲਾਚੀ ਬਿਰਤੀ ਅਧੀਨ ਲੁੱਟਣ ਲਈ ਹੀ ਇਹ ਪ੍ਰਚਾਰਿਆ ਜਾਂਦਾ ਹੈ; 'ਤੁਮ ਏਕ ਪੈਸਾ ਦੋਗੇ ਵੋ ਦਸ ਲਾਖ ਦੇਗਾ'। ਇਸ ਵਿੱਚ ਕੋਈ ਸਚਾਈ ਨਹੀਂ, ਜਿਤਨੀ ਜਲਦੀ ਇਹ ਸੱਚ ਆਪਾਂ ਜਾਣ ਲਵਾਂਗੇ, ਇਨ੍ਹਾਂ ਦੇ ਭਰਮਜਾਲ ਜਾਂ ਮਾਇਆਜਾਲ ਵਿਚੋਂ ਨਿਕਲ ਸਕਾਂਗੇ। ਜੇ ਨਹੀਂ ਸਮਝਾਂਗੇ ਤਾਂ ਅਸੀਂ ਵੀ ਆਪਣੇ ਪੁਰਖਿਆਂ (ਪੂਰਵਜਾਂ) ਵਾਂਗ ਪੁਜਾਰੀਆਂ ਜਾਂ ਉਨ੍ਹਾਂ ਦੇ ਬਣਾਏ ਨਕਲੀ ਭਗਵਾਨਾਂ ਜਾਂ ਮੂਰਤੀਆਂ ਅੱਗੇ ਮੱਥੇ ਰਗੜਦੇ ਮਰ ਜਾਵਾਂਗੇ, ਪਰ ਮਿਲੇਗਾ ਕੁੱਝ ਨਹੀਂ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਜਾਣ ਲੈਣੀ ਚਾਹੀਦੀ ਹੈ ਕਿ ਇਸ ਰੱਬੀ ਨਿਜ਼ਾਮ ਵਿੱਚ ਕਿਸੇ ਦੀ ਕੋਈ ਸਿਫਾਰਿਸ਼ ਨਹੀਂ ਚਲਦੀ, ਕਿਤੇ ਸੌਦੇਬਾਜ਼ੀ ਨਹੀਂ ਚਲਦੀ, ਕੋਈ ਅਰਦਾਸ ਨਹੀਂ ਸੁਣੀ ਜਾਂਦੀ? ਨਾ ਹੀ ਅਜਿਹੀ ਕਿਸੇ ਸੌਦੇਬਾਜ਼ੀ ਨਾਲ ਕਿਸੇ ਨੂੰ ਖੁਸ਼ ਕਰਕੇ ਕੁੱਝ ਕਰਵਾਇਆ ਜਾ ਸਕਦਾ ਹੈ? ਇਹ ਸਾਡੇ ਵਲੋਂ ਬਣਾਏ ਸਮਾਜ ਵਿੱਚ ਤਾਂ ਸੰਭਵ ਹੋ ਸਕਦਾ ਹੈ ਕਿ ਅਸੀਂ ਰਿਸ਼ਵਤ ਦੇ ਕੇ, ਕੋਈ ਵੱਢੀ ਦੇ ਕੇ, ਕੋਈ ਸਿਫਾਰਿਸ਼ ਪੁਆ ਕੇ ਕੰਮ ਕਰਵਾ ਲਈਏ, ਪਰ ਕੁਦਰਤ ਦੇ ਸਿਸਟਮ ਵਿੱਚ ਸਭ ਕੁੱਝ ਸਿਸਟਮ (ਨਿਯਮ) ਵਿੱਚ ਹੀ ਚਲਦਾ ਹੈ। ਉਸਨੂੰ ਬਦਲਣਾ ਜਾਂ ਖੁਸ਼ ਕਰਨਾ ਸਾਡੇ ਵੱਸ ਨਹੀਂ। ਸਾਡੇ ਹੱਥ ਸਿਰਫ ਇਹੀ ਹੈ ਕਿ ਅਸੀਂ ਇਸ ਸਿਸਟਮ ਨੂੰ ਸਮਝੀਏ, ਉਸ ਅਨੁਸਾਰ ਰਹਿਣ ਦੀ ਜਾਚ ਸਿੱਖੀਏ। ਉਸਨੂੰ ਖੋਜੀਏ, ਜੇ ਖੋਜਾਂਗੇ ਤਾਂ ਜ਼ਰੂਰ ਕੁੱਝ ਨਾ ਕੁੱਝ ਮਿਲੇਗਾ, ਜਿਸ ਨਾਲ ਆਪਣਾ ਤੇ ਮਨੁੱਖਤਾ ਦਾ ਭਲਾ ਕੀਤਾ ਜਾ ਸਕਦਾ ਹੈ।

ਜੋ ਮਨੁੱਖ ਪੁਜਾਰੀਆਂ ਦੇ ਕਰਮਕਾਂਡੀ ਮਾਇਆਜਾਲ ਵਿੱਚ ਫਸ ਚੁੱਕੇ ਹਨ, ਉਨ੍ਹਾਂ ਨੂੰ ਇਸ ਵਿਚੋਂ ਕੱਢਣਾ, ਉਨ੍ਹਾਂ ਨੂੰ ਗਿਆਨਵਾਨ ਬਣਾਉਣਾ, ਉਨ੍ਹਾਂ ਨੂੰ ਸੱਚ ਦੇ ਮਾਰਗ ਤੇ ਤੋਰਨਾ, ਅਸਲੀ ਧਰਮ ਦੇ ਰਾਹੇ ਪਾਉਣਾ, ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਕ ਲੁੱਟ ਤੋਂ ਬਣਾਉਣਾ, ਉਨ੍ਹਾਂ ਸਭ ਦਾ ਫਰਜ਼ ਹੈ ਜੋ ਗਿਆਨਵਾਨ ਹਨ, ਸੂਝਵਾਨ ਹਨ, ਸੱਚ ਦੇ ਮਾਰਗ ਦੇ ਪਾਂਧੀ ਹਨ, ਅਸਲੀ ਧਰਮੀ ਹਨ, ਜਾਗਰੂਕ ਹਨ, ਪੁਜਾਰੀਆਂ ਦੇ ਕਪਟੀ ਜਾਲ ਵਿਚੋਂ ਨਿਕਲ ਚੁੱਕੇ ਹਨ। ਜੇ ਅਸੀਂ ਇਹ ਸੋਚ ਕੇ ਕਿ ਇਨ੍ਹਾਂ ਦਾ ਕੁੱਝ ਨਹੀਂ ਹੋ ਸਕਦਾ ਜਾਂ ਲੋਕਾਂ ਨੂੰ ਜਾਗਰੂਕ ਨਹੀਂ ਕੀਤਾ ਜਾ ਸਕਦਾ, ਇਹ ਸਾਡੀ ਨਾਕਾਰਾਤਮਿਕ ਸੋਚ ਹੈ। ਬਹੁਤੇ ਸ਼ਰਧਾਲੂ ਅਣਜਾਣੇ ਜਾਂ ਭੋਲੇਪਨ ਵਿੱਚ ਹੀ ਇਨ੍ਹਾਂ ਦੇ ਜਾਲ ਵਿੱਚ ਫਸੇ ਹੋਏ ਹਨ। ਸਾਨੂੰ ਉਨ੍ਹਾਂ ਤੇ ਤਰਸ ਕਰਨ ਦੀ ਲੋੜ ਹੈ ਨਾ ਕਿ ਉਨ੍ਹਾਂ ਨਾਲ ਨਫਰਤ ਜਾਂ ਈਰਖਾ ਕਰਨ ਦੀ। ਇਹ ਗੱਲ ਉਨ੍ਹਾਂ ਅਨਪੜ੍ਹ, ਅਧਪੜ੍ਹ, ਅਗਿਆਨੀ, ਅੰਧਵਿਸ਼ਵਾਸ਼ੀ, ਕਰਮਕਾਂਡੀ ਸ਼ਰਧਾਲੂਆਂ ਨੂੰ ਸਮਝਾਉਣ ਦੀ ਲੋੜ ਹੈ ਕਿ ਕੁਦਰਤ ਦੇ ਇਸ ਨਿਰੰਤਰ ਚੱਲ ਰਹੇ ਵਰਤਾਰੇ ਵਿੱਚ ਸਭ ਕੁੱਝ ਰੱਬੀ ਨਿਯਮਾਂ (ਕੁਦਰਤ ਦੇ ਨਿਯਮਾਂ ਜਾਂ ਲਾਅ ਆਫ ਨੇਚਰ) ਅਨੁਸਾਰ ਹੀ ਵਾਪਰਦਾ ਹੈ, ਇਥੇ ਇਨ੍ਹਾਂ ਨਿਯਮਾਂ ਤੋਂ ਬਾਹਰ ਕਦੇ ਕੋਈ ਕਰਾਮਾਤ ਨਹੀਂ ਵਾਪਰਦੀ, ਜੇ ਸਾਨੂੰ ਵਾਪਰਨ ਦਾ ਭਰਮ ਹੈ ਤਾਂ ਸਿਰਫ ਮਦਾਰੀ ਦੇ ਤਮਾਸ਼ੇ ਵਾਲਾ ਹੱਥ ਦੀ ਸਫਾਈ ਨਾਲ ਕੀਤਾ ਅੱਖਾਂ ਦਾ ਭਰਮ ਹੁੰਦਾ ਹੈ। ਜੇ ਅਸੀਂ ਨਿਯਮਾਂ ਨੂੰ ਸਮਝ ਲਈਏ, ਇਨ੍ਹਾਂ ਨਿਯਮਾਂ ਦੇ ਪਿਛੇ ਕੰਮ ਕਰਦੇ ਛੁਪੇ ਹੋਏ ਨਿਯਮਾਂ ਨੂੰ ਜਾਣ ਲਈਏ ਤਾਂ ਅਸੀਂ ਕਈ ਕਰਾਮਾਤਾਂ ਵਰਤਾਅ ਸਕਦੇ ਹਾਂ। ਫਿਰ ਸਾਨੂੰ ਕਿਸੇ ਪੁਜਾਰੀ ਦੇ ਚਰਨਾਂ ਵਿੱਚ ਡਿਗ ਕੇ, ਫੋਕਟ ਰੀਤਾਂ-ਰਸਮਾਂ, ਫੋਕਟ ਕਰਮਕਾਂਡਾਂ, ਫੋਕਟ ਪੂਜਾ-ਪਾਠਾਂ, ਭਗਤੀਆਂ-ਸਿਮਰਨ ਆਦਿ ਕਰਨ ਦੀ ਲੋੜ ਨਹੀਂ ਪੈਣੀ? ਨਾ ਹੀ ਆਪਣੇ ਕਾਰਜਾਂ ਜਾਂ ਜੀਵਨ ਨੂੰ ਸੰਵਾਰਨ ਜਾਂ ਆਨੰਦਮਈ ਬਣਾਉਣ ਲਈ ਪੁਜਾਰੀਆਂ ਨਾਲ ਕੋਈ ਸੌਦੇਬਾਜ਼ੀ ਕਰਨ ਦੀ ਲੋੜ ਪੈਣੀ ਹੈ। ਫਿਰ ਅਸੀਂ ਆਪਣਾ ਹੀ ਨਹੀਂ, ਸਰਬਤ ਦਾ ਭਲਾ ਕਰਨ ਦੇ ਸਮਰੱਥ ਹੋ ਸਕਾਂਗੇ। ਇਹ ਗੱਲ ਵੀ ਜਾਣ ਲੈਣੀ ਬੜੀ ਜ਼ਰੂਰੀ ਹੈ ਕਿ ਕੁਦਰਤ ਦੇ ਇਹ ਅਟੱਲ ਨਿਯਮ ਸਿਰਫ ਬਾਹਰੀ ਮਾਦੇ (ਮੈਟਰ) ਤੇ ਹੀ ਲਾਗੂ ਨਹੀਂ ਹੁੰਦੇ, ਇਹ ਸਾਡੇ ਅੰਦਰ ਛੁਪੀ ਬੈਠੀ ਚੇਤੰਨਤਾ (ਆਤਮਾ ਜਾਂ ਦਿਲ ਜਾਂ ਮਨ ਜਾਂ ਦਿਮਾਗ) ਤੇ ਵੀ ਉਸੇ ਤਰ੍ਹਾਂ ਲਾਗੂ ਹੁੰਦੇ ਹਨ, ਇਸੇ ਲਈ ਅਸਲੀ ਧਰਮ ਗੁਰੂਆਂ ਨੇ ਸਾਨੂੰ ਵਾਰ-ਵਾਰ ਆਪਣੇ ਅੰਦਰ ਝਾਤੀ ਮਾਰਨ ਲਈ ਆਵਾਜ਼ ਮਾਰੀ ਹੈ, ਆਪਾ ਚੀਨਣ ਦੀ ਬਾਤ ਪਾਈ ਹੈ, ਆਪਾ ਖੋਜਣ ਦੀ ਗੱਲ ਕੀਤੀ ਹੈ। ਜੇ ਅਸੀਂ ਨਕਲੀ ਧਰਮਾਂ ਦੀ ਦਲਦਲ ਵਿਚੋਂ ਨਿਕਲ ਕੇ ਅਸਲੀ ਧਰਮ ਦੇ ਮਾਰਗ ਦੇ ਪਾਂਧੀ ਬਣਨਾ ਹੈ ਤਾਂ ਸਾਨੂੰ ਆਪਣੇ ਆਪ ਨਾਲ ਜੁੜਨਾ ਪਵੇਗਾ, ਆਪਣੇ ਅੰਦਰ ਝਾਤੀ ਮਾਰਨੀ ਪਵੇਗੀ, ਆਪਣੇ ਅੰਦਰ ਛੁਪੀ ਉਸ ਚੇਤੰਨਤਾ ਦੇ ਦਰਸ਼ਨ ਕਰਨੇ ਪੈਣਗੇ, ਜੋ ਸਾਡੇ ਅੰਦਰ ਬੈਠੀ ਇਹ ਸਾਰਾ ਖੇਲ ਰਚਾ ਰਹੀ ਹੈ। ਇਸੇ ਲਈ ਅਸਲੀ ਧਰਮ ਗੁਰੂ ਸਾਨੂੰ ਇੱਟਾਂ ਮਿੱਟੀ ਦੇ ਬਣੇ ਧਰਮ ਮੰਦਰਾਂ ਵਿੱਚ ਖੋਜਣ ਲਈ ਨਹੀਂ, ਸਗੋਂ ਆਪਾ ਖੋਜਣ ਦਾ ਮਾਰਗ ਦੱਸਦੇ ਹਨ। ਆਪਾ ਖੋਜਣ ਦਾ ਇਹ ਮਾਰਗ, ਇੱਕ ਦਿਨ ਨਹੀਂ, ਰੋਜ਼ਾਨਾ (ਨਿੱਤ) ਦਾ ਕਾਰਜ ਹੈ, ਜੋ ਅਸੀਂ ਹਮੇਸ਼ਾਂ ਕਰਦੇ ਰਹਿਣਾ ਹੈ। ਬੇਸ਼ੱਕ ਪੁਜਾਰੀ ਤਾਂ ਇਹ ਪਾਠ ਪੜ੍ਹਾਉਂਦੇ ਹਨ ਕਿ ਸ਼ਰਧਾ ਵਾਲਾ ਹੀ ਅਸਲੀ ਧਰਮੀ ਹੈ, ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਰਧਾ ਦਾ ਰਸਤਾ ਛੱਡੇ ਬਿਨਾਂ ਕੋਈ ਸੱਚਾ ਧਰਮੀ ਨਹੀਂ ਬਣ ਸਕਦਾ। ਧਰਮ ਗ੍ਰੰਥਾਂ ਦੇ ਮਹਿਜ ਪਾਠ ਜਾਂ ਮੰਤਰ ਜਾਪ ਤੁਹਾਨੂੰ ਧਰਮੀ ਹੋਣ ਦਾ ਭਰਮ ਤਾਂ ਪਾ ਸਕਦੇ ਹਨ, ਪਰ ਧਰਮੀ ਬਣਾ ਨਹੀਂ ਸਕਦੇ। ਸ਼ਰਧਾ ਨੂੰ ਛੱਡ ਕੇ ਹੀ ਤੁਸੀਂ ਗਿਆਨ ਦੇ ਮਾਰਗ ਵੱਲ ਪਹਿਲਾ ਕਦਮ ਪੁੱਟਦੇ ਹੋ। ਗਿਆਨ ਦੇ ਮਾਰਗ ਤੇ ਤੁਰ ਕੇ ਹੀ ਤੁਸੀਂ ਧਰਮ ਵੱਲ ਆ ਸਕਦੇ ਹੋ, ਉਸ ਲਈ ਤੁਹਾਨੂੰ ਆਪਣੀ ਖੋਜ ਆਪ ਕਰਨੀ ਪਵੇਗੀ, ਦੂਜਿਆਂ ਦੀਆਂ ਖੋਜਾਂ ਤੁਹਾਨੂੰ ਆਪਣੀ ਖੋਜ ਲਈ ਸਹਾਈ ਤਾਂ ਹੋ ਸਕਦੀਆਂ ਹਨ, ਪਰ ਮੰਜ਼ਿਲ ਤੇ ਪਹੁੰਚਣ ਲਈ ਤੁਹਾਨੂੰ ਰਸਤਾ ਆਪ ਹੀ ਤੈਅ ਕਰਨਾ ਪਵੇਗਾ। ਮਨ ਦੀ ਖੋਜ ਮੈਟਰ ਦੀ ਖੋਜ ਵਾਂਗ ਦੋ ਗੁਣਾਂ ਦੋ ਚਾਰ ਵਾਂਗ ਨਹੀਂ ਹੈ, ਇਹ ਸਭ ਦੀ ਵੱਖਰੀ ਹੋਵੇਗੀ ਕਿਉਂਕਿ ਸਾਡਾ ਸਭ ਦਾ ਮਨ (ਦਿਮਾਗ) ਵੱਖਰਾ ਹੈ। ਇਹ ਕੋਈ ਜੜ੍ਹ (ਸਥੂਲ) ਵਸਤੂ ਨਹੀਂ ਹੈ, ਇਹ ਜਿੰਦਾ ਚੇਤੰਨਤਾ ਹੈ। ਇਸ ਲਈ ਸਾਨੂੰ ਅਸਲੀ ਧਰਮ ਦੇ ਮਾਰਗ ਤੇ ਤੁਰਨ ਲਈ ਆਪਣਾ ਰਸਤਾ ਆਪ ਬਣਾਉਣਾ ਪੈਣਾ ਹੈ। ਇਸ ਲਈ ਪਹਿਲੀ ਸ਼ਰਤ ਪੁਜਾਰੀਆਂ ਦੇ ਨਕਲੀ ਧਰਮਾਂ, ਇਨ੍ਹਾਂ ਦੀਆਂ ਨਕਲੀ ਮਰਿਯਾਦਾਵਾਂ, ਨਕਲੀ ਪੂਜਾ-ਪਾਠਾਂ, ਨਕਲੀ ਕਰਮਕਾਂਡਾਂ, ਨਕਲੀ ਧਰਮ ਚਿੰਨ੍ਹਾਂ ਆਦਿ ਨੂੰ ਛੱਡਣਾ ਪਵੇਗਾ, ਇਨ੍ਹਾਂ ਤੋਂ ਖਹਿੜਾ ਛੁਡਾਉਣਾ ਪਵੇਗਾ? ਇਨ੍ਹਾਂ ਨਕਲੀ ਧਰਮਾਂ ਵਿਚੋਂ ਨਿਕਲੇ ਬਿਨਾਂ ਅਸੀਂ ਅਸਲੀ ਧਰਮ ਦੇ ਦਰਸ਼ਨ ਨਹੀਂ ਕਰ ਸਕਦੇ? ਆਉ ਸਾਰੇ ਰਲ ਕੇ ਪੁਜਾਰੀਆਂ ਦੇ ਸੌਦੇਬਾਜ਼ੀਆਂ ਵਾਲੇ ਨਕਲੀ ਧਰਮਾਂ ਨੂੰ ਛੱਡ ਕੇ ਕੁਦਰਤ ਦੇ ਮਾਦੇ (ਮੈਟਰ) ਵਿਚਲੇ ਨਿਯਮਾਂ ਨੂੰ ਜਾਨਣ ਦੇ ਨਾਲ-ਨਾਲ ਉਸ ਮਾਦੇ ਵਿੱਚ ਵਿਚਰਦੀ ਚੇਤੰਨਤਾ ਨੂੰ ਪਛਾਈਏ? ਇਹੀ ਅਸਲੀ ਧਰਮ ਦਾ ਮਾਰਗ ਹੈ।

# ਬਾਬਾ ਬੁੱਲ੍ਹੇ ਸ਼ਾਹ ਦੀ ਸੋਚ 'ਤੇ ਹੱਲੇ ਖ਼ਿਲਾਫ਼ ਕਨਵੈਨਸ਼ਨ ਵੱਲੋਂ ਜਨਤਕ ਆਵਾਜ਼ ਬੁਲੰਦ ਕਰਨ ਦਾ ਸੱਦਾ

## ਲੋਕ ਤਾਕਤ ਹੀ ਅਜੇਹੇ ਹੱਲੇ ਨੂੰ ਠੱਲ੍ਹ ਪਾ ਸਕਦੀ ਹੈ: ਡਾ. ਸਵਰਾਜਬੀਰ





ਜਲੰਧਰ, (ਅਮੋਲਕ ਸਿੰਘ): ਪੰਜਾਬੀ ਦੇ ਵਿਦਵਾਨ ਸੂਫ਼ੀ ਕਵੀ ਬਾਬਾ ਬੁੱਲ੍ਹੇ ਸ਼ਾਹ ਦੀ ਮਸੂਰੀ (ਉਤਰਾਖੰਡ) ਬਣੀ ਮਜ਼ਾਰ ਫ਼ਿਰਕੂ ਤੱਤਾਂ ਵੱਲੋਂ ਤੋੜੇ ਜਾਣ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਹੋਏ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਦੇ 'ਤੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਤੁਰੰਤ ਪੈਰ ਪ੍ਰਤੀਕਿਰਿਆ ਵਜੋਂ ਕਨਵੈਨਸ਼ਨ ਕੀਤੀ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਅਜਮੇਰ ਸਿੰਘ ਅਤੇ ਮੰਗਤ ਰਾਮ ਪਾਸਲਾ ਦੀ ਪ੍ਰਧਾਨਗੀ 'ਚ ਹੋਈ ਕਨਵੈਨਸ਼ਨ ਦਾ ਆਗਾਜ਼ ਗਾਇਕ ਕਲਾਕਾਰ ਧਰਮਿੰਦਰ ਮਸਾਣੀ, ਮਾਨਵਤਾ ਕਲਾ ਮੰਚ ਦੇ ਕਲਾਕਾਰ ਨਰਗਿਸ ਅਤੇ ਕੁਲਵੰਤ ਕੌਰ ਨਗਰ ਦੁਆਰਾ ਕਰਮਵਾਰ ਬਾਬਾ ਬੁੱਲ੍ਹੇ ਸ਼ਾਹ, ਤ੍ਰੈਲੋਚਨ ਲੋਚੀ ਅਤੇ ਕੁਲਵੰਤ ਕੌਰ ਦੀ ਕਲਮ ਤੋਂ ਲਿਖੇ ਬੋਲਾਂ ਨਾਲ ਹੋਇਆ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਨਵੈਨਸ਼ਨ ਦੇ ਆਰੰਭਕ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ 'ਤੇ ਹੋਏ ਹਮਲੇ ਪਿੱਛੇ ਛੁਪੇ ਮੰਤਵਾਂ ਨੂੰ ਸਮਝਦੀ ਹੈ ਇਸ ਕਰਕੇ ਹੀ ਅਸੀਂ ਤੁਰੰਤ ਪੈਰ ਇਹ ਕਨਵੈਨਸ਼ਨ ਕੀਤੀ ਹੈ ਇਸਨੂੰ ਭਰਵਾਂ ਹੁੰਗਾਰਾ ਦੇਣ ਲਈ ਤੁਹਾਡੇ ਤਹਿ ਦਿਲੋਂ ਧੰਨਵਾਦੀ ਹਾਂ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਡਾ. ਸਵਰਾਜਬੀਰ ਨੂੰ ਬਾਬਾ ਬੁੱਲ੍ਹੇ ਸ਼ਾਹ ਦੀ ਤਸਵੀਰ ਲੱਗਾ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ।

ਇਸ ਕਨਵੈਨਸ਼ਨ 'ਚ ਮੁੱਖ ਵਕਤਾ ਡਾ. ਸਵਰਾਜਬੀਰ ਨੇ ਬੋਲਦੇ ਹੋਏ ਕਿਹਾ ਕਿ ਬਾਬਾ ਬੁੱਲ੍ਹੇ ਸ਼ਾਹ ਨੂੰ ਹਮਲੇ ਦਾ ਨਿਸ਼ਾਨਾ ਬਣਾਉਣਾ ਅਸਲ 'ਚ ਧਰਮ ਨਿਰਪੱਖਤਾ, ਮਾਨਵਤਾਵਾਦੀ, ਸਹਿਣਸ਼ੀਲਤਾ ਭਰੀ ਸੋਚ ਉਪਰ ਹੱਲਾ ਹੈ। ਉਹਨਾਂ ਕਿਹਾ ਕਿ ਉਸਨੇ ਹਰ ਧਰਮ ਦੇ ਫ਼ਿਰਕੂ ਧਾਰਮਿਕ ਕੱਟੜਪੰਥੀ ਤੱਤਾਂ ਉਪਰ ਚੋਟ ਕੀਤੀ ਹੈ। ਅੱਜ ਜਿਹੜੀਆਂ ਤਾਕਤਾਂ ਸਮਾਜ ਅੰਦਰ ਫੁੱਟ, ਵੰਡੀਆਂ ਪਾਉਣ, ਨਫ਼ਰਤ ਦੇ ਬੀਜਾਂ ਦਾ ਛੱਟਾ ਦੇ ਕੇ ਆਪਣੇ ਫ਼ਿਰਕੂ ਅਜੰਡੇ ਨੂੰ ਲਾਗੂ ਕਰਕੇ ਆਪਣੇ ਸੌੜੇ ਰਾਜਨੀਤਕ ਮੰਤਵਾਂ ਦੀ ਪੂਰਤੀ ਕਰਨਾ ਚਾਹੁੰਦੀਆਂ ਨੇ ਉਹਨਾਂ ਦੇ ਚੰਦਰੇ ਮਨਸੂਬੇ ਚਕਨਾਚੂਰ ਕਰਨ ਲਈ ਸਮੂਹ ਧਰਮ-ਨਿਰਪੱਖ, ਲੋਕ-ਪੱਖੀ, ਮਿਹਨਤਕਸ਼ ਲੋਕਾਂ ਦੀਆਂ ਸੰਸਥਾਵਾਂ ਨੂੰ ਨਿਰੰਤਰ ਸੰਗਰਾਮ ਕਰਨ ਲਈ ਅੱਗੇ ਆਉਣ ਦੀ ਲੋੜ ਹੈ।

ਡਾ. ਸਵਰਾਜਬੀਰ ਨੇ ਕਿਹਾ ਕਿ ਚਿੰਤਨ, ਚੇਤਨਾ, ਏਕਤਾ ਸਾਂਝ ਅਤੇ ਸੰਘਰਸ਼ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਸਭਨਾਂ ਨੂੰ ਆਪਸੀ ਮਤਭੇਦ ਲਾਂਭੇ ਰੱਖਦਿਆਂ ਮੁਲਕ 'ਤੇ ਚੜ੍ਹੀ ਆ ਰਹੀ ਫ਼ਿਰਕੂ ਫਾਸ਼ੀ ਹੱਲੇ ਦੀ ਹਨ੍ਹੇਰੀ ਜਿਸਦੇ ਜ਼ੋਰ 'ਤੇ ਭਾਜਪਾ ਹਕੂਮਤ ਆਪਣੇ ਰਾਜ ਤਖ਼ਤ ਨੂੰ ਬਹੁਤ ਸ਼ਾਤਰਾਨਾ ਅੰਦਾਜ਼ 'ਚ ਪੱਕਿਆਂ ਕਰਨ ਜਾ ਰਹੀ ਹੈ। ਇਸਨੂੰ ਹਾਰ ਦੇਣ ਲਈ ਇਸ ਖ਼ਿਲਾਫ਼ ਇੱਕਜੁੱਟ ਵਿਸ਼ਾਲ ਜਨਤਕ ਲਹਿਰ ਖੜ੍ਹੀ ਕਰਨ ਦੀ ਲੋੜ ਹੈ।

ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਸਮਾਗਮ ਦਾ ਤੱਤ ਨਿਚੋੜ ਸਾਂਝਾ ਕਰਦਿਆਂ ਕਿਹਾ ਕਿ ਲੋਕ ਸ਼ਕਤੀ ਹੀ ਹਰ ਤਰ੍ਹਾਂ ਦੀਆਂ ਲੋਕ ਵਿਰੋਧੀ ਤਾਕਤਾਂ ਦੀਆਂ ਲੋਕ-ਮਾਰੂ ਨੀਤੀਆਂ ਨੂੰ ਅੱਗੇ ਹੋ ਕੇ ਠੱਲ੍ਹਣ ਦੀ ਸਮਰੱਥਾ ਰੱਖਦੀ ਹੈ। ਉਹਨਾਂ ਕਿਹਾ ਕਿ ਦਿੱਲੀ ਕਿਸਾਨ ਮੋਰਚਾ ਵਰਗੀਆਂ ਸਰਗਰਮੀਆਂ ਗਵਾਹ ਹਨ। ਇਸ ਲਈ ਜੋ ਤਾਕਤਾਂ ਵੱਖ-ਵੱਖ ਹੱਥ ਕੰਡੇ ਵਰਤਕੇ ਸਮਾਜ ਅੰਦਰ ਬਾਬਾ ਬੁੱਲ੍ਹੇ ਸ਼ਾਹ ਦੀ ਸੋਚ 'ਤੇ ਹੱਲੇ ਬੋਲ ਰਹੀਆਂ ਹਨ। ਉਹਨਾਂ ਦੇ ਮਨਸੂਬਿਆਂ ਨੂੰ ਭਾਂਜ ਦੇਣ ਲਈ ਧੁਰ ਹੇਠਾਂ ਤੱਕ ਜਨਤਕ ਲਹਿਰ ਉਸਾਰਨ ਦੀ ਲੋੜ ਹੈ।

ਮੰਚ ਤੋਂ ਰੱਖੇ ਮਤਿਆਂ 'ਚ ਮੰਗ ਕੀਤੀ ਗਈ ਕਿ ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ ਤੋੜਨ ਅਤੇ ਕਸ਼ਮੀਰੀ ਨੌਜਵਾਨ ਤਾਬਿਸ ਅਹਿਮਦ ਦੀ ਦੇਹਰਾਦੂਨ ਵਿਖੇ ਸਿਰ ਵਿੱਚ ਰਾਡਾਂ ਮਾਰਕੇ ਵਹਿਸ਼ੀਆਨਾ ਕੁੱਟ-ਮਾਰ ਕਰਨ ਵਾਲੇ ਜ਼ਿੰਮੇਵਾਰੀਆਂ ਓਟਣ ਵਾਲੇ ਤੱਤਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਮੁਲਕ 'ਚ ਸਭਨੀ ਥਾਈਂ ਹੋ ਰਹੀਆਂ ਫ਼ਿਰਕੂ ਨਫ਼ਰਤ ਨਾਲ ਭਰੀਆਂ ਕਾਰਵਾਈਆਂ ਬੰਦ ਕੀਤੀਆਂ ਜਾਣ। ਆਦਿਵਾਸੀ ਖੇਤਰਾਂ 'ਚ ਝੂਠੇ ਪੁਲਸ ਮੁਕਾਬਲਿਆਂ ਦੇ ਬੋਲੇ ਹੱਲੇ ਬੰਦ ਕੀਤੇ ਜਾਣ। ਬਿਨਾਂ ਮੁਕੱਦਮਾ ਚਲਾਏ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਏ। ਲੋਕਾਂ ਖ਼ਿਲਾਫ਼ ਛੇੜੀ ਬਹੁ-ਕੌਮੀ ਕਾਰਪੋਰੇਟ ਧਾਵੇ ਦੀ ਜੰਗ ਬੰਦ ਕੀਤੀ ਜਾਵੇ। ਇਹਨਾਂ ਮਤਿਆਂ ਨੂੰ ਕਨਵੈਨਸ਼ਨ 'ਚ ਹਾਜ਼ਰ ਲੋਕਾਂ ਨੇ ਦੋਵੇਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ।

ਅੱਜ ਦੀ ਕਨਵੈਨਸ਼ਨ 'ਚ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ ਪੰਜਾਬ, ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਪਲਸ ਮੰਚ, ਪੰਜਾਬ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭਾ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ), ਇਸਤਰੀ ਜਾਗਰਿਤੀ ਮੰਚ, ਡੈਮੋਕਰੈਟਿਕ ਲੌਇਰਜ਼ ਐਸੋਸੀਏਸ਼ਨ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਤਰਕਸ਼ੀਲ ਸੁਸਾਇਟੀ ਕਨੇਡਾ ਦੇ ਆਗੂ, ਸੰਪਾਦਕ ਸੁਰਖ਼ ਲੀਹ, ਇਨਕਲਾਬੀ ਸਾਡਾ ਰਾਹ ਦੇ ਸੰਚਾਲਕ ਕੁਲਵਿੰਦਰ ਵੜੈਚ, ਨਾਵਲਕਾਰ ਬਲਵੀਰ ਪਰਵਾਨਾ, ਭੈਣੀ ਸਾਹਿਬ ਮੈਗਜ਼ੀਨ ਸਤਿਯੁਗ ਦੇ ਸੰਪਾਦਕ ਗੁਰਲਾਲ ਸਿੰਘ ਅਤੇ ਰੰਗਕਰਮੀ ਡਾ. ਸਾਹਿਬ ਸਿੰਘ ਸਮੇਤ ਬਹੁਤ ਸਾਰੀਆਂ ਸਾਹਿਤਕ, ਜਮਹੂਰੀ ਅਤੇ ਲੋਕ-ਪੱਖੀ ਸ਼ਖਸ਼ੀਅਤਾਂ ਅਤੇ ਜਨਤਕ-ਜਮਹੂਰੀ ਕਾਰਕੁੰਨ ਹਾਜ਼ਰ ਸਨ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ ਤਰਫ਼ੋਂ ਬੱਬਰ ਅਕਾਲੀ ਸ਼ਹਾਦਤ ਸ਼ਤਾਬਦੀ ਮੁਹਿੰਮ ਸ਼ੁਰੂ ਕਰਨ ਲਈ 27 ਫਰਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੋ ਰਹੇ ਸਮਾਗਮ ਵਿੱਚ ਸਭ ਨੂੰ ਹੁੰਮ-ਹੁੰਮਾ ਕੇ ਪੁੱਜਣ ਦੀ ਅਪੀਲ ਕੀਤੀ।

ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਹਿੰਦੋਸਤਾਨ ’ਚ ਖੱਬੀ ਧਿਰ ਦੀ ਰਾਜਨੀਤੀ ਦੀ ਜੜ੍ਹ ਕਿਉਂ ਨਾ ਲੱਗੀ ?

ਹਰਜੀਤ ਸਿੰਘ ਗਿੱਲ
+1 647 542 0007 (ਕਨੇਡਾ)
+919888945127 (ਭਾਰਤ)



ਕਮਿਊਨਿਸਟ ਵਿਚਾਰਧਾਰਾ ਅਤੇ ਸਮਾਜਵਾਦੀ ਵਿਚਾਰਧਾਰਾ ਅਕਸਰ ਇਕੋ ਜਿਹੀਆਂ ਲੱਗਦੀਆਂ ਹਨ, ਪਰ ਦੋਵਾਂ ਵਿੱਚ ਕੁਝ ਮੂਲ ਸਮਾਨਤਾਵਾਂ ਵੀ ਹਨ ਅਤੇ ਕਈ ਮਹੱਤਵਪੂਰਨ ਵਖਰੇਵੇ ਵੀ ਹਨ। ਦੋਵੇਂ ਵਿਚਾਰਧਾਰਾਵਾਂ ਦੇ ਲੋਕ ਪੂੰਜੀਵਾਦੀ ਪ੍ਰਣਾਲੀ ਦਾ ਵਿਰੋਧ ਕਰਦੇ ਹਨ ਕਿਉਂਕਿ ਇਸ ਨਾਲ ਅਸਮਾਨਤਾ ਵਧਦੀ ਹੈ। ਦੋਵੇਂ ਧਰਾਵਾਂ ਹੀ ਸਮਾਜ ਵਿੱਚ ਦੌਲਤ ਦੀ ਨਿਆਂਯੁਕਤ ਵੰਡ ਦੀ ਗੱਲ ਕਰਦੀਆਂ ਹਨ। ਮਜ਼ਦੂਰ, ਕਿਸਾਨ ਅਤੇ ਹੇਠਲੇ ਵਰਗ ਦੇ ਹੱਕਾਂ ਦੀ ਰੱਖਿਆ ਦੋਵਾਂ ਦਾ ਕੇਂਦਰੀ ਮੁੱਦਾ ਹੈ। ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਨੂੰ ਖਤਮ ਕਰਨਾ ਹੀ ਦੋਵਾਂ ਦਾ ਉਦੇਸ਼ ਹੈ। ਦੋਵਾਂ ਦਾ ਮੱਤ ਹੈ ਕਿ ਸਟੇਟ ਆਰਥਿਕ ਅਸਮਾਨਤਾਵਾਂ ਘਟਾਉਣ ਵਿੱਚ ਭੂਮਿਕਾ ਨਿਭਾ ਸਕਦਾ ਹੈ। ਇਸੇ ਕਰਕੇ ਰਾਜਨੀਤਕ ਸੰਭਾਵਨਾਵਾਂ ਨੂੰ ਰਾਜ ਸੱਤਾ ਤੀਕ ਪਹੁੰਚਣ ਲਈ ਵਰਤਣਾ ਯੋਗ ਹੈ। ਸਮਾਜਵਾਦ ਨੂੰ ਕਮਿਊਨਿਜ਼ਮ ਵੱਲ ਜਾਣ ਦਾ ਇੱਕ ਪੜਾਅ ਵੀ ਮੰਨਿਆ ਜਾਂਦਾ ਹੈ। ਸਮਾਜਵਾਦ ਅਮਲੀ ਅਤੇ ਸੁਧਾਰਕ ਰਸਤਾ ਅਪਣਾਉਂਦਾ ਹੈ, ਜਦਕਿ ਕਮਿਊਨਿਜ਼ਮ ਇਨਕਲਾਬੀ ਅਤੇ ਸਿਧਾਂਤਕ ਰਸਤਾ। ਲੈਨਿਨ ਅਨੁਸਾਰ ਸੁਧਾਰਵਾਦ ਮਜ਼ਦੂਰ ਜਮਾਤ ਨੂੰ ਧੋਖਾ ਦੇਣ ਦਾ ਬੁਰਜੂਆ ਤਰੀਕਾ ਹੈ। ਸਮਾਜਵਾਦੀ ਵਿਚਾਰਧਾਰਾ ਕਲਿਆਣਕਾਰੀ ਅਤੇ ਬਰਾਬਰੀ ਵਾਲਾ ਸਮਾਜ, ਮਜ਼ਬੂਤ ਰਾਜ, ਵੈਲਫੇਅਰ ਸਟੇਟ, ਲੋਕਤੰਤਰਿਕ ਅਤੇ ਸ਼ਾਂਤੀਪੂਰਨ ਸੁਧਾਰਾਂ ਰਾਹੀਂ ਇੱਕ ਅਜਿਹਾ ਢਾਂਚਾ ਉਸਾਰਨਾ ਚਾਹੁੰਦੀ ਹੈ। ਸਮਾਜਵਾਦੀਆਂ ਨੂੰ ਸੀਮਿਤ ਨਿੱਜੀ ਮਲਕੀਅਤ ਵੀ ਮਨਜ਼ੂਰ ਹੁੰਦੀ ਹੈ, ਜਦਕਿ ਕਮਿਊਨਿਸਟ ਵਿਚਾਰਧਾਰਾ ਨਿੱਜੀ ਮਲਕੀਅਤ ਪੂਰੀ ਤਰ੍ਹਾਂ ਖਤਮ ਕਰਨ, ਰਾਜ-ਰਹਿਤ, ਵਰਗ-ਰਹਿਤ ਸਮਾਜ ਉਸਾਰਨ ਅਤੇ ਸੱਤਾ ਤੀਕ ਪਹੁੰਚਣ ਲਈ ਕਈ ਵਾਰ ਹਿੰਸਾਤਮਕ ਅੰਦੋਲਨ ਅਤੇ ਤੌਰ ਤਰੀਕੇ ਅਪਨਾਉਣ ਨੂੰ ਇਨਕਲਾਬੀ ਕਦਮ ਦੱਸਦੇ ਹਨ। ਮਾਰਕਸਵਾਦੀ ਡਾਇਲੈਕਟਿਕ ਅਨੁਸਾਰ ਜਮਾਤੀ ਸੰਘਰਸ਼ ਅਟਲ ਅਤੇ ਜ਼ਰੂਰੀ ਹੈ। ਕਹਿਣ ਨੂੰ ਇਹ ਵੀ ਕਿਹਾ ਜਾਂਦਾ ਹੈ ਕਿ ਅੰਤਮ ਨਿਸ਼ਾਨੇ ਵਿੱਚ ਰਾਜ ਦਾ ਖ਼ਾਤਮਾ ਵੀ ਹੈ, ਪਰ ਹਾਲਾਂ ਤੀਕ ਅਜਿਹਾ ਸੰਭਵ ਨਹੀਂ ਹੋ ਸਕਿਆ, ਸਗੋਂ ਹਰ ਇਨਕਲਾਬ ਦਾ ਅੰਤ ਤਾਨਾਸ਼ਾਹੀ ਵੱਲ ਹੀ ਗਿਆ ਹੈ।

ਮਾਰਕਸਵਾਦੀ ਸਿਧਾਂਤ ਲੋਕਪੱਖੀ ਵਿਚਾਰਧਾਰਾ ਹੈ, ਜੋ ਰੋਟੀ, ਰੋਜ਼ਗਾਰ, ਮਨੁੱਖੀ ਬਰਾਬਰੀ ਅਤੇ ਇਜ਼ਤ ਵਰਗੇ ਮੂਲ ਮੁੱਦਿਆਂ ’ਤੇ ਖੜ੍ਹਾ ਹੈ। ਇਸ ਦੇ ਬਾਵਜੂਦ ਆਮ ਲੋਕ ਇਸ ਵਿਚਾਰਧਾਰਾ ਦੀ ਵੱਡੀ ਧਿਰ ਕਿਉਂ ਨਹੀਂ ਬਣ ਸਕੇ ? ਇਹ ਸੁਆਲ ਹਰ ਮਨੁੱਖਤਾਵਾਦੀ ਚੇਤਨ ਮਨੁੱਖ ਨੂੰ ਪ੍ਰੇਸ਼ਾਨ ਕਰਦਾ ਹੈ। ਇਸ ਦਾ ਮੁੱਖ ਕਾਰਨ ਪੂੰਜੀਵਾਦ ਦੇ ਦਬਦਬੇ ਵਾਲੇ ਨਿਜ਼ਾਮ ਵਿੱਚ ਆਮ ਮਨੁੱਖ ਦੀ ਦੌੜ ਆਪਣੇ ਪਰਵਾਰ ਲਈ ਦੋ ਵਕਤ ਦੀ ਰੋਟੀ ਜੁਟਾਉਣ ਤੀਕ ਸੀਮਤ ਹੋ ਗਈ ਹੈ। ਵਰਗ ਚੇਤਨਾ ਦੀ ਘਾਟ ਦੀ ਪ੍ਰਕਿਰਿਆ ਵਿੱਚ ਜਿੰਨੇ ਕਸੂਰਵਾਰ ਸਿਧਾਂਤ ਨੂੰ ਲਾਗੂ ਕਰਨ ਵਾਲੇ ਰਹੇ ਹਨ ਉਸ ਤੋਂ ਵੀ ਵਧੀਕ ਜਾਤ, ਧਰਮ, ਭਾਸ਼ਾ, ਕੌਮ ਦੇ ਮੁੱਦੇ ਉਭਾਰ ਕੇ ਵਿਰੋਧੀ ਖੇਮੇ ਦੇ ਸੱਜੇ ਪੱਖੀ ਸ਼ਕਤੀਆਂ ਦੇ ਮਜ਼ਦੂਰ ਨੂੰ ਮਜਦੂਰ ਤੋਂ ਵੀ ਪਹਿਲਾਂ ਹਿੰਦੂ, ਮੁਸਲਮਾਨ, ਸਿੱਖ ਅਤੇ ਦਲਿਤ ਵਿੱਚ ਵੰਡ ਕੇ ਬੁੱਧੂ ਬਣਾਉਣ ਵਾਲੇ ਕਾਰਨਾਮੇ ਹਨ। ਸਟੇਟ ਅਤੇ ਪੂੰਜੀ ਦੀ ਤਾਕਤ ਨਾਲ ਬਣੀ ਵਿਚਾਰਧਾਰਕ ਤਾਕਤ ਦੇ ਬਲਬੂਤੇ ਪੂੰਜੀਪਤੀ ਲੋਕ ਗਰੀਬ ਨੂੰ ਇਹ ਦੱਸਦੇ ਰਹੇ ਹਨ ਕਿ ਜੇਕਰ ਤੂੰ ਗਰੀਬ ਅਤੇ ਬੇਸਹਾਰਾ ਹੈ ਤਾਂ ਇਹ ਤੇਰਾ ਕਸੂਰ ਹੈ, ਤੇਰੇ ਪਿਛਲੇ ਜਨਮ ਦਾ ਲੇਖਾ ਹੈ। ਸਬਰ ਕਰ, ਕੁਦਰਤ ਦੇ ਘਰ ਇਨਸਾਫ ਤਾਂ ਹੈ, ਪਰ ਇਸ ਲਈ ਸਮਾਂ ਸਥਾਨ ਨਿਸਚਿਤ ਹੈ। ਅਜਿਹੇ ਧਾਰਮਿਕ ਪ੍ਰਪੰਚ ਨਾਲ ਗਰੀਬ ਮਜ਼ਦੂਰ ਨੂੰ ਉਸ ਨਾਲ ਹੁੰਦਾ ਸ਼ੋਸ਼ਣ ਕੁਦਰਤੀ ਲੱਗਣ ਲੱਗ ਪਿਆ। ਬੇਬਸ ਮਜ਼ਦੂਰ ਨੂੰ ਧਰਮ ਅਤੇ ਰਾਸ਼ਟਰਵਾਦ (ਬਹੁਤ ਵਾਰੀ ਅੰਧ ਰਾਸ਼ਟਰਵਾਦ) ਦਾ ਸਬਕ ਦਿੱਤਾ ਗਿਆ। ਦੂਸਰਾ ਮਾਰਕਸਵਾਦੀ ਸਿਧਾਂਤ ਬਹੁਤ ਹੀ ਜਟਿਲ ਮਾਰਕਸਵਾਦੀ ਢਾਂਚੇ ’ਤੇ ਖੜ੍ਹਾ ਹੈ ਅਤੇ ਬਹੁਤ ਹੀ ਕਠਿਨ ਭਾਸ਼ਾ ਜਿਵੇ ਦਵੰਦਵਾਦੀ ਭੌਤਿਕਵਾਦ, ਸਰਪਲਸ ਵੈਲਿਊ, ਇਤਿਹਾਸਕ ਪਦਾਰਥਵਾਦ ਅਤੇ ਬਾਅਦ ਵਿੱਚ ਰੂਸੀ ਭਾਸ਼ਾ ਤੋਂ ਆਏ ਭਾਰੀ ਭਰਕਮ ਸ਼ਬਦ ਬੁਰਜੂਆਜ਼ੀ, ਬਾਲਸ਼ਵਿਕ, ਪੈਟੀ ਬੁਰਜੂਆਜ਼ੀ ਆਦਿ ਆਮ ਜਨ ਸਧਾਰਨ ਦੀ ਸਮਝ ਤੋਂ ਪਰੇ ਦੀ ਚੀਜ਼ ਬਣਕੇ ਰਹਿ ਜਾਂਦੇ ਹਨ। ਗਰੀਬ ਵਿਅਕਤੀ ਲਈ ਕਰਜ਼ਾ, ਤੁਰੰਤ ਰੋਜ਼ੀ-ਰੋਟੀ ਦੀ ਫਿਕਰ, ਦਿਨ ਦੀ ਮਜ਼ਦੂਰੀ ਦੀ ਥਕਾਵਟ, ਪੁਲਿਸ ਅਤੇ ਪ੍ਰਸ਼ਾਸਨ ਦੇ ਡਰ ਨਾਲ ਭਰੀ ਲੰਬੀ ਸਿਆਸੀ ਲੜਾਈ ਔਖੀ ਬਣ ਗਈ। ਕਮਿਊਨਿਸਟ ਪਾਰਟੀਆਂ ਦੀਆਂ ਆਪਣੀਆਂ ਅੰਦਰੂਨੀ ਕਮਜ਼ੋਰੀਆਂ, ਧੜੇਬੰਦੀ, ਪਾਟੋਧਾੜ, ਸਥਾਨਕ ਹਾਲਾਤਾਂ ਦੀ ਅਣਦੇਖੀ ਅਤੇ ਜਨਤਾ ਤੋਂ ਦੂਰੀ ਨੇ ਲਹਿਰ ਦਾ ਵੱਡਾ ਨੁਕਸਾਨ ਕੀਤਾ। ਜਿੱਥੇ ਮਾਰਕਸਵਾਦੀ ਪਾਰਟੀਆਂ ਇਹ ਸੰਤੁਲਨ ਨਾ ਬਣਾ ਸਕੀਆਂ, ਉੱਥੇ ਆਮ ਗਰੀਬ ਲੋਕ ਇਹਨਾਂ ਦੀ ਵੱਡੀ ਧਿਰ ਨਹੀਂ ਬਣ ਸਕੇ।

ਪ੍ਰਸਿੱਧ ਇਨਕਲਾਬੀ ਨਾਟਕਕਾਰ ਅਤੇ ਲੋਕ ਮਨਾ ਵਿੱਚ ਸਤਿਕਾਰ ਨਾਲ ਯਾਦ ਕੀਤੇ ਜਾਂਦੇ ਗੁਰਸ਼ਰਨ ਸਿੰਘ ਜਿਨ੍ਹਾਂ ਨੂੰ ਕਾਮਰੇਡ ਭਾਜੀ ਗੁਰਸ਼ਰਨ ਅਤੇ ਆਮ ਲੋਕ ਉਹਨਾਂ ਦੇ ਨਾਟਕ ਦੇ ਇੱਕ ਪਾਤਰ ਭਾਈ ਮੰਨਾ ਸਿੰਘ ਦੇ ਨਾ ਨਾਲ ਜਾਣਦੇ ਹਨ, ਅਕਸਰ ਇਹ ਕਿਹਾ ਕਰਦੇ ਸਨ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਵਾਪਰੀ ਹਰ ਘਟਨਾ ਦਾ ਸਟੀਕ ਵਿਸ਼ਲੇਸ਼ਣ ਸਾਡੇ ਕਾਮਰੇਡਾਂ ਦੀ ਮੁੱਠੀ ਵਿੱਚ ਹੁੰਦਾ ਹੈ ਪਰ ਜਦੋ ਇਹ ਆਪਣੀ ਸਿਆਸਤ ਲੋਕਾਂ ਨੂੰ ਦਿੰਦੇ ਹਨ ਤਾਂ ਉਹ ਲੋਕਾਂ ਦੇ ਸਿਰਾਂ ਤੋਂ ਲੰਘ ਜਾਂਦੀ ਹੈ। ਭਾਰਤੀ ਕਮਿਊਨਿਸਟ ਪਾਰਟੀ ਦੀ ਨੀਂਹ ਐਮ. ਐਨ. ਰਾਏ ਨੇ 1920 ਵਿੱਚ ਤਾਸ਼ਕੰਦ ਵਿੱਚ ਰੱਖੀ ਸੀ। ਭਾਰਤ ਵਿੱਚ ਇਸ ਦਾ ਵਿਧੀਵਤ ਜਨਮ 1925 ਨੂੰ ਕਾਨਪੁਰ ਕਾਨਫਰੰਸ ਵਿੱਚ ਹੋਇਆ। ਆਜ਼ਾਦੀ ਦੀ ਲੜਾਈ ਨੂੰ ਭਾਰਤੀ ਕਾਮਰੇਡਾਂ ਨੇ ਸਮਾਜਿਕ ਅਤੇ ਆਰਥਿਕ ਮੁਕਤੀ ਨਾਲ ਜੋੜਿਆ। ਕਮਿਊਨਿਸਟਾਂ ਦੀ ਅਗਵਾਈ ਹੇਠ ਮਜ਼ਦੂਰ ਹੱਕਾਂ ਲਈ ਸੰਘਰਸ਼ ਅਤੇ ਹੜਤਾਲਾਂ ਸ਼ੁਰੂ ਕੀਤੀਆਂ। ਇਸ ਤਰ੍ਹਾਂ ਨਾਲ ਮਜ਼ਦੂਰ ਵਰਗ ਆਜ਼ਾਦੀ ਦੇ ਅੰਦੋਲਨ ਨਾਲ ਜੁੜਿਆ। 1930 ਦੇ ਦਹਾਕੇ ਵਿੱਚ ਕਮਿਊਨਿਸਟ ਕਾਂਗਰਸ ਦੇ ਅੰਦਰ ਰਹਿ ਕੇ ਕੰਮ ਕਰਦੇ ਰਹੇ ਸਨ। ਪਰ ਕਮਿਊਨਿਸਟ ਧਿਰਾਂ ਨੇ 1942 ਦੇ ਕਾਂਗਰਸ ਵੱਲੋਂ ਅਰੰਭੇ ਭਾਰਤ ਛੱਡੋ ਅੰਦੋਲਨ ਦਾ ਸਮਰਥਨ ਨਹੀਂ ਸੀ ਕੀਤਾ ਕਿਉਂਕਿ ਸੋਵੀਅਤ ਯੂਨੀਅਨ ਇਸ ਵਿਸ਼ਵ ਯੁੱਧ ਵਿੱਚ ਬ੍ਰਿਟੇਨ ਦਾ ਸਹਿਯੋਗੀ ਸੀ। ਭਾਰਤੀ ਕਮਿਊਨਿਸਟਾਂ ਨੇ ਸੋਵੀਅਤ ਯੂਨੀਅਨ ਦੇ ਹਿੱਤਾਂ ਕਰਕੇ ਇਸ ਅੰਦੋਲਨ ਵਿੱਚ ਨਾ ਹਿੱਸਾ ਲਿਆ ਅਤੇ ਨਾ ਹੀ ਇਸ ਦਾ ਸਮਰਥਨ ਕੀਤਾ। ਭਾਰਤ ਦੇ ਕਮਿਊਨਿਸਟ ਇਤਿਹਾਸ ਦਾ ਇਹ ਇੱਕ ਵੱਡਾ ਵਿਰੋਧਾਭਾਸ ਭਰਿਆ ਅਧਿਆਇ ਮੰਨਿਆ ਜਾਂਦਾ ਰਿਹਾ ਹੈ। 1939 ਤੋਂ 1945 ਤੀਕ ਚੱਲੇ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ 18 ਫਰਵਰੀ 1946 ਰਾਇਲ ਇੰਡੀਅਨ ਨੇਵੀ ਵਿੱਚ ਘਟੀਆ ਖਾਣਾ, ਘੱਟ ਤਨਖਾਹ, ਨਸਲੀ ਭੇਦਭਾਵ ਅਤੇ ਭਾਰਤੀ ਨੇਵੀ ਦੇ ਜੁਆਨਾਂ ਨਾਲ ਅਪਮਾਨਜਨਕ ਵਰਤਾਅ ਭਾਰਤੀਆਂ ਨੂੰ ਅੰਗਰੇਜ਼ ਅਫ਼ਸਰਾਂ ਨਾਲ ਬਰਾਬਰੀ ਨਹੀਂ ਮਿਲਦੀ ਇਸ ਕਾਰਨ ਬਗਾਵਤ ਉਠ ਖੜੀ ਹੋਈ। ਪਰ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਇਸ ਬਗਾਵਤ ਦੇ ਯੋਗਦਾਨ ਨੂੰ ਲੰਮੇ ਸਮੇਂ ਤੱਕ ਅਜ਼ਾਦੀ ਨੂੰ ਸਿਰਫ ਆਪਣੀ ਪ੍ਰਾਪਤੀ ਸਮਝਣ ਵਾਲੀਆਂ ਤਾਕਤਾਂ ਨੇ ਅਣਡਿੱਠਾ ਕੀਤਾ। ਇਸੇ ਤਰਾਂ ਹੀ ਭਾਰੀ ਕੁਰਬਾਨੀਆਂ ਨਾਲ ਭਰੇ ਗ਼ਦਰ ਅੰਦੋਲਨ ਨੂੰ ਅਜੇ ਤੀਕ ਵੀ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਭਾਗ ਸਵੀਕਾਰ ਨਹੀਂ ਕੀਤਾ ਗਿਆ। ਇਸ ਬਗਾਵਤ ਨੇ ਬਰਤਾਨਵੀ ਹਕੂਮਤ ਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ, ਕਿ ਹੁਣ ਤੁਸੀਂ ਭਾਰਤੀ ਫੌਜਾਂ ’ਤੇ ਵੀ ਪੂਰਾ ਭਰੋਸਾ ਨਹੀਂ ਕਰ ਸਕਦੇ। ਜਿਸ ਨਾਲ ਆਜ਼ਾਦੀ ਦੀ ਪ੍ਰਕਿਰਿਆ ਤੇਜ਼ ਹੋਈ। ਬਾਅਦ ਵਿੱਚ 1934 ਵਿੱਚ ਕਿਰਤੀ ਕਿਸਾਨ ਪਾਰਟੀ ਦੀ ਸਥਾਪਨਾ ਸੋਹਣ ਸਿੰਘ ਭਕਨਾ, ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰਾ ਅਤੇ ਬਾਬਾ ਬੁੱਢਾ ਸਿੰਘ ਵਰਗੇ ਗ਼ਦਰ ਲਹਿਰ ਵਿੱਚੋ ਆਏ ਕਮਿਊਨਿਸਟ ਵਿਚਾਰਧਾਰਾ ਵਾਲੇ ਆਗੂਆਂ ਨੇ ਕੀਤੀ।

1936 ਵਿੱਚ ਪ੍ਰਗਤੀਸ਼ੀਲ ਲੇਖਕ ਅੰਦੋਲਨ ਅਤੇ ਵਿਦਿਆਰਥੀ ਅਤੇ ਨੌਜਵਾਨ ਅੰਦੋਲਨ ਨੇ ਅਜਾਦੀ ਦੇ ਅੰਦੋਲਨ ਵਿੱਚ ਕ੍ਰਾਂਤੀਕਾਰੀ ਅਤੇ ਬੌਧਿਕ ਯੋਗਦਾਨ ਪਾਇਆ। ਭਾਰਤੀ ਸਤੰਤਰਤਾ ਸੰਗਰਾਮ ਦੇ ਇਨਕਲਾਬੀ ਰਾਮਪ੍ਰਸਾਦ ਬਿਸਮਿਲ, ਯੋਗੇਸ਼ ਚੰਦਰ ਚਟਰਜੀ, ਸ਼ਿਵ ਵਰਮਾ, ਚੰਦਰ ਸ਼ੇਖਰ ਆਜ਼ਾਦ ਅਤੇ ਸਚਿੰਦਰ ਨਾਥ ਸਾਨਿਆਲ ਨੇ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਦੀ ਸਥਾਪਨਾ ਕਾਨਪੁਰ ਵਿੱਚ ਕੀਤੀ ਸੀ। ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਬਸਤੀਵਾਦੀ ਸ਼ਾਸਨ ਖ਼ਤਮ ਕਰਨ ਅਤੇ ਹਿੰਦੁਸਤਾਨ ਸੋਸ਼ਲਿਸਟ ਗਣਰਾਜ ਦੀ ਸਥਾਪਨਾ ਕਰਨਾ ਸੀ। ਇਸ ਦਲ ਦੇ ਇੱਕ ਪ੍ਰਮੁੱਖ ਮੈਂਬਰ ਚੰਦਰ ਸ਼ੇਖਰ ਆਜਾਦ ਨੇ ਭਗਤ ਸਿੰਘ, ਵਿਜੈ ਕੁਮਾਰ ਸਿਨਹਾ, ਕੁੰਦਨ ਲਾਲ ਗੁਪਤ, ਭਗਵਤੀ ਚਰਣ ਵੋਹਰਾ, ਜੈਦੇਵ ਕਪੂਰ ਅਤੇ ਸ਼ਿਵ ਵਰਮਾ ਆਦਿ ਨਾਲ ਸੰਪਰਕ ਕੀਤਾ। 8 ਅਤੇ 9 ਸਤੰਬਰ 1928 ਨੂੰ ਦਿੱਲੀ ਦੇ ਫ਼ਿਰੋਜ ਸ਼ਾਹ ਕੋਟਲਾ ਮੈਦਾਨ ਵਿੱਚ ਇੱਕ ਗੁਪਤ ਬੈਠਕ ਕਰਕੇ ਭਗਤ ਸਿੰਘ ਦੀ ਭਾਰਤ ਨੌਜਵਾਨ ਸਭਾ ਦੇ ਸਾਰੇ ਮੈਬਰਾਂ ਨੇ ਸਭਾ ਦਾ ਰਲੇਵਾ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਵਿੱਚ ਕੀਤਾ ਅਤੇ ਕਾਫ਼ੀ ਸਲਾਹ ਮਸ਼ਵਰੇ ਦੇ ਬਾਅਦ ਆਮ ਸਹਿਮਤੀ ਨਾਲ ਐਸੋਸੀਏਸ਼ਨ ਨੂੰ ਇੱਕ ਨਵਾਂ ਨਾਮ ਦਿੱਤਾ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਿੱਤਾ ਗਿਆ। ਸ਼ਾਹੀਦੇ ਆਜਮ ਭਗਤ ਸਿੰਘ ਅਤੇ ਉਸ ਦੇ ਸਾਥੀ ਭਾਵੇਂ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਨਹੀਂ ਸਨ, ਪਰ ਉਨ੍ਹਾਂ ਸੀ ਸੋਚ ਬਸਤੀਵਾਦ ਵਿਰੋਧੀ ਭਾਵਨਾ ਵਿੱਚੋ ਪੈਦਾ ਹੋਈ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਦਾ ਉਦੇਸ਼ ਵੀ ਅਜ਼ਾਦੀ ਪ੍ਰਾਪਤ ਕਰਨਾ ਅਤੇ ਭਾਰਤ ਨੂੰ ਸੋਸ਼ਲਿਸਟ ਮੁਲਕ ਵੱਜੋਂ ਵੇਖਣ ਦਾ ਸੀ। ਇਨ੍ਹਾਂ ਕ੍ਰਾਂਤੀ ਕਾਰੀ ਨੌਜਵਾਨਾਂ ਅਤੇ ਕਮਿਊਨਿਸਟ ਯੋਗਦਾਨ ਦੇ ਬਿਨਾਂ ਆਜ਼ਾਦੀ ਦੀ ਲੜਾਈ ਅਧੂਰੀ ਹੀ ਰਹਿੰਦੀ। ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਭਾਰਤੀ ਨੌਜਵਾਨਾਂ ਦਾ ਹੀਰੋ ਹੈ ਪਰ ਭਾਰਤੀ ਕਮਿਊਨਿਸਟ ਪਾਰਟੀਆਂ ਨੇ ਕਾਂਗਰਸ ਦੇ ਪ੍ਰਭਾਵ ਹੇਠ ਇਨ੍ਹਾਂ ਇਨਕਲਾਬੀ ਨੌਜਵਾਨਾਂ ਦੀ ਅਜ਼ਾਦੀ ਦੇ ਘੋਲ ਵਿੱਚ ਯੋਗਦਾਨ ਨੂੰ ਉਹ ਥਾਂ ਕਦੀ ਵੀ ਨਾ ਦਿੱਤੀ ਜਿਸ ਦੇ ਉਹ ਹੱਕਦਾਰ ਸਨ ਸਗੋਂ ਉਨ੍ਹਾਂ ਸ਼ਹੀਦਾਂ ਨੂੰ ਇਹ ਲੋਕ ਦਹਿਸ਼ਤਗਰਦ ਕਹਿੰਦੇ ਰਹੇ। ਹਾਲਾਂਕਿ ਉਨ੍ਹਾਂ ਦੇ ਇਨਕਲਾਬੀ ਸਾਥੀਆਂ ਪੰਡਤ ਕਿਸ਼ੋਰੀ ਲਾਲ ਅਤੇ ਸ਼ਿਵ ਵਰਮਾ ਅਤੇ ਅਨੇਕ ਹੋਰ ਬਾਅਦ ਵਿਚ ਕਮਿਊਨਿਸਟ ਪਾਰਟੀਆਂ ਦਾ ਹਿੱਸਾ ਬਣੇ ਸਨ। ਭਾਵੇਂਕਿ ਭਾਰਤੀ ਕਮਿਊਨਿਸਟਾਂ ਨੇ 1947 ਦੀ ਆਜ਼ਾਦੀ ਨੂੰ ਝੂਠੀ ਆਜ਼ਾਦੀ ਕਿਹਾ। ਕਮਿਊਨਿਸਟਾਂ ਦੇ ਅਨੁਸਾਰ 1947 ਵਿੱਚ ਸਿਰਫ਼ ਸੱਤਾ ਦਾ ਹਸਤਾਂਤਰ ਹੋਇਆ, ਸ਼ੋਸ਼ਣ ਪ੍ਰਣਾਲੀ ਦਾ ਅੰਤ ਨਹੀਂ ਸੀ ਹੋਇਆ। ਉਨ੍ਹਾਂ ਮੁਤਾਬਕ ਇਹ ਸਿਰਫ਼ ਰਾਜਨੀਤਕ ਆਜ਼ਾਦੀ ਸੀ। ਪਰ ਆਰਥਿਕ ਅਤੇ ਸਮਾਜਿਕ ਮੁਕਤੀ ਨਹੀਂ ਸੀ। ਬਰਤਾਨਵੀ ਸ਼ਾਸਕ ਭਾਵੇਂ ਦੇਸ਼ ਛੱਡ ਕੇ ਚਲੇ ਗਏ ਸਨ, ਪਰ ਜ਼ਿਮੀਦਾਰ, ਪੂੰਜੀਪਤੀ ਅਤੇ ਸਾਮਰਾਜਵਾਦੀ ਢਾਂਚੇ ਕਾਇਮ ਰਹੇ। 1947 ਤੋਂ ਬਾਅਦ ਵੀ ਜ਼ਮੀਦਾਰੀ ਪੂਰੀ ਤਰ੍ਹਾਂ ਖਤਮ ਨਹੀਂ ਸੀ ਹੋਈ, ਮਜ਼ਦੂਰ ਅਤੇ ਕਿਸਾਨ ਦੀ ਹਾਲਤ ਜਿਉਂ ਦੀ ਤਿਉਂ ਹੀ ਰਹੀ। ਇਸ ਲਈ ਕਮਿਊਨਿਸਟਾਂ ਨੇ ਕਿਹਾ ਇਹ ਬੁਰਜੁਆ ਆਜ਼ਾਦੀ ਹੈ, ਲੋਕਾਂ ਦੀ ਆਜ਼ਾਦੀ ਨਹੀਂ। ਮਾਊਂਟਬੈਟਨ ਪਲਾਨ ਅਤੇ ਇੱਕ ਬ੍ਰਿਟਿਸ਼ ਵਕੀਲ ਸਿਰਿਲ ਰੈਡਕਲਿਫ਼ ਨੇ ਭਾਰਤ ਦੀ ਵੰਡ ਦੀ ਲੀਕ ਖਿੱਚ ਦਿੱਤੀ। ਇਹ ਲੀਕ ਬ੍ਰਿਟਿਸ਼ ਸਾਮਰਾਜਵਾਦ ਦੀ ਜਲਦਬਾਜ਼ੀ ਅਤੇ ਰਾਜਨੀਤਕ ਨਾਕਾਮੀ ਦਾ ਨਤੀਜਾ ਸੀ। ਜਿਸ ਨਾਲ ਦੇਸ਼ ਭਰ ਵਿੱਚ ਫਿਰਕੂ ਦੰਗੇ ਹੋਏ, ਖਾਸ ਕਰਕੇ ਪੰਜਾਬ ਅਤੇ ਬੰਗਾਲ ਵਿੱਚ 10 ਤੋਂ 15 ਲੱਖ ਦੇ ਲਗਭਗ ਲੋਕ ਮਾਰੇ ਗਏ ਇੱਕ ਕਰੋੜ ਤੋਂ ਵੀ ਵੱਧ ਲੋਕ ਬੇਘਰ ਹੋਏ। ਬ੍ਰਿਟਿਸ਼ ਵਕੀਲ ਰੈਡਕਲਿਫ਼ ਇਸ ਜਿੰਮੇਵਾਰੀ ਨੂੰ ਲੈਣ ਤੋਂ ਪਹਿਲਾਂ ਕਦੇ ਵੀ ਭਾਰਤ ਨਹੀਂ ਆਇਆ ਸੀ ਅਤੇ ਨਾ ਹੀ ਭਾਰਤ ਨਾਲ ਉਸ ਦੀ ਪਹਿਲਾਂ ਕੋਈ ਜਾਣ-ਪਛਾਣ ਸੀ। ਉਸ ਨੇ ਪੰਜ ਛੇ ਹਫਤਿਆਂ ਦੇ ਘੱਟ ਸਮੇਂ ਵਿੱਚ ਹੀ ਕਰੋੜਾਂ ਲੋਕਾਂ ਦੀ ਕਿਸਮਤ ਦਾ ਫ਼ੈਸਲਾ ਕਰ ਦਿੱਤਾ ਸੀ। ਇਸ ਅਫਰਾ ਤਫਰੀ ਵਿੱਚ ਕਈ ਦਿਨ ਲੋਕਾਂ ਨੂੰ ਪਤਾ ਹੀ ਨਹੀਂ ਸੀ ਲੱਗਿਆ ਕਿ ਉਹ ਕਿਸ ਦੇਸ਼ ਵਿੱਚ ਹਨ। ਰੈਡਕਲਿਫ਼ ਬਿਨਾ ਆਪਣੀ ਫੀਸ ਲਏ ਭਾਰਤ ਛੱਡ ਗਿਆ ਉਸ ਨੇ ਬਾਅਦ ਵਿੱਚ ਕਿਹਾ ਜੇ ਮੈਨੂੰ ਪਤਾ ਹੁੰਦਾ ਇੰਨਾ ਖ਼ੂਨ ਵਹੇਗਾ ਤਾਂ ਮੈਂ ਇਹ ਕੰਮ ਨਾ ਕਰਦਾ। ਭਾਰਤੀ ਕਮਿਊਨਿਸਟ ਪਾਰਟੀ ਦਾ ਅਜਾਦੀ ਨੂੰ ਸਵੀਕਾਰ ਨਾ ਕਰਨ ਕਰਕੇ ਆਲੋਚਨਾ ਅਤੇ ਵਿਰੋਧ ਵੀ ਹੋਇਆ। ਬਹੁਤ ਸਾਰੇ ਵਿਦਵਾਨ ਕਹਿੰਦੇ ਰਹੇ ਕਿ ਕਮਿਊਨਿਸਟਾਂ ਦੀ ਆਲੋਚਨਾ ਪੂਰੀ ਤਰ੍ਹਾਂ ਗਲਤ ਨਹੀਂ ਸੀ। ਆਖਰਕਾਰ 1951 ਤੋਂ ਬਾਅਦ ਕਮਿਊਨਿਸਟ ਪਾਰਟੀ ਆਫ਼ ਇੰਡੀਆ ਨੇ ਸੰਵਿਧਾਨਕ ਰਾਹ ਅਪਣਾਇਆ ਅਤੇ ਲੋਕਤੰਤਰੀ ਵਿਧੀ ਰਹੀ ਚੋਣ ਰਾਜਨੀਤੀ ਵਿੱਚ ਸ਼ਾਮਲ ਹੋਈ। ਅੱਜ ਕੱਲ ਉਸ ਤਰਾਂ ਤਾ ਸਮੁੱਚੀ ਦੁਨੀਆਂ ਵਿੱਚ ਹੀ ਪਰ ਭਾਰਤ ਵਿੱਚ ਖਾਸ ਕਰਕੇ ਕਮਿਊਨਿਸਟ ਵਿਚਾਰਧਾਰਾ ਦੇ ਮਰ ਜਾਣ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਪਰ ਅਕਾਦਮਿਕ ਤੌਰ ’ਤੇ ਕਹੀਏ ਤਾਂ ਇਹ ਪੂਰੀ ਤਰ੍ਹਾਂ ਖਤਮ ਨਹੀਂ ਹੋਈ, ਬਲਕਿ ਰਾਜਨੀਤਕ ਤੌਰ ’ਤੇ ਹਾਸ਼ੀਏ ’ਤੇ ਧੱਕੀ ਗਈ ਹੈ। ਇਸ ਦੇ ਪਿੱਛੇ ਕਈ ਇਤਿਹਾਸਕ, ਸਮਾਜਕ, ਸਿਆਸੀ ਅਤੇ ਅੰਦਰੂਨੀ ਕਾਰਨ ਹਨ। ਮਾਰਕਸਵਾਦ ਦੀ ਬੁਨਿਆਦ ਜਮਾਤੀ ਸੰਘਰਸ਼ ਤੇ ਟਿਕੀ ਹੈ, ਪਰ ਭਾਰਤ ਵਿੱਚ ਜਾਤ, ਧਰਮ, ਖੇਤਰੀ ਪਛਾਣ ਵਰਗ ਚੇਤਨਾ ਤੋਂ ਕਈ ਗੁਣਾ ਵੱਧ ਪ੍ਰਭਾਵਸ਼ਾਲੀ ਰਹੇ ਹਨ। ਖਾਸ ਕਰਕੇ ਮਨੂੰ ਦੀ ਵਰਨ ਵੰਡ ਜੋ ਮਾਰਕਸਵਾਦੀ ਫਲਸਫਾ ਘਾੜਿਆ ਦੇ ਕਦੀ ਧਿਆਨ ਗੋਚਰ ਹੀ ਨਹੀਂ ਰਹੀ ਸੀ ਅਤੇ ਭਾਰਤੀ ਕਮਿਊਨਿਸਟਾਂ ਨੇ ਮਾਰਕਸਵਾਦ ਦੇ ਸਿਧਾਂਤ ਨੂੰ ਧਰਮ ਵਾਂਗ ਲਾਗੂ ਕਰਨਾ ਚਾਹਿਆ। ਇੱਕ ਦਲਿਤ ਮਜ਼ਦੂਰ ਅਕਸਰ ਆਪਣੇ ਆਪ ਨੂੰ ਮਜ਼ਦੂਰ ਤੋਂ ਪਹਿਲਾਂ ਦਲਿਤ ਮੰਨਦਾ ਹੈ। ਕਮਿਊਨਿਸਟ ਪਾਰਟੀਆਂ ਜਾਤ ਦੇ ਮੁੱਦੇ ਨੂੰ ਲੰਬੇ ਸਮੇਂ ਤੱਕ ਕੋਈ ਸਮੱਸਿਆ ਹੀ ਨਹੀਂ ਸਨ ਮੰਨਦੀਆਂ ਰਹੀਆਂ। ਦੂਸਰਾ ਭਾਰਤ ਦੀ ਆਜ਼ਾਦੀ ਤੋਂ ਬਾਅਦ ਭਾਰਤ ਨੇ ਪਲਾਨਿੰਗ, ਪਬਲਿਕ ਸੈਕਟਰ, ਲੇਬਰ ਕਾਨੂੰਨ ਅਤੇ ਕਈ ਵੈਲਫੇਅਰ ਸਕੀਮਾਂ ਸ਼ੁਰੂ ਕੀਤੀਆਂ, ਜਿਸ ਨਾਲ ਗਰੀਬ ਵਰਗ ਨੂੰ ਕੁਝ ਰਾਹਤ ਮਿਲੀ ਅਤੇ ਇਨਕਲਾਬੀ ਗੁੱਸਾ ਵੀ ਠੰਢਾ ਪੈ ਗਿਆ। ਕਾਂਗਰਸ ਪਾਰਟੀ ਨੇ ਸਮਾਜਵਾਦੀ ਭਾਸ਼ਾ ਅਪਣਾ ਕੇ ਕਮਿਊਨਿਸਟਾਂ ਦੇ ਲੜਨ ਦਾ ਮੈਦਾਨ ਖੋਹ ਲਿਆ। ਦੂਸਰਾ ਕੌਣ ਅਸਲੀ ਮਾਰਕਸਵਾਦੀ ਕੌਣ ਨਕਲੀ ਇਸ ਲੜਾਈ ਨੇ ਜਨਤਾ ਨਾਲੋਂ ਕਾਮਰੇਡਾਂ ਦਾ ਨਾਤਾ ਤੋੜ ਦਿੱਤਾ। 1962 ਦੇ ਚੀਨ ਅਤੇ ਭਾਰਤ ਯੁੱਧ ਨੇ ਭਾਰਤੀ ਕਮਿਊਨਿਸਟ ਅੰਦੋਲਨ ’ਤੇ ਡੂੰਘਾ ਅਤੇ ਲੰਬੇ ਸਮੇਂ ਤੱਕ ਰਹਿਣ ਵਾਲਾ ਅਸਰ ਪਾਇਆ। ਇਹ ਯੁੱਧ ਸਿਰਫ਼ ਸਰਹੱਦੀ ਟਕਰਾਅ ਹੀ ਨਹੀਂ ਸੀ, ਸਗੋਂ ਇਸ ਨੇ ਭਾਰਤੀ ਕਮਿਊਨਿਸਟ ਪਾਰਟੀ ਲਈ ਇੱਕ ਸਿਆਸੀ, ਸਿਧਾਂਤਕ ਅਤੇ ਵਿਚਾਰਧਾਰਾ ਦਾ ਸੰਕਟ ਪੈਦਾ ਕਰ ਦਿੱਤਾ ਸੀ। ਇਸ ਯੁੱਧ ਨੇ ਕਮਿਊਨਿਸਟ ਪਾਰਟੀ ਵਿੱਚ ਭਾਰੀ ਫੁੱਟ ਪੈਦਾ ਕਰ ਦਿੱਤੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਅੰਦਰ ਦੋ ਵੱਡੇ ਧੜੇ ਬਣ ਗਏ। ਇੱਕ ਧੜੇ ਨੇ ਚੀਨ ਨੂੰ ਸਮਾਜਵਾਦੀ ਭਰਾ ਦੇਸ਼ ਦੇ ਤੌਰ ’ਤੇ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਦੂਸਰੇ ਨੇ ਚੀਨ ਦੀ ਕਾਰਵਾਈ ਨੂੰ ਭਾਰਤੀ ਪ੍ਰਭੂਸੱਤਾ ’ਤੇ ਹਮਲਾ ਕਰਾਰ ਦਿੱਤਾ। ਨਤੀਜੇ ਵੱਜੋ ਆਖ਼ਰਕਾਰ 1964 ਵਿੱਚ ਪਾਰਟੀ ਦੋ ਹਿੱਸਿਆਂ ਵਿੱਚ ਵੰਡੀ ਗਈ, ਜਿਸ ਨਾਲ ਇਸ ਦੀ ਤਾਕਤ ਬਹੁਤ ਘਟ ਗਈ। ਕਾਂਗਰਸ ਅਤੇ ਦੱਖਣਪੰਥੀ ਤਾਕਤਾਂ ਨੇ ਆਮ ਲੋਕਾਂ ਵਿੱਚ ਇਹ ਧਾਰਨਾ ਬਣਾਈ ਕਿ ਕਮਿਊਨਿਸਟ ਭਾਰਤ ਤੋਂ ਵੱਧ ਚੀਨ ਨਾਲ ਵਫ਼ਾਦਾਰ ਹਨ। ਕਮਿਊਨਿਸਟਾਂ ਨੂੰ ਰਾਸ਼ਟਰ ਵਿਰੋਧੀ ਕਰਾਰ ਦੇ ਕੇ ਨਿਗਰਾਨੀ ’ਚ ਰੱਖਿਆ ਗਿਆ। ਯੁੱਧ ਦੌਰਾਨ ਅਤੇ ਬਾਅਦ ਵਿੱਚ ਹਜ਼ਾਰਾਂ ਕਮਿਊਨਿਸਟ ਆਗੂ ਗ੍ਰਿਫ਼ਤਾਰ ਕੀਤੇ ਗਏ। ਇਸ ਨਾਲ ਪਾਰਟੀ ਦੀ ਜਨਤਕ ਪਹੁੰਚ ਅਤੇ ਸੰਗਠਨ ਦੀ ਤਾਕਤ ਕਮਜ਼ੋਰ ਹੋਈ। ਭਾਵੇਂ 1967 ਤੋਂ ਬਾਅਦ ਪੱਛਮੀ ਬੰਗਾਲ, ਕੇਰਲ ਵਿੱਚ ਲੋਕਤੰਤਰੀ ਵਿਧੀ ਨਾਲ ਤਾਕਤ ਤਾਂ ਮਿਲੀ ਪਰ ਪੂਰੇ ਦੇਸ਼ ਪੱਧਰ ਤੇ ਕਮਿਊਨਿਸਟਾਂ ਦੀ ਭਰੋਸੇਯੋਗਤਾ ਵਾਪਸ ਨਾ ਆ ਸਕੀ। ਠੀਕ ਇਸੇ ਸਮੇਂ ਹੀ ਚੀਨ-ਪੱਖੀ ਵਿਚਾਰਧਾਰਾ ਵਾਲੇ ਕਈ ਨੌਜਵਾਨਾ ਜਿਨ੍ਹਾਂ ’ਤੇ ਚੀਨੀ ਮਾਓਵਾਦ ਦਾ ਡੂੰਘਾ ਪ੍ਰਭਾਵ ਸੀ ਨੇ 1967 ਵਿੱਚ ਨਕਸਲਬਾੜੀ ਅੰਦੋਲਨ ਸ਼ੁਰੂ ਕਰ ਦਿੱਤਾ। ਨਕਸਲਬਾੜੀ ਅੰਦੋਲਨ ਹਿੰਸਕ ਸੀ ਅਤੇ ਮਾਓ ਦੀ ਵਿਚਾਰਧਾਰਾ ਦੀ ਲਾਇਨ ਕਿ ਇਨਕਲਾਬ ਹਮੇਸ਼ ਬੰਦੂਕ ਦੀ ਨਾਲੀ ਵਿੱਚੋ ਹੀ ਨਿਕਲਦਾ ਹੈ। ਉਹ ਲਾਲ ਕਿਤਾਬ ਦਾ ਹਵਾਲਾ ਦਿੰਦੇ, ਸਰਕਾਰ ਨੇ ਬੇਰਹਿਮੀ ਨਾਲ ਇਸ ਅੰਦੋਲਨ ਨੂੰ ਦਬਾਇਆ। ਭਾਰਤ ਦੀ ਅਜਾਦੀ ਤੋਂ ਬਾਅਦ ਪਹਿਲੀ ਵਾਰ ਪੁਲਿਸ ਨੂੰ ਖੁੱਲੀ ਛੁੱਟੀ ਦਿੱਤੀ ਗਈ ਅਤੇ ਝੂਠੇ ਪੁਲਿਸ

ਮੁਕਾਬਲਿਆਂ ਦਾ ਦੌਰ ਸ਼ੁਰੂ ਹੋਇਆ। ਭਾਰਤੀ ਕਮਿਊਨਿਸਟ ਪਾਰਟੀ ਅਨੇਕ ਛੋਟੇ ਧੜਿਆਂ ਵਿੱਚ ਵੰਡੀ ਗਈ ਜਿਸ ਵਿੱਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਅਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਿਨਵਾਦੀ ਬਣ ਗਏ। ਸਿਧਾਂਤਕ ਪਾਟੋਧਾੜ ਵਿੱਚ ਸੋਵੀਅਤ ਲਾਈਨ, ਚੀਨੀ ਲਾਈਨ ਅਤੇ ਅੱਤ ਖੱਬੀ ਵਿਚਾਰਧਾਰਾ ਨਕਸਲ ਅਤੇ ਮਾਓਂਵਾਦੀ ਲਾਈਨ ਤੀਕ ਹੀ ਸੀਮਤ ਨਾ ਰਹੀ ਸਗੋਂ ਹੋਰ ਬਹੁਤ ਸਾਰੇ ਸਿਧਾਂਤਕ ਵਖਰੇਵੇ ਪੀਪਲ ਵਾਰ ਗਰੁੱਪ, ਲਿਬਰੇਸ਼ਨ, ਨਾਗਾਰੇਡੀ, ਚਾਰੂ ਮਜੂਮਦਾਰ, ਪੂਹਲਾ ਰੈਡੀ ਆਦਿ ਨਿਕਲੇ ਜਿਨ੍ਹਾਂ ਨੂੰ ਸਿਧਾਂਤਕ ਨਕਸਲੀ ਕਿਹਾ ਜਾਂਦਾ ਹੈ। ਉਹ ਮਾਰਕਸਵਾਦ-ਲੇਨਿਨਵਾਦ-ਮਾਓਵਾਦ ਨੂੰ ਭਾਰਤੀ ਹਕੀਕਤਾ ਨਾਲ ਟਕਰਾਉਂਦੀ ਹੋਈ ਸਿਧਾਂਤਕ ਪਵਿੱਤਰਤਾ ਨਾਲ ਲਾਗੂ ਕਰਨਾ ਚਾਹੁੰਦੇ ਸਨ। ਇਹਨਾਂ ਦਾ ਕਾਡਰ ਮਾਰਕਸਵਾਦ ਨੂੰ ਨਿੱਠ ਕੇ ਪੜ੍ਹਨ ਵਾਲਾ ਪੜ੍ਹਾਕੂ ਅਤੇ ਵਚਨਬੱਧ ਵਿਚਾਰਕ ਵੀ ਸੀ। ਇਹ ਨਕਸਲੀ ਵਿਚਾਰਧਾਰਾ ਦੇ ਗਰੁੱਪ ਸਿਧਾਂਤ ਨੂੰ ਹਕੀਕਤ 'ਤੇ ਪਰਖਣ ਦੀ ਥਾਂ, ਹਕੀਕਤ ਨੂੰ ਸਿਧਾਂਤ ਦੇ ਅਨੁਕੂਲ ਮੋੜਨਾ ਚਾਹੁੰਦੇ ਸਨ। ਇਨ੍ਹਾਂ ਗਰੁੱਪਾਂ ਦੀ ਇੱਕ ਵੱਡੀ ਸਮੱਸਿਆ ਇਹ ਵੀ ਸੀ ਕਿ ਹਥਿਆਰਬੰਦ ਸੰਘਰਸ਼ ਨੂੰ ਇੱਕ ਨੈਤਿਕ ਅਤੇ ਸਿਧਾਂਤਕ ਮਾਪਦੰਡ ਬਣਾ ਦਿੱਤਾ ਗਿਆ। ਜੋ ਹਿੰਸਾ ਨਹੀਂ ਅਪਣਾਉਂਦਾ, ਉਹ ਕ੍ਰਾਂਤੀ ਕਾਰੀ ਨਹੀਂ ਹੋ ਸਕਦਾ। ਇਸ ਨਾਲ ਆਮ ਗਰੀਬ ਲੋਕ, ਖ਼ਾਸ ਕਰਕੇ ਕਿਸਾਨ ਅਤੇ ਆਦਿਵਾਸੀ, ਦੋ ਸਾਹਨਾਂ ਦੇ ਭੇੜ ਵਿਚ ਫਸ ਗਏ ਇੱਕ ਪਾਸੇ ਰਾਜ ਅਤੇ ਪੁਲਿਸ ਦਾ ਦਬਾਉ, ਦੂਜੇ ਪਾਸੇ ਨਕਸਲੀ ਲੜਾਕੂ ਦਬਾਅ। ਨਤੀਜੇ ਵਜੋਂ ਆਮ ਲੋਕਾਂ ਵਿੱਚ ਹਮਦਰਦੀ ਦੀ ਥਾਂ ਡਰ ਪੈਦਾ ਹੋ ਗਿਆ। ਇੱਕ ਹੋਰ ਅਹਿਮ ਪੱਖ ਇਹ ਸੀ ਕਿ ਇਹ ਸਿਧਾਂਤਕ ਨਕਸਲੀ ਧਾਰਾ ਅੰਦਰੂਨੀ ਤੌਰ 'ਤੇ ਬਹੁਤ ਅਸਹਿਣਸ਼ੀਲ ਸੀ। ਥੋੜ੍ਹੇ ਜਿਹੇ ਸਿਧਾਂਤਕ ਅੰਤਰ 'ਤੇ ਨਵੇਂ ਨਵੇਂ ਗਰੁੱਪ ਬਣ ਜਾਂਦੇ। ਹਰ ਗਰੁੱਪ ਆਪਣੇ ਆਪ ਨੂੰ ਅਸਲੀ ਮਾਓਵਾਦੀ ਅਤੇ ਦੂਜਿਆਂ ਨੂੰ ਗੱਦਾਰ ਕਹਿੰਦਾ। ਇਸ ਟੁੱਟ-ਭੁੱਜ ਨੇ ਆਮ ਜਨਤਾ ਲਈ ਕਮਿਊਨਿਸਟ ਰਾਜਨੀਤੀ ਨੂੰ ਅਣ-ਭਰੋਸੇਯੋਗ ਬਣਾ ਦਿੱਤਾ। ਭਾਰਤ ਦੀਆ ਖੱਬੇ ਪੱਖੀ ਪਾਰਟੀਆਂ ਨੂੰ ਇੱਕ ਵੇਰ ਫਿਰ ਇੱਕ ਵੱਡਾ ਮੌਕਾ ਮਿਲਿਆ, ਜਿਸ ਨੂੰ ਉਹਨਾਂ ਸੰਭਾਲਣ ਦੀ ਥਾਂ ਗੁਆਂ ਦਿੱਤਾ। ਹੋਇਆ ਇਹ ਕਿ 1996 ਦੀ ਲੋਕ ਸਭਾ ਚੋਣਾਂ ਵਿੱਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਸੀ ਮਿਲਿਆ। ਉਸ ਸਮੇ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਨੇ ਖੱਬੇ ਮੋਰਚੇ ਨੂੰ ਬਾਹਰੋਂ ਸਮਰਥਨ ਦੇਣ ਦੀ ਪੇਸ਼ਕਸ਼ ਕੀਤੀ। ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਨੇ ਜੋਯਤੀ ਬਾਸੂ ਨੂੰ ਸਰਕਾਰ ਬਣਾਉਣ ਲਈ ਬੁਲਾਇਆ ਵੀ। ਇਸ ਮੌਕੇ ਨੂੰ ਸੰਭਾਲਣ ਦੀ ਥਾਂ ਇੱਕ ਵੇਰ ਫਿਰ ਪਾਰਟੀ ਲਾਇਨ ਦੀ ਲਕੀਰ ਪਿੱਟਣ ਵਾਲੇ ਲੋਕਾਂ ਨੇ ਵੱਡੀ ਇਤਿਹਾਸਕ ਭੁੱਲ ਕਰ ਦਿੱਤੀ। ਪਰ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਪੋਲਿਟ ਬਿਊਰੋ ਨੇ ਫ਼ੈਸਲਾ ਕੀਤਾ ਕਿ ਕਾਂਗਰਸ ਦੇ ਸਹਿਯੋਗ ਨਾਲ ਕੇਂਦਰੀ ਸਰਕਾਰ ਵਿੱਚ ਸ਼ਾਮਲ ਹੋਣਾ ਪਾਰਟੀ ਦੀ ਲਾਈਨ ਦੇ ਖ਼ਿਲਾਫ਼ ਹੈ। ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਕਾਂਗਰਸ ਨੂੰ ਬੁਰਜੁਆ ਪਾਰਟੀ ਮੰਨਦੀ ਸੀ। ਪਾਰਟੀ ਦੀ ਰਣਨੀਤੀ ਸੀ, ਕਿ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਤੋਂ ਇੱਕੋ ਜਿੰਨੀ ਦੂਰੀ ਬਣਾ ਕੇ ਰੱਖੀ ਜਾਵੇ। ਜੋਯਤੀ ਬਾਸੂ ਖੁਦ ਪ੍ਰਧਾਨ ਮੰਤਰੀ ਬਣਨ ਲਈ ਤਿਆਰ ਸੀ, ਪਰ ਉਸ ਨੂੰ ਪਾਰਟੀ ਅਨੁਸ਼ਾਸਨ ਅੱਗੇ ਝੁਕਣਾ ਪਿਆ। ਉਹ ਇਹ ਮੰਨਦਾ ਸੀ ਕਿ ਪ੍ਰਧਾਨ ਮੰਤਰੀ ਬਣ ਕੇ ਉਹ ਧਰਮ ਨਿਰਪੇਖਤਾ ਅਤੇ ਖੱਬੀ ਨੀਤੀਆਂ ਨੂੰ ਮਜ਼ਬੂਤ ਕਰ ਸਕਦਾ ਸੀ। ਇਸ ਤਰਾਂ ਕਰਨ ਨਾਲ ਸੰਪਰਦਾਇਕ, ਫ਼ਾਸ਼ਿਸ਼ਟ ਅਤੇ ਹਿੰਦੂਤਵੀ ਸੋਚ ਵਾਲੀ ਭਾਰਤੀ ਜਨਤਾ ਪਾਰਟੀ ਦੇ ਉਭਾਰ ਨੂੰ ਰੋਕਿਆ ਜਾ ਸਕਦਾ ਸੀ ਅਤੇ ਭਾਰਤ ਨੂੰ ਸੈਕੂਲਰ ਬਣਿਆ ਰਹਿਣ ਦਾ ਰਾਹ ਬਣਦਾ ਬਣਦਾ ਰਹਿ ਗਿਆ ਸੀ। ਬਾਅਦ ਵਿੱਚ ਜੋਯਤੀ ਬਾਸੂ ਨੇ ਖੁਦ ਕਿਹਾ ਸੀ ਇਹ ਇੱਕ ਇਤਿਹਾਸਕ ਭੁੱਲ ਸੀ। ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਸਖ਼ਤ ਵਿਚਾਰਧਾਰਾ ਦੀ ਲਕੀਰ ਦਾ ਹੀ ਨਤੀਜਾ ਸੀ ਕਿ ਖੱਬੀ ਲਹਿਰ ਨੂੰ ਭਾਰਤੀ ਕੇਂਦਰੀ ਸੱਤਾ ਤੋਂ ਦੂਰ ਰੱਖਿਆ ਅਤੇ ਇਸ ਨਾਲ ਭਾਰਤੀ ਰਾਜਨੀਤੀ ਦੀ ਦਿਸ਼ਾ ਅਤੇ ਦਸ਼ਾ ਹੀ ਬਦਲ ਗਈ। ਦੂਸਰੇ ਪਾਸੇ ਸੀ ਪੀ ਆਈ ਪਾਰਟੀ ਦੇ ਵੱਡੇ ਲੀਡਰ ਐਸ. ਏ. ਡਾਂਗੇ, ਮੋਹਿਤ ਸੈਨ, ਸੀ. ਰਾਜੇਸ਼ਵਰ ਰਾਓ, ਇੰਦ੍ਰਜੀਤ ਗੁਪਤਾ, ਅਜਯ ਘੋਸ਼ ਨੇ ਵੀ ਆਪੋ ਆਪਣੇ ਸਮੇਂ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਕਾਂਗਰਸ ਨਾਲ ਲੰਬੇ ਸਮੇਂ ਦੀ ਨੇੜਤਾ ਵਾਲੀ ਸਾਂਝ ਦਾ ਸੁਧਾਰਵਾਦੀ ਰਾਹ ਅਪਣਾਇਆ। ਐਮਰਜੈਂਸੀ ਦਾ ਸਮਰਥਨ ਕਰਨ ਵਾਲੀ ਬੱਜਰ ਗਲਤੀ ਕੀਤੀ, ਸੋਵੀਅਤ ਯੂਨੀਅਨ ਦੀ ਦਿੱਤੀ ਸ਼ਾਂਤਮਈ ਸਹਿਹੋਂਦ ਦੀ ਲਾਈਨ ਦੀ ਅੰਧਾ ਧੁੰਦ ਪਾਲਣਾ ਕਰਕੇ ਆਪਣੇ ਪਾਰਟੀ ਕੇਡਰ ਦੀਆਂ ਸਫਾਂ ਵਿੱਚ ਨਿਰਾਸ਼ਤਾ ਪੈਦਾ ਕੀਤੀ ਜਿਸ ਨਾਲ ਪਾਰਟੀ ਹਾਸ਼ੀਏ 'ਤੇ ਜਾ ਪਹੁੰਚੀ। ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਅਤੇ ਜਯੋਤੀ ਬਾਸੂ ਬਿਨਾਂ ਭਾਰਤੀ ਕਮਿਊਨਿਸਟ ਅੰਦੋਲਨ ਦਾ ਜ਼ਿਕਰ ਅਧੂਰਾ ਹੈ, ਕਿਉਂਕਿ ਉਹ ਦੋਵੇ ਸਿਰਫ਼ ਆਗੂ ਹੀ ਨਹੀਂ ਸਨ, ਬਲਕਿ ਭਾਰਤੀ ਖੱਬੀ ਰਾਜਨੀਤੀ ਦੇ ਸਿਧਾਂਤ ਘਾੜੇ, ਰਣਨੀਤੀ ਅਤੇ ਜਨ-ਅਧਾਰ ਨੂੰ ਜੋੜਨ ਵਾਲੀ ਕੇਂਦਰੀ ਕੜੀ ਸਨ। 1926 ਵਿੱਚ ਜਨਮੇ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਆਜ਼ਾਦੀ ਅੰਦੋਲਨ ਤੋਂ ਲੈ ਕੇ 21ਵੀਂ ਸਦੀ ਤੀਕ ਭਾਰਤ ਦੀ ਕੌਮੀ ਰਾਜਨੀਤੀ ਤੱਕ ਲਗਾਤਾਰ ਅਹਿਮ ਭੂਮਿਕਾ ਰਹੀ। ਜਯੋਤੀ ਬਾਸੂ ਵੀ ਭਾਰਤੀ ਕਮਿਊਨਿਸਟ ਅੰਦੋਲਨ ਦੇ ਸਭ ਤੋਂ ਲੰਮੇ ਸਮੇਂ ਤੱਕ ਪ੍ਰਭਾਵਸ਼ਾਲੀ ਨੇਤਾਵਾਂ 'ਚੋਂ ਇੱਕ ਰਹੇ ਹਨ। ਕਾਮਰੇਡ ਜਯੋਤੀ ਬਾਸੂ ਜਨਮ 1914 ਵਿੱਚ ਹੋਇਆ ਅਤੇ 1930 ਵਿਚ ਉਹ ਕਮਿਊਨਿਸਟ ਆਂਦੋਲਨ ਨਾਲ ਜੁੜੇ। ਜਯੋਤੀ ਬਾਸੂ ਦਾ ਕਿਸਾਨ ਦੇ ਹੱਕ ਲਈ ਜ਼ਮੀਨ ਸੁਧਾਰ ਮਾਡਲ ਭਾਰਤ ਵਿੱਚ ਸਭ ਤੋਂ ਸਫਲ ਸਮਝਿਆ ਜਾਂਦਾ ਹੈ। ਬਾਸੂ ਨੇ ਪੱਛਮੀ ਬੰਗਾਲ ਵਿੱਚ ਸੱਤਾ ਸੰਭਾਲ ਕੇ ਇਹ ਸਾਬਤ ਕੀਤਾ ਕਿ ਕਮਿਊਨਿਸਟ ਸਿਰਫ਼ ਸੰਘਰਸ਼ ਹੀ ਨਹੀਂ ਕਰਨਾ ਜਾਣਦੇ ਲੋਕਤੰਤਰਕ ਤੌਰ 'ਤੇ ਸਰਕਾਰ ਵੀ ਚਲਾ ਸਕਦੇ ਹਨ। ਉਹ ਲੋਕਤੰਤਰ ਅਤੇ ਸੰਵਿਧਾਨ ਵਿੱਚ ਭਰੋਸਾ ਰੱਖਦੇ ਹੋਏ ਕੱਟੜਪੰਥ ਦੇ ਖ਼ਿਲਾਫ਼ ਧਰਮ ਨਿਰਪੇਖ ਤਾਕਤਾਂ ਅਤੇ ਭਾਰਤੀ ਖੱਬੇ ਪੱਖੀ ਪਾਰਟੀ ਦੀ ਨੈਤਿਕ ਆਵਾਜ਼ ਬਣੇ। ਕਾਮਰੇਡ ਬਾਸੂ ਨੇ ਕਮਿਊਨਿਸਟਾਂ ਨੂੰ ਸੱਤਾ ਤੀਕ ਤਾਂ ਪਹੁੰਚਾ ਦਿੱਤਾ ਪਰ ਆਪਣੇ ਲੋਕਾਂ ਨੂੰ ਮੁੜ ਸੰਘਰਸ਼ ਕਰਨ ਵੱਲ ਨਹੀਂ ਲੈ ਕੇ ਜਾ ਸਕੇ। ਉਹਨਾਂ ਨੇ ਹਾਰੀ ਹੋਈ ਕਾਂਗਰਸ ਪਾਰਟੀ ਦੇ ਮਹੱਲਾ ਗੁੰਡਿਆਂ ਦਾ ਸਹਿਯੋਗ ਲਿਆ। ਬਿਊਰੋਕ੍ਰੈਟਿਕ ਢੰਗ ਨਾਲ ਪਾਰਟੀ ਰਲਗੱਡ ਕਰ ਦਿੱਤੀ, ਇਸ ਲਈ ਆਮ ਜਨਤਾ ਨੇ ਪਾਰਟੀ ਨਾਲ ਦੂਰੀ ਬਣਾ ਲਈ। ਉਸ ਨੇ ਲੰਮਾ ਸਮਾਂ ਰਾਜ ਸੱਤਾ ਭੋਗਦਿਆਂ ਰਾਜ ਸੱਤਾ ਨੂੰ ਹੀ ਜਮਾਤੀ ਸੰਘਰਸ਼ ਦਾ ਬਦਲ ਸਮਝ ਲਿਆ ਸੀ। ਸਟੇਟ ਪਾਵਰ ਤੇ ਆਪਣੀ ਪਕੜ ਬਣਾਈ ਰੱਖਣ ਲਈ ਕਾਡਰ ਵਿੱਚੋ ਨਵੀਂ ਪੀੜ੍ਹੀ ਦੀ ਅਗਵਾਈ ਤਿਆਰ ਨਾ ਕੀਤੀ। ਲੋਕਾਂ ਦੀ ਸਹਿਮਤੀ ਤੋਂ ਬਿਨਾਂ ਸਿੰਗੂਰ ਅਤੇ ਨੰਦੀਗ੍ਰਾਮ ਵਿੱਚ ਗਲਤ ਉਦਯੋਗੀਕਰਨ ਦੀ ਨੀਤੀ ਅਪਣਾਉਣ ਕਰਕੇ ਖੱਬੇ ਪੱਖੀ ਤਾਕਤ ਦੀ ਨੈਤਿਕ ਹਾਰ ਹੋਈ ਅਤੇ ਤੇਜ਼ ਤਰਾਰ ਮਮਤਾ ਬੈਨਰਜੀ ਨੇ ਤਾਕਤ ਹਥਿਆ ਲਈ। ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਨੂੰ ਇੱਕ ਸਮੇਂ ਕੌਮੀ ਰਾਜਨੀਤੀ ਦਾ ਕਿੰਗਮੇਕਰ ਕਿਹਾ ਜਾਣ ਲੱਗਾ ਸੀ। ਉਹਨਾਂ ਨੇ ਗਠਜੋੜ ਦੀ ਰਾਜਨੀਤੀ ਨੂੰ ਖੱਬੇ ਪੱਖੀ ਰਣਨੀਤੀ ਦਾ ਸਿਧਾਂਤ ਬਣਾ ਦਿੱਤਾ। ਉਹ ਕਾਂਗਰਸ ਨਾਲ ਰਣਨੀਤਕ ਸਾਂਝ ਬਣਾ ਕੇ ਕਾਂਗਰਸ ਨੂੰ ਮੁੱਖ ਵਿਰੋਧੀ ਮੰਨਣ ਵਾਲੀ ਲਾਈਨ ਤੋਂ ਪਿੱਛੇ ਹਟ ਗਏ। ਇਸ ਨਾਲ ਪਾਰਟੀ ਦੇ ਕੇਡਰ ਵਿੱਚ ਕਮਿਊਨਿਸਟ ਵਿਚਾਰਧਾਰਾ ਪ੍ਰਤੀ ਗੁੰਝਲ ਭਰੀ ਉਲਝਣ ਪੈਦਾ ਹੋ ਗਈ। ਇਨ੍ਹਾਂ ਦੋਵਾਂ ਹੀ ਵੱਡੇ ਆਗੂਆਂ ਦੀਆਂ ਗਲਤੀਆਂ ਦਾ ਨਤੀਜਾ ਇਹ ਨਿਕਲਿਆ ਜਿਸ ਪਾਰਟੀ ਦੇ 1996 ਵਿੱਚ 44 ਮੈਂਬਰ ਪਾਰਲੀਮੈਂਟ ਜਿੱਤ ਕੇ ਆਏ ਸਨ ਅਤੇ ਰਾਸ਼ਟਰਪਤੀ ਸਰਕਾਰ ਬਣਾਉਣ ਦਾ ਸੱਦਾ ਦੇ ਰਿਹਾ ਸੀ। 2024 ਤੱਕ ਪਹੁੰਚਦਿਆਂ ਗਿਣਤੀ ਸਿਰਫ ਚਾਰ ਤੀਕ ਹੀ ਸੀਮਤ ਹੋ ਕੇ ਰਹਿ ਗਈ। ਪੰਜਾਬ ਵਿੱਚ ਵੀ ਕਮਿਊਨਿਸਟ ਵਿਚਾਰਧਾਰਾ ਅਤੇ ਸਿੱਖੀ ਵਿਚਾਰਧਾਰਾ ਦਾ ਟਕਰਾਅ ਸਿੱਧਾ ਅਤੇ ਸਿਧਾਂਤਕ ਨਹੀਂ ਸੀ ਸਗੋਂ ਗਲਤ ਸੱਭਿਆਚਾਰਕ ਅਤੇ ਸਿਆਸੀ ਪੱਧਰ ਦੀ ਸਮਝ 'ਤੇ ਬਣਿਆ ਸੀ। ਕਮਿਊਨਿਸਟ ਵਿਚਾਰਧਾਰਾ ਵਿੱਚ ਧਰਮ ਦੀ ਆਲੋਚਨਾ ਕਾਰਲ ਮਾਰਕਸ ਦੇ ਕਥਨ ਧਰਮ ਲੋਕਾਂ ਲਈ ਇੱਕ ਅਫੀਮ ਹੈ ਨਾਲ ਕੀਤੀ ਜਾਂਦੀ ਹੈ। ਧਰਮ ਨੂੰ ਸ਼ੋਸ਼ਣ ਅਤੇ ਲੁੱਟ ਨੂੰ ਢੱਕਣ ਵਾਲੀ ਵਿਚਾਰਧਾਰਾ ਕਹਿ ਕੇ ਭੰਡਿਆ ਜਾਂਦਾ ਹੈ। ਰੱਬ ਦੀ ਹੋਂਦ ਨੂੰ ਨਾ ਮੰਨਣਾ ਅਤੇ ਨਾਸਤਿਕਤਾ ਨੂੰ ਪਹਿਲ ਦਿੱਤੀ ਜਾਂਦੀ ਹੈ। ਪਰ ਸਿੱਖੀ ਕੋਈ ਕਰਮਕਾਂਡੀ ਧਰਮ ਨਹੀਂ ਹੈ। ਸਿੱਖੀ ਦਾ ਫਲਸਫਾ ਵੀ ਸੇਵਾ, ਨਿਆਂ, ਸ਼ਹਾਦਤ, ਮੀਰੀ-ਪੀਰੀ, ਸੰਸਾਰੀ ਨਿਆਂ 'ਤੇ ਅਧਾਰਿਤ ਇੱਕੋ ਇੱਕ ਅਕਾਲ ਪੁਰਖ ਦੀ ਹੋਂਦ ਵਾਲੀ ਸੋਚ ਤੇ ਆਧਾਰਿਤ ਮਾਰਕਸਵਾਦ ਵਾਂਗਰ ਹੀ ਇੱਕ ਲੋਕ ਪੱਖੀ ਅਤੇ ਮਾੜੇ ਨਿਤਾਣੇ ਦੀ ਬਾਹ ਫੜਨ ਵਾਲਾ ਇਨਕਲਾਬੀ ਫਲਸਫਾ ਹੈ। ਜੋ ਬਾਬੇ ਨਾਨਕ ਦੇ ਜੀਵਨ ਸਿਧਾਂਤ ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਅਤੇ ਰਾਜੇ ਸੀਹ ਮੁਕੱਦਮ ਕੁਤੇ ॥ ਜਾਇ ਜਗਾਇਨ ਬੈਠੇ ਸੁਤੇ ॥ ਵਰਗੇ ਜੁਝਾਰੂ ਸਿਧਾਂਤ ਨਾਲ ਗੜੁੱਚ ਹੈ।

ਕਮਿਊਨਿਸਟਾਂ ਦੀ ਇਹ ਸ਼ੁਰੂਆਤੀ ਗਲਤੀ ਹੀ ਸੀ ਕਿ ਸਿੱਖੀ ਨੂੰ ਧਾਰਮਿਕ ਸੰਕੀਰਤਾ ਵਾਂਗ ਦੇਖਣਾ ਅਤੇ ਅਕਾਲੀ ਅੰਦੋਲਨ ਨੂੰ ਪੈਟੀ ਬੁਰਜ਼ੁਆ ਕਹਿਣਾ। ਇਸ ਨਾਲ ਗੁਰਦੁਆਰਾ ਅੰਦੋਲਨ ਦੇ ਸਮੇਂ ਤੋਂ ਹੀ ਜਥੇਬੰਦਕ ਸਿੱਖ ਸਿਆਸਤ ਤੋਂ ਕਮਿਊਨਿਸਟ ਦੂਰ ਹੋ ਗਏ ਸਨ। ਜਿਸ ਨਾਲ ਪੰਜਾਬ ਦਾ ਭਾਰੀ ਨੁਕਸਾਨ ਹੋਇਆ। ਜਵਾਬ ਵਿਚ ਸਿੱਖ ਸਿਆਸਤ ਵਿਚ ਭਾਰੂ ਅਕਾਲੀ ਦਲ ਦਾ ਕਮਿਊਨਿਸਟ ਸਿਧਾਂਤ ਨੂੰ ਨਾਸਤਿਕਤਾ ਦਾ ਸਿਧਾਂਤ, ਦੇਸ਼ ਅਤੇ ਧਰਮ ਵਿਰੋਧੀ ਕਹਿ ਕੇ ਸਿੱਖ ਆਧਾਰ ਵਾਲੇ ਪਿੰਡਾਂ ਵਿੱਚ ਲਾਲ ਪਾਰਟੀ ਦੇ ਖਿਲਾਫ਼ ਧਾਰਮਿਕ ਪ੍ਰਚਾਰ ਸ਼ੁਰੂ ਹੋ ਗਿਆ ਸੀ। ਜਿਸ ਨਾਲ ਪੈਦਾ ਹੋਏ ਸਿਆਸੀ ਟਕਰਾਅ ਨੇ ਦਰਸ਼ਨ ਵਿਚਲੇ ਵਿਰੋਧ ਨੂੰ ਹੋਰ ਡੂੰਘਾ ਕੀਤਾ। ਇਸ ਤਰ੍ਹਾਂ ਨਾਲ ਪਏ ਸਿਆਸੀ ਬਖੇੜੇ ਕਰਕੇ ਪੰਜਾਬ ਦੇ ਕਿਸਾਨ ਨੇ ਆਪਣੇ ਆਪ ਨੂੰ ਮਜ਼ਦੂਰ ਵਰਗ ਤੋਂ ਪਹਿਲਾਂ ਸਿੱਖ ਕਿਸਾਨ ਮੰਨਿਆ। ਕਮਿਊਨਿਸਟ ਸਿੱਖੀ ਦੀ ਨਿਆਂਪੱਖੀ ਰੂਹ ਨਾਲ ਨਾ ਜੁੜ ਸਕੇ, ਜਿਸ ਦੀ ਬਹੁਤ ਹੀ ਵੱਡੀ ਸੰਭਾਵਨਾ ਬਣ ਸਕਦੀ ਸੀ। ਕਮਿਊਨਿਸਟ ਪਾਰਟੀਆਂ ਨੇ ਆਪਣੇ ਸੱਭਿਆਚਾਰ ਅਤੇ ਖਿੱਤੇ ਦੇ ਨਾਇਕ ਅਤੇ ਯੋਧੇ ਛੱਡ ਕੇ ਬਾਹਰੀ ਲੋਕਾਂ ਨੂੰ ਆਪਣੇ ਹੀਰੋ ਸਮਝਣ ਦੀ ਗਲਤੀ ਵਾਰ ਵਾਰ ਦੁਹਰਾਈ। ਸਿੱਖ ਲਹਿਰ ਅਤੇ ਧਰਮ ਨੂੰ ਝੂਠੀ ਚੇਤਨਾ ਕਹਿ ਕੇ ਰੱਦ ਕੀਤਾ, ਜਿਸ ਕਾਰਨ ਟਕਰਾਅ ਵਧਿਆ। ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਕਿਸ਼ਨ ਸਿੰਘ ਪੰਜਾਬੀ ਬੌਧਿਕ ਪ੍ਰੰਪਰਾ ਦੇ ਉਹ ਵਿਦਵਾਨ ਸਨ ਜਿਨ੍ਹਾਂ ਨੇ ਸਿੱਖੀ ਦੇ ਗੁਰਮਤਿ ਫਲਸਫੇ ਅਤੇ ਮਾਰਕਸਵਾਦ ਦੇ ਰਿਸ਼ਤੇ ਨੂੰ ਟਕਰਾਅ ਦੀ ਥਾਂ ਸੰਵਾਦ ਅਤੇ ਸਾਂਝੇ ਮਾਨਵ ਮੁੱਲਾਂ ਦੇ ਅਧਾਰ 'ਤੇ ਸਮਝਣ ਦੀ ਕੋਸ਼ਿਸ਼ ਕੀਤੀ। ਪ੍ਰੋਫੈਸਰ ਕਿਸ਼ਨ ਸਿੰਘ ਨੇ ਲਿਖਿਆ ਕਿ ਸਿੱਖੀ ਇੱਕ ਸਮਾਜਕ ਕ੍ਰਾਂਤਿਕਾਰੀ ਫਲਸਫਾ ਹੈ ਨਾ ਕਿ ਕੇਵਲ ਦੂਸਰੇ ਧਰਮਾਂ ਦੀ ਨਿਆਈ ਪੂਜਾ ਪਾਠ ਦੀ ਕੋਈ ਪ੍ਰਣਾਲੀ ਹੈ। ਇਕ ਓਅੰਕਾਰ ਆਪਣੇ ਆਪ ਵਿੱਚ ਮਨੁੱਖੀ ਬਰਾਬਰੀ ਦਾ ਫਲਸਫਾ ਹੈ। ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਕੇ ਛਕਣਾ ਨੂੰ ਉਹਨਾਂ ਨੇ ਮਿਹਨਤ ਦੀ ਕਦਰ ਕਰਨਾ, ਸਮਾਜਿਕ ਸ਼ੋਸ਼ਣ ਦਾ ਵਿਰੋਧ, ਸਮਾਜਕ ਨਿਆਂ, ਲੰਗਰ ਪ੍ਰਥਾ ਨੂੰ ਵਰਗ ਅਤੇ ਜਾਤੀ ਵਿਰੋਧੀ ਸੰਸਥਾ ਦੱਸਦਿਆਂ ਕਿਹਾ ਕਿ ਸਿੱਖੀ ਵਿੱਚ ਮੀਰੀ 'ਤੇ ਪੀਰੀ ਦਾ ਅਰਥ ਧਰਮ ਅਤੇ ਰਾਜਨੀਤੀ ਦੀ ਵੱਖਰਤਾ ਹਰਗਿਜ਼ ਨਹੀਂ, ਬਲਕਿ ਨਿਆਂ ਲਈ ਸਾਂਝੇ ਸੰਘਰਸ਼ ਦੀ ਅਵਾਜ਼ ਬੁਲੰਦ ਕਰਨ ਵਾਲਾ ਸਿਧਾਂਤ ਹੈ। ਇਸ ਲਈ ਮਾਰਕਸਵਾਦ ਨੂੰ ਭਾਰਤੀ, ਪੰਜਾਬੀ ਸੰਦਰਭ ਵਿੱਚ ਵਿਕਸਿਤ ਕਰਨ ਦੀ ਲੋੜ ਹੈ। ਜੋ ਨਾ ਹੀ ਸਿੱਖੀ ਦੇ ਅਲੰਬਦਾਰਾਂ ਨੂੰ ਸਮਝ ਪਿਆ ਅਤੇ ਮਾਰਕਸਵਾਦੀ ਤਾਂ ਧਰਮ ਤੋਂ ਵੀ ਵੱਧ ਕੇ ਮਾਰਕਸਵਾਦੀ ਧਰਮ ਵਿੱਚ ਬੱਝੇ ਹੋਏ ਸਨ। ਦਲਿਤ ਭਗਤ, ਭਗਤੀ ਲਹਿਰ ਦੀ ਸਭ ਤੋਂ ਪ੍ਰਗਤੀਸ਼ੀਲ ਆਵਾਜ਼ ਸਨ। ਭਗਤੀ ਲਹਿਰ ਨੇ ਦਲਿਤਾਂ ਵਿੱਚ ਸਵੈ-ਸਮਮਾਨ ਦੀ ਚੇਤਨਾ ਜਗਾਈ ਅਤੇ ਜਾਤੀ-ਵਿਵਸਥਾ ਨੂੰ ਨੈਤਿਕ ਤੌਰ 'ਤੇ ਚੁਣੌਤੀ ਦਿੱਤੀ। ਸੰਤ ਰਵਿਦਾਸ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਸੈਣ ਜੀ, ਭਗਤ ਚੋਖਾਮੇਲਾ, ਭਗਤ ਕਰਮਾ ਮੇਲਾ, ਭਗਤ ਚੋਖਾਮੇਲਾ ਦੀ ਪਤਨੀ ਸੋਯਰਾਬਾਈ, ਭਗਤ ਨੰਦਨਾਰ ਅਤੇ ਭਗਤ ਕੰਨੱਪਾ ਨਾਇਨਾਰ ਇਹ ਸਾਰੇ ਦਲਿਤ ਅਤੇ ਮਜ਼ਦੂਰ ਜਮਾਤ ਵਿੱਚੋਂ ਆਏ ਸਨ। ਪਰ ਕਮਿਊਨਿਸਟਾਂ ਨੇ ਇਸ ਲਹਿਰ ਨੂੰ ਵੀ ਧਾਰਮਿਕ ਮੰਨਦੇ ਹੋਏ ਇਹਨਾਂ ਦੇ ਪ੍ਰਗਤੀਸ਼ੀਲ ਜੁਝਾਰੂ ਕੰਮਾਂ ਨੂੰ ਵੀ ਨਾ ਪਛਾਣਿਆ। ਕਿਹਾ ਜਾਂਦਾ ਹੈ ਕਿ ਜਦੋਂ ਇਨਕਲਾਬੀ ਪਾਰਟੀ ਖ਼ੁਦ ਹੀ ਸਟੇਟ ਦੀ ਸੱਤਾ ਬਣ ਜਾਵੇ, ਉਹ ਆਪਣਾ ਆਪ ਹੀ ਵਿਰੋਧ ਬਣ ਜਾਂਦੀ ਹੈ। ਇਹੋ ਕੁਝ ਪੱਛਮੀ ਬੰਗਾਲ ਵਿੱਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਨਾਲ ਵਾਪਰਿਆ। ਕਾਮਯਾਬੀ ਤੋਂ ਅਸਫਲਤਾ ਵੱਲ ਯਾਤਰਾ ਅਚਾਨਕ ਨਹੀਂ ਹੋਈ, ਬਲਕਿ ਲੰਬੇ ਸਮੇਂ ਦੀਆਂ ਨੀਤੀਆਂ, ਵਿਰੋਧਾਭਾਸਾਂ ਅਤੇ ਬਦਲਦੇ ਸਮਾਜਕ-ਆਰਥਿਕ ਹਾਲਾਤਾਂ ਦਾ ਨਤੀਜਾ ਸੀ। ਪਾਰਟੀ ਨੂੰ ਸ਼ੁਰੂਆਤੀ ਸਫਲਤਾ 1977 ਤੋਂ 1990 ਦਰਮਿਆਨ ਮਿਲੀ ਜਦੋ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੇ ਭੂਮੀ ਸੁਧਾਰਾਂ, ਬਟਾਈਦਾਰਾਂ ਨੂੰ ਕਾਨੂੰਨੀ ਸੁਰੱਖਿਆ ਲਈ ਜਦੋਜਹਿਦ ਕੀਤੀ ਜਿਸ ਨਾਲ ਕਿਸਾਨਾਂ ਵਿੱਚ ਵੱਡਾ ਭਰੋਸਾ ਪੈਦਾ ਹੋਇਆ। ਪਾਰਟੀ ਨੇ ਪੰਚਾਇਤੀ ਰਾਜ ਦੀ ਮਜ਼ਬੂਤੀ ਲਈ ਕੰਮ ਕੀਤਾ, ਸਥਾਨਕ ਲੋਕਤੰਤਰ ਵਿਚ ਗਰੀਬਾਂ ਦੀ ਸਿਆਸੀ ਭਾਗੀਦਾਰੀ ਨਿਸਚਿਤ ਕੀਤੀ, ਟ ?ਰੇਡ ਯੂਨੀਅਨ ਨੂੰ ਮਜ਼ਬੂਤ ਕੀਤਾ ,ਸੱਭਿਆਚਾਰਕ ਸਰਗਰਮੀਆਂ ਨਾਲ ਬੁੱਧੀਜੀਵੀਆਂ ਦਾ ਸਮਰਥਨ ਹਾਸਲ ਕੀਤਾ। ਲੰਬਾ ਸਮਾਂ ਲੱਗਭਗ 34 ਸਾਲ ਸੱਤਾ ਵਿੱਚ ਰਹਿਣ ਕਾਰਨ ਪਾਰਟੀ ਖ਼ੁਦ ਹੀ ਸਟੇਟ ਬਣ ਗਈ ਅਤੇ ਕਾਡਰ ਸ਼ਾਸਕ ਵਰਗ ਵਿੱਚ ਤਬਦੀਲ ਹੋ ਗਿਆ। ਲੜਾਕੂ ਲਹਿਰ ਹੁਣ ਸਟੇਟਸ ਕੋ ਦੀ ਰੱਖਿਆ ਲਈ ਯਤਨਸ਼ੀਲ ਹੋ ਗਈ। ਉਦਯੋਗਕ ਨੀਤੀ ਨੂੰ ਲੈ ਕੇ ਵਿਰੋਧਾਭਾਸ ਉਤਪਨ ਹੋਣ ਲੱਗੇ, ਪਹਿਲਾਂ ਪਹਿਲ ਉਦਯੋਗ ਦਾ ਵਿਰੋਧ ਫਿਰ ਬਾਅਦ ਵਿੱਚ ਕਾਰਪੋਰੇਟ ਨਿਵੇਸ਼ ਲਈ ਜ਼ਮੀਨ ਅਧਿਗ੍ਰਹਿਣ ਕਰਨ ਲਈ ਸਿੰਗੂਰ, ਨੰਦੀਗ੍ਰਾਮ ਵਿੱਚ ਕਿਸਾਨਾਂ ਨਾਲ ਟਕਰਾਅ ਪੈਦਾ ਹੋਇਆ। ਪਾਰਟੀ ਕੇਡਰ ਝੂਠੇ ਸਰਟੀਫਿਕੇਟ ਪ੍ਰਾਪਤ ਕਰਨ, ਨੌਕਰੀ ਲਈ ਸਿਫ਼ਾਰਸ਼ ਕਰਨ ਅਤੇ ਠੇਕੇ ਲੈਣ ਲੱਗ ਪਿਆ। ਨਵੀਆਂ ਪਛਾਣਾਂ ਦਲਿਤ ਅਤੇ ਆਦਿਵਾਸੀ ਭਾਈਚਾਰਾ ਅਤੇ ਖੇਤਰੀ ਪਛਾਣ ਦੇ ਮੁੱਦਿਆਂ ਤੇ ਲੈਫ਼ਟ ਦੀ ਤਿਆਰੀ ਅਤੇ ਪੇਤਲੀ ਸਮਝ ਕਰਕੇ ਸਭ ਕੁਝ ਬਿਖਰ ਗਿਆ। 1991 ਬਾਅਦ ਦਾ ਨਿਓ-ਲਿਬਰਲ ਦਬਾਅ, ਕੇਂਦਰ ਦੀਆਂ ਨੀਤੀਆਂ ਜਿਸ ਵਿੱਚ ਪਾਰਟੀ ਭਾਈਵਾਲ ਸੀ ਅਤੇ ਰਾਜਾਂ ਵਿੱਚ ਨਿਵੇਸ਼ ਦੀ ਮੁਕਾਬਲੇਬਾਜੀ ਕਰਕੇ ਲੈਫ਼ਟ ਆਪਣੀ ਹੀ ਪੁਰਾਣੀ ਨੀਤੀ ਦੇ ਉਲਟ ਚੱਲ ਪਿਆ ਜਿਸ ਨਾਲ ਲੋਕਾਂ ਦਾ ਭਰੋਸਾ ਟੁੱਟਿਆ। ਪਾਰਟੀ ਸਖ਼ਤ, ਬਿਊਰੋਕ੍ਰੈਟਿਕ ਕੁਰਬਾਨੀ ਦੀ ਭਾਸ਼ਾ 'ਚ ਫਸੀ ਰਹੀ ਜਿਸ ਦਾ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ ਨੇ ਫਾਇਦਾ ਚੁੱਕਿਆ ਉਸ ਦਾ ਉਭਾਰ ਕਿਸਾਨੀ ਭਾਸ਼ਾ ਵਿੱਚ ਗੁੱਸੇ ਭਰੀ ਆਵਾਜ਼ ਨਾਲ ਹੋਇਆ। ਮਾਓਵਾਦੀ ਮਾਰਕਸਵਾਦ ਤੋਂ ਪ੍ਰਭਾਵਿਤ ਨਕਸਲੀ ਵਿਚਾਰਧਾਰਾ ਦਾ ਉਭਾਰ ਜੋ ਕਿਸਾਨਾ ਅਤੇ ਆਦਿਵਾਸੀਆਂ ਦੀ ਲਹਿਰ ਸੀ ਦੇ ਵਿੱਚੋਂ ਹੋਇਆ। ਇਸ ਲਹਿਰ ਦੇ ਪਨਪਣ ਦੇ ਪਿੱਛੇ ਮੁੱਖ ਧਾਰਾ ਦੀਆਂ ਭਾਰਤੀ ਕਮਿਊਨਿਸਟ ਪਾਰਟੀਆਂ ਦੀਆਂ ਗਲਤੀਆਂ ਅਤੇ ਅਸਫ਼ਲਤਾਵਾਂ ਵੀ ਵੱਡਾ ਕਾਰਨ ਸਨ। ਇਸ ਦੇ ਮੁੱਖ ਨੇਤਾ ਚਾਰੂ ਮਜ਼ੂਮਦਾਰ ਅਤੇ ਕਨੂ ਸਾਨਿਆਲ ਦਾ ਮੱਤ ਸੀ ਕਿ ਖੇਤੀਹੀਣ ਕਿਸਾਨ ਹੀ ਅਸਲ ਕ੍ਰਾਂਤੀਕਾਰੀ ਹਨ। ਇਹਨਾਂ ਆਗੂਆਂ ਦਾ ਕਹਿਣਾ ਸੀ ਕਿ ਸੰਸਦ ਰਾਹੀਂ ਇਨਕਲਾਬ ਸੰਭਵ ਨਹੀਂ, ਇਸ ਲਈ ਮਾਓ ਦਾ ਸਿਧਾਂਤ ਪਿੰਡਾਂ ਤੋਂ ਸ਼ਹਿਰਾਂ ਦੀ ਘੇਰਾਬੰਦੀ ਕਰਕੇ ਸੰਭਵ ਬਣਾਇਆ ਜਾ ਸਕਦਾ ਹੈ।

ਨਕਸਲਵਾਦ ਦਾ ਅਸਰ ਪੱਛਮੀ ਬੰਗਾਲ, ਆਂਧ੍ਰਾ ਪ੍ਰਦੇਸ਼, ਬਿਹਾਰ, ਉੜੀਸਾ ਅਤੇ ਪੰਜਾਬ ਤੱਕ ਵੀ ਫੈਲਿਆ। ਇਸ ਅੰਦੋਲਨ ਵਿੱਚ ਨੌਜਵਾਨ ਵਿਦਿਆਰਥੀ, ਬੁੱਧੀਜੀਵੀ, ਕਵੀ ਅਤੇ ਲੇਖਕ ਵੀ ਸ਼ਾਮਲ ਹੋਏ। ਨਕਸਲਵਾਦ ਨੇ ਬਹੁਤ ਸਾਰੇ ਸਹੀ ਸਵਾਲ ਤਾਂ ਚੁੱਕੇ, ਪਰ ਗਲਤ ਧਾਰਨਾਵਾਂ ਅਧੀਨ ਉੱਤਰ ਗਲਤ ਦਿੱਤੇ। ਇਸ ਲਈ ਇਹ ਅੰਦੋਲਨ 21ਵੀਂ ਸਦੀ ਦੇ ਭਾਰਤ ਦੀਆਂ ਲੋੜਾਂ ਅਤੇ ਸਮੱਸਿਆਵਾਂ ਦੇ ਅਨੁਕੂਲ ਨਹੀਂ ਸੀ ਬਣ ਸਕਿਆ, ਇਸ ਨੇ ਵੀ ਮਾਸ ਲਾਇਨ ਦੀ ਅਣਦੇਖੀ ਕੀਤੀ। ਜਿਸ ਨਾਲ ਆਮ ਲੋਕਾਂ ਨੇ ਲਹਿਰ ਨਾਲੋਂ ਦੂਰੀ ਬਣਾ ਲਈ। ਹਿੰਸਾ ਨਾਲ ਬਦਲਾਅ ਦੇ ਰਾਹ ਦਾ ਸਿਧਾਂਤ ਸਥਾਈ ਪਕੜ ਨਾ ਰੱਖ ਸਕਿਆ ਅਤੇ ਇਹ ਸਾਬਤ ਹੋਇਆ ਕਿ ਬਿਨਾਂ ਜਨਤਾ ਦੀ ਲਾਮਬੰਦੀ ਦੇ ਕੋਈ ਇਨਕਲਾਬ ਸਫ਼ਲ ਨਹੀਂ ਹੋ ਸਕਦਾ। ਖਣਿਜ, ਜ਼ਮੀਨ ਅਤੇ ਜੰਗਲ ਨੂੰ ਲੈ ਕੇ ਆਦਿਵਾਸੀ ਸਵਾਲ ਅੱਜ ਵੀ ਜਿੰਦਾ ਹਨ ਅਤੇ ਮਾਓਵਾਦੀ ਸੰਘਰਸ਼ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਪਹਿਲਾ ਕਾਂਗਰਸ ਦੇ ਦੌਰ ਵਿੱਚ ਅਤੇ ਹੁਣ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਕਾਰਪੋਰੇਟ ਅੱਗੇ ਸਭ ਕੁਝ ਪਰੋਸ ਦੇਣ ਕਾਰਨ ਸੰਘਰਸ਼ ਚੱਲ ਰਿਹਾ ਹੈ। ਇਸ ਆਦਿਵਾਸੀ ਜੁਝਾਰੂ ਅੰਦੋਲਨ ਨੂੰ ਕੁਚਲਣ ਲਈ ਜਬਰ ਜ਼ੁਲਮ ਦਾ ਸਹਾਰਾ ਲਿਆ ਜਾ ਰਿਹਾ ਹੈ ਅਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਅੰਦੋਲਨ ਨੂੰ ਮਾਰਚ 2026 ਤੱਕ ਖਤਮ ਕਰ ਦੇਣ ਦੇ ਦਾਹਵੇ ਕੀਤੇ ਜਾ ਰਹੇ ਹਨ। ਪਰ ਹਕੀਕਤ ਇਹ ਹੈ ਕਿ ਜਦ ਤੱਕ ਆਦਿਵਾਸੀ ਸਮੱਸਿਆਵਾਂ ਨੂੰ ਸਿਰਫ ਸੁਰੱਖਿਆ ਸਮੱਸਿਆਵਾਂ ਸਮਝਿਆ ਜਾਂਦਾ ਰਹੇਗਾ, ਮਾਓਵਾਦ ਕਿਸੇ ਨਾ ਕਿਸੇ ਰੂਪ ਵਿੱਚ ਜਿਉਂਦਾ ਰਹੇਗਾ। 1991 ਵਿੱਚ ਸੋਵੀਅਤ ਸੰਘ ਦਾ ਟੁੱਟਣਾ ਦੁਨੀਆ ਭਰ ਦੀ ਕਮਿਊਨਿਸਟ ਲਹਿਰ ਲਈ ਭਾਰੀ ਝਟਕਾ ਸਾਬਤ ਹੋਇਆ ਸੀ। ਸੋਵੀਅਤ ਸੰਘ ਪਹਿਲਾ ਸਫਲ ਕਮਿਊਨਿਸਟ ਰਾਜ ਸੀ ਜਿਸ ਨੇ ਇਹ ਸਿੱਧ ਕੀਤਾ ਕਿ ਪੂੰਜੀਵਾਦ ਤੋਂ ਬਿਨਾਂ ਵੀ ਰਾਜ ਚੱਲ ਸਕਦਾ ਹੈ। ਸਮਾਜਵਾਦ ਦਾ ਇਹ ਸਫਲ ਮਾਡਲ ਦੁਨੀਆ ਭਰ ਦੀਆਂ ਕਮਿਊਨਿਸਟ ਪਾਰਟੀਆਂ ਲਈ ਪ੍ਰੇਰਣਾ ਦਾ ਸਰੋਤ ਸੀ, ਜੋ ਇਕ ਵੈਧ ਹਕੂਮਤ (Legitimacy) ਦਾ ਇੱਕ ਸਹਾਰਾ ਵੀ ਸੀ। ਸੋਵੀਅਤ ਸੰਘ ਦੇ ਟੁੱਟਣ ਨਾਲ ਸਿਰਫ਼ ਰਾਜ ਹੀ ਨਹੀਂ, ਇੱਕ ਸ਼ਾਨਾਮੱਤਾ ਇਤਿਹਾਸ ਵੀ ਡਿੱਗਿਆ ਅਤੇ ਇਹ ਧਾਰਨਾ ਵੀ ਟੁੱਟੀ ਕਿ ਅਖ਼ੀਰ ਵਿੱਚ ਸਮਾਜਵਾਦ ਜਿੱਤੇਗਾ। ਦੁਨੀਆ ਭਰ ਦੀ ਕਮਿਊਨਿਸਟ ਲਹਿਰ ਮਨੋਵਿਗਿਆਨਕ ਤੌਰ 'ਤੇ ਸਵੈ ਰੱਖਿਅਕ ਮੋਡ 'ਚ ਚਲੀ ਗਈ। ਸੁਆਲ ਉੱਠਣ ਲੱਗੇ ਕਿ ਤਾਨਾਸ਼ਾਹੀ ਹੀ ਕਮਿਊਨਿਜ਼ਮ ਦਾ ਅਟਲ ਨਤੀਜਾ ਅਤੇ ਨਿਯਮ ਹੈ। ਬਹੁਤ ਸਾਰੀਆਂ ਕਮਿਊਨਿਸਟ ਪਾਰਟੀਆਂ ਕੋਲ ਇਸ ਦੇ ਸਪਸ਼ਟ ਜਵਾਬ ਨਹੀਂ ਸਨ। ਬਹੁਤ ਸਾਰੇ ਦੇਸ਼ਾਂ ਵਿੱਚ ਕਮਿਊਨਿਸਟ ਪਾਰਟੀਆਂ ਟੁੱਟ ਗਈਆਂ, ਫੰਡਿੰਗ ਅਤੇ ਅੰਤਰ ਰਾਸ਼ਟਰੀ ਸਹਿਯੋਗ ਖਤਮ ਹੋ ਗਿਆ। ਯੂਨੀਅਨਾਂ ਕਮਜ਼ੋਰ ਹੋਈਆਂ ਅਤੇ ਕਈ ਥਾਵਾਂ ਤੇ ਕਮਿਊਨਿਸਟ ਪਾਰਟੀਆਂ ਨੇ ਆਪਣੇ ਨਾਮ ਬਦਲ ਕੇ ਪ੍ਰਗਤੀਸ਼ੀਲ, ਜਮਹੂਰੀ ਪਾਰਟੀ ਰੱਖ ਲਿਆ। ਕਿਊਬਾ, ਵਿਅਤਨਾਮ ਸਭ ਸਰਵਾਈਵ ਮੋਡ ਤੇ ਚਲੇ ਗਏ ਕੋਈ ਸਪਸ਼ਟ, ਆਕਰਸ਼ਕ ਮਾਡਲ ਬਾਕੀ ਨਹੀਂ ਬਚਿਆ। ਇਹ ਕਮਿਊਨਿਜ਼ਮ ਦੀ ਮੌਤ ਦੀ ਤਰ੍ਹਾਂ ਵਾਪਰਿਆ ਇਹ ਇੱਕ ਯੁੱਗ ਦੀ ਅੰਤ ਸੀ ਪਰ ਨਹੀਂ, ਮਾਰਕਸ ਦੇ ਮੁੱਖ ਸਵਾਲ ਅਸਮਾਨਤਾ, ਸ਼ੋਸ਼ਣ, ਲੁੱਟ ਘਸੁੱਟ, ਪੂੰਜੀ ਦਾ ਕੇਂਦਰੀਕਰਨ ਅਜੇ ਵੀ ਜਿਉ ਦੇ ਤਿਉ ਜਿੰਦਾ ਹਨ। ਅੱਜ ਲੈਫ਼ਟ ਦੀ ਨਵੀਂ ਦਿਸ਼ਾ ਦੇ ਮੁੱਖ ਰੁਝਾਨ ਸਿਵਲ ਸੋਸਾਇਟੀ ਦੇ ਅੰਦੋਲਨ, ਕਾਨੂੰਨੀ ਲੜਾਈ ਜਮਾਤਾਂ ਦੀ ਵੰਡ ਤੋਂ ਅੱਗੇ ਵਧ ਕੇ ਦਲਿਤ, ਆਦਿਵਾਸੀ ਪਛਾਣ ਦੇ ਮਸਲੇ, ਔਰਤਾਂ ਦੀ ਸਤਿਥੀ, ਘੱਟ ਗਿਣਤੀਆਂ ਦੇ ਘੋਲ, ਗਲੋਬਲ ਪੂੰਜੀ ਦਾ ਵਿਰੋਧ, ਨਿਓਲਿਬਰਲਿਜ਼ਮ ਦੀ ਆਲੋਚਨਾ, ਪਰ ਐਂਟੀ-ਮਾਰਕੀਟ ਬਖੇੜੇ ਖੜ੍ਹੇ ਕਰਨਾ ਨਹੀਂ ਰਿਹਾ, ਡਿਵੈਲਪਮੈਂਟ ਬਨਾਮ ਵਿਸਥਾਪਨ, ਵਾਤਾਵਰਨ ਸੰਭਾਲ ਅਤੇ ਕਲਾਈਮੇਟ ਜਸਟਿਸ, ਜਲ-ਜੰਗਲ-ਜ਼ਮੀਨ ਦੀ ਲੜਾਈ, ਕਿਸਾਨ ਅੰਦੋਲਨ, ਸਟੂਡੈਂਟ ਮੂਵਮੈਂਟ, ਨਵੇਂ ਰੂਪ ਵਾਲੇ ਮਜ਼ਦੂਰ ਸੰਗਠਨ, ਵੈਲਫੇਅਰ ਅਤੇ ਫੈਡਰਲਿਜ਼ਮ ਵਾਲੇ ਮਸਲੇ ਹਨ। ਸਮਾਜਵਾਦੀ ਵਿਚਾਰਧਾਰਾ ਅੱਜ ਵੀ ਪ੍ਰਸੰਗਕ ਹੈ ਇਸ ਦੀ ਤਾਜਾ ਮਿਸਾਲ ਪੂੰਜੀਵਾਦ ਦੇ ਸਿਖਰ ਨੂੰ ਹੰਢਾਅ ਰਹੇ ਅਮਰੀਕਾ ਦੇ ਪੂੰਜੀਪਤੀਆਂ ਦੇ ਸ਼ਹਿਰ ਨਿਊਯਾਰਕ ਦੀ ਹੈ ਜਿੱਥੇ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਸਮਾਜਵਾਦ ਬਾਰੇ ਇੱਕ ਨਵੀਂ ਬਹਿਸ ਖੜ੍ਹੀ ਕਰ ਦਿੱਤੀ ਹੈ। ਮਮਦਾਨੀ ਆਪਣੇ ਆਪ ਨੂੰ ਕੇਂਵਲ ਸਮਾਜਵਾਦੀ ਹੀ ਨਹੀਂ ਕਹਿੰਦਾ ਸਗੋਂ ਉਹ ਕਹਿੰਦਾ ਹੈ ਕਿ ਮੈ ਡੈਮੋਕ੍ਰੈਟਿਕ ਸੋਸ਼ਲਿਸਟ ਹਾਂ। ਉਸਦਾ ਮਕਸਦ ਹੈ ਅਮਰੀਕੀ ਨਾਗਰਿਕਾਂ ਲਈ ਆਰਥਿਕ ਇਨਸਾਫ਼ ਦੇ ਸਮਾਨ ਮੌਕੇ ਲੈ ਕੇ ਆਉਣਾ। ਮਮਦਾਨੀ ਆਪਣੇ ਆਪ ਨੂੰ ਭਾਵੇਂ ਮਾਰਕਸਵਾਦੀ ਕਮਿਊਨਿਸਟ ਨਹੀਂ ਮੰਨਦਾ ਪਰ ਉਹ ਇਸ ਵਿਚਾਰ ਨੂੰ ਅੰਗੀਕਾਰ ਕਰਦਾ ਹੈ ਕਿ ਰਾਜਨੀਤਿਕ ਲੋਕਤੰਤਰ ਨੂੰ ਆਮ ਲੋਕਾਂ ਦੇ ਹਿੱਤ ਵਿੱਚ ਕੰਮ ਕਰਨਾ ਚਾਹੀਦਾ ਹੈ ਨਾ ਕਿ ਸਿਰਫ਼ ਪੂੰਜੀਪਤੀਆਂ ਅਤੇ ਵੱਡੇ ਕਾਰਪੋਰੇਟਾਂ ਦੇ ਹਿਤ ਨੂੰ ਪਹਿਲ ਦੇਣੀ ਚਾਹੀਦੀ ਹੈ।

# ਉਹ ਜੀਵੇ ਬਹਾਦਰਾਂ ਦੀ ਤਰ੍ਹਾਂ, ਮਰੇ ਵੀ ਇੱਕ ਸ਼ਾਨਦਾਰ ਮੌਤ

**ਅਵਤਾਰ ਸਿੰਘ**

ਨਕਸਲਬਾੜੀ ਲਹਿਰ ਦੇ ਮਹਾਨ ਯੋਧੇ ਕਾਮਰੇਡ ਬੇਅੰਤ ਸਿੰਘ ਮੂੰਮ, ਕਾਮਰੇਡ ਮਹੁੰਮਦ ਸ਼ਰੀਫ਼ ਕਾਂਝਲਾ ਅਤੇ ਕਾਮਰੇਡ ਪਿਆਰਾ ਸਿੰਘ ਦੱਧਾਹੂਰ ਅੱਜ ਦੀ ਰਾਤ 25 ਜਨਵਰੀ 1972 ਦੀ ਨੂੰ ਗ੍ਰਿਫਤਾਰ ਕੀਤੇ ਗਏ। ਘੋਰ ਤਸੀਹੇ ਦੇਣ ਤੋਂ ਬਾਅਦ ਇਨ੍ਹਾਂ ਨੂੰ 26 ਜਨਵਰੀ ਦੀ ਸਵੇਰ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਸੀ ਪਰ ਉਨ੍ਹਾਂ ਇਤਿਹਾਸਕ ਵਿਰਾਸਤ ਤੇ ਪਹਿਰਾ ਦਿੰਦੇ ਹੋਏ ਇਨਕਲਾਬੀ ਜਜ਼ਬੇ ਤਹਿਤ ਜ਼ਬਰ ਤਸ਼ੱਦਦ ਦੀ ਤਿੱਖੀ ਧਾਰ ਨੂੰ ਖੁੰਢਾ ਕਰਦੇ ਹੋਏ ਸ਼ਹਾਦਤ ਦਾ ਜਾਮ ਪੀਤਾ। ਸ਼ਹੀਦ ਬੇਅੰਤ ਸਿੰਘ ਮੂੰਮਾਂ ਦੀ ਬਾਹ ਘੁਲਾੜ੍ਹੀ ਵਿਚ ਦੇਕੇ ਪੀੜ੍ਹੀ ਗਈ।

ਸ਼ਹੀਦ ਪਿਆਰਾ ਸਿੰਘ ਦੱਧਾਹੂਰ ਅਤੇ ਸ਼ਰੀਫ਼ ਮੁਹੰਮਦ ਕਾਂਝਲਾ ਦੇ ਸਰੀਰ ਵਿੱਚ ਦੀ ਗਰਮ ਸਰੀਏ ਲੰਘਾਏ ਗਏ।

ਸੰਨ 1967 ਵਿੱਚ ਉੱਠੀ ਨਕਸਲਬਾੜੀ ਤਹਿਰੀਕ ਭਾਰਤੀ ਇਤਿਹਾਸ ਵਿੱਚ ਇੱਕ ਦਮ ਵਾਪਰਿਆ ਆਮ ਵਰਤਾਰਾ ਨਹੀਂ ਸੀ, ਇਸ ਬਗਾਵਤ ਪਿੱਛੇ ਬੇਜ਼ਮੀਨੇ ਛੋਟੇ ਕਿਸਾਨਾਂ ਅਤੇ ਚਾਹ ਦੇ ਬਾਗ਼ਾਂ ਵਿੱਚ ਮਜ਼ਦੂਰੀ ਕਰਨ ਵਾਲੇ ਹਜ਼ਾਰਾਂ ਮਜ਼ਦੂਰਾਂ ਦੀ ਜਮਾਤੀ ਘੋਲਾਂ ਤਹਿਤ ਜਾਗਰਤ ਹੋਕੇ, ਤਿੱਖੀ ਹੋਈ ਦ੍ਰਿੜ ਜਮਾਤੀ ਨਫ਼ਰਤ ਦੀ ਸੁਲਗਦੀ ਲਾਟ ਸੀ। ਪਹਿਲਾਂ ਸੀਪੀਆਈ ਫਿਰ ਸੀਪੀਐਮ ਦੀ ਸੋਧਵਾਦੀ ਲੀਡਰਸ਼ਿਪ ਵੱਲੋਂ ਕਿਸਾਨ ਘੋਲ ਨਾਲ ਗ਼ਦਾਰੀ ਕਰਕੇ ਇਨਕਲਾਬ ਤੋਂ ਪਾਸਾ ਪਰਤ ਕੇ ਪਾਰਲੀਮੈਂਟਵਾਦ ਦਾ ਅਖਤਿਆਰ ਕਰ ਲਿਆ ਸੀ ਪਰ ਜਮਾਤੀ ਘੋਲਾਂ ਦੇ ਹਕੀਕੀ ਅਮਲ ਨਾਲ ਨੇੜਿਉਂ ਜੁੜੀਆਂ ਇਨਕਲਾਬੀ ਸਫ਼ਾ ਤੇ ਜਨਤਾ, ਸੋਧਵਾਦੀ ਕਮਿਊਨਿਸਟ ਲੀਡਰਸ਼ਿਪ ਦੀ ਇਸ ਲਾਇਨ ਨਾਲ ਅਪਾਹਜ ਨਹੀਂ ਹੋਏ।

ਪਾਰਲੀਮੈਂਟਵਾਦ ਦੇ ਰਾਹ ਚੱਲਦਿਆਂ ਪੱਛਮੀ ਬੰਗਾਲ ਵਿੱਚ ਫਰਵਰੀ ਸੰਨ 67 ਵਿੱਚ ਸੀਪੀਐਮ ਦੀ ਹਕੂਮਤ ਸਥਾਪਤ ਹੋ ਚੁੱਕੀ ਸੀ ਇਸ ਨੇ ਵੀ ਪਹਿਲੀ ਕਾਂਗਰਸੀ ਹਕੂਮਤ ਵਾਂਗ ਕਮਿਊਨਿਸਟ ਅਸੂਲਾਂ ਨੂੰ ਛਿੱਕੇ ਟੰਗ ਕੇ 'ਨਿੱਜੀ ਜਾਇਦਾਦ ਦੀ ਰਾਖੀ ਦੇ ਨਾਉਂ' ਲੁਟੇਰੇ ਪ੍ਰਬੰਧ ਦੇ ਸਿਧਾਂਤ ਨੂੰ ਅਪਣਾਉਂਦੇ ਹੋਏ ਕਿਰਤੀ ਜਮਾਤ ਮਜ਼ਦੂਰਾਂ ਬੇਜ਼ਮੀਨੇ ਤੇ ਛੋਟੇ ਕਿਸਾਨਾਂ ਨਾਲ ਗ਼ਦਾਰੀ ਕੀਤੀ ਇਨ੍ਹਾਂ ਦੀ ਹਕੂਮਤ ਨੇ ਇਸ ਜਨਤਕ ਹਥਿਆਰਬੰਦ ਵਿਦਰੋਹ, ਕੁੱਚਲਣ ਲਈ ਪੁਲਿਸੀ ਧਾੜਾਂ ਨੂੰ ਖੁਲ੍ਹੀਆਂ ਛੁੱਟੀਆਂ ਦੇ ਦਿੱਤੀਆਂ ਜਿਸ ਤਹਿਤ 25 ਮਈ 1967 ਨੂੰ 15 ਇਨਕਲਾਬੀ ਕਾਰਕੁਨਾਂ ਜਿਨ੍ਹਾਂ ਵਿੱਚ ਔਰਤਾਂ ਤੇ ਬੱਚੇ ਵੀ ਸਨ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਅਤੇ ਸੈਂਕੜੇ ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹੀ ਡੱਕ ਦਿੱਤਾ ਗਿਆ।

ਨਕਸਲਬਾੜੀ ਵਿਖੇ ਵਾਪਰੀ ਇਸ ਘਟਨਾ ਦੀ ਚੰਗਿਆੜੀ ਸਾਰੇ ਦੇਸ਼ ਵਿੱਚ ਫੈਲ ਗਈ ਜਿਸ ਦਾ ਪੰਜਾਬ ਦੇ ਇਨਕਲਾਬੀਆਂ ਉਪਰ ਵੀ ਗਹਿਰਾ ਪ੍ਰਭਾਵ ਪਿਆ।

ਪੰਜਾਬ ਦੇ ਕਮਿਊਨਿਸਟ ਇਨਕਲਾਬੀ ਵੀ ਸਿਰਾਂ ਤੇ ਕੱਫ਼ਣ ਬੰਨ੍ਹ, ਨਕਸਲਬਾੜੀ ਲਹਿਰ ਦੇ ਹਥਿਆਰਬੰਦ ਘੋਲ ਵਿੱਚ ਸ਼ਾਮਿਲ ਹੋ ਰਣ ਤੱਤੇ ਮੈਦਾਨ ਵਿੱਚ ਕੁੱਦ ਪਏ। ਭਾਰਤੀ ਹਕੂਮਤ ਨੇ ਨਕਸਲਬਾੜੀ ਤਹਿਰੀਕ ਦੇ ਖਾਤਮੇ ਲਈ ਜ਼ਬਰ ਤਸ਼ੱਦਦ ਦੇ ਝੱਖੜ ਝੁੱਲਾ ਦਿੱਤੇ।

ਪੁਲਿਸ ਫੋਰਸ਼ ਵੱਲੋਂ ਪੰਜਾਬ ਅੰਦਰ ਨਕਸਲਬਾੜੀ ਲਹਿਰ ਦੇ ਕਾਰਕੁੰਨਾਂ ਅਤੇ ਸਮਰਥਕਾਂ ਨੂੰ ਰਾਤਾਂ ਦੇ ਘੁੱਪ ਹਨੇਰੀਆਂ ਵਿੱਚ ਨਹਿਰਾਂ, ਸੂਇਆਂ, ਡਰੇਨਾਂ ਦੇ ਪੁਲਾਂ ਅਤੇ ਬੀਆ-ਬਾਨ ਝਿੜੀਆਂ ਨੇੜੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਖਤਮ ਕਰਨ ਦਾ ਦੌਰ ਚਲਾਇਆ ਗਿਆ ਪਰ ਇਸ ਦੇ ਬਾਵਜੂਦ ਵੀ ਨਕਸਲੀ ਸ਼ਹੀਦਾਂ ਨੇ ਸ਼ਹਾਦਤਾਂ ਦੇ ਕੇ ਇਨਕਲਾਬੀ ਰਾਹ ਨੂੰ ਰੋਸ਼ਨ ਕੀਤਾ।

ਮਨੁੱਖਤਾ ਦੀ ਅਜ਼ਾਦੀ ਤੇ ਖੁਸ਼ਹਾਲੀ ਲਈ ਉੱਠੀ ਇਸ ਨਕਸਲਬਾੜੀ ਲਹਿਰ ਵਿੱਚ ਕਾਮਰੇਡ ਬੇਅੰਤ ਸਿੰਘ 'ਮੂੰਮਾਂ', ਕਾਮਰੇਡ ਪਿਆਰਾ ਸਿੰਘ 'ਦੱਧਾਹੂਰ' ਅਤੇ ਕਾਮਰੇਡ ਸ਼ਰੀਫ਼ ਮੁਹੰਮਦ 'ਕਾਂਝਲਾ' ਵੀ ਆਪਣੇ ਘਰ ਪਰਿਵਾਰ ਜ਼ਮੀਨ ਜਾਇਦਾਦ ਅਤੇ ਸੁੱਖ ਸਹੂਲਤਾਂ ਨੂੰ ਲੱਤ ਮਾਰ ਕੇ ਲੋਕ ਮੁਕਤੀ ਲਈ ਨਕਸਲਬਾੜੀ ਲਹਿਰ ਵਿੱਚ ਸ਼ਾਮਿਲ ਹੋਏ, ਜਿੱਥੇ ਉਨ੍ਹਾਂ ਪੁਲਿਸ ਦਾ ਅਕਿਹ ਤੇ ਅਸਹਿ ਜ਼ਬਰ ਤਸ਼ੱਦਦ ਝੱਲਦਿਆਂ ਸ਼ਹਾਦਤਾਂ ਦੇ ਜਾਮ ਪੀਤੇ, ਉੱਥੇ ਉਨ੍ਹਾਂ ਦੇ ਮਾਪਿਆਂ ਘਰ ਪਰਿਵਾਰ ਭੈਣ-ਭਰਾ ਸੱਕੇ ਸਬੰਧੀ ਅਤੇ ਹਮਦਰਦ ਵੀ ਹਕੂਮਤੀ ਜ਼ਬਰ ਦਾ ਮੁਕਾਬਲਾ ਕਰਦੇ ਹੋਏ ਨਕਸਲਬਾੜੀ ਲਹਿਰ ਦੇ ਸੰਗੀ ਬਣੇ।

**ਸ਼ਹੀਦ ਸਾਥੀ ਬੇਅੰਤ ਸਿੰਘ 'ਮੂੰਮਾਂ'**

ਨਕਸਲੀ ਸ਼ਹੀਦ ਕਾਮਰੇਡ ਬੇਅੰਤ ਸਿੰਘ ਬਰਨਾਲੇ ਜ਼ਿਲ੍ਹੇ ਦੇ ਪਿੰਡ ਮੂੰਮਾਂ ਦਾ ਜੰਮਪਲ ਸੀ। ਉਹ ਤਿੰਨ ਭੈਣ ਭਰਾਵਾਂ 'ਚੋਂ ਸਭ ਤੋਂ ਛੋਟਾ ਅਤੇ ਸਰੀਰਕ ਤੌਰ 'ਤੇ ਤਕੜਾ ਤੇ ਖੂਬਸੂਰਤ ਨੌਜਵਾਨ ਸੀ। ਉਨ੍ਹਾਂ ਪਿੰਡੋਂ ਬਾਬਾ ਈਸ਼ਰ ਦਾਸ ਦੇ ਸਕੂਲ ਤੋਂ ਦਸਵੀਂ, ਐਸਡੀਐਸ ਕਾਲਿਜ ਬਰਨਾਲਾ ਤੋਂ ਬੀਏ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮਏ ਤੱਕ ਦੀ ਪੜ੍ਹਾਈ ਕੀਤੀ, ਐਮਏ ਦੀ ਵਿਦਿਆ ਪ੍ਰਾਪਤ ਕਰਕੇ ਉਨ੍ਹਾਂ ਘਰ-ਬਾਰ ਤਿਆਗ ਦਿੱਤਾ ਅਤੇ ਨਕਸਲਬਾੜੀ ਲਹਿਰ ਨੂੰ ਸਮਰਪਿਤ ਹੋ ਗਏ।








ਕਾਮਰੇਡ ਬੇਅੰਤ ਸਿੰਘ ਦੇ ਨਕਸਲੀ ਲਹਿਰ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਦੇ ਪਰਿਵਾਰ ਉਪਰ ਅੰਤਾਂ ਦਾ ਜ਼ਬਰ ਤਸ਼ੱਦਦ ਢਾਹ ਕੇ ਬਹੁਤ ਹੀ ਤੰਗ ਪ੍ਰੇਸ਼ਾਨ ਕੀਤਾ। ਕਾਮਰੇਡ ਦੇ ਵੱਡੇ ਭਰਾ ਬਾਈ ਹਰੀ ਸਿੰਘ ਨੇ ਦੱਸਿਆ ਕਿ, ਉਨ੍ਹਾਂ ਸਮਿਆਂ ਵਿੱਚ ਭਦੌੜ, ਮਹਿਲਕਲਾਂ ਅਤੇ ਬਰਨਾਲਾ ਦੇ ਪੁਲਿਸ ਥਾਣਿਆਂ ਵਿੱਚ ਰੱਖ ਕੇ ਮੇਰੇ ਉਪਰ ਅੰਨ੍ਹਾ ਤਸ਼ੱਦਦ ਢਾਹਿਆ ਗਿਆ। ਪੁਲਿਸ ਚੌਂਕੀ ਦੱਧਾਹੂਰ ਉੱਤੇ ਹੋਏ ਨਕਸਲੀ ਹਮਲੇ ਤੋਂ ਬਾਅਦ ਉਨ੍ਹਾਂ ਦਾ ਘਰ ਢਾਹ ਕੇ ਫ਼ਸਲ ਤਬਾਹ ਕੀਤੀ ਗਈ, ਘਰ ਦੇ ਸਾਰੇ ਸਮਾਨ ਦੀ ਭੰਨ-ਤੋੜ ਕਰਕੇ, ਘਰ ਦਾ ਜ਼ਰੂਰੀ ਸਮਾਨ ,ਬੋਰੀਆਂ ਵਿੱਚ ਸਾਂਭ ਕੇ ਰੱਖੀ ਕਣਕ ਅਤੇ ਇੱਥੋਂ ਤੱਕ ਕਿ ਘਟੀਆ ਮਾਨਸਿਤਕਾ ਤੇ ਲਾਲਚੀ ਨੀਤ ਤਹਿਤ ਜੋੜੇ ਕੇ ਰੱਖਿਆ ਦੇਸ਼ੀ ਘਿਉ ਦਾ ਪੀਪਾ ਵੀ ਉਸ ਸਮੇਂ ਦਾ ਡੀਐਸਪੀ ਬਰਨਾਲਾ ਚੁੱਕ ਕੇ ਲੈ ਗਿਆ। ਬਾਈ ਹਰੀ ਸਿੰਘ ਦੱਸਿਆ ਕਿ ਮੈਨੂੰ ਭਦੌੜ, ਮਹਿਲਕਲਾਂ ਅਤੇ ਬਰਨਾਲੇ ਥਾਣਿਆਂ ਵਿੱਚ ਲਗਾਤਾਰ ਨੌਂ ਮਹੀਨੇ ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਤੰਗ ਕੀਤਾ ਮੇਰੇ ਪੱਟਾਂ ਨੂੰ ਘੋਟੇ ਲਾਏ ਗਏ ਪੈਰਾਂ ਦੀਆਂ ਤਲੀਆਂ ਕੁੱਟ-ਕੁੱਟ ਬੁਰਾ ਹਾਲ ਕੀਤਾ ਗਿਆ, ਇੱਕ ਥਾਣੇ ਚੋਂ ਮੈਨੂੰ ਛੁਡਾਇਆ ਜਾਂਦਾ ਤਾਂ ਦੂਜੇ ਥਾਣੇ ਵਾਲੇ ਚੁੱਕ ਕੇ ਲੈ ਜਾਂਦੇ।

ਪਿੰਡ ਚੱਕ ਭਾਈ ਕਾ ਤੋਂ ਬਜ਼ੁਰਗ ਕਾਮਰੇਡ ਕਰਤਾਰ ਸਿੰਘ ਨਿਧੱੜਕ ਅਤੇ ਮਾਤਾ ਦਲੀਪ ਕੌਰ ਦੱਸਿਆ ਕਰਦੇ ਸਨ ਕਿ ਪਿਆਰਾ ਦੱਧਾਹੂਰ, ਬੇਅੰਤ ਮੂੰਮਾਂ, ਸ਼ੇਰ ਪੁਰੀਆ ਗੁਰਦਿਆਲ, ਬਾਬਾ ਨਿਰੰਜਣ ਸਿੰਘ ਅਕਾਲੀ, ਲਾਲ ਸਿੰਘ ਕਾਲਸਾਂ ਅਤੇ ਟਹਿਲ ਸਿੰਘ ਦੱਧਾਹੂਰ ਆਦਿ ਸਰਕਾਰ ਵੱਲੋਂ ਭਗੌੜੇ ਕੀਤੇ ਨਕਸਲਬਾੜੀਏ ਕਾਮਰੇਡ ਸਾਡੇ ਘਰੇ ਆਇਆ ਕਰਦੇ ਸਨ, ਮਾਤਾ ਦਲੀਪ ਕੌਰ ਦੱਸਦੀ ਹੁੰਦੀ ਸੀ ਕਿ 'ਉਹ ਨਿਮਰ ਸੰਜ਼ਮੀ ਅਤੇ ਚੰਗੇ ਸੁਭਾਅ ਵਾਲੇ ਦੇਵਤੇ ਇਨਸਾਨ ਸਨ, ਉਹ ਸਾਡੇ ਘਰ ਆ ਕੇ ਆਪਣੇ ਲੀੜੇ-ਲੱਤੇ ਆਪ ਹੀ ਧੋਣ ਲੱਗ ਜਾਂਦੇ, ਮੈਂ ਉਨ੍ਹਾਂ ਤੋਂ ਮਸਾਂ ਉਹਨਾਂ ਦੇ ਕੱਪੜੇ ਖੋਹ ਕੇ ਆਪ ਧੋਂਹਦੀ, ਉਨ੍ਹਾਂ ਪ੍ਰਸ਼ਾਦਾ ਛੱਕਦਿਆਂ ਕਦੇ ਦੂਜੀ ਵਾਰ ਆਪ ਰੋਟੀ ਜਾਂ ਦਾਲ ਪਾਣੀ ਨਹੀਂ ਸੀ ਮੰਗਿਆ, ਸਗੋਂ ਆਪ ਕਹੀਦਾ ਸੀ ਭਾਈ ਭੁੱਖੇ ਨਾ ਰਿਹੋ, ਮੱਲੋਮੱਲੀ ਹੋਰ ਪ੍ਰਸ਼ਾਦੇ ਥਾਲੀ ਵਿੱਚ ਰੱਖ ਦੇਣੇ। ਉਹ ਘਰਾਂ ਦੀ ਚੰਗੀ ਮਾੜੇ ਹਾਲ ਤੋਂ ਜਾਣੂ ਸਨ। ਬਜ਼ੁਰਗ ਕਾਮਰੇਡ ਕਰਤਾਰ ਸਿੰਘ ਨਿਧੱੜਕ ਦੱਸਦੇ ਹੁੰਦੇ ਸਨ ਕਿ ਪਿਆਰਾ ਤੇ ਬੇਅੰਤ ਬਹੁਤ ਵਧੀਆ ਤੈਰਾਕ ਸਨ, ਪੁਲਿਸ ਛਾਪੇਮਾਰੀ ਸਮੇਂ, ਉਹ ਅਸਲੇ ਸਮੇਤ ਨਹਿਰ ਮਿੰਟਾਂ 'ਚ ਪਾਰ ਕਰਕੇ ਦੂਜੇ ਪਾਸੇ ਜਾ ਨਿਕਲਦੇ, ਉਨ੍ਹਾਂ ਦੱਸਿਆ ਕਿ 'ਦੱਧਾਹੂਰ ਪੁਲਿਸ ਚੌਂਕੀ ਤੇ ਹਮਲੇ ਵੇਲੇ ਸਾਰੇ ਪੰਜਾਬ ਦੀ ਪੁਲਿਸ ਨੂੰ ਭਾਜੜਾਂ ਪੈ ਗਈਆਂ, ਡੀਐਸਪੀ ਸਿਕੰਦਰ ਬੜਾ ਸਖ਼ਤ ਤੇ ਮਾੜੇ ਸੁਭਾਅ ਦਾ ਪੁਲਸੀਆਂ ਸੀ... ਉਸ ਨੇ ਮੂੰਮਾਂ, ਦੱਧਾਹੂਰ, ਕਾਲਸਾਂ ਅਤੇ ਚੱਕ ਭਾਈ ਕਾ ਤੇ ਹੋਰ ਪਿੰਡਾਂ ਵਿੱਚ ਕਾਮਰੇਡਾਂ ਨਾਲ ਜੁੜੇ ਪਰਿਵਾਰਾਂ ਹਮਦਰਦਾਂ ਅਤੇ ਲੋਕਾਂ ਉਪਰ ਅਤਿਆਚਾਰ ਢਾਹ ਕੇ ਕਹਿਰ ਦੀਆਂ ਹੱਦਾਂ ਤੋੜ ਦਿੱਤੀਆਂ', ਉਹ ਦੱਸਿਆ ਕਰਦੇ ਸਨ ਕਿ 'ਮੈਨੂੰ ਵੀ ਪੁਲਿਸ ਨੇ ਕਾਮਰੇਡਾਂ ਨਾਲ ਸਬੰਧ ਹੋਣ ਕਰਕੇ ਘਰੋਂ ਛਾਪਾ ਮਾਰਕੇ ਚੁੱਕ ਲਿਆ, ਤੂੜੀ ਵਾਲੇ ਕੋਠੇ ਦੀ ਤਲਾਸ਼ੀ ਲੈਂਦਿਆਂ ਮੇਰੀ ਡਾਂਗਾਂ ਨਾਲ ਕੁੱਟਮਾਰ ਕੀਤੀ ਗਈ..' 'ਮਹਿਲਕਲਾਂ ਥਾਣੇ ਅੰਦਰ, ਮੈਨੂੰ ਅਤੇ ਹੋਰ ਨੇੜਲੇ ਪਿੰਡਾਂ 'ਚੋਂ ਫੜਕੇ ਲਿਆਂਦੇ ਲੋਕਾਂ ਨਾਲ ਡੀਐਸਪੀ ਸਿਕੰਦਰ ਨੇ ਕੋਲ ਖੜ੍ਹ ਕੇ ਡਾਂਗਾਂ ਨਾਲ ਬੇਰਹਿਮ ਕੁੱਟਮਾਰ ਕਰਵਾਈ..... ਮਾਰ-ਕੁੱਟਾਈ ਤੋਂ ਬਾਅਦ ਜਦ ਪੁਲਿਸ ਵਾਲਿਆਂ ਤੋਂ ਪੀਣ ਲਈ ਪਾਣੀ ਮੰਗਿਆ ਤਾਂ ਡੀਐਸਪੀ ਸਿਕੰਦਰ ਨੇ ਗੰਦ ਵੱਢਦਿਆਂ ਪੁਲਿਸ ਵਾਲਿਆਂ ਨੂੰ ਪਾਣੀ ਪਿਆਉਣ ਤੋਂ ਰੋਕ ਦਿੱਤਾ..',

'ਇਸ ਤੋਂ ਕੁੱਝ ਮਹੀਨੇ ਬਾਅਦ ਬੇਅੰਤ ਹੋਰਾਂ ਨੇ ਡੀਐਸਪੀ ਸਿਕੰਦਰ ਨੂੰ ਪਟਿਆਲੇ ਉਸ ਦੇ ਬੰਗਲੇ ਉੱਤੇ ਬੰਬ ਸੁੱਟ ਕੇ ਮਾਰ ਦਿੱਤਾ'।

ਉਹ ਦੱਸਦੇ ਹੁੰਦੇ ਸਨ ਕਿ ਪੁਲਿਸ ਮੁਕਾਬਲੇ ਤੋਂ ਪੰਜ-ਛੇ ਪਹਿਲਾਂ ਕਾਮਰੇਡ ਬੇਅੰਤ ਮੇਰੇ ਕੋਲੋਂ ਹੋ ਕੇ ਗਿਆ ਸੀ।

ਵਰਨਣਯੋਗ ਹੈ ਕਿ ਡੀਐਸਪੀ ਸਿਕੰਦਰ ਤੋਂ ਲੋਕਾਂ, ਇਨਕਲਾਬੀਆਂ, ਇਨਕਲਾਬੀਆਂ ਦੇ ਪਰਿਵਾਰਾਂ ਅਤੇ ਹਮਦਰਦਾਂ ਉਪਰ ਕੀਤੇ ਜ਼ਬਰ-ਤਸੱਦਦ ਦਾ ਬਦਲਾ ਲੈਣ ਲਈ ਕਾਮਰੇਡ ਬੇਅੰਤ ਸਿੰਘ ਮੂੰਮਾਂ, ਕਾਮਰੇਡ ਸ਼ਮਸ਼ੇਰ ਸਿੰਘ ਸ਼ੇਰੀ ਖੋਖਰ, ਕਾਮਰੇਡ ਸੁਰਜੀਤ ਬਾਗੜੀਆ, ਕਾਮਰੇਡ ਜਸਪਾਲ ਸਿੰਘ ਬਾਦਲ ਕਲਾਂ ਆਦਿ ਨੇ ਪਾਰਟੀ ਫੈਸਲੇ ਮੁਤਾਬਿਕ ਡੀਐਸਪੀ ਸਿਕੰਦਰ ਨੂੰ ਪਟਿਆਲੇ ਜਦੋਂ ਉਹ ਆਪਣੇ ਧੀ-ਜਵਾਈ ਦੇ ਘਰ ਮਿਲਣ ਗਿਆ ਸੀ ਤਾਂ ਪਰਿਵਾਰ ਸਮੇਤ ਬੰਬ ਨਾਲ ਉੱਡਾ ਦਿੱਤਾ ਸੀ। ਇਸ ਐਕਸ਼ਨ ਵਿੱਚ ਉਕਤ ਕਾਮਰੇਡਾਂ ਤੋਂ ਇਲਾਵਾ ਕਾਮਰੇਡ ਬੇਅੰਤ ਸਿੰਘ ਮੂੰਮਾਂ ਦਾ ਬਹੁਤ ਹੀ ਮਹੱਤਵਪੂਰਨ ਤੇ ਮੋਹਰੀ ਰੋਲ ਸੀ, ਇਸ ਐਕਸ਼ਨ ਸਮੇਂ ਡੀਐਸਪੀ ਮਰਦੇ ਵੇਖਣ ਕਿ ਜੇ ਉਹ ਨਾ ਮਰਿਆ ਤਾਂ ਗੋਲੀ ਮਾਰੀ ਜਾਵੇਗੀ ਕਾਮਰੇਡ ਜਸਪਾਲ ਸਿੰਘ ਬਾਲਦ ਕਲਾਂ ਵੀ ਬੰਬ ਧਮਾਕੇ ਵਿਚ ਸ਼ਹੀਦ ਹੋ ਗਏ ਸਨ। ਕਾਮਰੇਡ ਬੇਅੰਤ ਸਿੰਘ ਮੂੰਮਾਂ ਤੇ ਸਾਥੀਆਂ ਵੱਲੋਂ ਪੁਲਿਸ ਚੌਂਕੀ ਦੱਧਾਹੂਰ ਅਤੇ ਡੀਐਸਪੀ ਸਿਕੰਦਰ ਉਪਰ ਕੀਤੇ ਐਕਸ਼ਨਾਂ ਤੋਂ ਬਾਅਦ ਉਨ੍ਹਾਂ ਦੀ ਮਾਤਾ ਭਰਾਵਾਂ ਸਮੇਤ ਪੂਰੇ ਪਰਿਵਾਰ ਨੂੰ ਕਈ ਮਹੀਨੇ ਪਿੰਡ ਛੱਡਣਾ ਪਿਆ ਪਰ ਕਾਮਰੇਡ ਬੇਅੰਤ ਸਿੰਘ ਮੂੰਮਾਂ ਇਨਕਲਾਬ ਦੇ ਬਿਖੜੇ ਪੈਂਡੇ ਤੇ ਅਡੋਲ ਰਹੇ।

**ਸ਼ਹੀਦ ਸਾਥੀ ਪਿਆਰਾ ਸਿੰਘ 'ਦੱਧਾਹੂਰ'**

ਨਕਸਲਬਾੜੀ ਲਹਿਰ ਦੇ ਸ਼ਹੀਦ ਕਾਮਰੇਡ ਪਿਆਰਾ ਸਿੰਘ ਦਾ ਪਿੰਡ ਦੱਧਾਹੂਰ ਪਹਿਲਾਂ ਸੰਗਰੂਰ ਜ਼ਿਲ੍ਹੇ ਨਾਲ ਸੀ ਪਰ ਬਰਨਾਲਾ ਜ਼ਿਲ੍ਹਾ ਬਣਨ ਤੋਂ ਬਾਅਦ ਇਹ ਪਿੰਡ ਲੁਧਿਆਣੇ ਜਿਲ੍ਹੇ ਨਾਲ ਜੋੜ ਦਿੱਤਾ। ਸ਼ਹੀਦ ਪਿਆਰਾ ਸਿੰਘ ਦੇ ਦੋ ਭਰਾ ਤਿੰਨ ਭੈਣਾਂ ਸਨ ਪਿਆਰਾ ਸਿੰਘ ਸਭ ਤੋਂ ਛੋਟਾ ਸੀ। ਉਹ ਮੈਟ੍ਰਿਕ ਪਾਸ ਸਨ ਅਤੇ ਕੱਬਡੀ ਦੇ ਚੰਗੇ ਖਿਡਾਰੀ ਸਨ। ਉਹ ਕਿਸਾਨੀ ਕਿੱਤਾ ਕਰਦੇ ਹੋਏ ਇਨਕਲਾਬੀ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਸਨ।

ਉਨ੍ਹਾਂ ਦੇ ਦੋ ਬੇਟੇ ਤੇ ਦੋ ਬੇਟੀਆਂ ਹਨ। ਪੰਜਾਬ ਵਿੱਚ ਨਕਸਲਬਾੜੀ ਲਹਿਰ ਸਰਗਰਮ ਹੋਣ ਨਾਲ ਉਨ੍ਹਾਂ ਖੇਤੀਬਾੜੀ ਘਰ ਬਾਰ ਛੱਡ ਕੇ ਲਹਿਰ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕਰ ਲਿਆ। ਨਕਸਲਬਾੜੀ ਲਹਿਰ ਵਿੱਚ ਕਾਮਰੇਡ ਦੇ ਪ੍ਰਵੇਸ਼ ਕਰਨ ਤੋਂ ਬਾਅਦ, ਸਰਕਾਰ ਵੱਲੋਂ ਪਿੰਡ ਦੱਧਾਹੂਰ ਵਿੱਚ ਪੁਲਿਸ ਚੌਂਕੀ ਬਿਠਾ ਦਿੱਤੀ। ਪਿੰਡ ਦੋ ਵਿਅਕਤੀ ਬਾਬੂ ਤੇ ਨਾਹਰਾ ਪੁਲਿਸ ਦੇ ਮੁਖ਼ਬਰ ਸਨ ਜੋ, ਪਿੰਡ ਦੀ ਸਾਰੀ ਸੂਹ ਪੁਲਿਸ ਨੂੰ ਦਿੰਦੇ, ਪੁਲਿਸ ਚੌਂਕੀ ਦੀ ਪੁਲਿਸ ਅਤੇ ਖਾਸ ਕਰਕੇ ਇੱਕ ਸਿਪਾਹੀ ਜਿਸ ਦੀ ਪੁਲਿਸ ਟਾਊਟ ਬਾਬੂ ਤੇ ਨਾਹਰੇ ਨਾਲ ਗੂੜਾ ਮੇਲ-ਜੋੜ ਸੀ ਪਿੰਡ ਦੇ ਆਮ ਲੋਕਾਂ ਅਤੇ ਪਿਆਰਾ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਸਨ, ਉਹ ਪਿੰਡ ਦੀਆਂ ਧੀਆਂ ਭੈਣਾਂ ਨੂੰ ਵੀ ਗਲਤ ਬਕਵਾਸ ਕਰਕੇ ਬੇਪੱਤੀ ਕਰਦੇ, ਜਿਸ ਕਰਕੇ ਕਾਮਰੇਡਾਂ ਨੂੰ ਪੁਲਿਸ ਚੌਂਕੀ ਤੇ ਗੁਰੀਲਾ ਐਕਸ਼ਨ ਕਰਨਾ ਪਿਆ, ਇਸ ਐਕਸ਼ਨ ਵਿੱਚ ਉਹ ਚੌਂਕੀ ਦੇ ਇਸ ਸਿਪਾਹੀ ਨੂੰ ਮਾਰ ਕੇ ਪੁਲਿਸ ਚੌਂਕੀ 'ਚੋਂ 303 ਦੀਆਂ ਚਾਰ ਬੰਦੂਕਾਂ ਲੁੱਟ ਕੇ ਫ਼ਰਾਰ ਹੋ ਗਏ। ਇਸ ਐਕਸ਼ਨ ਤੋਂ ਬਾਅਦ ਕਾਮਰੇਡ ਪਿਆਰਾ ਸਿੰਘ ਦੀ ਪਤਨੀ ਤੇ ਮਾਤਾ ਭੈਣ ਭਰਾਵਾਂ ਰਿਸ਼ਤੇਦਾਰਾਂ ਉਪਰ ਅਣਮਨੁੱਖੀ ਅੰਨਾ ਤਸ਼ੱਦਦ ਕੀਤਾ ਗਿਆ। ਉਨ੍ਹਾਂ ਦਾ ਘਰ-ਬਾਰ ਢਾਹ ਕੇ ਪਾਣੀ ਵਾਲਾ ਨਲਕੇ ਤੱਕ ਨੂੰ ਵੀ ਭੰਨ ਦਿੱਤਾ ਗਿਆ। ਬੁੱਚੜ ਪੁਲਿਸ ਅਧਿਕਾਰੀ ਘਰ ਦਾ ਸਾਰਾ ਸਮਾਨ ਭਾਂਡੇ ਟੀਂਡੇ, ਦੇਸ਼ੀ ਘਿਉ ਦੀਆਂ ਚਾਟੀਆਂ ਵਗੈਰਾ ਤੋਂ ਇਲਾਵਾ ਘਰ ਵਿੱਚ ਰੱਖੀ ਡੰਗਰਾਂ ਲਈ ਤੂੜੀ ਵੀ ਚੁੱਕ ਕੇ ਲੈ ਗਏ ਸਨ। ਪਿੰਡ ਦੇ ਵੱਗ ਸਮੇਤ ਸਾਰੇ ਪਾਲਤੂ ਪਸ਼ੂਆਂ ਮੱਝਾਂ ਗਾਵਾਂ ਬੱਕਰੀਆਂ ਭੇਡਾਂ ਆਦਿ ਨੂੰ ਖੁੱਲਾ ਛੱਡ ਕੇ ਫਸਲਾਂ ਵਿਚ ਵਾੜ ਦਿੱਤਾ, ਕਾਮਰੇਡ ਪਿਆਰਾ ਸਿੰਘ ਦੇ ਖੇਤਾਂ ਸਮੇਤ ਸਾਰੇ ਹੀ ਪਿੰਡ ਦੀ ਫ਼ਸਲ ਉਜਾੜੀ ਗਈ, ਸਮੂਹ ਪਿੰਡ ਵਾਸੀਆਂ ਨੂੰ ਸੱਥਾਂ ਵਿੱਚ ਪੁੱਠੇ ਲਟਕਾ ਕੇ ਕੁਟਾਪਾ ਕੀਤਾ ਗਿਆ ਇਹ ਅਣਮਨੁੱਖੀ ਕਲੰਕਿਤ ਕਾਲਾ ਕਹਿਰ ਉਸ ਵੇਲੇ ਦੀ ਬਾਦਲ ਸਰਕਾਰ ਸਮੇਂ ਪੰਜਾਬ ਪੁਲਿਸ ਦੇ ਆਈਜੀ ਅਸ਼ਵਨੀ ਕੁਮਾਰ ਨੇ ਖੁਦ ਪਿੰਡ ਆ ਕੇ ਕਰਵਾਇਆ। ਕਾਮਰੇਡ ਪਤਨੀ ਨੂੰ ਮਹਿਲਕਲਾਂ ਤੇ ਬਰਨਾਲਾ ਥਾਣੇ ਵਿਚ ਰੱਖ ਕੇ ਘੋਰ ਤਸ਼ੱਦਦ ਕਰਨ ਤੋਂ ਬਾਅਦ ਕਾਮਰੇਡ ਦੀ ਮਾਤਾ, ਪਤਨੀ ਅਤੇ ਛੋਟੀ ਬੱਚੀ ਨੂੰ ਝੂਠੇ ਪੁਲਿਸ ਕੇਸਾਂ ਤਹਿਤ ਸੰਗਰੂਰ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰ ਦਿੱਤਾ ਗਿਆ ਸੀ। ਕਾਮਰੇਡ ਪਿਆਰਾ ਸਿੰਘ ਦੀ ਸ਼ਹੀਦੀ ਸਮੇਂ ਵੀ ਉਹ ਜੇਲ੍ਹ ਵਿੱਚ ਬੰਦ ਸਨ ਪਰ ਇਹ ਜ਼ਬਰ ਜੁਲਮ ਕਾਮਰੇਡ ਪਿਆਰਾ ਸਿੰਘ ਨੂੰ ਇਨਕਲਾਬੀ ਰਾਹ ਤੋਂ ਪਿੱਛੇ ਨਾ ਮੋੜ ਸਕਿਆ।

**ਸ਼ਹੀਦ ਸਾਥੀ ਸ਼ਰੀਫ਼ ਮੁਹੰਮਦ 'ਕਾਂਝਲਾ'**

ਨਕਸਲਬਾੜੀ ਲਹਿਰ ਦੇ ਸ਼ਹੀਦ ਕਾਮਰੇਡ ਸ਼ਰੀਫ਼ ਮੁਹੰਮਦ ਦਿਹਾੜੀਦਾਰ ਮਜ਼ਦੂਰ ਪਰਿਵਾਰ ਨਾਲ ਸਬੰਧਿਤ ਸਨ। ਉਹ ਸੰਗਰੂਰ ਜ਼ਿਲ੍ਹੇ ਦੇ ਪਿੰਡ ਕਾਂਝਲਾ ਦੇ ਜੰਮਪਲ ਸਨ। ਘਰੇਲੂ ਤੰਗੀ ਤੁਰਸ਼ੀਆਂ ਨੇ ਉਸ ਦਾ ਸਕੂਲੀ ਰਸਤਾ ਰੋਕ ਕੇ ਵਾਹਣਾਂ ਦੇ ਵੱਟਾਂ ਬੰਨ੍ਹਿਆਂ ਵੱਲ ਮੋੜ ਕੇ ਮਜ਼ਦੂਰੀ ਕਰਨ ਲਾ ਦਿੱਤਾ। ਉਹ ਪਹਿਲਾਂ ਸੀਪੀਆਈ ਫਿਰ ਤੇ ਸੀਪੀਐਮ ਵਿੱਚ ਸਰਗਰਮ ਰਹੇ ਇਸ ਦੌਰਾਨ ਉਹ ਨਕਸਲਬਾੜੀ ਲਹਿਰ ਦੇ ਹਥਿਆਰਬੰਦ ਸੰਘਰਸ਼ ਤੋਂ ਪ੍ਰਭਾਵਿਤ ਹੋ ਕੇ ਇਸ ਲਹਿਰ ਦਾ ਹਿੱਸਾ ਬਣੇ। ਕਿਲ੍ਹਾ ਹਕੀਮਾਂ ਦੇ ਜਾਗੀਰਦਾਰ ਜਨਰਲ ਬਲਵੰਤ ਸਿੰਘ ਦੇ ਐਕਸ਼ਨ ਤੋਂ ਬਾਅਦ ਕਾਮਰੇਡ ਸ਼ਰੀਫ਼ ਮੁਹੰਮਦ ਘਰ-ਬਾਰ ਛੱਡ ਕੇ ਲਹਿਰ ਦੇ ਕੁਲਵਕਤੀ ਬਣੇ। ਇਸ ਦੌਰਾਨ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਮਾਤਾ ਪਿਤਾ ਬੱਚਿਆਂ ਅਤੇ ਭਰਾਵਾਂ ਨੂੰ ਕਿਲ੍ਹਾ ਹਕੀਮਾਂ, ਧੂਰੀ ਅਤੇ ਸੰਗਰੂਰ ਪੁਲਿਸ ਥਾਣਿਆਂ ਵਿੱਚ ਅੰਨ੍ਹੇ ਪੁਲਿਸ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਪੁਲਿਸ ਚੌਂਕੀ ਦੱਧਾਹੂਰ ਦੇ ਐਕਸ਼ਨ ਤੋਂ ਬਾਅਦ ਕਾਮਰੇਡ ਸ਼ਰੀਫ਼ ਮੁਹੰਮਦ ਦਾ ਘਰ ਢਾਹ ਕੇ ਥੇਹ ਕੀਤਾ ਗਿਆ। ਘਰ ਵਿਚ ਪਈਆਂ ਕਣਕ ਦੀਆਂ ਬੋਰੀਆਂ, ਕਪਾਹ, ਕੱਪੜੇ, ਕੌਲੀਆਂ-ਗਲਾਸ ਇਥੋਂ ਤੱਕ ਕਿ ਚਮਚੇ ਕੜਛੀਆਂ ਵੀ ਪੁਲਿਸ ਚੁੱਕ ਕੇ ਲੈ ਗਈ। ਕਾਮਰੇਡ ਸ਼ਰੀਫ਼ ਦੀ ਸੱਤ ਵਿੱਘੇ ਟੀਂਡਿਆਂ ਨਾਲ ਭਰੀ ਕਪਾਹ ਦੀ ਫਸਲ ਦਾ ਉਜਾੜਾ ਕਰ ਦਿੱਤਾ ਗਿਆ ਪਰ ਕਾਮਰੇਡ ਸ਼ਰੀਫ਼ ਇਨਕਲਾਬ ਦੇ ਰਾਹ ਤੇ ਅੰਤ ਤੱਕ ਦ੍ਰਿੜ ਰਹੇ।

**ਕਾਮਰੇਡਾਂ ਦੀ ਗ੍ਰਿਫਤਾਰੀ ਅਤੇ ਸ਼ਹੀਦੀ**

ਪਾਰਟੀ ਨਾਲ ਜੁੜੇ ਮਿੰਦਰ ਠੁੱਲੀਵਾਲ ਨੂੰ ਪਿੰਡ ਰੰਡਾ ਸਿੰਘ ਵਾਲਾ ਵਿਖੇ 25 ਜਨਵਰੀ 1972 ਨੂੰ ਸਰਦਾਰਾ ਸਿੰਘ ਦੇ ਘਰ ਹੋਣ ਵਾਲੀ ਪਾਰਟੀ ਮੀਟਿੰਗ ਦਾ ਪਤਾ ਸੀ, ਉਸ ਨੇ ਸਾਥੀਆਂ ਨਾਲ ਗ਼ਦਾਰੀ ਕਰਦਿਆਂ ਪੁਲਿਸ ਨੂੰ ਮੁਖਬਰੀ ਕਰ ਦਿੱਤੀ, ਦਿਨ ਛਿੱਪਣ ਤੋਂ ਬਾਅਦ ਡੀਐਸਪੀ ਜਸਵੰਤ ਸਿੰਘ 'ਹਰੀ ਸਿੰਘ ਵਾਲਾ' ਅਤੇ ਪੁਲਿਸ ਇੰਸਪੈਕਟਰ ਕਰਤਾਰ ਸਿੰਘ ਸੇਖੋਂ ਵੱਲੋਂ ਭਾਰੀ ਪੁਲਿਸ ਫੋਰਸ ਨਾਲ ਰੰਡਾ ਸਿੰਘ ਵਾਲਾ (ਨੇੜੇ ਸ਼ੇਰਪੁਰ) ਵਿਖੇ ਛਾਪਾ ਮਾਰਕੇ ਬੇਅੰਤ, ਪਿਆਰੇ ਅਤੇ ਸ਼ਰੀਫ਼ ਮੁਹੰਮਦ ਨੂੰ ਗ੍ਰਿਫਤਾਰ ਕਰ ਲਿਆ ਗਿਆ, ਗ੍ਰਿਫਤਾਰੀ ਤੋਂ ਬਾਅਦ ਉਹ, ਨਕਸਲਬਾੜੀ ਜ਼ਿੰਦਾਬਾਦ...!! ਇਨਕਲਾਬ ਜ਼ਿੰਦਾਬਾਦ...!!! ਦੇ ਅਕਾਸ਼ ਗੰਜਾਊ ਨਾਅਰੇ ਲਾ ਕੇ ਮੀਟਿੰਗ ਵਿੱਚ ਵਿੱਚ ਆਉਣ ਵਾਲੇ ਹੋਰ ਸਾਥੀਆਂ ਨੂੰ ਗ੍ਰਿਫ਼ਤਾਰੀ ਤੋਂ ਬੱਚਣ ਲਈ ਸੁਚੇਤ ਕਰਦਿਆਂ, ਆਪ ਸ਼ਹਾਦਤ ਦੇਣ ਲਈ ਅਰਪਣ ਹੋਏ।

ਪੁਲਿਸ ਨੇ ਤਿੰਨੇ ਸਾਥੀਆਂ ਨੂੰ ਫੜਨ ਸਾਰ ਡਾਂਗਾਂ ਨਾਲ ਐਨੀ ਕੁੱਟਮਾਰ ਕੀਤੀ ਕਿ ਉਨ੍ਹਾਂ ਦੀਆਂ ਲੱਤਾਂ ਬਾਹਾਂ ਨੂੰ ਨਕਾਰਾ ਕਰ ਦਿੱਤਾ ਤਾਂ ਕਿ ਉਹ ਭੱਜ ਨਾ ਜਾਣ। ਡੀਐਸਪੀ, ਗ੍ਰਿਫਤਾਰ ਨਕਸਲੀ ਯੋਧਿਆਂ ਦੇ ਬੈਂਤਾਂ ਮਾਰ ਕੇ ਗਾਲ੍ਹਾਂ ਕੱਢਣ ਲੱਗਿਆ ਤਾਂ ਕਾਮਰੇਡ ਬੇਅੰਤ ਨੇ ਡੀਐਸਪੀ ਨੂੰ ਧੜੱਲੇ ਤੇ ਧੀਰਜ ਨਾਲ ਕਿਹਾ, 'ਡਿਪਟੀ ਸਾਹਿਬ, ਹੁਣ ਔਖੇ ਭਾਰੇ ਹੋਣ ਦੀ ਜ਼ਰੂਰਤ ਨਹੀਂ, ਸਾਨੂੰ ਆਪਣੇ ਅੰਤ ਦਾ ਪਤਾ ਏ। ਘਰ-ਬਾਰ ਛੱਡ, ਲੋਕਾਂ ਲਈ ਮਰਨਾ ਮਿੱਥ ਕੇ ਤੁਰੇ ਹਾਂ...!! ਬਕਵਾਸ ਬੰਦ ਕਰਕੇ, ਆਪਣਾ ਕੰਮ ਕਰੋ।'

ਡੀਐਸਪੀ, ਕਾਮਰੇਡ ਨੂੰ ਕੁੱਝ ਆਖਣ ਜੋਗਾ ਨਾ ਰਿਹਾ, ਉਸ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ, ਇਨ੍ਹਾਂ ਨੂੰ ਲੈ ਚੱਲੋ। ਰਸਤੇ ਵਿੱਚ ਡਿਪਟੀ ਦੇ ਇਸ਼ਾਰੇ ਤੇ, ਗੱਡੀਆਂ ਨੂੰ ਰਸਤੇ ਤੋਂ ਹੱਟਵੇਂ ਖੇਤਾਂ ਵਿੱਚ ਛੱਤੇ ਕੋਠੇ ਵੱਲ ਮੋੜ ਕੇ ਰੋਕਿਆ ਗਿਆ। ਤਿੰਨੇ ਸਾਥੀਆਂ ਨੂੰ ਗੱਡੀ ਚੋਂ ਲਾਹ ਕੇ ਕੋਠੇ ਨੇੜਲੇ ਘੁਲਾੜ੍ਹੇ ਕੋਲ ਲਿਜਾਇਆ ਗਿਆ, ਕਾਮਰੇਡ ਸਮਝ ਗਏ ਕਿ ਇੱਥੇ ਪੁਲਿਸ ਮੁਕਾਬਲਾ ਬਣਾਇਆ ਜਾਵੇਗਾ, ਡਿਪਟੀ, ਇੰਸਪੈਕਟ ਤੇ ਸਿਪਾਹੀਆਂ ਨੇ ਤਿੰਨਾਂ ਨੂੰ ਵੱਖ ਵੱਖ ਕਰਕੇ ਪਾਰਟੀ ਆਗੂਆਂ ਬਾਰੇ ਸੂਹ ਕੱਢਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫ਼ਲ ਰਹੇ। ਡਿਪਟੀ ਦੇ ਹੁਕਮ ਤੇ ਸਿਪਾਹੀਆਂ ਨੇ ਤਿੰਨੇ ਕਾਮਰੇਡਾਂ ਨੂੰ ਘੁਲਾੜ੍ਹੇ ਕੋਲ ਲੈ ਆਂਦਾ। ਇਸ ਤੋਂ ਬਾਅਦ ਡੀਐਸਪੀ ਨੇ ਬੇਅੰਤ ਸਿੰਘ ਦੇ ਪੁੱਠੇ ਕਰਕੇ ਬੰਨ੍ਹੇ ਹੱਥ ਖੋਲ੍ਹ ਕੇ ਘੁਲਾੜ੍ਹੇ ਦੇ ਵੇਲਣੇ ਵਿੱਚ ਦੇਣ ਦਾ ਹੁਕਮ ਚਾੜ੍ਹ ਦਿੱਤਾ। ਡੀਐਸਪੀ ਅਜਿਹੇ ਮੱਧਯੁਗੀ ਤਸ਼ੱਦਦ ਨਾਲ ਉਨ੍ਹਾਂ ਨੂੰ ਜ਼ਰਕਾਕੇ ਪਾਰਟੀ ਦੇ ਭੇਦ ਲੈਣਾ ਚਾਹੁੰਦਾ ਸੀ ਪਰ ਕਾਮਰੇਡ ਬੇਅੰਤ ਅਤੇ ਸਾਥੀਆਂ ਵਿੱਚ ਮੁਗਲ ਹਕੂਮਤ ਦੇ ਆਰਿਆਂ, ਉਬਲਦੀਆਂ ਦੇਗਾਂ, ਬੰਦ ਬੰਦ ਕਟਵਾਉਣ ਦੀ ਵਿਰਾਸਤ ਅਤੇ ਲੋਕਾਂ ਦੀ ਅਜ਼ਾਦੀ ਤੇ ਖੁਸ਼ਹਾਲੀ ਲਈ ਇਨਕਲਾਬ ਦੇ ਭਰੇ ਜਜ਼ਬੇ ਦੇ ਫੌਲਾਦ ਅੱਗੇ ਜ਼ਬਰ ਦੀ ਧਾਰ ਖੁੰਡੀ ਹੋ ਕੇ ਰਹਿ ਗਈ।

ਕਾਮਰੇਡ ਦਾ ਹੱਥ ਘੁਲਾੜ੍ਹੀ ਦੇ ਵੇਲ੍ਹਣੇ ਵਿੱਚ ਦੇ ਕੇ ਚਿੱਪ ਦਿੱਤਾ ਗਿਆ ਅੰਤਾਂ ਦੀ ਪੀੜ੍ਹ ਦਿਲ ਦਿਮਾਗ 'ਚੋਂ ਹੁੰਦੀ ਹੋਈ ਸਰੀਰ ਪਾੜ ਰਹੀ ਸੀ, ਵਿਰਾਸਤ ਤੇ ਇਨਕਲਾਬੀ ਜਜ਼ਬਾ ਉਸ ਦੇ ਨਾਲ ਸਨ। ਕਾਮਰੇਡ ਦਾ ਸ਼ਰੀਰ ਲੁਟਕ ਜਾਣ ਤੋਂ ਬਾਅਦ ਘੁਲਾੜ੍ਹੀ ਪਿੱਛੇ ਮੋੜ ਕੇ ਹੱਥ ਕੱਢਿਆ ਗਿਆ ਪਰ ਜਾਬਰ ਡੀਐਸਪੀ ਤੇ ਪੁਲਿਸੀਏ ਕਾਮਰੇਡ ਬੇਅੰਤ ਅਤੇ ਸਾਥੀਆਂ ਤੋਂ ਪਾਰਟੀ ਆਗੂਆਂ ਬਾਰੇ ਕੋਈ ਵੀ ਸੂਹ ਨਾ ਕੱਢ ਸਕੇ। ਘੁਲਾੜ੍ਹੀ ਵਿਚ ਦੇ ਕੇ ਚਿੱਪੇ ਹੱਥ ਕਾਰਨ ਕਾਮਰੇਡ ਬੇਅੰਤ ਦੀ ਹਾਲਤ ਗੰਭੀਰ ਸੀ ਉਸ ਨੂੰ ਚੁੱਕ ਕੇ ਟਰੱਕ ਵਿੱਚ ਪਾਇਆ ਗਿਆ, ਪਿਆਰਾ ਅਤੇ ਸ਼ਰੀਫ ਨੂੰ ਮੁਸ਼ਕਾਂ ਬੰਨ੍ਹ ਟਰੱਕ ਵਿੱਚ ਸੁੱਟ ਕੇ ਧਨੌਲੇ ਥਾਣੇ ਲਿਆਂਦਾ ਗਿਆ ਥਾਣੇ ਵਿੱਚ ਫਿਰ ਪਾਰਟੀ ਭੇਦ ਲੈਣ ਲਈ ਜ਼ਬਰ-ਤਸ਼ੱਦਦ ਦਾ ਦੌਰ ਸ਼ੁਰੂ ਕੀਤਾ ਗਿਆ। ਤਿੰਨੇ ਸੂਰਬੀਰ ਯੋਧਿਆਂ ਦੇ ਪੱਟਾਂ ਤੇ ਵੇਲ੍ਹਣੇ ਫ਼ੇਰੇ ਗਏ, ਛਾਤੀ ਅਤੇ ਡੌਲਿਆਂ ਵਿੱਚ ਦੀ ਗਰਮ ਸਰੀਏ ਕੱਢ ਕੇ ਅਣਮਨੁੱਖੀ ਕਹਿਰ ਦਾ ਤਸ਼ੱਦਦ ਕੀਤਾ ਗਿਆ। ਗ੍ਰਿਫਤਾਰੀ ਸਮੇਂ ਅਤੇ ਧਨੌਲੇ ਥਾਣੇ ਵਿਚ ਕੀਤੇ ਅੱਤ ਦਰਜੇ ਦੇ ਅਣਮਨੁੱਖੀ ਤਸ਼ੱਦਦ ਕਾਰਨ ਇਹ ਇਨਕਲਾਬੀ ਯੋਧੇ ਸ਼ਹਾਦਤ ਦੇ ਜਾਮ ਪੀ ਗਏ ਸ਼ਹੀਦਾਂ ਦੀਆਂ ਲਾਸ਼ਾਂ ਤੋਂ ਡਰਦਿਆਂ ਹਕੂਮਤ ਤੇ ਜਾਬਰ ਪੁਲਿਸ ਅਧਿਕਾਰ ਘਬਰਾ ਰਹੇ ਸਨ, ਪੁਲਿਸ ਅਧਿਕਾਰੀ ਇਸ ਘਬਰਾਹਟ ਚੋਂ ਸ਼ਹੀਦਾਂ ਦੀਆਂ ਲਾਸ਼ਾਂ ਟਰੱਕ 'ਚ ਲੱਦ ਕੇ ਰਾਏਸਰ ਨੇੜੇ ਸੂਏ ਦੇ ਪੁੱਲ ਤੇ ਲੈ ਆਏ 26 ਜਨਵਰੀ 1972 ਦੀ ਰਾਤ ਨੂੰ ਰਾਏਸਰ ਭੋਤਨਾ ਸੜਕ ਹੇਠ ਵਗਦੇ ਇਸ ਸੂਏ ਦੇ ਪੁਲ ਕੋਲ ਲਾਸ਼ਾਂ ਸੁੱਟਕੇ ਗੋਲੀਆਂ ਮਾਰ ਦਿੱਤੀਆਂ ਅਤੇ ਅਗਲੇ ਦਿਨ ਪੁਲਿਸ ਮੁਕਾਬਲੇ ਦੀਆਂ ਖਬਰਾਂ ਜਾਰੀ ਕਰ ਦਿੱਤੀਆਂ।

# ਬੇਕਸੂਰ 1158 ਸਹਾਇਕ ਪ੍ਰੋਫੈਸਰਾਂ ਦੀ ਬਾਂਹ ਫੜੇ ਪੰਜਾਬ ਸਰਕਾਰ



ਮਲਿਕਾ ਮੰਡ
ਅਸਿਸਟੈਂਟ ਪ੍ਰੋਫੈਸਰ (ਅੰਗਰੇਜ਼ੀ)
ਨਵਾਬ ਜੱਸਾ ਸਿੰਘ
ਆਹਲੂਵਾਲੀਆ ਸਰਕਾਰੀ
ਕਾਲਜ ਕਪੂਰਥਲਾ

ਲੰਘੀ 21 ਨਵੰਬਰ ਨੂੰ ਸੁਪਰੀਮ ਕੋਰਟ ਨੇ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਰੱਦ ਕਰਨ ਦੇ ਫੈਸਲੇ ਨੂੰ ਮੁੜ ਵਿਚਾਰਨ (ਰੀਵਿਊ) ਲਈ ਪਾਈ ਅਪੀਲ ਨੂੰ ਬਿਨਾਂ ਸੁਣੇ ਹੀ ਖਾਰਜ ਕਰ ਦਿੱਤਾ ਹੈ। ਅਜਿਹਾ ਕਰਦਿਆਂ ਸੁਪਰੀਮ ਕੋਰਟ ਨੇ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ 27 ਸਾਲਾਂ ਦੇ ਵਕਫੇ ਬਾਅਦ ਰੈਗੂਲਰ ਭਰਤੀ ਹੋਏ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਨੂੰ ਰੱਦ ਕਰਨ ਦੇ ਆਪਣੇ ਫੈਸਲੇ ਨੂੰ ਕਾਇਮ ਰੱਖਿਆ ਹੈ। ਇਸ ਮੰਦਭਾਗੇ ਫੈਸਲੇ ਨੇ ਪਿਛਲੇ ਚਾਰ ਸਾਲਾਂ ਤੋਂ ਸਰਕਾਰੀ ਕਾਲਜਾਂ ਵਿੱਚ ਸੇਵਾਵਾਂ ਨਿਭਾ ਰਹੇ ਸਹਾਇਕ ਪ੍ਰੋਫੈਸਰਾਂ ਦਾ ਰੁਜ਼ਗਾਰ ਖੋਹ ਕੇ ਉਹਨਾਂ ਦਾ ਭਵਿੱਖ ਹਨੇਰੇ ਵਿੱਚ ਧੱਕਣ ਦੇ ਨਾਲ-ਨਾਲ ਆਪਣੇ ਆਖਰੀ ਸਾਹ ਗਿਣ ਰਹੇ ਪੰਜਾਬ ਦੇ ਸਰਕਾਰੀ ਉਚੇਰੀ ਸਿੱਖਿਆ ਦੇ ਜਰਜਰ ਢਾਂਚੇ ਦਾ ਲੱਕ ਤੋੜ ਕੇ ਰੱਖ ਦੇਣ ਵਾਲੀ ਮਾਰੂ ਸੱਟ ਵੀ ਮਾਰੀ ਹੈ।

ਇਸ ਫੈਸਲੇ ਦੇ ਭਿਅੰਕਰ ਸਿੱਟਿਆਂ ਤੋਂ ਵੀ ਵੱਧ ਡਰਾਉਣਾ ਹੈ ਇਸ ਫੈਸਲੇ ਦਾ ਪ੍ਰਸੰਗ ਜਿਸ ਤੇ ਝਾਤੀ ਮਾਰਨੀ ਬੇਹਦ ਜਰੂਰੀ ਹੈ। ਗੌਰਤਲਬ ਹੈ ਕਿ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਪੰਜਾਬ ਦੀ ਹਰ ਰਾਜ ਕਰਨ ਵਾਲੀ ਧਿਰ ਨੇ ਉਚੇਰੀ ਸਰਕਾਰੀ ਸਿੱਖਿਆ ਤੋਂ ਬੇਰੁਖੀ ਨਾਲ ਮੂੰਹ ਵੱਟੀ ਰੱਖਿਆ। ਜਿਨ੍ਹਾਂ ਸਰਕਾਰੀ ਕਾਲਜਾਂ ਨੇ ਗਰੀਬ ਸਾਧਾਰਨ ਲੋਕਾਂ ਦੇ ਬੱਚਿਆਂ ਨੂੰ ਸਸਤੀ ਮਿਆਰੀ ਵਿੱਦਿਆ ਮੁਹਈਆ ਕਰਵਾਉਣੀ ਸੀ ਉਹਨਾਂ ਵਿੱਚ ਨਵੀਂ ਤਕਨੀਕ, ਸਮੇਂ ਦੇ ਹਾਣੀ ਕੋਰਸ ਦੇਣੇ ਤਾਂ ਦੂਰ ਦੀ ਗੱਲ ਰਹੀ 27 ਸਾਲ ਉਹਨਾਂ ਕਾਲਜਾਂ ਵਿੱਚ ਕੋਈ ਰੈਗੂਲਰ ਪ੍ਰੋਫੈਸਰ ਹੀ ਭਰਤੀ ਨਹੀਂ ਕੀਤੇ ਗਏ । ਸਗੋਂ ਰੈਸ਼ਨਲਾਈਜੇਸ਼ਨ ਦੇ ਨਾਮ ਤੇ ਕਾਲਜਾਂ ਵਿੱਚ ਸੈਂਕਸ਼ਨਡ ਪੋਸਟਾਂ ਦੀ ਗਿਣਤੀ ਵੀ 2400 ਤੋਂ ਘਟਾ ਕੇ 1800 ਕਰ ਦਿੱਤੀ ਗਈ। ਇੱਕ ਪਾਸੇ ਯੋਗ ਅਧਿਆਪਕਾਂ ਨੂੰ ਉਡੀਕਦੇ ਸਰਕਾਰੀ ਕਾਲਜ ਖੰਡਰ ਬਣਦੇ ਜਾ ਰਹੇ ਸਨ, ਸਰਕਾਰੀ ਯੂਨੀਵਰਸਿਟੀਆਂ ਅਤੇ ਸਰਕਾਰੀ ਕਾਲਜਾਂ ਨੂੰ ਅਟੋਨੋਮਸ ਕਰਨ ਦੀ ਆੜ ਹੇਠ ਪ੍ਰਾਈਵੇਟ ਹੱਥਾਂ ਵਿੱਚ ਵੇਚਣ ਦੀ ਤਿਆਰੀ ਹੋ ਰਹੀ ਸੀ ਉੱਥੇ ਦੂਜੇ ਪਾਸੇ ਸੁਚੱਜੀ ਅਗਵਾਈ ਦੀ ਅਣਹੋਂਦ ਵਿੱਚ ਪੰਜਾਬ ਦੀ ਨੌਜਵਾਨੀ ਇੱਕ ਪਾਸੇ ਨਸ਼ਿਆਂ ਦੀ ਦਲਦਲ ਵਿੱਚ ਧੱਸਦੀ ਜਾ ਰਹੀ ਸੀ ਜਾਂ ਵਿਦੇਸ਼ਾਂ ਦੀ ਚਕਾਚੌਂਧ ਵੱਲ ਪਲਾਇਨ ਕਰਨ ਲਈ ਮਜਬੂਰ ਸੀ੍ ਸਰਕਾਰਾਂ ਨੇ ਸਿੱਖਿਆ ਨੂੰ ਵੀ ਠੇਕੇਦਾਰੀ ਪ੍ਰਬੰਧ ਬਣਾ ਕੇ ਰੱਖ ਦਿੱਤਾ ਸੀ ਜਿਸ ਰਾਹੀਂ ਸਰਕਾਰੀ ਕਾਲਜਾਂ ਵਿੱਚ ਪੱਕੇ ਪ੍ਰੋਫੈਸਰ ਰੱਖਣ ਦੀ ਬਜਾਏ ਪ੍ਰਿੰਸੀਪਲਾਂ ਦੁਆਰਾ ਆਪਣੇ ਮਨ ਮਰਜ਼ੀ ਨਾਲ ਕੱਚੇ ਅਧਿਆਪਕ ਜਿਹਨਾਂ ਵਿੱਚੋਂ ਬਹੁ ਗਿਣਤੀ ਅਧਿਆਪਨ ਦੀਆਂ ਮੁੱਢਲੀਆਂ ਸ਼ਰਤਾਂ ਤੱਕ ਪੂਰੀਆਂ ਨਹੀਂ ਸੀ ਕਰਦੇ ਨੂੰ ਅੱਧੀਆਂ- ਪੌਣੀਆਂ ਤਨਖਾਹਾਂ ਤੇ ਰੱਖ ਕੇ ਡੰਗ ਟਪਾਊ ਕੰਮ ਸਾਰ ਲਿਆ ਗਿਆ।

ਇਸ ਦੇ ਬਰਾਬਰ ਪੰਜਾਬ ਵਿੱਚ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਦਾ ਮੱਕੜਜਾਲ ਤੇਜ਼ੀ ਨਾਲ ਫੈਲਦਾ ਗਿਆ ਜਿੱਥੇ ਇੱਕ ਪਾਸੇ ਮਨਮਰਜ਼ੀ ਦੀਆਂ ਭਾਰੀ ਫੀਸਾਂ ਵਸੂਲ ਕੇ ਵਿਦਿਆਰਥੀਆਂ ਦਾ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਉੱਥੇ ਇਹਨਾਂ ਵਿੱਚ ਕੰਮ ਕਰਦੇ ਅਧਿਆਪਕਾਂ ਮੁਲਾਜ਼ਮਾਂ ਤੋਂ ਨਿਗੂਣੀਆਂ ਤਨਖਾਹਾਂ ਉੱਤੇ ਕੰਮ ਲਿਆ ਜਾਂਦਾ ਜਿੱਥੇ ਅਨਿਸ਼ਚਿਤਤਾ ਦੀ ਤਲਵਾਰ ਹਰ ਵੇਲੇ ਉਹਨਾਂ ਦੇ ਸਿਰਾਂ ਤੇ ਲਟਕਦੀ ਰਹਿੰਦੀ੍

ਇਹਨਾਂ ਨਿਰਾਸ਼ਾਜਨਕ ਹਾਲਾਤਾਂ ਦੌਰਾਨ 2021 ਵਿੱਚ ਕਾਂਗਰਸ ਦੀ ਸਰਕਾਰ ਵੇਲੇ ਕੱਢੀ 1158 ਸਹਾਇਕ ਪ੍ਰੋਫੈਸਰਾਂ ਤੇ ਲਾਈਬ੍ਰੇਰੀਅਨਾਂ ਦੀ ਭਰਤੀ ਨਾਲ ਪੰਜਾਬ ਦੀ ਸਰਕਾਰੀ ਉਚੇਰੀ ਸਿੱਖਿਆ ਲਈ ਇੱਕ ਉਮੀਦ ਦੀ ਕਿਰਨ ਜਾਗੀ। ਪੰਜਾਬ ਦੇ ਐਜੂਕੇਸ਼ਨ ਸੈਕਟਰੀ, ਹੋਰ ਉੱਚ ਅਧਿਕਾਰੀਆਂ ਅਤੇ ਪੰਜਾਬ ਦੀਆਂ ਦੋ ਸਰਕਾਰੀ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨੂੰ ਸ਼ਾਮਿਲ ਕਰਕੇ ਇੱਕ ਸਿਲੈਕਸ਼ਨ ਕਮੇਟੀ ਬਣਾਈ ਗਈ। ਕਿਸੇ ਵੀ ਤਰ੍ਹਾਂ ਦੀ ਘਪਲੇਬਾਜ਼ੀ ਤੋਂ ਬਚਣ ਲਈ ਇੰਟਰਵਿਊ ਨੂੰ ਮਨਫੀ ਕਰਕੇ (U.G.C 2025 ਦੀਆਂ ਗਾਈਡਲਾਈਨਜ ਅਨੁਸਾਰ ਇੰਟਰਵਿਊ ਨੂੰ ਸਿਲੈਕਸ਼ਨ ਪ੍ਰੋਸੀਜਰ ਵਿੱਚੋਂ ਬਾਹਰ ਕੱਢਿਆ ਜਾ ਰਿਹਾ ਹੈ) ਨਿਰੋਲ ਟੈਸਟ ਅਤੇ ਮੈਰਿਟ ਨੂੰ ਹੀ ਚੋਣ ਦਾ ਇੱਕੋ-ਇੱਕ ਆਧਾਰ ਮੰਨਦਿਆਂ ਬੇਹਦ ਫੁਰਤੀ ਨਾਲ 39 ਦਿਨਾਂ ਵਿੱਚ ਇਸ ਭਰਤੀ ਦੀ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਕਰ ਲਿਆ ਗਿਆ। 122 ਉਮੀਦਵਾਰ ਕਾਲਜਾਂ ਵਿੱਚ ਜਾ ਕੇ ਸੇਵਾਵਾਂ ਨਿਭਾਉਣ ਲੱਗੇ। 483 ਉਮੀਦਵਾਰਾਂ ਨੂੰ ਜੁਆਇਨ ਕਰਾਉਣ ਉਪਰੰਤ ਅਜੇ ਸਟੇਸ਼ਨ ਨਹੀਂ ਸਨ ਮਿਲੇ ਕਿ ਇਹ ਭਰਤੀ ਕੋਰਟ ਵਿੱਚ ਲਟਕ ਗਈ। ਜੇਲਾਂ, ਧਰਨੇ ਅਤੇ ਲਾਠੀਚਾਰਜ ਵਰਗੇ ਸਰਕਾਰੀ ਜਬਰ ਦਾ ਸਾਹਮਣਾ ਕਰਨ ਤੋਂ ਬਾਅਦ ਤਕਰੀਬਨ ਤਿੰਨ ਸਾਲਾਂ ਮਗਰੋਂ 24 ਸਤੰਬਰ 2024 ਨੂੰ ਹਾਈਕੋਰਟ ਦੇ ਡਬਲ ਬੈਂਚ ਵਿੱਚ ਫੈਸਲਾ ਹੱਕ ਵਿੱਚ ਆਉਣ ਤੋਂ ਬਾਅਦ ਰਹਿੰਦੇ 411 ਉਮੀਦਵਾਰ ਵੀ ਸਰਕਾਰ ਵੱਲੋਂ ਕਾਲਜਾਂ ਵਿੱਚ ਜੁਆਇਨ ਕਰਾ ਲਏ ਗਏ।

ਪਰੰਤੂ ਸੁਪਰੀਮ ਕੋਰਟ ਨੇ 14 ਜੁਲਾਈ 2025 ਨੂੰ ਭਰਤੀ ਪ੍ਰਕਿਰਿਆ ਵਿੱਚ ਖਾਮੀਆਂ ਦਾ ਹਵਾਲਾ ਦੇ ਕੇ ਸਰਕਾਰ ਦੀ ਸਰਕਾਰ ਦੀ ਢਿੱਲੀ-ਮੱਠੀ ਪੈਰਵਾਈ ਦਾ ਕਸੂਰ ਕਢਦਿਆਂ The government has failed to defend itself ਕਹਿ ਕੇ ਇਸ ਭਰਤੀ ਨੂੰ ਸਿਰੇ ਤੋਂ ਹੀ ਰੱਦ ਕਰ ਦਿੱਤਾ। ਸੁਪਰੀਮ ਕੋਰਟ ਦਾ ਇਹ ਫੈਸਲਾ ਸਾਨੂੰ ਕਈ ਕਾਰਨਾਂ ਕਰਕੇ ਸੋਚਣ ਲਈ ਮਜਬੂਰ ਕਰਦਾ ਹੈ।

ਕਿਸੇ ਭਰਤੀ ਨੂੰ ਕੱਢਣ ਤੋਂ ਪਹਿਲਾਂ ਇਹ ਫੈਸਲਾ ਸਰਕਾਰ ਅਤੇ ਅਫਸਰਸ਼ਾਹੀ ਕਰਦੀ ਹੈ ਕਿ ਕਿੰਨੀਆਂ ਪੋਸਟਾਂ ਕੱਢਣੀਆਂ ਹਨ, ਭਰਤੀ ਦੇ ਨਿਯਮ ਕੀ ਹੋਣਗੇ, ਇਹ ਭਰਤੀ ਕਰਨ ਲਈ ਕੀ ਪ੍ਰਕਿਰਿਆ ਅਪਣਾਈ ਜਾਵੇਗੀ। ਜੇਕਰ ਅਦਾਲਤ ਅਨੁਸਾਰ ਇਸ ਸਾਰੇ ਕੰਮ ਵਿੱਚ ਕੋਈ ਅਣਗਹਿਲੀਆਂ ਰਹੀਆਂ ਵੀ ਤਾਂ ਇਸ ਸਭ ਲਈ ਉਮੀਦਵਾਰ ਤਾਂ ਕਿਸੇ ਵੀ ਤਰ੍ਹਾਂ ਜੁੰਮੇਵਾਰ ਨਹੀਂ ਸਨ। ਉਮੀਦਵਾਰਾਂ ਦਾ ਇਸ ਸਭ ਵਿੱਚ ਕੋਈ ਵੀ ਕਸੂਰ ਨਹੀਂ ਸਗੋਂ ਉਹ ਤਾਂ ਖੁਦ ਪੀੜਿਤ ਧਿਰ ਹਨ। ਪਰ ਅਦਾਲਤ ਨੇ ਸਜ਼ਾ ਬੇਦੋਸ਼ੇ ਉਮੀਦਵਾਰਾਂ ਨੂੰ ਦੇ ਦਿੱਤੀ।

ਇਹ ਅਦਾਲਤ ਨੇ ਵੀ ਮੰਨਿਆ ਕਿ ਭਰਤੀ ਨਿਰੋਲ ਮੈਰਿਟ ਦੇ ਆਧਾਰ ਤੇ ਹੋਈ। ਇਸ ਵਿੱਚ ਨਾ ਕੋਈ ਪੈਸਾ ਚੱਲਿਆ ਨਾ ਸਿਫਾਰਿਸ਼ ਦੇ ਇਲਜ਼ਾਮ ਲੱਗੇ। ਇਸ ਵਿੱਚ ਯੂ.ਜੀ.ਸੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਐਮ.ਏ, ਐਮ. ਫਿਲ, ਪੀ.ਐਚ.ਡੀ, ਨੈੱਟ,ਪੋਸਟ.ਡੋਕ ਵਰਗੀਆਂ ਡਿਗਰੀਆਂ ਹਾਸਲ ਕਰ ਚੁੱਕੇ, ਯੂਨੀਵਰਸਿਟੀਆਂ ਦੇ ਟੌਪਰ, ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜੇ ਜਾ ਚੁੱਕੇ ਲਿਖਾਰੀ, ਫਿਲਮਕਾਰੀ ਲਈ ਨੈਸ਼ਨਲ ਐਵਾਰਡ ਜਿੱਤ ਚੁੱਕੇ ਉਮੀਦਵਾਰ ਸ਼ਾਮਿਲ ਹਨ। ਟੈਸਟ ਦੇ ਆਧਾਰ 'ਤੇ ਬਣੀਆਂ ਮੈਰਿਟ ਸੂਚੀਆਂ ਰਾਹੀਂ ਭਰਤੀ ਹੋਈ। ਆਪਣੀ ਕਾਬਲੀਅਤ ਬਾਰ-ਬਾਰ ਸਾਬਤ ਕਰ ਚੁੱਕੇ ਇਹਨਾ ਪੜ੍ਹੇ ਲਿਖੇ ਨੌਜਵਾਨਾਂ ਵਿਰੁੱਧ ਅਦਾਲਤ ਦਾ ਇਹ ਫ਼ੈਸਲਾ ਪਹਿਲਾਂ ਹੀ ਬੌਧਿਕ ਸੰਕਟ ਨਾਲ ਜੂਝ ਰਹੇ ਪੰਜਾਬ ਦੇ ਭਵਿੱਖ ਨੂੰ ਹਨ੍ਹੇਰੇ ਵਿਚ ਧਕਣ ਵਾਲਾ ਹੈ।

ਇਹਨਾਂ ਵਿੱਚੋਂ 233 ਦੇ ਕਰੀਬ ਉਮੀਦਵਾਰ ਪੂਰੀ ਕਾਬਲੀਅਤ ਹੋਣ ਦੇ ਬਾਵਜੂਦ ਕੋਈ ਵੀ ਪੱਕੀ ਨੌਕਰੀ ਲੈਣ ਦੀ ਉਮਰ ਹੱਦ ਲੰਘਾ ਚੁੱਕੇ ਹਨ। ਉਹ ਹੁਣ ਕੀ ਕਰਨਗੇ ? ਕੀ ਇਸ ਦਾ ਜਵਾਬ ਅਦਾਲਤ ਕੋਲ ਹੈ ?

ਇਸ 1158 ਭਰਤੀ ਵਿੱਚ ਵੱਡੀ ਗਿਣਤੀ ਉਹਨਾਂ ਉਮੀਦਵਾਰਾਂ ਦੀ ਹੈ ਜਿਹੜੇ ਆਪਣੀਆਂ ਪੁਰਾਣੀਆਂ ਪੱਕੀਆਂ ਨੌਕਰੀਆਂ ਤੋਂ ਅਸਤੀਫੇ ਦੇ ਕੇ ਆਏ ਸਨ। ਪੀ.ਐਚ.ਡੀ ਅਤੇ ਪੋਸਟ.ਡੋਕ ਦੀਆ ਸਕਾਲਰਸ਼ਿਪਸ, ਵਿਦੇਸ਼ਾਂ ਦੀ ਪੀ.ਆਰ ਛੱਡ ਕੇ ਆਏ ਸਨ। ਇਹਨਾਂ ਵਿੱਚੋਂ ਕਈ ਉਮੀਦਵਾਰ ਪੱਚੀ ਸਾਲ ਪਹਿਲਾਂ ਰਵੀ ਸਿੱਧੂ ਦੇ ਸਮੇਂ ਵਾਲੀ ਭਰਤੀ ਵਿੱਚ ਵੀ ਸਿਲੈਕਟ ਹੋਏ ਸਨ ਪਰ ਭਰਤੀ ਰਦ ਹੋ ਜਾਣ ਕਾਰਨ ਨੌਕਰੀ ਨਾ ਲੈ ਸਕੇ। ਉਹ ਉਮੀਦਵਾਰ 1158 ਭਰਤੀ ਵਿੱਚ ਵੀ ਸਲੈਕਟ ਹੋਏ ਤੇ ਅੱਜ ਇਹ ਭਰਤੀ ਵੀ ਅੱਧ ਵਿੱਚਕਾਰ ਲਟਕ ਜਾਣ ਕਾਰਨ ਅਨਿਸ਼ਚਿਤ ਭਵਿੱਖ ਦਾ ਸੰਤਾਪ ਭੋਗ ਰਹੇ ਹਨ। ਇਸ ਸਾਫ਼ -ਸੁਥਰੀ ਭਰਤੀ ਦੇ ਰੱਦ ਹੋ ਜਾਣ ਵਿੱਚੋਂ ਉਪਜੀ ਨਿਰਾਸ਼ਾ ਕਾਰਨ 1158 ਉਮੀਦਵਾਰਾਂ ਵਿੱਚੋਂ ਇੱਕ ਉਮੀਦਵਾਰ ਪ੍ਰੋਫੈਸਰ ਬਲਵਿੰਦਰ ਕੌਰ ਪਹਿਲਾਂ ਹੀ ਆਪਣੀ ਜਾਨ ਗਵਾ ਚੁੱਕੀ ਹੈ੍ ਪਰ ਸਿਤਮਜ਼ਰੀਫ਼ੀ ਇਹ ਹੈ ਕਿ ਅੱਜ ਸਾਰੇ ਹੀ 1158 ਉਮੀਦਵਾਰ ਉਸੇ ਹੀ ਮਾਨਸਿਕ ਪਰੇਸ਼ਾਨੀ ਅਤੇ ਨਿਰਾਸ਼ਾ ਦੇ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਹਨ।

ਅਸੀਂ ਪੜ੍ਹਦੇ ਆਏ ਹਾਂ ਕਿ ਲੋਕਤੰਤਰ ਵਿੱਚ ਲੋਕ ਸਭ ਤੋਂ ਵੱਡੇ ਹੁੰਦੇ ਹਨ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨੀ ਵੀ ਸਰਕਾਰਾਂ ਦੀ ਜਿੰਮੇਵਾਰੀ ਹੁੰਦੀ ਹੈ। ਅਜਿਹੇ ਹਾਲਾਤਾਂ ਵਿੱਚ ਇਹ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਮਜ਼ਬੂਤ ਇੱਛਾ ਸ਼ਕਤੀ ਦਾ ਪ੍ਰਗਟਾਵਾ ਕਰਦੇ ਹੋਏ ਸਾਰਥਕ ਕਦਮ ਚੁੱਕੇ। ਇਸ ਗੰਭੀਰ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਕੋਲ ਦੋ ਹੱਲ ਹਨ। ਪਹਿਲਾ ਇਹ ਕਿ ਉਹ 1158 ਭਰਤੀ ਨੂੰ ਬਚਾਉਣ ਲਈ ਸੁਪਰੀਮ ਕੋਰਟ ਵਿੱਚ ਫੌਰੀ ਤੌਰ ਤੇ ਕਿਊਰੇਟਿਵ ਪਟੀਸ਼ਨ (ਭਾਵੇਂ ਕਿ ਰੀਵਿਊ ਖ਼ਾਰਜ ਹੋਣ ਤੋਂ ਬਾਅਦ ਉਸਦੇ ਸੁਣੇ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ) ਦਾਇਰ ਕਰਕੇ ਪੂਰੇ ਜ਼ੋਰ-ਸ਼ੋਰ ਨਾਲ ਉਸਦੀ ਪੈਰਵਾਈ ਕਰੇ।

ਦੂਜਾ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਲੋਕ ਹਿੱਤ ਵਿੱਚ ਫੈਸਲਾ ਕਰਦਿਆਂ ਇਹਨਾਂ ਉਮੀਦਵਾਰਾਂ ਦੇ ਹੱਕ ਵਿੱਚ ਜਲਦੀ ਹੀ ਇੱਕ 'ਰੀਵੈਲੀਡੇਸ਼ਨ ਐਕਟ'ਬਣਾ ਕੇ ਆਪਣੇ ਪੱਧਰ ਉੱਤੇ ਇਹਨਾਂ ਰੈਗੂਲਰ ਭਰਤੀ ਕੀਤੇ ਗਏ ਸਹਾਇਕ ਪ੍ਰੋਫੈਸਰਾਂ ਤੇ ਲਾਇਬਰੇਰੀਅਨਾ ਦੀਆਂ ਨੌਕਰੀਆਂ ਨੂੰ ਸੁਰੱਖਿਅਤ ਕਰਨ ਦਾ ਕੋਈ ਫੌਰੀ ਉਪਰਾਲਾ ਕਰੇ ਤਾਂ ਕਿ ਇਹਨਾਂ 1158 ਉਮੀਦਵਾਰਾਂ ਦੇ ਨਾਲ- ਨਾਲ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਪੜਦੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਵੀ ਹਨੇਰਿਆਂ ਵਿੱਚ ਗਰਕਣੋਂ ਬਚਾਇਆ ਜਾ ਸਕੇ। ਕਰਨਾਟਕਾ ਅਤੇ ਤਿਲੰਗਨਾ ਦੀਆਂ ਸਰਕਾਰਾਂ ਅਜਿਹੇ ਐਕਟ ਪਹਿਲਾਂ ਹੀ ਬਣਾ ਚੁੱਕੀਆਂ ਹਨ। ਪੰਜਾਬ ਦੇ ਵਿੱਚ ਵੀ 1999 ਵਿੱਚ ਸੂਬਾ ਸਰਕਾਰ ਵਲੋਂ ਅਧਿਆਪਕਾਂ ਲਈ ਅਜਿਹਾ ਐਕਟ ਬਣਾ ਕੇ ਉਹਨਾਂ ਦੀਆਂ ਨੌਕਰੀਆਂ ਨੂੰ ਸੁਰੱਖਿਅਤ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਵੀ ਮਿਤੀ 02-02-2024 ਨੂੰ ਉਚੇਰੀ ਸਿੱਖਿਆ ਮੰਤਰੀ ਸ਼੍ਰੀ ਹਰਜੋਤ ਸਿੰਘ ਬੈਂਸ ਵੱਲੋਂ ਜਾਰੀ ਕੀਤੇ ਪੱਤਰ ਨੰਬਰ 302 ਦੇ ਤਹਿਤ ਪਹਿਲਾਂ ਹੀ ਇਸ ਭਰਤੀ ਵਿਚਲੀਆਂ ਤਰੁੱਟੀਆਂ ਨੂੰ ਐਕਟ ਰਾਹੀਂ ਦਰੁਸਤ ਕਰਨ ਬਾਰੇ ਵਿਚਾਰ ਕਰ ਚੁੱਕੀ ਹੈ।

ਅੱਜ ਸਮਾਂ ਹੈ ਕਿ ਪੰਜਾਬ ਦੀ ਸਰਕਾਰ ਜੋ ਕਿ ਸਿਹਤ ਅਤੇ ਸਿੱਖਿਆ ਨੂੰ ਆਪਣੀ ਤਰਜੀਹ ਮੰਨਣ ਦਾ ਦਮ ਭਰਦੀ ਹੈ ਉਹ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਕਰਦਿਆਂ ਲੋਕ ਹਿੱਤ ਵਿੱਚ ਇਹ ਨਿਰਣਾਇਕ ਕਦਮ ਚੁੱਕੇ ਤਾਂ ਕਿ ਪੰਜਾਬ ਦੀ ਸਰਕਾਰੀ ਉਚੇਰੀ ਸਿੱਖਿਆ ਦੀ ਲੀਹੋਂ ਲੱਥੀ ਗੱਡੀ ਨੂੰ ਮੁੜ ਲੀਹ ਤੇ ਲਿਆਂਦਾ ਜਾ ਸਕੇ।

## US Hands off Venezuela

# Statement of East Indian Defence Committee

The US imperialism unleashed its power once again. In the wee hours of Saturday, January 3, 2026, in an unprovoked attack on an independent sovereign country with all its army, air force and naval strength it attacked the Venezuelan





President's home, captured and brought him and his wife to New York. They were made to appear before a judge on trumped up charges and will be kept in jail for life. This attack on a sovereign nation by USA is the continuation of its invasion on other countries since the Second World War; be it Vietnam, Granada, Panama, Afghanistan, Iraq and other countries to name a few. At the end of World War II when the sun was setting on the British colonialism USA emerged as a super power to initiate a new world order. US army has been deployed and its troops are stationed in several countries under one excuse or the other. In fact, every country in Latin America does not feel safe in the present climate. Which country is next, Mexico, Columbia or Cuba? Trump continues to claim to annex Greenland from Denmark under the very watchful eyes of NATO and its allies. He also claims that Canada should be its 51st state.

The brazen attack on Venezuela is a violation of international law and human rights and was carried out on the false pretext of waging a war against drug trafficking. It is in the same manner when USA attacked Iraq in 2003 to justify that Saddam Hussein had weapons of mass destruction. The true reason for this aggression is to control the oil and other natural resources of the Venezuelan people. Venezuela is a vast country comprising of an area of over 350,000 square miles with an estimated population of 32 million people. It has more than 300 billion barrels of crude oil in its proven reserves which Trump wants to control. He claims to run the government of Venezuela and supply the oil reserves to US oil corporations in return of their support in his election.

East Indian Defence Committee resolutely believes that international solidarity must be built against any imperialist aggression on Venezuelan sovereignty. It is the primary responsibility of all democratic and progressive forces in the world today to put up resistance against this aggression. The Committee vehemently condemns the US invasion of Venezuela and also exhorts the people of Venezuela to fight and resist this aggression.

Secretary
**Harbhajan Cheema**
**604-377-2415**

GALAXY Freightline Inc.
Manpreet Singh
Manager
780-604-0593
Office : 416-644-8881
Logistics Ltd Calgary Alberta
Warehousing / Distribution
7270 106 Ave SE Calgary, AB T2C 4Y5

## ਅਸੀਂ ਆਦਿਵਾਸੀ !

ਅਸੀਂ ਆਦਿਵਾਸੀ!
ਅਸੱਭਿਅਕ ਹਾਂ
ਗਵਾਰ ਹਾਂ
ਅਨਪੜ੍ਹ ਹਾਂ
ਭੋਲੇ-ਭਾਲੇ ਹਾਂ
ਸਾਨੂੰ ਨਹੀਂ ਪਤਾ
ਦੇਸ਼ ਕੀ ਹੁੰਦਾ ਹੈ
ਕਿਹੜੀ ਹੈ
ਇਸ ਦੀ ਰਾਜਧਾਨੀ
ਕੌਣ ਬੈਠਾ ਹੈ
ਤਖ਼ਤ 'ਤੇ
ਸਾਨੂੰ ਤਾਂ ਪਤਾ ਹੈ
ਇਹ ਜੰਗਲ ਹੀ
ਸਾਡਾ ਦੇਸ਼ ਹੈ
ਇਹੋ ਹੀ ਸਾਡੀ ਮਾਂ ਹੈ

ਦਰਖਤਾਂ ਦੇ ਝੁੰਡਾਂ 'ਚੋਂ
ਝਰਦਾ ਮਧੁਰ ਸੰਗੀਤ
ਨਦੀਆਂ ਝੀਲਾਂ 'ਚੋਂ
ਕਲਕਲ ਕਰਦਾ
ਪਵਿੱਤਰ ਜਲ
ਪੰਛੀਆਂ ਦੀ ਚਹਿਚਹਾਟ
ਜਾਨਵਰਾਂ ਨਾਲ
ਵਿਚਰਣਾ-ਕੁੱਦਣਾ
ਸਾਡਾ ਜੀਵਨ ਹੈ।
ਮਰਦਾਂ ਔਰਤਾਂ ਦਾ
ਬਾਹਾਂ 'ਚ ਬਾਹਾਂ ਪਾ ਕੇ
ਲੋਕ ਗੀਤਾਂ 'ਤੇ ਥਿਰਕਣਾ
ਹੈ ਸਾਡੀ ਭਾਸ਼ਾ

ਢੋਲਕ ਦੀ ਥਾਪ 'ਤੇ
ਸਮੂਹਿਕ ਨਾਚ-ਗਾਣ
ਹੈ ਸਾਡੀ ਜੀਵਨ-ਰੇਖਾ
ਅਸੀਂ ਅਸੱਭਿਅਕ ਹਾਂ
ਅਸੀਂ ਵੱਢਦੇ ਵੇਚਦੇ
ਬੋਲੀ ਨਹੀਂ ਲਾਉਂਦੇ
ਰੱਜ ਕੇ ਕਰਦੇ ਹਾਂ
ਪਿਆਰ
ਜੰਗਲ ਨੂੰ
ਅਸੀਂ ਨਹੀਂ ਕਰਦੇ
ਬਲਾਤਕਾਰ

ਸਾਡੇ ਤੇ
ਨਹੀਂ ਚੜ੍ਹ ਸਕਦਾ
ਤੁਹਾਡੀ ਸਭਿਅਤਾ ਦਾ
ਨਕਲੀ ਰੰਗ ਕਿਉਂਕਿ
ਅਸੀਂ ਨਾ ਵਿਕਣਾ ਜਾਣਦੇ
ਨਾ ਇਮਾਨ ਖਰੀਦਣਾ ਜਾਣਦੇ

ਪਹਾੜ ਸਾਡੇ ਦੇਵਤਾ ਹਨ
ਸਾਡੇ ਰੱਬ ਹਨ
ਤੇ ਨਦੀਆਂ
ਸਾਡੀਆਂ ਦੇਵੀਆਂ

ਅਸੀਂ ਪੱਥਰ ਦੀਆਂ
ਮੂਰਤੀਆਂ ਨਹੀਂ ਬਣਾਉਂਦੇ
ਕਰਦੇ ਹਾਂ
ਕੁਦਰਤ ਦੀ ਪੂਜਾ

ਅਸੀਂ ਤੁਹਾਡੇ ਤੋਂ
ਕੁੱਝ ਨਹੀਂ ਮੰਗਦੇ
ਬੱਸ ਜਿਉਣ ਦਿਉ
ਆਪਣੀ ਆਜ਼ਾਦੀ ਸੰਗ

ਆਜ਼ਾਦੀ, ਆਜ਼ਾਦੀ
ਇਹੋ ਹੀ ਸਾਡੀ
ਵਿਰਾਸਤ ਹੈ
ਸੰਸਕ੍ਰਿਤੀ ਹੈ

ਸਾਨੂੰ ਨਹੀਂ ਚਾਹੀਦਾ
ਤੁਹਾਡਾ ਇਹ ਵਿਕਾਸ
ਤੁਸੀਂ
ਲੋਚਦੇ ਹੋ
ਸਾਡੀ ਧਰਤੀ ਮਾਂ ਦਾ
ਕਲੇਜਾ ਪਾੜ ਕੇ
ਸਾਡੀ ਮਾਂ ਦੀ ਗੋਦ 'ਚ
ਲੁਕਿਆ ਅਨਮੋਲ ਖਜ਼ਾਨਾ!

ਧਰਤੀ ਮਾਂ ਦੀ ਦੇਹ 'ਤੇ
ਚਲਾਉਂਦੇ ਹੋ
ਬੁਲਡੋਜ਼ਰ
ਸਾਡੇ ਪੁਰਖਿਆਂ ਵਰਗੇ
ਸਾਡੇ ਭਰਾਵਾਂ ਵਰਗੇ
ਸਾਡੀਆਂ ਬਾਹਵਾਂ ਵਰਗੇ
ਹਰੇ-ਭਰੇ ਦਰਖਤਾਂ ਦਾ
ਕਰਦੇ ਹੋ ਕਤਲ

ਸਾਡੀਆਂ ਝੁੱਗੀਆਂ ਨੂੰ ਲਾਉਂਦੇ ਹੋ
ਅੱਗ ਤੇ ਕਹਾਉਂਦੇ ਹੋ
ਸੱਭਿਅਕ
ਵਿਕਾਸ-ਪੁੱਤਰ

ਤੁਸੀਂ ਇਥੇ ਨਹੀਂ ਲਗਾ ਸਕਦੇ
ਫਿਰਕੂ-ਜਹਿਰੀਲੇ ਟੀਕੇ
ਤੁਸੀਂ ਡਰਦੇ ਹੋ
ਸਾਡੇ ਤੀਰਾਂ-ਭਾਲਿਆਂ ਤੋਂ

ਹੋ ਰਹੀ ਹੈ ਪ੍ਰਚੰਡ
ਜੈ ਜੁਹਾਰ!
ਜੈ ਆਦਿਵਾਸੀ ਦੀ ਹੁੰਕਾਰ!

ਨਹੀਂ ਹੋਣ ਦੇਵਾਂਗੇ
ਆਪਣੀ ਜ਼ਮੀਨ
ਜਲ-ਜੰਗਲ ਨਾਲ
ਦੁਰਾਚਾਰ!

ਤੁਸੀਂ ਛਲ ਕੀਤਾ ਸੀ
ਸਾਡੇ ਏਕਲਵਯ ਨਾਲ
ਉਸ ਨੂੰ ਕਰ ਦਿੱਤਾ ਸੀ
ਬੇਹਥਿਆਰ!
ਹੁਣ ਲੱਖਾਂ ਏਕਲਵਯਾਂ ਨੇ
ਜਲ-ਜੰਗਲ-ਜ਼ਮੀਨ ਦੀ
ਰਾਖੀ ਲਈ
ਇਕ-ਜੁੱਟ ਕਰ ਲਏ ਨੇ
ਸਭ ਅੰਗੂਠੇ ਤਿਆਰ!



-ਜੋਗਿੰਦਰ ਆਜ਼ਾਦ

## ਕਵਿਤਾ

ਸਭ ਤੋਂ ਖਤਰਨਾਕ ਹੁੰਦਾ ਹੈ,
ਸਾਡੇ ਸੁਪਨਿਆਂ ਦਾ ਮਰ ਜਾਣਾ।
ਪਰ ਉਸ ਤੋਂ ਵੀ ਖਤਰਨਾਕ ਹੁੰਦਾ ਹੈ
ਪੱਤਰਕਾਰਾਂ ਅਤੇ ਅਖਬਾਰਾਂ ਦਾ ਵਿਕ ਜਾਣਾ..

ਸਭ ਤੋਂ ਖਤਰਨਾਕ ਓਹ ਅੱਖ ਹੁੰਦੀ ਹੈ
ਜੋ ਸਭ ਦੇਖਦੀ ਹੋਈ ਵੀ ਠੰਡੀ ਅੱਖ ਹੁੰਦੀ ਹੈ
ਪਰ ਉਸ ਤੋਂ ਵੀ ਖਤਰਨਾਕ
ਕਾਨੂਨ ਦੀ ਅੱਖ ਹੁੰਦੀ ਹੈ..
ਜੋ ਅਮੀਰ ਦਾ ਪੈਸਾ ਦੇਖ ਕੇ
ਬੰਦ ਹੁੰਦੀ ਹੈ

ਸਭ ਤੋਂ ਖਤਰਨਾਕ ਓਹ ਚੰਨ ਹੁੰਦਾ ਹੈ....
ਜੋ ਹਰ ਕਤਲਕਾਂਡ ਦੇ ਬਾਦ ਸੁੰਨੇ ਹੋਏ
ਵੇਹੜਿਆਂ ਵਿਚ ਚੜਦਾ ਹੈ।
ਪਰ ਉਸ ਤੋਂ ਵੀ ਖਤਰਨਾਕ ਓਹ
ਸਿਆਸਤਦਾਨ ਹੁੰਦਾ ਹੈ....
ਜੋ ਪੰਜ ਸਾਲ ਲੁੱਟਣ ਬਾਅਦ ਫਿਰ
ਤੁਹਾਡੇ ਵੇਹੜੇ ਆ ਵੜਦਾ ਹੈ।

ਸਭ ਤੋਂ ਖਤਰਨਾਕ ਹੁੰਦੇ ਹਨ
ਧਰਮ ਦੇ ਨਾਂ ਤੇ ਦੰਗੇ ਕਰਾਉਣੇ..
ਪਰ ਉਸਤੋਂ ਵੀ ਖਤਰਨਾਕ ਹੁੰਦਾ ਹੈ
ਦੰਗਿਆਂ ਤੇ ਸਿਆਸਤ ਕਰਨਾ

ਸਭ ਤੋਂ ਖਤਰਨਾਕ ਉਹ ਦਿਸ਼ਾ ਹੁੰਦੀ ਹੈ...
ਜਿਸ ਤੋਂ ਆਤਮਾ ਦਾ ਸੂਰਜ ਡੁੱਬ ਜਾਵੇ
ਪਰ ਉਸ ਤੋਂ ਵੀ ਵਧ ਖਤਰਨਾਕ
ਓਹ ਵੋਟ ਹੁੰਦੀ ਹੈ... ਜੋ
ਸ਼ਰਾਬ ਦੀ ਬੋਤਲ ਬਦਲੇ ਵਿਕ ਜਾਵੇ

ਸਭ ਤੋਂ ਖਤਰਨਾਕ ਹੁੰਦਾ ਹੈ...
ਸਾਡੇ ਸੁਪਨਿਆਂ ਦਾ ਮਰ ਜਾਣਾ
ਪਰ ਉਸ ਤੋਂ ਵੀ ਖਤਰਨਾਕ ਹੁੰਦਾ ਹੈ...
ਵੇਹਲੜ ਬਣ ਜਾਣਾ

ਆਟਾ ਦਾਲ ਦਾ ਰਾਸ਼ਨ ਕਾਰਡ ਬਣਾਉਣਾ
ਖਤਰਨਾਕ ਨਹੀਂ ਹੁੰਦਾ....
ਖਤਰਨਾਕ ਹੁੰਦਾ ਹੈ
ਵੋਟਾਂ ਖਾਤਰ ਇਨ੍ਹਾਂ ਕਾਰਡਾਂ ਦਾ ਲਾਰਾ ਲਾਉਣਾ..

ਖਜਾਨੇ ਦੀ ਚੋਰੀ ਸਭ ਤੋਂ ਖਤਰਨਾਕ ਹੁੰਦੀ ਹੈ...
ਪਰ ਉਸਤੋਂ ਵੀ ਖਤਰਨਾਕ ਹੁੰਦਾ ਹੈ...
ਉਸ ਚੋਰੀ ਦੇ ਪੈਸੇ ਦਾ ਸਵਿਸ ਬੈਂਕਾਂ ਵਿਚ ਜਾਣਾ

ਸਭ ਤੋਂ ਖਤਰਨਾਕ ਹੁੰਦਾ ਹੈ,
ਮੁੱਜਰਮਾਂ ਦਾ ਚੋਣ ਲੜਨਾ...
ਪਰ ਉਸ ਤੋਂ ਵੀ ਖਤਰਨਾਕ ਹੁੰਦਾ ਹੈ...
ਉਸਦਾ ਜਿੱਤ ਕੇ ਕਾਨੂੰਨ ਮੰਤਰੀ ਬਣ ਜਾਣਾ..

ਪੇਸ਼ਕਸ਼ - ਜੋਗਿੰਦਰ ਆਜ਼ਾਦ

## ਉਹ ਖੋਹ ਕੇ ਸਕੂਨ ਮੇਰਾ...

ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।
ਜੇ ਲਿਖਾਂ ਸਭ ਸੱਚ
ਆਖੋਗੇ ਤਾਂ ਨਹੀਂ ਕਿਤੇ
ਬੜਾ ਕੁਫਰ ਤੋਲਦਾ?
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਬਗਲ ਵਿੱਚ ਛੁਰੀ ਨਹੀਂ
ਹੋਰ ਬੜੇ ਹਥਿਆਰ ਨੇ
ਮੁੱਖੋਂ ਹੋਰ ਵੀ ਹੈ
ਕਈ ਨਾਮ ਬੋਲਦਾ।
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਹੈ ਨੀ ਰਤਾ ਜਿੰਨੀ ਲੱਜ
ਸਭ ਵੋਟਾਂ ਲਈ ਨੇ ਚੱਜ
ਭੋਲੀ ਭਾਲੀ ਆਸਥਾ 'ਤੇ
ਨਫਾ ਨੁਕਸਾਨ ਤੋਲਦਾ।
ਉਹ ਖੋ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਕਰੋਨਾ ਦੇ ਬਹਾਨੇ
ਕਿੰਨੇ ਹਿੱਤ ਦਾਅ ਤੇ ਲਾਤੇ
ਲੋਕ ਦੋਖੀ ਕਿੰਨੇ ਹੀ
ਕਾਨੂੰਨ ਬਣਾ ਤੇ
ਕਾਰਪੋਰੇਟਾਂ ਲਈ ਕੋਰੋਨਾ ਨੂੰ
ਵਰਦਾਨ ਹੈ ਬੋਲਦਾ
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਕਿਤੇ ਕਸ਼ਮੀਰ ਕੁਰਲਾਵੇ
ਕਿਤੇ ਮਨੀਪੁਰ ਰੋਵੇ
ਕੀਤਾ ਗੁਜਰਾਤ ਵਿੱਚ
ਲੋਕਾਂ ਦਾ ਘਾਣ ਬੋਲਦਾ।
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਵਿਦਿਅਕ ਅਦਾਰਿਆਂ ਚ
ਗਿਆਨ ਦਾਅ 'ਤੇ ਲਾਤਾ
ਪਾਰਖੂ ਸੋਚ ਦਾ ਮੁੱਦਾ ਹੀ ਮੁਕਾਤਾ
ਲੋਕਤੰਤਰ ਦਾ
ਕੀਤਾ ਹੋਇਆ ਘਾਣ ਬੋਲਦਾ
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ

ਖਰੀਦ ਲਈ ਪ੍ਰੈਸ
ਕੋਈ ਬੋਲੂ ਕਿਵੇਂ ਵੱਖ?
ਤਾਨਾਸ਼ਾਹੀ ਵਾਲਾ ਸਾਰਾ
ਗੁਮਾਨ ਬੋਲਦਾ।
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਦਲਜੀਤ ਸਿੰਘ, ਸਮਰਾਲਾ

## ਔਰਤ ਦਾ ਮਨ

ਉਹ ਸਮਝਦੇ ਹਨ
ਮੈਂ ਖ਼ਤਰਨਾਕ ਔਰਤ ਹਾਂ
ਔਰਤਾਂ ਜੋ ਸੁਰਖੀ ਨਹੀਂ ਲਾਉਂਦੀਆਂ
ਚੂੜੀਆਂ ਨਹੀਂ ਪਾਉਂਦੀਆਂ
ਗਹਿਣਿਆਂ ਦੀ ਥਾਂ
ਕਿਤਾਬਾਂ ਖ਼ਰੀਦਦੀਆਂ ਹਨ
ਜਿਹਨਾਂ ਦੇ ਪਰਸਾਂ ਵਿੱਚ
ਕੰਘਾ ਸ਼ੀਸ਼ਾ ਨਹੀਂ
ਕਾਗਜ਼ ਤੇ ਕਲਮਾਂ ਹੁੰਦੀਆਂ
ਅਜਿਹੀਆਂ ਔਰਤਾਂ ਖ਼ਤਰਨਾਕ ਹੁੰਦੀਆਂ
ਉਹ ਮੈਨੂੰ ਖ਼ਤਰਨਾਕ ਸਮਝ
ਮੇਰਾ ਪਿੱਛਾ ਕਰਦੇ ਹਨ
ਮੇਰੇ ਘਰ ਦਾ ਹਰ ਕੋਨਾ ਫਰੋਲਦੇ
ਖਾਲੀ ਹੱਥ ਪਰਤ ਜਾਂਦੇ
ਕਿਤੋਂ ਕੁਝ ਖ਼ਤਰਨਾਕ ਨਹੀਂ ਮਿਲਦਾ
ਬਸ ਉਹ ਮੇਰੀਆਂ
ਅੱਖਾਂ ਵੱਲ ਦੇਖਣਾ ਭੁੱਲ ਜਾਂਦੇ ਹਨ
ਤੇ ਤਲਾਸ਼ੀ ਬਿਨਾਂ ਬਚੀ ਰਹਿੰਦੀ ਹੈ
ਇਹ ਇੱਕੋ ਇੱਕ ਜਗ੍ਹਾ
ਜਿੱਥੇ ਮੈਂ ਸੁਪਨੇ ਲੁਕੋ ਕੇ ਰੱਖਦੀ ਹਾਂ

-ਨੀਤੂ ਅਰੋੜਾ

## ਜਨਵਰੀ ਨਵੇਂ ਵਰ੍ਹੇ ਜੋ

**ਬਦਲੇ ਮੌਸਮ ਅਤੇ ਕੈਲੰਡਰ**
**ਬੱਤੀ ਚੇਤਨਾ ਅਤੇ ਸੰਗਰਾਮ ਦੀ**
**ਬਾਲ ਮਨ ਦੇ ਬਨੇਰੇ ਉੱਤੇ ਰੱਖੀਏ...**
**- ਅਮੋਲਕ ਸਿੰਘ**

ਜਨਵਰੀ

ਨਵੇਂ ਵਰ੍ਹੇ ਜੋ ਸੂਰਜ ਚੜਿਆ
ਹੋਇਆ ਘੁੱਪ ਹਨੇਰਾ ਹੈ
ਸਰਘੀ ਵੇਲੇ ਵੈਣ ਨੇ ਪੈਂਦੇ
ਦੱਸੋ ਕੇਹਾ ਸਵੇਰਾ ਹੈ!

ਪੁੱਤਰ ਕੋਠੇ ਜਿੱਡਾ ਹੋਇਆ
ਮਾਂ ਨੇ ਖੁਸ਼ੀ ਮਨਾਈ ਹੈ
'ਪੁੱਤ-ਪਤੰਗ' ਦੀ ਡੋਰ ਟੁੱਟ ਗਈ
ਡਿੱਗ ਧਰਤੀ ਤੇ ਆਈ ਹੈ

ਬਾਲਾਂ ਦੇ ਮਨ ਉਡ ਉਡ ਕਰਦੇ
ਅੰਬਰ ਛੋਹਣਾ ਚਾਹੁੰਦੇ ਨੇ
ਪਤਝੜ ਦੇ ਸ਼ੌਕੀਨ ਇਹ ਰਾਜੇ
ਰੁੱਤ ਬਸੰਤ ਨਾ ਚਾਹੁੰਦੇ ਨੇ

ਫਰਵਰੀ

ਹੋਲੀ ਦੇ ਦਿਨ ਬੱਬਰ ਯੋਧੇ
ਫਾਂਸੀ ਤੇ ਲਟਕਾਏ ਨੇ
ਅੱਜ ਦੇ 'ਬੱਬਰ' ਵਿੱਚ ਮੁਕਾਬਲੇ
ਜਾਂਦੇ ਫੇਰ ਮੁਕਾਏ ਨੇ

ਹੋਲੀ ਦੇ ਜਸ਼ਨਾਂ ਦੇ ਰੰਗ 'ਚ
ਲੋਕ ਗਏ ਤਾਂ ਰੰਗੇ ਸੀ
ਬੱਬਰਾਂ ਦੀਆਂ ਅਰਥੀਆਂ ਲੈ ਕੇ
ਕੋਲ? ਦੀ ਘਰਦੇ ਲੰਘੇ ਸੀ

ਅੱਜ ਵੀ ਧੁੰਦ ਮਨਾ ਤੇ ਛਾਈ
ਮੂੰਹ ਨੂੰ ਤਾਲਾ ਲਾਇਆ ਹੈ
ਰਾਜੇ ਸੀ ਮੁਕੱਦਮ ਕੁੱਤੇ
ਕਿਉਂ ਨਾ ਆਖ ਸੁਣਾਇਆ ਹੈ

ਮਾਰਚ

8 ਮਾਰਚ ਹੈ ਔਰਤ ਦਾ ਦਿਨ
ਇਹ ਇਤਿਹਾਸ ਤਾਂ ਆਖੇ
ਫਲਸਤੀਨੀ,ਆਦੀਵਾਸੀ, ਕਸ਼ਮੀਰੀ ਔਰਤ
ਇਸ ਦਿਨ ਨੂੰ ਆਖੇ ਕੀ ਆਖੇ

ਰੁੱਤਾਂ ਅਤੇ ਕੈਲੰਡਰ ਬਦਲੇ
ਨਵਾਂ ਕੈਲੰਡਰ ਘੜਨਾ ਪੈਣਾ
ਭਗਤ ਸਿੰਘ ਦਾ ਮੋੜਿਆ ਵਰਕਾ
ਡਾਇਰੀ ਵਿੱਚੋਂ ਪੜ੍ਹਨਾ ਪੈਣਾ :

÷ਹਮ ਰਹੇ ਰਹੇ ਜਾ ਨਾ ਰਹੇ
ਪੌਣਾਂ ਵਿਚ ਸਾਡੇ ਬੋਲ ਰਹਿਣਗੇ÷
ਮਾਫ਼ੀ ਮੰਗਤੇ ਤਖ਼ਤੀਂ ਬੈਠੇ
ਇਤਿਹਾਸ ਦੇ ਵਰਕੇ ਇਹ ਕਹਿਣਗੇ

'ਕੱਤੀ ਮਾਰਚ ਮਿਤੀ ਅਖ਼ੀਰੀ
ਹਾਕਮਾਂ ਹੁਕਮ ਸੁਣਾਇਆ ਹੈ:
÷ਇੱਕ ਨੀ ਛੱਡਣਾ ਜੋ ਜਾਪੇਗਾ
ਇਹ ਧਰਤੀ ਜਾਇਆ÷ ਹੈ।

ਬਿਨਾਂ ਮੁਕੱਦਮਾ ਜੇਲ੍ਹੀਂ ਡੱਕੇ
ਉਮਰ ਖ਼ਾਲਿਦ ਤੇ ਸਾਥੀ ਨਹੀਂ
ਖੁੱਲ੍ਹੀ ਜੇਲ੍ਹ ਮੁਲਕ ਹੈ ਬਣਿਆ
ਬਾਹਰ ਕੋਈ ਬਚਿਆ ਬਾਕੀ ਨਹੀਂ

ਧਰਤੀ ਜਾਏ, ਲੜਦੇ ਆਏ
ਸੋਚਾਂ ਵਿੱਚ ਤੀਰ ਇਹ ਕੱਸਣਗੇ
ਸ਼ਬਦ ਹੁੰਦੇ ਹਥਿਆਰ ਤੋਂ ਤਕੜੇ
ਧਰਤੀ ਜੰਗਲ ਦੱਸਣਗੇ

ਰੁੱਤ ਬਦਲਣੀ ਹੈ ਲੋਕਾਂ ਨੇ
ਨਵੇਂ ਕੈਲੰਡਰ ਲਿਖਣੇਂ ਨੇ
ਨਾ ਡਿਗਣੇ ਪੁੱਤ ਕੋਠਿਆਂ ਉੱਤੋਂ
ਨਾ ਪਰਦੇਸੀਂ ਵਿਕਣੇ ਨੇ



ਮੱਥੇ ਤੀਜੀ ਅੱਖ ਉਗਾਈਏ
ਜਿਹੜੀ ਅੱਖ ਪਛਾਣੇ ਇਹ
ਜੰਗ, ਬਿਮਾਰੀ ਅਤੇ ਹਾਦਸੇ
ਨਹੀਓਂ ਰੱਬੀ ਭਾਣੇ ਇਹ

ਚਾਨਣ ਵੰਡਦੇ ਵਿੱਚ ਲੋਕਾਂ ਦੇ
ਤਰਕਸ਼ੀਲ ਵਣਜਾਰੇ ਨੇ
ਸੁਣ ਲੈ ਬੱਲਿਆ ਵੇਲਾ ਆਖੇ
ਕੀ ਕਹਿੰਦੇ ਹਰਕਾਰੇ

ਕਲਮ, ਕਲਾ, ਸੰਗਰਾਮ ਦੀ ਜੋਟੀ
ਲੋੜ ਹੈ ਤਕੜੀ ਕਰਨੇ ਦੀ
ਇਹ ਰੁੱਤ ਜੂਝਣ ਦੀ ਵੇ ਲੋਕਾ
ਨਾ ਤਿਲ? ਤਿਲ? ਕਰਕੇ ਮਰਨੇ ਦੀ

ਕਿਰਤੀ ਕਾਮੇਂ ਮਹਿਲੀਂ ਚੜ੍ਹ ਕੇ
ਨਵੀਂ ਬਸੰਤ ਮਨਾਵਣਗੇ
ਕੁੱਲ ਆਪਣੀ ਧਰਤੀ ਦੇ ਸਿਰ ਤੇ
ਫੇਰ ਪਤੰਗ ਉਡਾਵਾਂਗੇ

## ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦਾ

ਮੁੱਛਾਂ ਦਾ ਕੁੰਢੀਆਂ ਹੋ ਜਾਣਾ,
ਸੋਚਾਂ ਦਾ ਖੁੰਢੀਆਂ ਹੋ ਜਾਣਾ,
ਪੈਂਟਾਂ ਦਾ ਉੱਚੀਆਂ ਹੋ ਜਾਣਾ,
ਨਜ਼ਰਾਂ ਦਾ ਲੁੱਚੀਆਂ ਹੋ ਜਾਣਾ,
ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦਾ।

ਆਪਣੀ ਭਾਸ਼ਾ, ਸੱਭਿਆਚਾਰ ਨੂੰ ਛੱਡਦੇ ਜਾਣਾ,
ਨੈਤਿਕਤਾ ਨੂੰ ਨਿੱਤਨੇਮ 'ਚੋਂ ਨਿੱਤ ਕੱਢਦੇ ਜਾਣਾ,
ਤਰੱਕੀ ਦੀ ਹੋੜ ਵਿੱਚ ਬਿਰਖ਼ਾਂ ਨੂੰ ਵੱਢਦੇ ਜਾਣਾ,
ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦਾ।

ਮੁਹੱਬਤ ਹੁੰਦਿਆਂ ਵੀ ਮੁਹੱਬਤ ਨਾ ਕਰਨਾ,
ਜਿੱਤੀ ਹੋਈ ਬਾਜ਼ੀ ਜਾਣ ਬੁੱਝ ਕੇ ਹਰਨਾ,
ਉੱਲੂਆਂ ਦੀ ਮਹਿਫ਼ਲ ਵਿੱਚ, ਪਪੀਹੇ ਦਾ ਹਾਮੀ ਭਰਨਾ,
ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦਾ।

ਰਿਸ਼ਤਿਆਂ ਵਿੱਚੋਂ ਪਿਆਰ ਮੁੱਕ ਜਾਣਾ,
ਬੋਲਣ ਦਾ ਵੀ ਅਧਿਕਾਰ ਮੁੱਕ ਜਾਣਾ,
ਸਮਝ, ਸਲੀਕੇ, ਸਤਿਕਾਰ ਮੁੱਕ ਜਾਣਾ,
ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦਾ।

ਧਰਮ ਦੀ ਆੜ ਵਿੱਚ ਸ਼ਰਮ ਗੁਵਾ ਦੇਣਾ,
ਸ਼ਕਤੀ ਦੇ ਨਾਂ ਉੱਤੇ ਸ਼ਰਧਾ ਬਾਂਝ ਬਣਾ ਦੇਣਾ,
ਅਲਖ ਜਗਾਉਂਦਿਆ, ਅਣਖ ਮੁਕਾ ਦੇਣਾ,
ਹੈਰਾਨ ਹੀ ਨਹੀ, ਪ੍ਰੇਸ਼ਾਨ ਵੀ ਕਰਦਾ।

ਸੱਚ ਦਾ ਖ਼ਾਮੋਸ਼ੀ ਨਾਲ ਭਰ ਜਾਣਾ,
ਜਬਰ-ਜ਼ੁਲਮ ਸਭ ਸਹਿਣ ਕਰ ਜਾਣਾ,
ਮਰਨ ਦੇ ਡਰੋ, ਜ਼ਿੰਦਗੀ ਤੋਂ ਡਰ ਜਾਣਾ,
ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦਾ।

ਸਮਝਣ-ਸਮਝਾਉਣ ਬਿਨ ਅੱਖਰ ਰਟਾਉਣ ਲੱਗ ਜਾਣਾ,
ਗ੍ਰੰਥਾਂ ਨੂੰ ਵਿਚਾਰਨ ਦੀ ਥਾਂ ਰੁਮਾਲੇ ਚੜ੍ਹਾਉਣ ਲੱਗ ਜਾਣਾ,
ਮੱਥੇ ਲਾਉਣ ਵਾਲਿਆਂ ਦਾ ਮੱਥੇ ਘਸਾਉਣ ਲੱਗ ਜਾਣਾ,
ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦਾ।

- ਅਮਰੀਕ ਪਾਠਕ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਫਿਲਮ 'ਲੋਹਰਦਗਾ' ਅਤੇ ਨਕਸਲੀ

**ਪਰਮਜੀਤ ਰੋਡੇ**




ਵੀਡੀਓ ਕਲੱਬ ਵੱਲੋਂ ਕੁਝ ਹਫ਼ਤੇ ਪਹਿਲਾਂ ਮੁੜ ਲਾਂਚ ਕੀਤੀ ਗਈ ਨਕਸਲੀ ਲਹਿਰ ਨਾਲ ਸਬੰਧਿਤ ਫਿਲਮ 'ਲੋਹਾਰਦਗਾ' ਇੱਕ ਵਾਰ ਫਿਰ ਚਰਚਾ 'ਚ ਹੈ। ਇਹ ਫ਼ਿਲਮ ਸੱਤ ਸਾਲ ਪਹਿਲਾਂ ਬਣੀ ਸੀ। 2019 'ਚ ਭਾਰਤ ਵੱਲੋਂ ਇਹ ਫ਼ਿਲਮ ਫਰਾਂਸ 'ਚ ਹਰ ਸਾਲ ਹੋਣ ਵਾਲੇ ਕੇਨਜ਼ ਫ਼ਿਲਮ ਫੈਸਟੀਵਲ ਦੇ ਵਰਡ ਮੁਕਾਬਲੇ 'ਚ ਹਿੱਸਾ ਲੈਣ ਲਈ ਭੇਜੀ ਗਈ ਸੀ। ਫਿਰ ਉਸਤੋਂ ਚਾਰ ਸਾਲ ਬਾਅਦ ਮਾਰਚ 2023 'ਚ ਇਹ ਭਾਰਤੀ ਥੀਏਟਰ ਲਈ ਰਿਲੀਜ਼ ਕਰ ਦਿੱਤੀ ਗਈ।

ਝਾਰਖੰਡ-ਛਤੀਸ਼ਗੜ੍ਹ ਦੇ ਜੰਗਲੀ-ਪਹਾੜੀ ਇਲਾਕੇ 'ਚ ਚੱਲ ਰਹੀ ਆਦਿਵਾਸੀ-ਨਕਸਲੀ ਲਹਿਰ ਬਾਰੇ ਜਾਣਕਾਰੀ 'ਕੱਠੀ ਕਰਨ ਲਈ ਮੈਨੂੰ ਪੰਜਾਬੀ 'ਚ ਤਾਂ ਲਿਟਰੇਚਰ ਨਹੀਂ ਮਿਲਿਆ ਪਰ ਨਕਸਲੀ ਖੇਤਰਾਂ ਦਾ ਦੌਰਾ ਕਰਕੇ ਮੁੜੇ ਲੇਖਕਾਂ ਦੀਆਂ ਇੰਗਲਿਸ਼ 'ਚ ਚਾਰ ਕਿਤਾਬਾਂ ਮਿਲ ਗਈਆਂ। (1) ਅਰੁਨਾਧਿਤੀ ਦੀ ਕਿਤਾਬ 'ਵਾਕਿੰਗ ਵਿਦ ਦਾ ਕਾਮਰੇਡਜ' (2) ਕਾਮਰੇਡ ਸਤਨਾਮ ਦੀ ਕਿਤਾਬ 'ਜੰਗਲਨਾਮਾਂ' (3) ਗੌਤਮ ਨਵਲੱਖਾ ਦੀ ਕਿਤਾਬ 'ਡੇਜ ਐਂਡ ਨਾਈਟਜ ਇਨ ਦਾ ਹਰਟਲੈਂਡ ਆਫ ਰੀਬੈਲੀਅਨ' ਅਤੇ (4) ਲੰਡਨ ਸਕੂਲ ਆਫ ਇਕਨਾਮਿਕਸ ਐਂਡ ਪੁਲੀਟੀਕਲ ਸਾਇੰਸ 'ਚ ਅਐਨਥਰੋਪਾਲੋਜੀ ਦੀ ਅਸਿਸਟੈਂਟ ਪ੍ਰੋਫੈਸਰ ਅਤੇ ਨਕਸਲੀ ਗੁਰੀਲਿਆਂ ਨਾਲ ਸੱਤ ਰਾਤਾਂ 'ਚ 150 ਮੀਲ ਪੈਦਲ ਤੁਰਨ ਵਾਲੀ ਦ੍ਰਿੜ੍ਹ ਔਰਤ 'ਅਲਪਾ ਸ਼ਾਹ' ਦੀ ਕਿਤਾਬ 'ਨਾਈਟ-ਮਾਰਚ ਅਮੰਗ ਇੰਡੀਆ'ਜ ਰੈਵੋਲੂਸ਼ਨਰੀ ਗੁਰੀਲਾਜ'। ਇਹ ਚਾਰ ਕਿਤਾਬਾਂ ਪੜ੍ਹ ਕੇ ਨਕਸਲੀ ਕਮਿਊਨਿਸਟ ਇਨਕਲਾਬੀਆਂ ਬਾਰੇ ਮੇਰੀ ਜੋ ਸਮਝ ਬਣੀ ਹੈ, ਉਸ ਦੀ ਰੋਸ਼ਨੀ 'ਚ ਜਦ ਮੈਂ ਮੂਵੀ 'ਲੋਹਰਦਗਾ' ਨੂੰ ਦੇਖਿਆ/ਵਿਚਾਰਿਆ ਤਾਂ ਇਸ ਦੀ ਕਹਾਣੀ ਦਾ ਆਖ਼ਰੀ ਹਿੱਸਾ ਮੈਨੂੰ ਥੋਥਾ ਤੇ ਸਾਜ਼ਿਸ਼ੀ ਲੱਗਿਆ।

ਕਹਿਣ ਨੂੰ ਭਾਵੇਂ ਕਹਾਣੀਕਾਰ ਜਾਂ ਪ੍ਰੋਡਿਊਸਰ ਨੇ ਇਸ ਨੂੰ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਕਹਾਣੀ ਕਿਹਾ ਹੈ ਪਰ ਸੱਚ ਇਹ ਹੈ ਕਿ ਕਹਾਣੀ ਦਾ ਸ਼ੁਰੂਆਤੀ ਤੇ ਪਹਿਲਾ ਭਾਗ ਤਾਂ ਹਕੀਕਤਾਂ ਨਾਲ ਕਾਫ਼ੀ ਮੇਲ ਖਾਂਦਾ ਹੈ ਪਰ ਬਾਕੀ ਸਭ ਨਕਸਲੀ ਲਹਿਰ ਦਾ ਸ਼ਕਲ-ਵਿਗਾੜ ਤੇ ਉਸ ਨੂੰ ਬਦਨਾਮ ਕਰਨ ਲਈ ਸਿਰਜਿਆ ਗਿਆ ਝੂਠ ਹੈ। ਜੇ ਅਸੀਂ ਇਸ ਮੂਵੀ ਦੇ ਕਲਾਤਮਕ ਅਤੇ ਤਕਨੀਕੀ ਨੁਕਤਾ ਨਜ਼ਰ ਦੀ ਗੱਲ ਕਰੀਏ ਤਾਂ ਇਹ ਇੱਕ ਵਧੀਆ ਫਿਲਮ ਦੇ ਮਿਆਰਾਂ 'ਤੇ ਪੂਰੀ ਉਤਰਦੀ ਹੈ। ਪਰ ਜੇ ਮੰਤਵ ਦੀ ਗੱਲ ਕਰੀਏ ਤਾਂ ਇਸ ਦੇ ਪਿੱਛੇ ਨਕਸਲੀ ਲਹਿਰ ਦਾ ਮੂੰਹ-ਮੁਹਾਂਦਰਾ ਵਿਗਾੜਨ ਦੀ ਚੇਤੰਨ ਰੂਪ 'ਚ ਖੋਟੀ ਤੇ ਬੇਈਮਾਨ ਭਾਵਨਾ ਕੰਮ ਕਰਦੀ ਹੈ।

ਮੂਵੀ ਦੀ ਕਹਾਣੀ, ਝਾਰਖੰਡ ਸੂਬੇ ਦੇ 'ਲੋਹਰਦਗਾ' ਨਾਮ ਦੇ ਇਕ ਪਿੰਡ ਤੋਂ ਸ਼ੁਰੂ ਹੁੰਦੀ ਹੈ। ਪਿੰਡ ਦੇ ਬੇਰੁਜ਼ਗਾਰ ਨੌਜਵਾਨ ਅਕਸਰ ਹੀ ਇੱਕ ਚਾਹ ਵਾਲੇ ਖੋਖੇ 'ਤੇ ਇਕੱਠੇ ਹੁੰਦੇ ਅਤੇ ਨੌਕਰੀ ਦੀ ਲੱਭਣ ਦੀਆਂ ਗੱਲਾਂ ਕਰਦੇ ਰਹਿੰਦੇ ਹਨ, ਜਿਨ੍ਹਾਂ 'ਚੋਂ ਇਕ ਮੰਨੂ ਨਾਮ ਦਾ ਨੌਜਵਾਨ ਵੀ ਹੈ। ਇਹ ਸਾਰੇ ਉਹ ਨੌਜਵਾਨ ਹਨ ਜਿਨ੍ਹਾਂ ਚੋਂ ਕਿਸੇ ਦਾ ਸੁਪਨਾ ਆਈਪੀਐਸ ਅਫਸਰ ਬਣਨ ਦਾ ਸੀ ਅਤੇ ਕਿਸੇ ਦਾ ਪਾਈਲਟ ਬਣਨ ਦਾ, ਪਰ ਹੁਣ ਹਾਲਾਤ ਇਹ ਸਨ ਕਿ ਸਭ ਨੂੰ ਲੱਗਦਾ ਹੈ ਕਿ ਇੱਕ ਵਾਰ ਤਾਂ ਜਿਹੋ ਜਿਹੀ ਵੀ ਨੌਕਰੀ ਮਿਲਦੀ ਹੈ ਕਰ ਲਈ ਜਾਵੇ। ਇਨ੍ਹਾਂ ਚੋਂ ਮੰਨੂੰ ਪ੍ਰਸਾਦ ਨਾਮ ਦੇ ਨੌਜਵਾਨ ਦੀ ਇੱਛਾ ਫੌਜ 'ਚ ਭਰਤੀ ਹੋਣ ਦੀ ਹੈ।

ਮੈਨੂੰ ਦੇ ਪਰਿਵਾਰ 'ਚ ਮਾਂ-ਬਾਪ ਤੋਂ ਇਲਾਵਾ ਦੋ ਭੈਣਾਂ ਹਨ ਇੱਕ ਉਸਤੋਂ ਵੱਡੀ ਅਤੇ ਇੱਕ ਛੋਟੀ। ਮੰਨੂ ਦਾ ਬਾਪ ਟੀਚਰ ਹੈ ਜੋ ਪਿੰਡ ਦੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ ਘਰ ਦਾ ਗੁਜ਼ਾਰਾ ਤੋਰਦਾ ਹੈ। ਉਹ ਨਹੀਂ ਚਾਹੁੰਦਾ ਕਿ ਉਸ ਦਾ ਪੁੱਤਰ ਪੜ੍ਹਾਈ ਵਿੱਚੇ ਛੱਡ ਕੇ ਫੌਜ 'ਚ ਭਰਤੀ ਹੋਵੇ! ਉਸਦੀ ਖਾਹਿਸ਼ ਹੈ ਕਿ ਉਹ ਹਾਇਰ ਐਜੂਕੇਸ਼ਨ ਲੈਣ ਤੋਂ ਬਾਅਦ ਹੀ ਕਿਸੇ ਕਿਸਮ ਦੀ ਨੌਕਰੀ ਲੱਭੇ,ਪਰ ਮੰਨੂ ਫੌਜ 'ਚ ਭਰਤੀ ਹੋਣ 'ਤੇ ਬਜ਼ਿਦ ਹੈ।

ਅਚਾਨਕ ਸੁਖਨੰਦਨ (ਅਜੇ ਮਿਸਰਾ) ਨਾਮ ਦਾ ਇੱਕ ਦਲਾਲ, ਪਿੰਡ 'ਚ ਖਬਰ ਫੈਲਾ ਦਿੰਦਾ ਹੈ ਕਿ ਫੌਜ ਦੀ ਭਰਤੀ ਖੁੱਲ੍ਹੀ ਹੈ ਅਤੇ ਜੇ ਕੋਈ ਭਰਤੀ ਹੋਣਾ ਚਾਹੁੰਦਾ ਹੈ ਤਾਂ ਉਹ ਉਸ ਦੀ ਮਦਦ ਕਰ ਸਕਦਾ ਹੈ। ਜਦੋਂ ਹੀ ਇਹ ਖਬਰ ਮੰਨੂੰ ਅਤੇ ਹੋਰ ਨੌਜਵਾਨਾਂ ਤੱਕ ਪਹੁੰਚਦੀ ਹੈ ਤਾਂ ਉਹ ਝੱਟ ਸੁਖਨੰਦਨ ਕੋਲ ਚਲੇ ਜਾਂਦੇ ਹਨ। ਸੁਖਨੰਦਨ ਦਲਾਲ,ਭਰਤੀ ਦੀ ਤਾਂ ਗਰੰਟੀ ਕਰਦਾ ਹੈ ਪਰ ਇਸ ਦੇ ਬਦਲੇ ਹਰ ਇੱਕ ਤੋਂ ਸਵਾ ਲੱਖ ਰੁਪਈਏ ਦੀ ਮੰਗ ਕਰਦਾ ਹੈ। ਨੌਜਵਾਨਾਂ ਨੂੰ ਇਹ ਰਕਮ ਬਹੁਤ ਜ਼ਿਆਦਾ ਲਗਦੀ ਹੈ ਪਰ ਫਿਰ ਵੀ ਉਹ ਕਿਸੇ ਤਰ੍ਹਾਂ ਇਹ ਰਕਮ 'ਕੱਠੀ ਕਰਨ ਦੀਆਂ ਕੋਸ਼ਿਸ਼ਾਂ ਜੁਟਾਂ ਦਿੰਦੇ ਹਨ। ਸਮੱਸਿਆ ਦਾ ਪਤਾ ਲੱਗਣ 'ਤੇ ਮੰਨੂੰ ਦੀ ਮਾਤਾ ਮੰਨੂੰ ਨੂੰ ਉਸਦੇ ਪਿਤਾ ਤੋਂ ਚੋਰੀ, ਆਪਣੇ ਸਾਰੇ ਗਹਿਣੇ ਦੇ ਦਿੰਦੀ ਹੈ। ਇਸੇ ਤਰ੍ਹਾਂ ਹੀ ਬਾਕੀ ਨੌਜਵਾਨ ਵੀ ਕੋਈ ਓਹੜ-ਪੋਹੜ ਕਰਕੇ ਲੋੜੀਂਦੀ ਰਕਮ 'ਕੱਠੀ ਕਰ ਲੈਂਦੇ ਹਨ ਅਤੇ ਸਾਰੇ ਜਣੇ ਇਹ ਪੈਸੇ ਸੁਖਨੰਦਨ ਦਲਾਲ ਨੂੰ ਦੇ ਦਿੰਦੇ ਹਨ। ਸੁਖਨੰਦਨਦ ਦਲਾਲ ਨੇ ਉਨ੍ਹਾਂ ਕੋਲ ਝੂਠ ਬੋਲਿਆ ਹੈ ਕਿ ਉਹ ਉਨ੍ਹਾਂ ਨੂੰ ਫੌਜ 'ਚ ਭਰਤੀ ਕਰਾਏਗਾ, ਸਕੀਮ ਉਸਦੀ ਇਨ੍ਹਾਂ ਨੌਜਵਾਨਾਂ ਨੂੰ ਜਾਹਲੀ ਨਕਸਲੀ ਬਣਾਕੇ ਪੁਲਿਸ ਮੂਹਰੇ ਆਤਮ ਸਮਰਪਣ ਕਰਾਉਣਾ ਅਤੇ ਉਸ ਤੋਂ ਬਾਅਦ ਸਰਕਾਰ ਦੀ ਮੁੜ ਵਸੇਬੇ ਦੀ ਪਾਲਿਸੀ ਮੁਤਾਬਕ ਉਨ੍ਹਾਂ ਨੂੰ ਸਪੈਸਲ ਪੁਲਸ ਫੋਰਸ 'ਚ ਭਰਤੀ ਕਰਵਾਉਣਾ ਹੈ। ਇਸ ਸਬੰਧੀ ਉਸਦੀ ਇੱਕ ਜ਼ਾਲਮ ਤੇ ਲਾਲਚੀ ਪੁਲਸ ਇਨਸਪੈਟਰ 'ਬਾਬਲਾ' ਨਾਲ ਗਿੱਟ-ਮਿੱਟ ਹੈ। ਸੁਖਨੰਦਨ ਪਹਿਲਾਂ ਤਾਂ ਨੌਜਵਾਨਾਂ ਕੋਲ ਝੂਠ ਬੋਲਦਾ ਹੈ ਕਿ ਚੋਣਾਂ ਦਾ ਮਾਹੌਲ ਹੋਣ ਕਰਕੇ ਸਰਕਾਰ ਨੇ ਫੌਜ ਦੀ ਭਰਤੀ ਰੋਕ ਦਿੱਤੀ ਹੈ ਅਤੇ ਫਿਰ ਝੂਠੀ-ਮੂਠੀ ਦੇ ਨਕਸਲੀ ਬਣਨ ਅਤੇ ਆਤਮ ਸਮਰਪਣ ਦਾ ਡਰਾਮਾ ਕਰਨ ਦੀ ਗੱਲ ਦੱਸਦਾ ਹੈ। ਇਹ ਸੁਣਕੇ ਪਹਿਲਾਂ ਤਾਂ ਇਹ ਨੌਜਵਾਨ ਇਸ ਤਰ੍ਹਾਂ ਕਰਨ ਤੋਂ ਨਾਂਹ-ਨੁੱਕਰ ਕਰਦੇ ਹਨ ਪਰ ਫਿਰ ਫਸੇ-ਫਸਾਏ ਹਾਂਅ ਕਰ ਦਿੰਦੇ ਹਨ।

ਇਸੇ ਪਿੰਡ ਦਾ ਹੀ ਮੁਸਲਮਾਨ ਪਰਿਵਾਰ ਨਾਲ ਸਬੰਧਤ ਜੁਲਫੀ ਨਾਮ ਦਾ ਨੌਜਵਾਨ ਹੈ ਜਿਸਨੂੰ ਲੇਟ ਪਰ ਸਾਰੀ ਗੱਲ ਦਾ ਪਤਾ ਲੱਗ ਜਾਂਦਾ ਹੈ। ਉਹ ਵੀ ਪੁਲਿਸ ਦੀ ਨੌਕਰੀ ਲੈਣ ਖਾਤਰ ਇਸ ਸਾਰੇ ਡਰਾਮੇ ਦਾ ਹਿੱਸਾ ਬਣਨ ਦੀ ਇੱਛਾ ਜ਼ਾਹਰ ਕਰਦਾ ਹੈ ਪਰ ਸੁਖਨੰਦਨ ਦਾ ਇੱਕ ਖਾਸ ਨੌਜਵਾਨ ਉਸਨੂੰ ਦੱਸਦਾ ਹੈ ਕਿ ਨਕਸਲੀ, ਮੁਸਲਮਾਨਾਂ ਨੂੰ ਆਪਣੇ 'ਚ ਨਹੀਂ ਰਲਾਉਂਦੇ ਇਸ ਲਈ ਤੂੰ ਸਾਡੇ ਨਾਲ ਨਹੀਂ ਆ ਸਕਦਾ। ਕਹਾਣੀਕਾਰ ਵੱਲੋਂ ਨਸਕਲੀਆਂ ਬਾਰੇ ਦਿੱਤਾ ਇਹ ਗਲਤ ਪ੍ਰਭਾਵ ਅਛੋਪਲੇ ਜਿਹੇ ਬੋਲਿਆ ਗਿਆ ਪਹਿਲਾ ਝੂਠ ਹੈ। ਸੱਚ ਇਹ ਹੈ ਕਿ ਨਕਸਲੀਆਂ ਦਾ ਸਿਆਸੀ ਪ੍ਰੋਗਰਾਮ ਧਰਮ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਕੰਮ ਕਰਨ ਦੀ ਗੱਲ ਕਰਦਾ ਹੈ।

ਸਰਕਾਰ ਨਕਸਲੀਆਂ ਵਿਰੁੱਧ ਹੋਰ ਵੱਧ ਸਖ਼ਤ ਹੋ ਜਾਂਦੀ ਹੈ ਅਤੇ ਮੀਡੀਏ 'ਚ ਪੁਲਿਸ ਨੂੰ ਹਦਾਇਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਕਿ ਨਕਸਲੀਆਂ ਨੂੰ ਆਤਮ ਸਮਰਪਣ ਕਰ ਦੇਣ ਲਈ ਕਿਹਾ ਜਾਵੇ, ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਜਾਵੇ। ਇਹ ਸੁਣਕੇ ਸੁਖਨੰਦਨ ਫਿਕਰਮੰਦ ਹੋ ਜਾਂਦਾ ਹੈ ਕਿ ਜੇ ਹੋਰ ਵੱਧ ਸਖ਼ਤੀ ਹੋ ਗਈ ਤਾਂ ਕਿਧਰੇ ਉਸਦਾ ਆਤਮ-ਸਮਰਪਣ ਕਰਾਉਣ ਦਾ ਡਰਾਮਾ ਹੀ ਨਾਂ ਧਰਿਆ-ਧਰਾਇਆ ਰਹਿ ਜਾਵੇ। ਉਧਰ ਪੁਲਿਸ ਇਨਸਪੈਕਟਰ 'ਬਾਬਲਾ' ਜਿਹੜਾ ਜਾਹਲੀ ਨਕਸਲੀਆਂ ਦੇ ਆਤਮ-ਸਮਰਪਣ ਦਾ ਡਰਾਮਾ ਰਚਣ ਦੀ ਸਕੀਮ 'ਚ ਸੁਖਨੰਦਨ ਨਾਲ ਭਾਈਵਾਲ ਹੈ ਅਤੇ ਜੀਹਦੇ ਦਿਮਾਗ਼ 'ਤੇ ਹਰ ਵਕਤ ਇਹ ਗੱਲ ਛਾਈ ਰਹਿੰਦੀ ਹੈ ਕਿ ਕਦੋਂ ਉਹ ਕਿਸੇ ਨਕਸਲੀ ਨੂੰ ਫੜੇ ਜਾਂ ਮਾਰੇ ਤੇ ਕਦੋਂ ਉਸ ਦੀ ਤਰੱਕੀ ਹੋਵੇ? ਸਰਕਾਰ ਦੇ ਨਕਸਲੀਆਂ ਪ੍ਰਤੀ ਹੋਰ ਵੱਧ ਸਖ਼ਤੀ ਦੇ ਬਿਆਨਾਂ ਨੂੰ ਸੁਣਕੇ, ਮਨ ਹੀ ਮਨ ਕੁਝ ਵੱਖਰਾ ਸੋਚਣ ਲੱਗ ਜਾਂਦਾ ਹੈ। ਸੁਖਨੰਦਨ ਵੱਲੋਂ, ਆਤਮ-ਸਮਰਪਣ ਦਾ ਡਰਾਮਾ ਕਰਨ ਲਈ ਤਿਆਰ ਕੀਤੇ ਵੀਹ ਨੌਜਵਾਨ ਜਦੋਂ ਅਜਿਹਾ ਕਰਨ ਲੱਗਦੇ ਹਨ ਤਾਂ ਇਨਸਪੈਕਟਰ ਬਾਬਲਾ ਦੀ ਅਗਵਾਈ 'ਚ ਇਕ ਪੁਲਿਸ ਪਾਰਟੀ, ਨਿਹੱਥੇ ਨੌਜਵਾਨਾਂ ਤੇ ਗੋਲੀ ਚਲਾਕੇ ਵੀਹ 'ਚੋਂ ਉੱਨੀ ਨੌਜਵਾਨਾਂ ਨੂੰ ਮਾਰ ਦਿੰਦੀ ਹੈ। ਸਿਰਫ਼ ਇਕੱਲਾ ਮੰਨੂ ਹੀ ਜ਼ਿੰਦਾ ਬਚਦਾ ਹੈ ਜੋ ਉੱਥੋਂ ਭਜ ਕੇ ਜੰਗਲਾਂ 'ਚ ਛੁਪ ਜਾਂਦਾ ਹੈ, ਉੱਥੇ ਉਸ ਦਾ ਮਿਲਾਪ ਇਕ ਨਕਸਲੀ ਟੋਲੀ ਨਾਲ ਹੁੰਦਾ ਹੈ ਤਾਂ ਮੰਨੂੰ ਉਨ੍ਹਾਂ ਨੂੰ ਦੱਸਦਾ ਹੈ ਕਿ ਉਹ ਨਕਸਲੀ ਨਹੀਂ! ਪਰ ਨਕਸਲੀ ਟੋਲੀ ਦੇ ਕਮਾਂਡਰ 'ਦਾਰਾ' (ਵਿਜੇ ਰਾਜ) ਨੂੰ ਇਸ ਘਟਨਾ ਦਾ ਪਹਿਲਾਂ ਹੀ ਪਤਾ ਲੱਗ ਚੁੱਕਾ ਹੁੰਦਾ ਹੈ ਕਿਉਂਕਿ ਉਸ ਕੋਲ ਮੰਨੂੰ ਦੀ ਫੋਟੋ ਵਾਲਾ ਉਹ ਅਖਬਾਰ ਪਹੁੰਚ ਚੁੱਕਾ ਹੁੰਦਾ ਹੈ, ਜੀਹਦੇ 'ਚ ਪੁਲਿਸ ਵਲੋਂ ਅਖਬਾਰਾਂ ਨੂੰ ਦਿੱਤੀ ਝੂਠੀ ਖ਼ਬਰ ਛਪੀ ਹੈ ਕਿ ਝਾਰਖੰਡ ਦੇ ਜੰਗਲਾਂ 'ਚ ਪੁਲਿਸ ਦਾ ਨਕਸਲੀਆਂ ਨਾਲ ਮੁਕਾਬਲਾ ਹੋਇਆ ਹੈ ਜੀਹਦੇ 'ਚ ਉੱਨੀ ਨਕਸਲੀ ਮਾਰੇ ਗਏ ਹਨ ਅਤੇ ਉਨ੍ਹਾਂ ਦਾ ਕਮਾਂਡਰ 'ਮੰਨੂੰ' ਪੁਲਿਸ 'ਤੋਂ ਬਚ ਕੇ ਕਿਧਰੇ ਜੰਗਲ ਛੁਪ ਗਿਆ ਹੈ।

ਨਕਸਲੀ ਗੁਰੀਲਿਆਂ ਚੋਂ ਇਕ ਕੁੜੀ 'ਸਾਂਵਰਾ' ਮੰਨੂੰ ਨੂੰ ਦੱਸਦੀ ਹੈ ਕਿ ਉਸ ਨੂੰ ਵੀ ਸੁਖਨੰਦਨ ਨੇ ਹੀ ਇੱਧਰ ਫਸਾਇਆ ਹੈ। ਕੁੜੀ ਮੰਨੂੰ ਨੂੰ ਇਹ ਵੀ ਕਹਿੰਦੀ ਹੈ ਕਿ ਉਸ ਨੂੰ,ਉਸ ਨਾਲ ਪਿਆਰ ਹੋ ਗਿਆ ਹੈ। ਉਹ ਇਹ ਵੀ ਦੱਸਦੀ ਹੈ ਕਿ ਇੱਥੇ ਸਮਾਂ ਇਸ ਤਰ੍ਹਾਂ ਲੰਘਦਾ ਹੈ ਕਿ ਦਿਨ ਵਕਤ ਗੋਲ਼ੀ ਚਲਾਓ ਅਤੇ ਰਾਤ ਨੂੰ ਉਹ ਸਭ ਕਰੋ! ਇੱਥੇ ਉਸ ਦਾ ਇਸ਼ਾਰਾ ਕੁੜੀਆਂ ਨਾਲ ਹੁੰਦੇ ਬਲਾਤਕਾਰ ਵੱਲ ਹੈ।

ਸੱਚ ਇਹ ਹੈ ਕਿ ਗੁਰੀਲਾ ਆਰਮੀ 'ਚ ਬਲਾਤਕਾਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੈਕਸ ਦੇ ਮਸਲੇ ਤੇ ਇਨ੍ਹਾਂ ਨਕਸਲੀਆਂ ਦੀ ਸਮਝ ਬਹੁਤ ਸਪੱਸ਼ਟ ਹੈ ਅਤੇ ਸਭ ਗੁਰੀਲਾ ਮੁੰਡਿਆਂ ਕੁੜੀਆਂ ਨੂੰ ਇਸ ਮਸਲੇ ਤੇ ਸੰਭਵ ਹੱਦ ਤੱਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਮੁੰਡਾ-ਕੁੜੀ ਗਰਲਫਰੈਂਡ-ਬੁਆਏਫਰੈਂਡ ਬਣਾ ਸਕਦੇ ਅਤੇ ਸੈਕਸ ਵੀ ਕਰ ਸਕਦੇ ਹਨ ਪਰ ਲੀਡਰਸ਼ਿਪ ਨੂੰ ਉਨ੍ਹਾਂ ਦੀ ਫਰੈਂਡਸ਼ਿਪ ਬਾਰੇ ਪਤਾ ਹੋਣਾ ਚਾਹੀਦਾ ਹੈ। ਬੱਚਾ ਪੈਦਾ ਕਰਨ ਨੂੰ ਨਿਰ-ਉਤਸ਼ਾਹਿਤ ਕੀਤਾ ਜਾਂਦਾ ਹੈ ਪਰ ਗਰਭਵਤੀ ਹੋ ਜਾਣ 'ਤੇ ਗਰਭਪਾਤ ਕਰਵਾਉਣ ਦੀ ਥਾਂ ਪਹਿਲੀ ਕੋਸ਼ਿਸ਼ ਇਹ ਹੁੰਦੀ ਹੈ ਜੇ ਮੁੰਡੇ-ਕੁੜੀ ਦੇ ਸਕੇ-ਸੰਬੰਧੀ, ਨਵਜੰਮੇ ਬੱਚੇ ਦਾ ਪਾਲਣ ਪੋਸ਼ਣ ਕਰ ਸਕਦੇ ਹੋਣ!

ਮੂਵੀ 'ਚ ਇਹ ਵੀ ਦਿਖਾਇਆ ਗਿਆ ਹੈ ਕਿ ਨਕਸਲੀ, ਆਦਿਵਾਸੀਆਂ 'ਤੇ ਦਬਾਅ ਪਾਕੇ ਉਨ੍ਹਾਂ ਦੇ 8-9 ਸਾਲ ਦੀ ਉਮਰ ਦੇ ਬੱਚਿਆਂ ਨੂੰ ਲੈ ਜਾਂਦੇ ਹਨ ਤੇ ਉਨ੍ਹਾਂ ਦੇ ਹੱਥ 'ਚ ਰਾਈਫ਼ਲ ਫੜਾ ਦਿੰਦੇ ਹਨ ਜੋ ਕਿ ਝੂਠ ਹੈ। ਪਹਿਲੀ ਗੱਲ ਤਾਂ ਇਹ ਕਿ ਉਹ ਧੱਕੇ ਨਾਲ ਬੱਚਿਆਂ ਨੂੰ ਨਹੀਂ ਲਿਜਾਂਦੇ, ਬਲਕਿ ਇਨਕਲਾਬੀ ਲਹਿਰ ਦੀ ਲੋੜ ਸਮਝਾਕੇ ਅਜਿਹਾ ਕਰਨ ਲਈ ਮਾਪਿਆਂ ਨੂੰ ਪ੍ਰੇਰਦੇ ਹਨ। ਦੂਜੇ ਉਹ 8-9 ਸਾਲ ਦੇ ਬੱਚਿਆਂ ਨੂੰ ਨਹੀਂ, ਸੋਲਾਂ ਸਾਲ ਜਾਂ ਇਸ ਤੋਂ ਵੱਧ ਦੀ ਉਮਰ ਦੇ ਬੱਚਿਆਂ ਨੂੰ ਲਹਿਰ ਦਾ ਹਿੱਸਾ ਬਣਾਉਂਦੇ ਹਨ। ਤੀਜੇ ਬੱਚਿਆਂ ਹੱਥ ਰਾਈਫ਼ਲ ਦੇਣ ਤੋਂ ਪਹਿਲਾਂ ਅਤੇ ਨਾਲੋ-ਨਾਲ ਇਨਕਲਾਬੀ ਪ੍ਰੋਗਰਾਮ ਸਮਝਾਉਂਦੇ ਤੇ ਜਚਾਉਂਦੇ ਹਨ।

ਮੂਵੀ ਦੇ ਅਖੀਰ 'ਚ ਜਦੋਂ ਮੰਨੂੰ ਨੂੰ ਪਿਆਰ ਕਰਨ ਵਾਲੀ ਕੁੜੀ ਸਾਵਰੀ, ਮੰਨੂੰ ਨੂੰ ਉਥੋਂ ਭਜਾ ਕੇ ਆਤਮਹੱਤਿਆ ਕਰ ਲੈਂਦੀ ਤਾਂ ਗੁਰੀਲਾ ਗਰੁੱਪ ਦੇ ਕਮਾਂਡਰ 'ਦਾਰਾ' ਦੀ ਸੋਚ 'ਚ ਇਕਦਮ ਤਬਦੀਲੀ ਆਈ ਦਿਖਾਈ ਗਈ ਹੈ। ਉਹ ਆਪਣੇ ਗਰੁੱਪ ਨੂੰ ਕਹਿੰਦਾ ਹੈ; ਆਜ ਸਾਲਾ ਪਹਿਲੀ ਵਾਰ ਦਾਰਾ ਕਿਸੀ ਸੇ ਹਾਰ ਗਏ, ਚਲੋ ਸਭ,..ਤੁਮਾਰਾ ਦੱਦਾ ਭਾਗਤਾ ਭਾਗਤਾ ਥੱਕ ਗਿਆ ਹੈ। ਔਰ ਸਾਲਾ ਆਜ ਤੱਕ ਇਹ ਸਮਝ ਨਹੀਂ ਆਇਆ ਕਿ ਇਹ ਲੜਾਈ ਹਮ ਕਿਓਂ ਲੜ ਰਹੇ ਹਾਂ? ਔਰ ਇਸ ਕਾ ਅੰਤ ਕਿਆ ਹੈ? ਮੰਨੂੰ ਕਾ ਸੁਰੈਂਡਰ ਹੋਗਾ, ਹਮ ਸਭ ਕਾ ਸੁਰੈਂਡਰ ਹੋਗਾ! ਕਿਆ ਮਿਲਾ, ਕੁਛ ਮਿਲਾ ਆਜ ਤੱਕ? ਨਹੀਂ!

ਇਹੀ ਕੇਂਦਰੀ ਨੁਕਤਾ ਹੈ ਜਿਸ ਨੂੰ ਜਚਾਉਣ ਲਈ ਕਹਾਣੀ ਦਾ ਤਾਣਾ-ਪੇਟਾ ਬੁਣਿਆ ਗਿਆ, ਇਹ ਉਹੀ ਨੁਕਤਾ ਹੈ ਜਿੱਥੇ ਪਹੁੰਚ ਕੇ ਕਹਾਣੀਕਾਰ ਨੇ ਆਪਣੇ ਖੋਟੇ ਮਕਸਦ ਦਾ ਤੋੜਾ ਝਾੜਿਆ ਹੈ ਅਤੇ ਲੋਕਾਂ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਨਕਸਲੀ; ਬਿਨਾਂ ਕਿਸੇ ਸਪਸ਼ਟ ਮਕਸਦ ਦੇ, ਬਿਨਾਂ ਕਿਸੇ ਦ੍ਰਿਸ਼ਟੀ ਦੇ, ਸਿਰਫ ਸ਼ੌਕੀਆ ਤੇ ਮਾਰ-ਧਾੜ ਦਾ ਝੱਸ ਪੂਰਾ ਕਰਨ ਲਈ ਅਵਾਰਾ ਭਟਕਦੇ ਫਿਰਦੇ ਹਨ।

ਸੱਚ ਇਹ ਹੈ ਕਿ ਕੋਈ ਸਹਿਮਤ ਹੋਵੇ ਜਾਂ ਨਾ! ਪਰ ਨਕਸਲੀਆਂ ਕੋਲ ਮਨੁੱਖਤਾ ਦੇ ਉਜਲੇ ਭਵਿੱਖ ਲਈ ਇਕ ਭਰਵਾਂ ਸਮਾਜਵਾਦੀ ਪ੍ਰੋਗਰਾਮ ਹੈ, ਜਿਸ ਨੂੰ ਲਾਗੂ ਕਰਨ ਦੇ ਪਹਿਲੇ ਪੜਾਅ ਵਜੋਂ ਉਹ ਨਵ-ਜਮਹੂਰੀ ਇਨਕਲਾਬ ਦੀ ਗੱਲ ਕਰਦੇ ਹਨ। ਜਲ, ਜੰਗਲ ਤੇ ਜ਼ਮੀਨ ਦੀ ਲੜਾਈ ਲੜਦਿਆਂ ਬਸਤਰ 'ਚ ਉਨ੍ਹਾਂ ਨੇ ਅਜਿਹੇ ਇਨਕਲਾਬ ਦਾ ਬੂਟਾ ਵੀ ਲਾ ਦਿੱਤਾ ਸੀ! ਇਸ ਲੜਾਈ ਦੀ ਯੁੱਧਨੀਤੀ ਅਨੁਸਾਰ ਹੀ ਉਨ੍ਹਾਂ ਨੇ ਬਸਤਰ ਦਾ ਜੰਗਲੀ-ਪਹਾੜੀ ਇਲਾਕਾ ਚੁਣਿਆ ਸੀ। ਇੱਥੇ ਪੱਕੇ ਪੈਰੀਂ ਹੋਕੇ (ਜਿਸਨੂੰ ਉਹ 'ਅਧਾਰ-ਇਲਾਕੇ ਦਾ ਨਾਮ ਦਿੰਦੇ ਹਨ) ਉਨ੍ਹਾਂ ਦੀ ਸਕੀਮ ਮੈਦਾਨੀ ਇਲਾਕਿਆਂ ਵੱਲ ਵਧਣ (ਜਿਸਨੂੰ ਉਹ ਲਹਿਰਾਂ ਵਾਂਗ ਵਧਣਾ ਕਹਿੰਦੇ ਹਨ) ਦੀ ਸੀ ਅਤੇ ਫਿਰ ਪੜਾਅ ਵਾਰ ਸਾਰੇ ਦੇਸ਼ ਨੂੰ ਹੀ ਕਲਾਵੇ 'ਚ ਲੈਣ ਦੀ ਸੀ! ਇਹ ਵੱਖਰੀ ਗੱਲ ਹੈ ਕਿ ਰਾਜਕੀ ਸੁਰੱਖਿਆ ਬਲਾਂ ਨੇ ਬਸਤਰ ਦੀ ਇਸ ਗੁਰੀਲਾ ਲਹਿਰ ਨੂੰ ਕੁਚਲ ਦਿੱਤਾ ਹੈ ਅਤੇ ਇਹ ਖਿੰਡ-ਖੱਪਰ ਗਈ ਹੈ। ਕੀ ਇਹ ਤਾਕਤਾਂ ਦੇ ਤੋਲ ਅਤੇ ਬੇ-ਮੇਚੀ ਟੱਕਰ ਕਰਕੇ ਵਾਪਰਿਆ? ਜਾਂ ਕਿਸੇ ਯੁੱਧਨੀਤਕ ਉਕਾਈ ਕਰਕੇ? ਇਹ ਤਾਂ ਉਹ ਹੀ ਜਾਨਣ! ਪਰ ਜਿੰਨੀਆਂ ਔਖੀਆਂ ਹਾਲਾਤਾਂ 'ਚ ਉਨ੍ਹਾਂ ਨੇ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਹਥਿਆਰਬੰਦ ਗੁਰੀਲਾ ਲੜਾਈ ਲੜੀ ਹੈ, ਇਹ ਆਪਣੇ ਮਕਸਦ ਪ੍ਰਤੀ ਚੇਤੰਨ ਤੇ ਪੂਰੀ ਤਰ੍ਹਾਂ ਸਮਰਪਿਤ ਲੋਕ ਹੀ ਲੜ ਸਕਦੇ ਹਨ!

# ਦੇਸ਼ ਭਗਤ ਯਾਦਗਾਰ ਕਮੇਟੀ ਮਨਾਏਗੀ ਬੱਬਰ ਅਕਾਲੀ ਲਹਿਰ ਦਾ ਸ਼ਹੀਦੀ ਸ਼ਤਾਬਦੀ ਵਰ੍ਹਾ



ਜਲੰਧਰ (ਬਲਜਿੰਦਰ ਸਿੰਘ) : ਸਾਮਰਾਜੀ ਦਾਬੇ, ਗੁਲਾਮੀ, ਜ਼ਬਰ-ਜ਼ੁਲਮ, ਲੁੱਟ ਅਤੇ ਅਨਿਆਂ ਖ਼ਿਲਾਫ਼ ਸਮੇਂ-ਸਮੇਂ ਉੱਠੀਆਂ ਲਹਿਰਾਂ 'ਚ 1922 ਵਿੱਚ ਗਠਤ ਹੋਈ ਬੱਬਰ ਅਕਾਲੀ ਲਹਿਰ ਦੇ ਪਹਿਲੇ ਸ਼ਹੀਦੀ ਸ਼ਤਾਬਦੀ ਵਰ੍ਹੇ 1926-1927 ਨੂੰ ਸਮਰਪਤ ਬੱਬਰ ਅਕਾਲੀ ਲਹਿਰ ਦਾ ਸ਼ਹੀਦੀ ਸ਼ਤਾਬਦੀ ਵਰ੍ਹਾ 27 ਫਰਵਰੀ 2026 ਨੂੰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਪੂਰੇ ਜੋਸ਼-ਖਰੋਸ਼ ਨਾਲ ਮਨਾਇਆ ਜਾਏਗਾ।

ਇਸ ਦਿਨ ਵਿਸ਼ੇਸ਼ ਤੌਰ 'ਤੇ ਸਾਡੇ ਸਮਿਆਂ ਦੇ ਬੇਹੱਦ ਪ੍ਰਸੰਗਕ ਅਤੇ ਇਤਿਹਾਸ ਨਾਲ ਸੁਰਤਾਲ ਮਿਲਾ ਕੇ ਚੱਲਦਿਆਂ ਦੋ ਵਿਸ਼ਿਆਂ ਉਪਰ ਭਰਵੀਂ ਵਿਚਾਰ-ਚਰਚਾ ਹੋਏਗੀ। ਪਹਿਲਾ ਵਿਸ਼ਾ ਹੋਏਗਾ, 'ਬੱਬਰ ਅਕਾਲੀ ਲਹਿਰ ਦੀ ਸਾਡੇ ਸਮਿਆਂ 'ਚ ਪ੍ਰਸੰਗਕਤਾ' ਅਤੇ ਦੂਜਾ ਵਿਸ਼ਾ ਹੋਏਗਾ 'ਸਾਡੇ ਮੁਲਕ ਅਤੇ ਵਿਸ਼ੇਸ਼ ਕਰਕੇ ਪੰਜਾਬ ਉਪਰ ਚੜ੍ਹੀ ਆਉਂਦੀ ਫ਼ਿਰਕੂ ਫਾਸ਼ੀ ਹੱਲੇ ਦੀ ਕਾਗ'।

ਇਹਨਾਂ ਵਿਸ਼ਿਆਂ ਉਪਰ ਮੁੱਖ ਬੁਲਾਰਿਆਂ ਵਜੋਂ ਬੁਲਾਵੇ ਲਈ 6 ਫਰਵਰੀ ਨੂੰ ਹੋਣ ਵਾਲੀ ਜਨਰਲ ਬਾਡੀ ਮੀਟਿੰਗ 'ਚ ਵਿਚਾਰਕੇ ਅੰਤਿਮ ਛੋਹਾਂ ਦਿੱਤੀਆਂ ਜਾਣਗੀਆਂ। ਕਮੇਟੀ ਵਿਚਾਰ-ਚਰਚਾ ਉਪਰੰਤ ਇਸ ਨਤੀਜੇ 'ਤੇ ਪੁੱਜੀ ਹੈ ਕਿ ਬੱਬਰ ਅਕਾਲੀ ਲਹਿਰ ਦਾ ਸ਼ਹਾਦਤਾਂ ਭਰਿਆ ਇਤਿਹਾਸ ਗਵਾਹ ਹੈ ਕਿ ਉਹ ਬਦੇਸ਼ੀ ਸਾਮਰਾਜਵਾਦ ਅਤੇ ਉਹਨਾਂ ਦੀਆਂ ਸੇਵਾਦਾਰ ਦੇਸੀ ਤਾਕਤਾਂ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ, ਬੱਬਰ ਅਕਾਲੀ ਸੀਸ ਤਲ਼ੀ 'ਤੇ ਧਰ ਕੇ ਲੜੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰੌਸ਼ਨ ਮਸ਼ਾਲ ਬਣੇ ਕਿ ਕਦੇ ਵੀ ਗੁਲਾਮੀ, ਦਾਬੇ, ਲੁੱਟ, ਵਿਤਕਰੇ, ਅਨਿਆਂ ਅਤੇ ਜ਼ਬਰ ਦੇ ਪਹਾੜ ਅੱਗੇ ਦਬਣ ਦੀ ਲੋੜ ਨਹੀਂ।

ਬੋਰਡ ਆਫ਼ ਟਰੱਸਟ ਨੇ ਸਭਿਆਚਾਰਕ ਵਿੰਗ ਵੱਲੋਂ ਤਜਵੀਜ਼ਤ ਪ੍ਰੋਗਰਾਮ ਦੇ ਖ਼ਾਕੇ ਨੂੰ ਸਹਿਮਤੀ ਦਿੱਤੀ। ਜਿਸ ਮੁਤਾਬਕ 1926 ਦੇ ਵਰ੍ਹੇ ਬੱਬਰ ਅਕਾਲੀ ਲਹਿਰ ਸ਼ਤਾਬਦੀ ਮਨਾਈ ਜਾਏਗੀ। 8 ਮਾਰਚ ਕੌਮਾਂਤਰੀ ਦਿਹਾੜਾ ਮਨਾਇਆ ਜਾਏਗਾ ਅਤੇ 23 ਮਾਰਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ 'ਤੇ ਉਹਨਾਂ ਨੂੰ ਸਿਜਦਾ ਕੀਤਾ ਜਾਏਗਾ। 27 ਮਾਰਚ ਵਿਸ਼ਵ ਰੰਗ ਮੰਚ ਦਿਹਾੜਾ ਵੀ ਹਰ ਸਾਲ ਦੀ ਤਰ੍ਹਾਂ ਢੁਕਵੇਂ ਅੰਦਾਜ਼ ਵਿੱਚ ਮਨਾਇਆ ਜਾਏਗਾ। ਇਸ ਲੜੀ ਤਹਿਤ ਹੀ 21 ਅਪ੍ਰੈਲ ਗ਼ਦਰ ਪਾਰਟੀ ਦਾ ਸਥਾਪਨਾ ਦਿਹਾੜਾ ਸਮਾਗਮ ਹੋਏਗਾ। ਦੇਸ਼ ਭਗਤ ਯਾਦਗਾਰ ਹਾਲ ਕੰਪਲੈਕਸ ਅੰਦਰ ਲੋੜੀਂਦੇ ਕੰਮ ਕਾਰਾਂ ਨੂੰ ਵੀ ਹੱਥ ਲਿਆ ਗਿਆ। ਕਮੇਟੀ ਦੀ ਮੀਟਿੰਗ 'ਚ ਸਭਿਆਚਾਰਕ ਵਿੰਗ, ਇਤਿਹਾਸ ਕਮੇਟੀ, ਮਿਊਜ਼ੀਅਮ ਕਮੇਟੀ, ਲਾਇਬ੍ਰੇਰੀ ਕਮੇਟੀ, ਦੇਖ-ਰੇਖ, ਆਡਿਟ ਅਤੇ ਖਰੀਦੋ ਫਰੋਖਤ ਕਮੇਟੀਆਂ ਦੀਆਂ ਮੀਟਿੰਗਾਂ ਦੀ ਜਾਣਕਾਰੀ ਦਿੱਤੀ ਗਈ। ਅੱਜ ਦੀ ਮੀਟਿੰਗ ਵਿਦਵਾਨ ਲੇਖਕ ਗਿਆਨ ਰੰਜਨ, ਵਰਿੰਦਰ ਯਾਦਵ, ਵਿਨੋਦ ਕੁਮਾਰ ਸ਼ੁਕਲਾ, ਐਡਵੋਕੇਟ ਦਿਲਜੋਤ, ਹਰਜੋਤ ਤੁੰਗਾ ਸੰਗਰੂਰ, ਹਰਬੰਸ ਸਿੰਘ ਅਕਸ਼, ਪ੍ਰਿੰਸੀਪਲ ਸੁਰਿੰਦਰ ਪਾਲ ਕੌਰ ਬਰਾੜ ਅਤੇ ਸ਼ਗਨਪ੍ਰੀਤ ਜਿਓਂਦ ਦੀ ਮਾਂ ਗੁਰਮੇਲ ਕੌਰ ਦੇ ਅਸਹਿ ਵਿਛੋੜੇ 'ਤੇ ਦੁੱਖ਼ ਦਾ ਇਜ਼ਹਾਰ ਕਰਦਿਆਂ ਉਹਨਾਂ ਨੂੰ ਨਿੱਘੀ ਸ਼ਰਧਾਂਜ਼ਲੀ ਭੇਂਟ ਕੀਤੀ।

# ‘ਪਲਸ ਮੰਚ ਸਮਾਗਮ’ ਨੇ ਕਲਮ, ਕਲਾ ਅਤੇ ਸੰਗਰਾਮ ਦੀ ਜੋਟੀ ਪੱਕੀ ਕਰਨ ਦਾ ਦਿੱਤਾ ਪੈਗ਼ਾਮ

**• ਪ੍ਰੋ. ਅਜਮੇਰ ਔਲਖ ਓਪਨ ਏਅਰ ਥੀਏਟਰ ਦਾ ਉਦਘਾਟਨ • 'ਜੰਗਲ ਜਾਈਆਂ' ਕਵਿਤਾਵਾਂ ਪੁਸਤਕ ਕੀਤੀ ਲੋਕ ਅਰਪਣ • ਨਾਟਕਕਾਰ ਜਤਿੰਦਰ ਬਰਾੜ ਦੀ ਘਾਲਣਾ ਨੂੰ ਕੀਤਾ ਸਿਜਦਾ**











ਮੁੱਲਾਂਪੁਰ : ਗਣਤੰਤਰ ਦਿਵਸ ਦੀ ਪੂਰਵ ਸੰਧਿਆ ਤੇ 25 ਜਨਵਰੀ ਨੂੰ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਹੁੰਦਾ ਆ ਰਿਹਾ ਸੂਬਾਈ ਸਾਲਾਨਾ ਸਭਿਆਚਾਰਕ ਸਮਾਗਮ ਇਸ ਵਾਰ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਵਿਸ਼ੇਸ਼ ਉੱਦਮ ਨਾਲ ਗੁਰਸ਼ਰਨ ਕਲਾ ਭਵਨ ਮੰਡੀ ਮੁੱਲਾਂਪੁਰ ਵਿਖੇ ਕੀਤਾ ਗਿਆ।

ਇਸ ਸਮਾਗਮ ਦਾ ਆਗਾਜ਼ ਗੁਰਸ਼ਰਨ ਕਲਾ ਭਵਨ ਦੇ ਖੁੱਲ੍ਹੇ ਵਿਹੜੇ ਵਿੱਚ ਪ੍ਰੋ. ਅਜਮੇਰ ਸਿੰਘ ਔਲਖ ਓਪਨ ਏਅਰ ਥਿਏਟਰ ਦੀ ਆਧਾਰਸ਼ਿਲਾ ਰੱਖਣ ਨਾਲ ਹੋਇਆ। ਉਦਘਾਟਨ ਮੌਕੇ ਪ੍ਰੋਫੈਸਰ ਅਜਮੇਰ ਸਿੰਘ ਔਲਖ ਦੇ ਜੀਵਨ ਸਾਥਣ ਮਨਜੀਤ ਔਲਖ, ਗੁਰਸ਼ਰਨ ਭਾਅ ਜੀ ਦੀ ਧੀ ਅਤੇ ਰੰਗ ਕਰਮੀ ਡਾ. ਅਰੀਤ, ਪ੍ਰੋ. ਅਜਮੇਰ ਔਲਖ ਦੀ ਬੇਟੀ ਰੰਗਕਰਮੀ ਡਾ. ਸੁਪਨਦੀਪ, ਉਹਨਾਂ ਦੇ ਜੀਵਨ ਸਾਥੀ ਮਨਜੀਤ ਸਿੰਘ ਚਾਹਲ, ਪ੍ਰੋ. ਜਗਮੋਹਣ ਸਿੰਘ, ਬੂਟਾ ਸਿੰਘ ਮਹਿਮੂਦਪੁਰ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਗੁਲਜ਼ਾਰ ਪੰਧੇਰ, ਪਲਸ ਮੰਚ ਦੇ ਕਾਰਜਕਾਰੀ ਸਕੱਤਰ ਹਰਕੇਸ਼ ਚੌਧਰੀ ਸਮੇਤ ਵੱਖ ਵੱਖ ਲੋਕ ਪੱਖੀ ਸੰਸਥਾਵਾਂ ਦੇ ਜਾਣੇ ਪਹਿਚਾਣੇ ਆਗੂ ਮੌਜੂਦ ਸਨ। ਇਸ ਮੌਕੇ ਮਨਜੀਤ ਔਲਖ ਨੇ ਆਪਣੇ ਜਜ਼ਬਾਤਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਅੱਜ ਮਾਣ ਮੱਤਾ ਦਿਹਾੜਾ ਹੈ ਜਦੋਂ ਗੁਰਸ਼ਰਨ ਕਲਾ ਭਵਨ ਵਿੱਚ ਦੋਵੇਂ ਰੰਗਕਰਮੀ ਭਰਾਵਾਂ ਦੀ ਜੋਟੀ ਮਜਬੂਤ ਕੀਤੀ ਗਈ ਹੈ। ਮਨਜੀਤ ਔਲਖ ਨੇ ਕਿਹਾ ਕਿ ਗੁਰਸ਼ਰਨ ਸਿੰਘ, ਪ੍ਰੋ. ਅਜਮੇਰ ਔਲਖ ਦਾ ਲੋਕ ਪੱਖੀ ਰੰਗ ਮੰਚ ਹਰ ਹਾਲਤ ਭਵਿੱਖ ਵਿੱਚ ਵੀ ਜਾਰੀ ਰਹੇਗਾ।

ਇਸ ਉਪਰੰਤ ਗੁਰਸ਼ਰਨ ਕਲਾ ਭਵਨ ਦੇ ਆਡੀਟੋਰੀਅਮ ਵਿੱਚ ਸ਼ੁਰੂ ਹੋਏ ਸਮਾਗਮ ਵਿੱਚ ਅਜਮੇਰ ਅਕਲੀਆ ਨੇ ਵਿਛੜੇ ਰੰਗ ਕਰਮੀਆਂ ਅਤੇ ਜਮਹੂਰੀ ਲਹਿਰ ਦੇ ਹੋਰ ਸੰਗਰਾਮੀਆਂ ਨੂੰ ਯਾਦ ਕਰਦਿਆਂ ਸੰਤ ਰਾਮ ਉਦਾਸੀ ਦਾ ਗੀਤ ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ ਪੇਸ਼ ਕੀਤਾ।

ਇਸ ਮੌਕੇ ਪੰਜਾਬ ਨਾਟ ਸ਼ਾਲਾ ਦੇ ਸੰਚਾਲਕ ਜਤਿੰਦਰ ਬਰਾੜ ਨੂੰ ਵਿਸ਼ੇਸ਼ ਤੌਰ ’ਤੇ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਉਪਰੰਤ ਮਾਸਟਰ ਰਾਮ ਕੁਮਾਰ ਦੀ ਨਿਰਦੇਸ਼ਨਾ ਚ ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਨੇ ਗੀਤਾਂ ਦਾ ਰੰਗ ਭਰਿਆ। ਉਹਨਾਂ ਤੋਂ ਉਪਰੰਤ ਮਾਨਵਤਾ ਕਲਾ ਮੰਚ ਨਗਰ ਦੀ ਕਲਾਕਾਰ ਨਰਗਿਸ ਨੇ ਗੁਰਦਿਆਲ ਰੋਸ਼ਨ ਦੀ ਗਜ਼ਲ ਪੇਸ਼ ਕੀਤੀ। ਜਗਸੀਰ ਜੀਦਾ ਨੇ ਆਪਣੇ ਵਿਸ਼ੇਸ਼ ਰੰਗ ਨਾਲ ? ਇਨਕਲਾਬੀ ਗੀਤ ਸੰਗੀਤ ਦੇ ਸੈਸ਼ਨ ਵਿੱਚ ਹਾਜ਼ਰੀ ਲਗਵਾਈ। ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਨੇ ਬਹੁਤ ਹੀ ਨਵ ਸਿਰਜੀਆਂ ਕਵੀਸਰੀਆਂ ਨਾਲ ਸਮੇਂ ਦੇ ਹਾਣੀ ਵਿਸ਼ਿਆਂ ਨੂੰ ਛੋਹਿਆ।

ਤੀਜਾ ਸੈਸ਼ਨ ਸੀ ਵਿਚਾਰ ਚਰਚਾ ਦਾ ਜਿਸ ਵਿੱਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਸੰਬੋਧਨ ਕਰਦਿਆਂ ਵਿਸ਼ੇਸ਼ ਤੌਰ ਦੇ ਇਸ ਪਾਸੇ ਧਿਆਨ ਖਿੱਚਿਆ ਕਿ ਰੰਗਕਰਮੀਆਂ ਕਲਾਕਾਰਾਂ ਨੂੰ ਅਤੇ ਲੋਕ ਪੱਖੀ ਸੰਸਥਾਵਾਂ ਅਤੇ ਲੋਕਾਂ ਨੂੰ ਇੱਕ ਪਰਿਵਾਰ ਦੇ ਤੌਰ ਤੇ ਆਪਣੀ ਜੋਟੀ ਮਜ਼ਬੂਤ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਅੱਜ ਜਦੋਂ ਫਿਰਕੂ ਫਾਸ਼ੀਵਾਦ ਦੀ ਕਾਂਗ ਸਾਡੇ ਬੂਹੇ, ਸਾਡੇ ਚੁੱਲ੍ਹੇ ਚੌਂਕੇ ਚੜ੍ਹ ਕੇ ਆ ਰਹੀ ਹੈ, ਜਦੋਂ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਅੰਦਰ ਏਬੀਵੀਪੀ ਅਤੇ ਹੋਰ ਫਿਰਕੂ ਅਨਸਰਾਂ ਵੱਲੋਂ ਇਨਕਲਾਬੀ ਵਿਚਾਰਧਾਰਾ, ਇਨਕਲਾਬੀ ਜਥੇਬੰਦੀਆਂ ਦੀ ਹੋਂਦ ਮਿਟਾ ਦੇਣ, ਕਬਰ ਪੁੱਟਣ ਦੇ ਐਲਾਨ ਕੀਤੇ ਜਾ ਰਹੇ ਹਨ ਤਾਂ ਉਸ ਮੌਕੇ ਰੰਗਕਰਮੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਦੀ ਅਸਲ ਥਾਂ ਅਤੇ ਉਹਨਾਂ ਦਾ ਭਵਿੱਖ ਲੋਕਾਂ ਦੇ ਜੰਗਲ ਵਿੱਚ ਹੀ ਹੈ। ਇਉ ਹੀ ਲੋਕ ਜਥੇਬੰਦੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਲੋਕ ਪੱਖੀ ਰੰਗ ਕਰਮੀਆਂ ਨੂੰ ਆਪਣੀ ਬੁੱਕਲ ਦਾ ਮੰਚ ਮੁਹਈਆ ਕਰਨ। ਪਲਸ ਮੰਚ ਦੇ ਪ੍ਰਧਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 31 ਮਾਰਚ 2026 ਤੋਂ ਬਾਅਦ ਵੀ ਰੰਗ ਮੰਚ ਅਤੇ ਸੰਘਰਸ਼ਾਂ ਦੇ ਪਿੜ ਅੰਦਰ ਧਮਕ ਨਗਾਰੇ ਦੀ ਪੈਂਦੀ ਰਹੇਗੀ। ਡਾ. ਅਰੀਤ ਨੇ ਕਿਹਾ ਕਿ ਗੁਰਸ਼ਰਨ ਸਿੰਘ ਅਤੇ ਪ੍ਰੋਫੈਸਰ ਅਜਮੇਰ ਔਲਖ ਦੇ ਲਿਖੇ ਨਾਟਕ ਅੱਜ ਵੀ ਪ੍ਰਸੰਗਕ ਅਤੇ ਸਦਾਬਹਾਰ ਹਨ। ਅੱਜ ਦੇ ਨਾਟਕਕਾਰਾਂ ਲਈ ਇਹ ਬਹੁਤ ਤਿੱਖਾ ਸਵਾਲ ਹੈ ਕਿ ਉਹ ਕੀ ਲਿਖ ਰਹੇ ਹਨ? ਉਹਨਾਂ ਕਿਹਾ ਕਿ ਰੰਗ ਕਰਮੀਆਂ ਨੂੰ ਲੋਕਾਂ ਦੇ ਹੋਰ ਨੇੜੇ ਹੋਣ ਦੀ ਲੋੜ ਹੈ ਅਤੇ ਲੋਕ ਜੱਥੇਬੰਦੀਆਂ ਨੂੰ ਵੀ ਰੰਗ ਮੰਚ ਦੀ ਮਹੱਤਤਾ ਨੂੰ ਸਮਝਦਿਆਂ ਬਣਦਿਆਂ ਸਥਾਨ ਦੇਣ ਦੀ ਲੋੜ ਹੈ।

ਇਸ ਉਪਰੰਤ ਪ੍ਰੋਫੈਸਰ ਅਜਮੇਰ ਸਿੰਘ ਔਲਖ ਦੀ ਜੀਵਨ ਸਾਥਣ ਮਨਜੀਤ ਔਲਖ ਅਤੇ ਡਾ. ਅਰੀਤ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਯਸ਼ਪਾਲ ਅਤੇ ਅਮੋਲਕ ਸਿੰਘ ਵੱਲੋਂ ਸੰਪਾਦਤ ਕੀਤੀ ਆਦਿਵਾਸੀ ਲੋਕਾਂ ਦੀ ਜ਼ਿੰਦਗੀ ਅਤੇ ਸੰਗਰਾਮ ਦੀ ਗਾਥਾ ਦੀ ਗੱਲ ਕਰਦੀਆਂ ਕਵਿਤਾਵਾਂ ਦੀ ਪੁਸਤਕ ‘ਜੰਗਲ ਜਾਈਆਂ ਕਵਿਤਾਵਾਂ’ ਲੋਕ ਅਰਪਣ ਕੀਤੀ ਗਈ। ਪੁਸਤਕ ਲੋਕ ਅਰਪਨ ਮੌਕੇ ਪ੍ਰੋਫੈਸਰ ਜਗਮੋਹਣ ਸਿੰਘ ਬੂਟਾ ਸਿੰਘ ਮਹਿਮੂਦਪੁਰ, ਡਾ ਅਰੀਤ, ਮਨਜੀਤ ਔਲਖ, ਰਜਿੰਦਰ ਭਦੌੜ, ਰਾਮ ਸਵਰਨ ਲੱਖੇਵਾਲੀ, ਪੰਜਾਬੀ ਸਾਹਿਤ ਅਕਾਦਮੀ ਦੇ ਆਗੂ ਗੁਲਜ਼ਾਰ ਪੰਧੇਰ, ਸਾਹਿਤ ਚਿੰਤਨ ਚੰਡੀਗੜ੍ਹ ਦੇ ਸੰਚਾਲਕ ਸਰਦਾਰਾ ਸਿੰਘ ਚੀਮਾ, ਜਸਵੰਤ ਜੀਰਖ, ਜੋਗਿੰਦਰ ਆਜ਼ਾਦ, ਜਗਰੂਪ ਸਿੰਘ ਧਾਲੀਵਾਲ, ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ ਦੇ ਪ੍ਰਿੰਸੀਪਲ ਡਾ. ਅਵਤਾਰ ਸਿੰਘ ਤੋਂ ਇਲਾਵਾ ਪਲਸ ਮੰਚ ਦੇ ਵਿੱਤ ਸਕੱਤਰ ਕਸਤੂਰੀ ਲਾਲ, ਮਾਸਟਰ ਰਾਮ ਕੁਮਾਰ, ਜਸਵਿੰਦਰ ਪੱਪੀ ਜਗਸੀਰ ਜੀਦਾ ਸੂਬਾ ਕਮੇਟੀ ਮੈਂਬਰ ਹਾਜਰ ਸਨ।

ਸਮਾਗਮ ਦੇ ਆਖਰੀ ਸੈਸ਼ਨ ਵਿੱਚ ਗੁਰਸ਼ਰਨ ਸਿੰਘ ਜੀ ਦਾ ਲਿਖਿਆ ਅਤੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ’ਚ ਖੇਡਿਆ ਗਿਆ ‘ਸਿਉਂਕ’ ਨਾਟਕ ਬੇਰੁਜ਼ਗਾਰੀ ਵਰਗੇ ਬਹੁਤ ਹੀ ਮਹੱਤਵਪੂਰਨ ਵਿਸ਼ਿਆਂ ਨੂੰ ਛੋਹਦਾ ਹੋਇਆ ਪੂਰੀ ਸਫਲਤਾ ਨਾਲ ਲੋਕਾਂ ਦੇ ਮਨਾਂ ਤੇ ਡੂੰਘੀ ਛਾਪ ਛੱਡ ਗਿਆ।

ਜ਼ਿਕਰਯੋਗ ਹੈ ਕਿ ਇਸ ਸਮਾਗਮ ਲਈ ਹਰ ਸਾਲ ਦੀ ਤਰ੍ਹਾਂ 25 ਜਨਵਰੀ ਸਮਾਗਮ ਲਈ ਪਾਸ਼ ਯਾਦਗਾਰੀ ਕੌਮਾਂਤਰੀ ਟ ?ਰਸਟ ਦੇ ਕਨਵੀਨਰ ਇਨਕਲਾਬੀ ਕਵੀ ਸੁਰਿੰਦਰ ਧੰਜਲ ਵੱਲੋਂ 5000/ ਰੁਪਏ ਸਹਾਇਤਾ ਰਾਸ਼ੀ ਭੇਂਟ ਕਰਨ ਦਾ ਧੰਨਵਾਦ ਕੀਤਾ ਗਿਆ।

ਸਮਾਗਮ ਦਾ ਮੰਚ ਸੰਚਾਲਨ ਪਲਸ ਮੰਚ ਦੇ ਕਾਰਜਕਾਰੀ ਸਕੱਤਰ ਹਰਕੇਸ਼ ਚੌਧਰੀ ਵੱਲੋਂ ਸੁਚੱਜੇ ਢੰਗ ਨਾਲ ਕੀਤਾ ਗਿਆ। ਮੰਚ ਸੰਚਾਲਕ ਨੇ ਇਸ ਮੌਕੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ ਅਤੇ ਜਮਹੂਰੀ ਸ਼ਖ਼ਸੀਅਤਾਂ ਦਾ ਸਮਾਗਮ ਵਿੱਚ ਸ਼ਾਮਲ ਹੋਣ ਤੇ ਧੰਨਵਾਦ ਕੀਤਾ ਗਿਆ।

**ਪੇਸ਼ਕਸ਼: ਅਮੋਲਕ ਸਿੰਘ**





Galaxy Kitchen Cabinets Ltd.
Residential & Commercial



• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

Hans
Demolition & Excavating






* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4



THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HomeLife SilverCity
REALTY INC. BROKERAGE
HIGHER STANDARDS



Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary



Punjabi Rang Radio
CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਪ੍ਰੈੱਸ ਦੀ ਆਜ਼ਾਦੀ, RTI ਹੱਕਾਂ ਅਤੇ ਡਿਜੀਟਲ ਅਧਿਕਾਰਾਂ ਉੱਤੇ ਸਰਕਾਰੀ ਹਮਲਿਆਂ ਖ਼ਿਲਾਫ਼ ਬਠਿੰਡਾ ਵਿੱਚ ਹਜ਼ਾਰਾਂ ਲੋਕਾਂ ਵੱਲੋਂ ਪ੍ਰਦਰਸ਼ਨ

ਬਠਿੰਡਾ, (ਬਲਜਿੰਦਰ ਸਿੰਘ ਪਟਿਆਲਾ) : ਪ੍ਰੈੱਸ ਦੀ ਆਜ਼ਾਦੀ ਬਹਾਲ ਕਰੋ ਸੰਘਰਸ਼ ਕਮੇਟੀ ਪੰਜਾਬ ਵੱਲੋਂ ਅੱਜ ਬਠਿੰਡਾ ਵਿਖੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਬਾਹਰ ਪ੍ਰੈੱਸ ਦੀ ਆਜ਼ਾਦੀ, RTI ਹੱਕਾਂ, ਡਿਜੀਟਲ ਅਧਿਕਾਰਾਂ ਅਤੇ ਪੱਤਰਕਾਰਾਂ ਦੀ ਜੁਬਾਨਬੰਦੀ ਖ਼ਿਲਾਫ਼ ਹਜ਼ਾਰਾਂ ਲੋਕਾਂ ਨੇ ਪੰਜਾਬ ਸਰਕਾਰ ਖਿਲਾਫ ਇੱਕ ਵਿਸ਼ਾਲ ਅਤੇ ਰੋਸ ਧਰਨਾ ਤੇ ਮੁਜਾਹਰਾ ਕੀਤਾ। ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਪੱਤਰਕਾਰਾਂ, ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਵੱਖ-ਵੱਖ ਜਮਹੂਰੀ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ।

ਧਰਨੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਵਿੱਚ ਲੋਕਤੰਤਰਿਕ ਅਧਿਕਾਰਾਂ ਉੱਤੇ ਹੋ ਰਹੇ ਲਗਾਤਾਰ ਹਮਲਿਆਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ।ਆਗੂਆਂ ਕਿਹਾ ਕੇ ਪੰਜਾਬ ਸਰਕਾਰ ਕੇਂਦਰ ਸਰਕਾਰ ਵਾਂਗ ਜੁਬਾਨਬੰਦੀ ਕਰ ਰਹੀ ਹੈ! ਉਨ੍ਹਾਂ ਨੇ ਕਿਹਾ ਕਿ ਸਵਾਲ ਪੁੱਛਣ ਵਾਲੇ ਪੱਤਰਕਾਰਾਂ ਅਤੇ RTI ਐਕਟੀਵਿਸਟਾਂ ਨੂੰ ਝੂਠੇ ਅਤੇ ਬੇਬੁਨਿਆਦ ਪਰਚਿਆਂ ਵਿੱਚ ਫਸਾ ਕੇ ਡਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਸੰਵਿਧਾਨ ਦੇ ਆਰਟਿਕਲ 19 ਅਧੀਨ ਮਿਲੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਸਿੱਧੀ ਉਲੰਘਣਾ ਹੈ।

ਇਸ ਮੌਕੇ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਨਿਰਭੈ ਸਿੰਘ ਢੁਡੀਕੇ ਰਜਿੰਦਰ ਦੀਪ ਸਿੰਘ ਵਾਲਾ, ਮਨਜੀਤ ਸਿੰਘ ਧਨੇਰ, ਜਗਜੀਤ ਸਿੰਘ ਡੱਲੇਵਾਲ, ਜੋਰਾ ਸਿੰਘ ਨਸਰਾਲੀ, ਜਗਮੇਲ ਸਿੰਘ, ਮੰਗਾ ਸਿੰਘ ਆਜ਼ਾਦ, ਸ਼ਿੰਗਾਰਾ ਸਿੰਘ ਮਾਨ, ਅਸ਼ੋਕ ਕੰਬੋਜ ਅਤੇ ਝੰਡਾ ਸਿੰਘ ਜੇਠੂਕੇ, ਰਾਣਾ ਰਣਵੀਰ ਸਿੰਘ, ਪੱਤਰਕਾਰ ਹਮੀਰ ਸਿੰਘ, ਦੀਪਕ ਚਨਾਰਥਲ, ਰਜਿੰਦਰ ਸਿੰਘ ਤੱਗੜ, ਰਤਨਦੀਪ ਧਾਲੀਵਾਲ, ਡਾ. ਅਜੀਤਪਾਲ ਸਿੰਘ ਸਮੇਤ ਹੋਰ ਆਗੂਆਂ ਨੇ ਧਰਨੇ ਨੂੰ ਸੰਬੋਧਨ ਕੀਤਾ। ਸਵਰਨ ਸਿੰਘ ਦਾਨੇਵਾਲੀਆ ਅਤੇ ਸਾਹਿਲਦੀਪ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖ਼ੂਬੀ ਨਿਭਾਈ।

ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਭਾਰਤ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਵੱਡਾ ਜਮਹੂਰੀ ਮੁਲਕ ਅਖਵਾਉਂਦਾ ਹੈ, ਪਰ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਪੂਰੀ ਦੁਨੀਆਂ ਦੇ 180 ਦੇਸ਼ਾਂ ਵਿੱਚੋਂ 151ਵੇਂ ਸਥਾਨ 'ਤੇ ਪਹੁੰਚ ਚੁੱਕਾ ਹੈ। ਉਨ੍ਹਾਂ ਨੇ ਦੱਸਿਆ ਕਿ ਮੁਲਕ ਭਰ 'ਚ ਪੱਤਰਕਾਰਾਂ ਦੇ ਕਤਲ ਹੋ ਰਹੇ ਹਨ, ਪੱਤਰਕਾਰਾਂ ਉੱਤੇ ਪੁਲਿਸ ਦਬਾਅ ਬਣਾਇਆ ਜਾ ਰਿਹਾ ਹੈ ਅਤੇ ਸੱਚ ਬੋਲਣ ਵਾਲੀਆਂ ਆਵਾਜ਼ਾਂ ਦੀ ਜੁਬਾਨਬੰਦੀ ਕੀਤੀ ਜਾ ਰਹੀ ਹੈ।

ਆਗੂਆਂ ਨੇ ਕਿਹਾ ਕਿ ਇਹ ਉਹ ਪੱਤਰਕਾਰ ਹਨ ਜੋ ਕਾਰਪੋਰੇਟਾਂ ਦੀ ਨਹੀਂ, ਸਗੋਂ ਆਮ ਲੋਕਾਂ ਦੇ ਹੱਕਾਂ ਅਤੇ ਮਸਲਿਆਂ ਦੀ ਗੱਲ ਕਰਦੇ ਹਨ। ਉਨ੍ਹਾਂ ਨੇ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਨ੍ਹਾਂ ਪੱਤਰਕਾਰਾਂ ਜਾਂ ਜਮਹੂਰੀ ਆਵਾਜ਼ਾਂ ਨੂੰ ਕਿਸੇ ਵੀ ਤਰ੍ਹਾਂ ਨਾਲ ਨੁਕਸਾਨ ਪਹੁੰਚਾਉਣ ਦੀ



ਕੋਸ਼ਿਸ਼ ਕੀਤੀ ਗਈ ਤਾਂ ਇਸਦਾ ਸੂਬੇ ਭਰ ਵਿੱਚ ਵਿਸ਼ਾਲ, ਸੰਗਠਿਤ ਅਤੇ ਜਮਹੂਰੀ ਵਿਰੋਧ ਕੀਤਾ ਜਾਵੇਗਾ।

ਆਗੂਆਂ ਨੇ ਕਿਹਾ ਕਿ ਇਹ ਇਸ ਦੇਸ਼ ਦੇ ਇਤਿਹਾਸ ਵਿੱਚ ਪੱਤਰਕਾਰਾਂ ਵੱਲੋਂ ਕੀਤਾ ਗਿਆ ਸਭ ਤੋਂ ਵੱਡਾ ਜਮਹੂਰੀ ਅੰਦੋਲਨ ਹੈ।

ਧਰਨੇ ਦੌਰਾਨ ਇਹ ਵੀ ਕਿਹਾ ਗਿਆ ਕਿ ਸਰਕਾਰੀ ਪੈਸੇ ਨਾਲ ਤਿਆਰ ਕੀਤਾ ਗਿਆ ਡਾਟਾ ਲੋਕਾਂ ਦੀ ਮਲਕੀਅਤ ਹੁੰਦਾ ਹੈ ਅਤੇ ਉਸਦੀ ਵਰਤੋਂ 'ਤੇ ਰੋਕ ਲਗਾਉਣਾ ਕੁਦਰਤੀ ਨਿਆਂ ਅਤੇ ਪਾਰਦਰਸ਼ਿਤਾ ਦੇ ਅਸੂਲਾਂ ਦੇ ਖ਼ਿਲਾਫ਼ ਹੈ। ਇਸ ਸਬੰਧ ਵਿੱਚ Public Money ਨਾਲ ਬਣੇ ਡਾਟੇ ਲਈ ਇੱਕ ਸਪਸ਼ਟ Fair Use Policy ਬਣਾਉਣ ਦੀ ਮੰਗ ਵੀ ਕੀਤੀ ਗਈ।

ਇਸ ਤੋਂ ਇਲਾਵਾ ਪੰਜਾਬ ਵਿੱਚ ਪੈਂਡਿੰਗ ਪਈਆਂ ਹਜ਼ਾਰਾਂ RTI ਅਰਜ਼ੀਆਂ ਦਾ ਮਸਲਾ ਵੀ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਆਗੂਆਂ ਨੇ ਕਿਹਾ ਕਿ RTI ਕਾਨੂੰਨ ਲੋਕਾਂ ਦਾ ਮੂਲ ਹੱਕ ਹੈ, ਪਰ ਜਾਣਬੁੱਝ ਕੇ ਜਵਾਬ ਨਾ ਦੇ ਕੇ ਸਰਕਾਰ ਲੋਕਤੰਤਰ ਨੂੰ ਕਮਜ਼ੋਰ ਕਰ ਰਹੀ ਹੈ। ਸਾਰੀਆਂ ਪੈਂਡਿੰਗ RTIs ਦਾ ਸਮੇਂ-ਬੱਧ ਨਿਪਟਾਰਾ ਕਰਨ ਅਤੇ RTI ਐਕਟੀਵਿਸਟਾਂ ਦੀ ਸੁਰੱਖਿਆ ਲਈ ਵਿਸ਼ੇਸ਼ ਨੀਤੀ ਬਣਾਉਣ ਦੀ ਮੰਗ ਕੀਤੀ ਗਈ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ, ਕਿਸਾਨ ਮਜਦੂਰ ਸੰਘਰਸ਼ ਕਮੇਟੀ, ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਆਜ਼ਾਦ, ਭਾਰਤੀ ਕਿਸਾਨ ਯੂਨੀਅਨ ਖੋਸਾ, ਭਾਰਤੀ ਕਿਸਾਨ ਯੂਨੀਅਨ ਮਾਨਸਾ, ਭਾਰਤੀ ਕਿਸਾਨ ਯੂਨੀਅਨ ਮਾਲਵਾ, ਪੰਜਾਬ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਕੁੱਲ ਹਿੰਦ ਕਿਸਾਨ ਸਭਾ, ਪੰਜਾਬ ਕਿਸਾਨ ਸਭਾ, ਸਾਂਝਾ ਮੋਰਚਾ ਜੀਰਾ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਕਿਸਾਨ ਮਜਦੂਰ ਸੰਘਰਸ਼ ਕਮੇਟੀ, ਪੰਜਾਬ ਖੇਤ ਮਜਦੂਰ ਯੂਨੀਅਨ, ਪੰਜਾਬ ਖੇਤ ਮਜ਼ਦੂਰ ਸਭਾ, ਪੇਂਡੂ ਖੇਤ ਮਜਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਮਜ਼ਦੂਰ ਮੁਕਤੀ ਮੋਰਚਾ, ਮਜ਼ਦੂਰ ਅਧਿਕਾਰ ਅੰਦੋਲਨ, ਲੋਕ ਅਧਿਕਾਰ ਲਹਿਰ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਬੇਰੁਜ਼ਗਾਰ ਜਥੇਬੰਦੀ, ਬੇਰੁਜ਼ਗਾਰ ਸਾਂਝਾ ਮੋਰਚਾ, ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ), ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਡੇਮੋਕ੍ਰੇਟਿਕ ਟੀਚਰਜ਼ ਯੂਨੀਅਨ (ਦਿਗਵਿਜੇ ਸ਼ਰਮਾ), ਡੇਮੋਕ੍ਰੇਟਿਕ ਟੀਚਰਜ਼ ਯੂਨੀਅਨ (ਵਿਕਰਮਦੇਵ), ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ, ਪੰਜਾਬ ਰੋਡਵੇਜ਼ ਪਨਬਸ ਕੰਡਕਟਰ ਯੂਨੀਅਨ, ਜਲ ਸਪਲਾਈ ਕੰਟਰੈਕਟ ਵਰਕਰ ਯੂਨੀਅਨ, ਤਰਕਸ਼ੀਲ ਸੁਸਾਇਟੀ ਪੰਜਾਬ, ਮੈਡੀਕਲ ਪ੍ਰੈਕਟੀਸ਼ਨਰਜ਼ ਐਸਸੀਏਸ਼ਨ ਪੰਜਾਬ, TSU ਭੰਗਲ, ਚੰਡੀਗੜ੍ਹ ਪ੍ਰੈੱਸ ਕਲੱਬ, ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ, ਇੰਡੀਅਨ ਜਰਨਲਿਸਟ ਯੂਨੀਅਨ, ਜਮਹੂਰੀ ਅਧਿਕਾਰ ਸਭਾ ਅਤੇ ਲੋਕ ਮੋਰਚਾ ਪੰਜਾਬ।

# ਮੁਲਾਜ਼ਮ ਫੈਡਰੇਸ਼ਨ ਵੱਲੋਂ ਸੈਮੀਨਾਰ ਦੌਰਾਨ ਸੁਖਵਿੰਦਰ ਸਿੰਘ ਲੀਲ੍ਹ ਦਾ ਸਨਮਾਨ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : 30 ਨਵੰਬਰ 2025 ਨੂੰ ਸਰਕਾਰੀ ਨੌਕਰੀ ਤੋਂ ਹੋਈ ਸੇਵਾ ਮੁਕਤੀ ਉਪਰੰਤ ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ ਦੇ ਜਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਲੀਲ ਦਾ ਸਨਮਾਨ ਕੀਤਾ ਗਿਆ। ਭੁਪਿੰਦਰ ਵੜੈਚ, ਤਰਸੇਮ ਪੀਟਰ, ਸਵਰਨਜੀਤ ਕੌਰ, ਰੁਪਿੰਦਰਪਾਲ ਗਿੱਲ, ਅਮਰ ਸਿੰਘ, ਸੁਖਵਿੰਦਰ ਲੀਲ ਅਤੇ ਰਮਨਜੀਤ ਸੰਧੂ ਤੇ ਅਧਾਰਿਤ ਪ੍ਰਧਾਨਗੀ ਮੰਡਲ ਦੀ ਦੇਖਰੇਖ ਹੇਠ ਹੋਏ ਸੈਮੀਨਾਰ ਵਿੱਚ ਮੁੱਖ ਬੁਲਾਰੇ ਦੇ ਭੁਪਿੰਦਰ ਸਿੰਘ ਵੜੈਚ ਨੇ 'ਮੌਜੂਦਾ ਹਾਲਾਤ ਅਤੇ ਜਥੇਬੰਦੀਆਂ ਦਾ ਰੋਲ' ਵਿਸ਼ੇ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ, ਮੌਜੂਦਾ ਸਮੇਂ ਸੱਤਾਧਾਰੀ ਧਿਰ ਵੱਲੋਂ ਫੈਲਾਈ ਜਾ ਰਹੀ ਫਿਰਕਾਪ੍ਰਸਤੀ, ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ, ਬਿਜਲੀ ਐਕਟ 2025, ਵੋਟ ਧਾਂਦਲੀ ਅਤੇ ਗੁਆਂਢੀ ਦੇਸ਼ਾਂ ਨਾਲ ? ਖਰਾਬ ਕੀਤੇ ਸਬੰਧ ਅੱਜ ਦੀਆਂ ਮੁੱਖ ਚੁਣੌਤੀਆਂ ਹਨ, ਜਿਨ੍ਹਾਂ ਦਾ ਹੱਲ ਜੱਥੇਬੰਦਕ ਸੰਘਰਸ਼ਾਂ ਨਾਲ ਹੋਵੇਗਾ। ਇਨ੍ਹਾਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡੈਮੋਕ੍ਰੇਟਿਕ ਟੀਚਰ ਫਰੰਟ ਦੇ ਜ਼ਿਲਾ ਪ੍ਰਧਾਨ ਰਮਨਜੀਤ ਸਿੰਘ ਸੰਧੂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹਨਾਂ ਨੇ ਆਪਣੇ ਸਾਹਿਤਕ ਸਫਰ ਦੌਰਾਨ ਦੋ ਪੁਸਤਕਾਂ 'ਅਣਗੌਲੇ ਗ਼ਦਰੀ ਸੂਰਮੇ' ਅਤੇ 'ਅੱਜ ਕੱਲ੍ਹ' ਇਹਨਾਂ ਵੱਲੋਂ ਲੋਕਾਂ ਨੂੰ ਭੇਟ ਕੀਤੀਆਂ ਅਤੇ ਤੀਸਰੀ ਪੁਸਤਕ ਭੇਟ ਕੀਤੇ ਜਾਣ ਦੀ ਤਿਆਰੀ ਹੈ। ਇਸ ਲੰਮੇ ਸਫ਼ਰ ਵਿੱਚ ਇਹਨਾਂ ਨੇ ਲੋਕ ਸੰਗੀਤ ਮੰਡਲੀ ਲੀਲ੍ਹ ਅਤੇ ਲੋਕ ਕਲਾ ਮੰਚ ਪੱਖੋਵਾਲ ਵਿੱਚ ਮੈਂਬਰ, ਇਨਕਲਾਬੀ ਕੇਂਦਰ ਪੰਜਾਬ ਵਿੱਚ ਸਕੱਤਰ ਦੇ ਰੂਪ ਵਿੱਚ ਕੰਮ ਕੀਤਾ। ਤਰਕਸ਼ੀਲ



ਸੁਸਾਇਟੀ ਦੀ ਜਗਰਾਉਂ ਇਕਾਈ ਦੇ ਪ੍ਰਧਾਨ, ਸੁਧਾਰ ਇਕਾਈ ਦੇ ਕਨਵੀਨਰ ਅਤੇ ਲੁਧਿਆਣਾ ਇਕਾਈ ਦੇ ਸਕੱਤਰ ਦੇ ਰੂਪ ਵਿੱਚ ਕੰਮ ਕੀਤਾ। ਮੌਜੂਦਾ ਸਮੇਂ ਸ਼ਹੀਦ ਭਗਤ ਸਿੰਘ ਸੱਭਿਆਚਾਰ ਮੰਚ ਦੇ ਪ੍ਰਧਾਨ ਦੇ ਤੌਰ'ਤੇ ਕੰਮ ਕਰ ਰਹੇ ਹਨ। ਸ਼ਹੀਦ ਸੁਖਦੇਵ ਦੇ ਮੁਹੱਲਾ ਨੌਘਰਾ ਲੁਧਿਆਣਾ ਵਿਚਲੇ ਜੱਦੀ ਘਰ ਦੀ ਸਾਂਭ ਸੰਭਾਲ, ਪ੍ਰਚਾਰ ਪ੍ਰਸਾਰ ਅਤੇ ਖੋਜ ਸਬੰਧੀ ਕਮੇਟੀ ਦੇ ਸਰਗਰਮ ਮੈਂਬਰ ਰਹੇ। ਇਸ ਦੌਰਾਨ ਇਹਨਾਂ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ ਸੱਭਿਆਚਾਰ ਮੰਚ ਦੀ ਟੀਮ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦਿਵਸ ਦੇ ਸ਼ਤਾਬਦੀ ਪ੍ਰੋਗਰਾਮਾਂ ਦੇ ਸਬੰਧ ਵਿੱਚ 300 ਦੇ ਕਰੀਬ ਨੁੱਕੜ ਨਾਟਕ ਖੇਡੇ ਗਏ ਅਤੇ 5 ਵੱਡੇ ਨਾਟਕ ਮੇਲੇ ਕਰਵਾਏ ਗਏ। ਇਹਨਾਂ ਬਾਰੇ ਵਿਚਾਰ ਪੇਸ਼ ਕਰਦਿਆਂ ਡੀਟੀਐੱਫ ਦੇ ਜਿਲ੍ਹਾ ਸਕੱਤਰ ਰੁਪਿੰਦਰਪਾਲ ਗਿੱਲ ਨੇ ਕਿਹਾ ਕਿ ਟਰੇਡ ਯੂਨੀਅਨ ਦੇ ਸਫਰ ਦੌਰਾਨ ਮੋਲਡਰ ਅਤੇ ਸਟੀਲ ਵਰਕਰ ਯੂਨੀਅਨ ਦੇ ਮੈਂਬਰ, ਵੋਕੇਸ਼ਨਲ ਸਕੂਲ ਅਟੈਂਡੈਂਟ ਯੂਨੀਅਨ ਦੇ ਸੂਬਾ ਪ੍ਰਧਾਨ, ਮੁਲਾਜ਼ਮ ਜੱਥੇਬੰਦੀ ਡੈਮੋਕਰੇਟਿਕ ਇੰਪਲਾਈਜ਼ ਫਰੰਟ ਦੇ ਜਿਲਾ ਸਕੱਤਰ ਰਹੇ ਆਪ ਅੱਜ ਕੱਲ੍ਹ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਦੇ ਤੌਰ'ਤੇ ਕੰਮ ਕਰਦਿਆਂ ਗੈਰ ਜੱਥੇਬੰਦ ਲੋਕਾਂ ਨੂੰ ਜੱਥੇਬੰਦ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ। ਕਰਮਜੀਤ ਗਰੇਵਾਲ, ਰੰਜਨਾਂ, ਰਾਜਿੰਦਰ ਜੰਡਿਆਲੀ, ਕਸਤੂਰੀ ਲਾਲ, ਸੁਖਦੇਵ ਸਿੰਘ ਹਠੂਰੀਆ, ਸਤਕਰਤਾਰ ਸਿੰਘ ਨੇ ਅਗਾਂਹਵਧੂ ਕਵਿਤਾ ਪੇਸ਼ ਕੀਤੀ। ਇਸ ਮੌਕੇ ਟੇਕ ਚੰਦ ਕਾਲੀਆ, ਸਵਰਨਜੀਤ ਸਿੰਘ, ਤਰਸੇਮ ਪੀਟਰ, ਅਮਨਪ੍ਰੀਤ ਸਿੰਘ, ਸੁਖਦੇਵ ਸਲੇਮਪੁਰੀ, ਹਰਪ੍ਰੀਤ ਜੀਰਖ, ਪ੍ਰਵੀਨ ਕੁਮਾਰੀ,ਪਰਮਿੰਦਰ ਮਲੌਦ ਅਤੇ ਜਸਦੇਵ ਲਲਤੋਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰੋ. ਏ. ਕੇ. ਮਲੇਰੀ, ਵਿਜੇ ਨਾਰਾਇਣ, ਸ਼ੰਭੂ ਪ੍ਰਸਾਦ, ਮੇਵਾ ਸਿੰਘ ਮਹਿਮੀ, ਸੁਰਿੰਦਰ ਸ਼ਰਮਾ, ਸਤਵਿੰਦਰ ਬਸਰਾ, ਹਰੀਸ਼ ਮੌਦਗਿੱਲ, ਰਮਨ ਗਿੱਲ, ਪ੍ਰਿੰਸੀਪਲ ਜਸਪ੍ਰੀਤ ਮੋਹਨ ਸਿੰਘ, ਇੰਜੀ: ਪੀ.ਐਸ.ਬਾਘਾ, ਸੁਖਦੇਵ ਮਾਣੂੰਕੇ, ਰਾਜ ਰਾਣੀ, ਬਲਵੀਰ ਸਿੰਘ ਮਾਣੂੰਕੇ, ਇੰਦਰਜੀਤ ਮੁੱਲਾਂਪੁਰ, ਸਰਪੰਚ ਕ੍ਰਿਪਾਲ ਸਿੰਘ, ਅਮਨਦੀਪ ਵਰਮਾ, ਜਗਬੀਰ ਸਿੰਘ ਨਾਗਰਾ, ਜੰਗਪਾਲ ਸਿੰਘ ਰਾਇਕੋਟ, ਨਰਿੰਦਰ ਸਿੰਘ ਰਾਇਕੋਟ, ਭਾਰਤ ਭੂਸ਼ਣ ਮੱਟੂ, ਹਰਜਿੰਦਰ ਸਿੰਘ ਮੋਲਡਰ ਆਦਿ ਹਾਜ਼ਰ ਸਨ।






# ਔਰਤਾਂ ਦਾ ਮਿਹਨਤਾਨਾ ਘੱਟ ਕਿਉਂ ?

ਡਾ.ਕੰਵਲਜੀਤ ਕੌਰ ਗਿੱਲ



ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਹਰ ਕਰਮਚਾਰੀ/ਕਿਰਤੀ ਦਾ ਕਾਨੂੰਨੀ ਤੇ ਮਨੁੱਖੀ ਅਧਿਕਾਰ ਹੈ। ਨਿੱਜੀ ਅਦਾਰਿਆਂ, ਅਸੰਗਠਿਤ ਖੇਤਰ ਜਾਂ ਗ਼ੈਰ-ਸਰਕਾਰੀ ਖੇਤਰ ਵਿੱਚ ਰੰਗ, ਨਸਲ ਜਾਂ ਕਿਸੇ ਵੀ ਹੋਰ ਪੱਖ ਨੂੰ ਲੈ ਕੇ ਆਨੇ-ਬਹਾਨੇ ਮਿਹਨਤਾਨੇ ਸਬੰਧੀ ਪੱਖਪਾਤ ਕੀਤਾ ਜਾਂਦਾ ਹੈ। ਜਦੋਂ ਕਿਸੇ ਕਰਮਚਾਰੀ ਜਾਂ ਕਿਰਤੀ ਨਾਲ ਵਿਤਕਰਾ ਉਸ ਦੇ ਮਰਦ ਜਾਂ ਔਰਤ ਹੋਣ ਕਾਰਨ ਹੋਵੇ ਤਾਂ ਇਸ ਨੂੰ ਮਿਹਨਤਾਨੇ ਵਿੱਚ ਲਿੰਗ ਆਧਾਰਿਤ ਵਿਤਕਰਾ ਕਹਾਂਗੇ। ਅਮਰੀਕਾ, ਕੈਨੇਡਾ ਅਤੇ ਸਾਰੇ ਹੋਰ ਵਿਕਸਿਤ ਦੇਸ਼ਾਂ ਵਿੱਚ ਇਹ ਵਿਤਕਰਾ ਆਮ ਵਰਤਾਰਾ ਹੈ। ਔਰਤਾਂ ਦੀ ਸਾਖਰਤਾ ਦਰ ਵਧਣ ਕਾਰਨ ਰੁਜ਼ਗਾਰ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਵਧ ਰਹੀ ਹੈ। ਅਜੋਕੇ ਸਮੇਂ ਵਿੱਚ ਔਰਤਾਂ ਉਨ੍ਹਾਂ ਕਿੱਤਿਆਂ ਤੇ ਖਿੱਤਿਆਂ ਵਿੱਚ ਵੀ ਰੁਜ਼ਗਾਰਯਾਫ਼ਤਾ ਹਨ, ਜਿਹੜੇ ਕਿਸੇ ਸਮੇਂ ਸਿਰਫ਼ ਮਰਦਾਂ ਲਈ ਹੀ ਰਾਖਵੇਂ ਸਨ। ਪਰ ਔਰਤਾਂ ਨੂੰ ਹੋਣ ਵਾਲੀ ਕੁੱਲ ਕਮਾਈ ਮਰਦਾਂ ਨਾਲੋਂ ਹਰ ਪੱਖੋਂ ਘੱਟ ਹੁੰਦੀ ਹੈ। ਕੌਮਾਂਤਰੀ ਮਜ਼ਦੂਰ ਸੰਗਠਨ (ਆਈ ਐੱਲ ਓ) ਮੁਤਾਬਿਕ 2022 ਵਿੱਚ ਵਿਸ਼ਵ ਪੱਧਰ 'ਤੇ 90.6 ਫ਼ੀਸਦੀ ਮਰਦ ਅਤੇ 61.4 ਫ਼ੀਸਦੀ ਔਰਤਾਂ ਕੰਮਕਾਜੀ ਸਨ। ਮਰਦਾਂ ਨੂੰ ਦਿੱਤੇ ਜਾਂਦੇ ਪ੍ਰਤੀ ਡਾਲਰ ਮਿਹਨਤਾਨੇ ਦੇ ਮੁਕਾਬਲੇ ਔਰਤਾਂ ਨੂੰ 78-79 ਸੈਂਟ ਤੋਂ ਲੈ ਕੇ 81-82 ਸੈਂਟ ਤੱਕ ਦਿੱਤੇ ਜਾਂਦੇ ਸਨ। ਪਿਛਲੇ ਦੋ ਦਹਾਕਿਆਂ ਦੌਰਾਨ ਅਤੇ ਖ਼ਾਸਕਰ ਕੋਵਿਡ-19 ਮਹਾਮਾਰੀ ਮਗਰੋਂ ਮਿਹਨਤਾਨੇ ਵਿੱਚ ਪਾੜਾ ਹੋਰ ਵੀ ਵਧਿਆ ਹੈ। ਕੀ ਕਾਰਨ ਹਨ ਕਿ ਹੁਨਰਮੰਦ ਅਤੇ ਸਿੱਖਿਅਤ ਹੋਣ ਦੇ ਬਾਵਜੂਦ ਨਿੱਜੀ ਕੰਪਨੀਆਂ ਜਾਂ ਗ਼ੈਰ-ਸਰਕਾਰੀ ਖੇਤਰਾਂ ਵਿੱਚ ਉੱਚੇ ਅਹੁਦਿਆਂ ਅਤੇ ਲੀਡਰਸ਼ਿਪ ਰੋਲ ਵਿੱਚ ਔਰਤਾਂ ਦੀ ਨੁਮਾਇੰਦਗੀ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ? ਮਰਦਾਂ ਦੇ ਮੁਕਾਬਲੇ ਔਰਤਾਂ ਦਾ ਮਿਹਨਤਾਨਾ ਘੱਟ ਕਿਉਂ ਹੈ? ਕੀ ਇਹ ਰੁਝਾਨ ਸਾਡੇ ਮਰਦ ਪ੍ਰਧਾਨ ਸਮਾਜ ਦੀ ਮਾਨਸਿਕਤਾ ਕਾਰਨ ਹੈ ਜਾਂ ਸਮਾਜਿਕ ਰੂੜੀਵਾਦੀ ਵਰਤਾਰਾ, ਜਿਸ ਤਹਿਤ ਔਰਤ ਕੋਲੋਂ ਖ਼ਾਸ ਤਰ੍ਹਾਂ ਦੀਆਂ ਸਮਾਜਿਕ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਦੀ ਆਸ ਕੀਤੀ ਜਾਂਦੀ ਹੈ? ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ ਆਈ ਐੱਮ) ਅਹਿਮਦਾਬਾਦ ਨੇ 2022 ਵਿੱਚ 200 ਕੰਪਨੀਆਂ ਵਿੱਚ ਔਰਤਾਂ ਦੇ ਸਰਬਉੱਚ ਅਹੁਦਿਆਂ 'ਤੇ ਪਹੁੰਚਣ ਵਿੱਚ ਆਉਂਦੀਆਂ ਰੁਕਾਵਟਾਂ ਬਾਰੇ ਅਧਿਐਨ ਕਰਨ ਉਪਰੰਤ ਦੱਸਿਆ ਕਿ ਇਨ੍ਹਾਂ 200 ਕੰਪਨੀਆਂ ਵਿੱਚ ਸਿਰਫ਼ 76 ਔਰਤਾਂ ਉੱਚ ਅਹੁਦਿਆਂ 'ਤੇ ਸਨ। ਉਨ੍ਹਾਂ ਵਿੱਚੋਂ 21 ਕੰਪਨੀਆਂ ਵਿੱਚ ਸਿਰਫ਼ ਇੱਕ ਔਰਤ ਇਸ ਸੀਟ ਉੱਪਰ ਸੀ। ਸਿਰਫ਼ 7 ਫ਼ੀਸਦੀ ਔਰਤਾਂ ਸੀਨੀਅਰ ਮੈਨੇਜਮੈਂਟ ਵਿੱਚ ਸਨ। ਅਦਿੱਖ ਰੋਕਾਂ ਤੋੜਨ ਦੇ ਬਾਵਜੂਦ ਉਹ ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਹਾਸਲ ਨਹੀਂ ਕਰ ਸਕੀਆਂ। ਪਿਰਿਆਡਿਕ ਲੇਬਰ ਫੋਰਸ ਸਰਵੇ 2022-23 ਅਨੁਸਾਰ ਭਾਰਤ ਵਿੱਚ ਮਰਦਾਂ ਨੂੰ ਮਿਲਦੇ 100 ਰੁਪਏ ਦੇ ਮੁਕਾਬਲੇ ਔਰਤਾਂ ਨੂੰ 61 ਰੁਪਏ ਦੀ ਅਦਾਇਗੀ ਹੁੰਦੀ ਹੈ। ਅਮਰੀਕਾ ਦੀ ਵਿੱਤੀ ਮਾਹਿਰ ਅਲੈਕਸ ਗੈਲੀ ਨੇ ਬੈਂਕਰੇਟ ਅਨੈਲੇਸਿਸ ਲਈ 2022-24 ਵਿੱਚ ਕੀਤੇ ਅਧਿਐਨ ਵਿੱਚ ਖੁਲਾਸਾ ਕੀਤਾ ਹੈ ਕਿ ਇੱਥੇ ਮਰਦਾਂ ਨੂੰ ਮਿਲਣ ਵਾਲੇ ਹਰ ਡਾਲਰ ਪਿੱਛੇ ਔਰਤਾਂ ਨੂੰ 81 ਸੈਂਟ ਮਿਲਦੇ ਹਨ। ਸਿਆਹਫਾਮ ਜਾਂ ਹੋਰ ਗੂੜ੍ਹੇ ਰੰਗਾਂ ਦੀਆਂ ਔਰਤਾਂ ਨੂੰ 67 ਸੈਂਟ ਅਤੇ ਹਿਸਪੈਨਿਕ (Hispanic) ਔਰਤਾਂ ਨੂੰ ਸਿਰਫ਼ 58 ਸੈਂਟ ਮਿਲਦੇ ਹਨ। ਕੈਨੇਡਾ ਦੇ ਲੇਬਰ ਫੋਰਸ ਸਰਵੇ 2021-22 ਅਨੁਸਾਰ ਰੁਜ਼ਗਾਰ ਵਿੱਚ ਔਰਤਾਂ ਦੀ ਸ਼ਮੂਲੀਅਤ ਵਿੱਚ 2011 ਤੋਂ 2021 ਤੱਕ ਵਾਧਾ ਦਰਜ ਕੀਤਾ ਗਿਆ ਹੈ ਪਰ ਇੱਥੇ ਵੀ ਪ੍ਰਤੀ ਘੰਟਾ ਔਰਤ ਦੀ ਕਮਾਈ 30.57 ਡਾਲਰ ਹੈ ਜਦੋਂਕਿ ਮਰਦ 35 ਤੋਂ 36 ਡਾਲਰ ਕਮਾਉਂਦਾ ਹੈ। ਕੌਮਾਂਤਰੀ ਪੱਧਰ 'ਤੇ ਤਨਖ਼ਾਹ ਅਤੇ ਮਜ਼ਦੂਰੀ ਵਿੱਚ ਅਦਾਇਗੀਆਂ ਵਿੱਚ ਲਿੰਗ ਆਧਾਰਿਤ ਵਖਰੇਵੇਂ ਦਾ ਮੁੱਖ ਕਾਰਨ ਔਰਤਾਂ ਦੁਆਰਾ ਜ਼ਿਆਦਾਤਰ ਚੁਣੇ ਜਾਂਦੇ ਖ਼ਾਸ ਪ੍ਰਕਾਰ ਦੇ ਖੇਤਰ ਹਨ, ਜਿੱਥੇ ਦੂਜੇ ਖੇਤਰਾਂ ਮੁਕਾਬਲੇ ਤਨਖ਼ਾਹਾਂ ਭਾਵੇਂ ਘੱਟ ਹੋਣ ਪਰ ਉਹ ਕਿੱਤੇ ਉਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਵਿੱਚ ਰੁਕਾਵਟ ਨਾ ਬਣਦੇ ਹੋਣ, ਜਿਵੇਂ ਅਧਿਆਪਨ ਕਾਰਜ, ਨਰਸਿੰਗ, ਦੇਖਭਾਲ ਦੀਆਂ ਸੇਵਾਵਾਂ ਆਦਿ। ਪਿਛਲੇ ਕੁਝ ਸਮੇਂ ਤੋਂ ਭਾਰਤ ਵਿੱਚ ਖੇਤੀਬਾੜੀ ਖੇਤਰ, ਘਰੇਲੂ-ਛੋਟੇ-ਦਰਮਿਆਨੇ ਤੇ ਮੁੱਢਲੇ ਉਦਯੋਗ ਅਤੇ ਨਿਰਮਾਣ ਦੇ ਖੇਤਰ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਵਧ ਰਹੀ ਹੈ। ਕੈਨੇਡਾ ਵਿੱਚ ਵੱਡੇ ਉਦਯੋਗ, ਭਵਨ ਨਿਰਮਾਣ ਤੇ ਮਾਹਿਰ ਡਾਕਟਰਾਂ ਵਿੱਚ 14 ਫ਼ੀਸਦੀ ਮਰਦ ਅਤੇ ਸਿਰਫ਼ 3 ਫ਼ੀਸਦੀ ਔਰਤਾਂ ਹਨ, ਜਿੱਥੇ ਪ੍ਰਤੀ ਘੰਟਾ ਉਜਰਤ 35 ਤੋਂ 45 ਡਾਲਰ ਤੱਕ ਹੈ। ਦੂਜੇ ਪਾਸੇ ਸਿਹਤ ਸੇਵਾਵਾਂ, ਮੁੱਖ ਡੈਸਕ 'ਤੇ ਬੈਠਣਾ ਜਾਂ ਰਿਸੈਪਸ਼ਨਿਸਟ ਦਾ ਕੰਮ ਅਤੇ ਹੋਰ ਸਮਾਜਿਕ ਸੇਵਾਵਾਂ ਜਿਵੇਂ ਬਜ਼ੁਰਗਾਂ ਦੀ ਦੇਖਭਾਲ, ਸਾਫ਼ ਸਫ਼ਾਈ ਦਾ ਕੰਮ ਆਦਿ ਕਿੱਤਿਆਂ ਵਿੱਚ 14 ਫ਼ੀਸਦੀ ਔਰਤਾਂ ਦੇ ਮੁਕਾਬਲੇ 2 ਫ਼ੀਸਦੀ ਮਰਦ ਹਨ। ਇੱਥੇ ਪ੍ਰਤੀ ਘੰਟਾ ਆਮਦਨ ਜਾਂ ਕਮਾਈ 24-25 ਡਾਲਰ ਹੈ। ਮਤਲਬ ਵਧੇਰੇ ਕਮਾਈ ਵਾਲੇ ਕਿੱਤਿਆਂ ਵਿੱਚ ਮਰਦਾਂ ਦਾ ਅਨੁਪਾਤ ਜ਼ਿਆਦਾ ਹੈ। ਦੂਜਾ ਕੰਪਨੀਆਂ ਵਿੱਚ ਅਦਾਇਗੀ ਦਾ ਸਿਸਟਮ ਪਾਰਦਰਸ਼ੀ ਨਾ ਹੋਣ ਕਾਰਨ ਇੱਕੋ ਸਥਾਨ 'ਤੇ ਬਰਾਬਰ ਦਾ ਕੰਮ ਕਰਨ 'ਤੇ ਵੀ ਉਜਰਤ ਦਾ ਵਖਰੇਵਾਂ ਹੈ। ਤੀਜਾ ਵੱਡਾ ਕਾਰਨ ਹੈ ਕਿ ਔਰਤਾਂ ਨੂੰ ਆਪਣੀਆਂ ਕੰਮਕਾਜੀ ਥਾਵਾਂ 'ਤੇ ਕਾਰਜ ਕੁਸ਼ਲਤਾ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਵਿੱਚ ਤਾਲਮੇਲ ਰੱਖਣਾ ਪੈਂਦਾ ਹੈ। ਛੋਟੇ ਬੱਚਿਆਂ ਅਤੇ ਘਰ ਦੇ ਬਜ਼ੁਰਗਾਂ ਦੀ ਦੇਖਭਾਲ ਕਰਨਾ ਮੁੱਖ ਤੌਰ 'ਤੇ ਔਰਤ ਦੀ ਜ਼ਿੰਮੇਵਾਰੀ ਮੰਨੀ ਜਾਂਦੀ ਹੈ। ਇਸ ਲਈ ਬਹੁਤੀ ਵਾਰ ਔਰਤ ਨੂੰ ਆਪਣੀ ਪਦ-ਉੱਨਤੀ ਜਾਂ ਤਰੱਕੀ ਨੂੰ ਵੀ ਠੁਕਰਾਉਣਾ ਪੈਂਦਾ ਹੈ। ਇਹ ਆਮਦਨ ਵਖਰੇਵਾਂ ਔਰਤਾਂ ਦੇ ਰੁਜ਼ਗਾਰ ਮੰਡੀ ਵਿੱਚ ਸ਼ਾਮਿਲ ਹੋਣ ਦੇ ਪਹਿਲੇ ਪੜਾਅ 'ਤੇ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਇੰਟਰਵਿਊ ਦੌਰਾਨ ਹੀ ਉਸ ਦੇ ਵਿਆਹੁਤਾ ਜੀਵਨ ਬਾਰੇ ਅਣਸੁਖਾਵੇਂ ਸਵਾਲ ਪੁੱਛੇ ਜਾਂਦੇ ਹਨ। ਚੌਥਾ, ਔਰਤਾਂ ਆਮ ਤੌਰ 'ਤੇ ਤਨਖ਼ਾਹ ਬਾਰੇ ਘੱਟ ਹੀ ਗੱਲਬਾਤ ਕਰਦੀਆਂ ਹਨ। 25 ਤੋਂ 40 ਸਾਲ ਉਮਰ ਵਰਗ ਦੀਆਂ ਔਰਤਾਂ ਵਧੇਰੇ ਕਰਕੇ ਕੰਮ ਦੇ ਸੁਖਾਵੇਂ ਘੰਟਿਆਂ ਨੂੰ ਤਰਜੀਹ ਦਿੰਦੀਆਂ ਹਨ। ਪੰਜਵਾਂ, ਔਰਤ ਨੂੰ ਸਭ ਤੋਂ ਵਧੇਰੇ ਨੁਕਸਾਨ ਉਸ ਵੇਲੇ ਹੁੰਦਾ ਹੈ ਜਦੋਂ ਉਹ ਮਾਂ ਬਣਨ ਦੀ ਸਮਾਜਿਕ ਅਤੇ ਪਰਿਵਾਰਕ ਜ਼ਿੰਮੇਵਾਰੀ ਨਿਭਾਉਂਦੀ ਹੈ। ਜਿਉਂ ਜਿਉਂ ਉਮਰ ਵਧਦੀ ਹੈ ਅਤੇ ਉਹ ਵਿਆਹ ਉਪਰੰਤ ਪਰਿਵਾਰਕ ਜ਼ਿੰਮੇਵਾਰੀਆਂ ਵਿੱਚ ਪੈਂਦੀਆਂ ਹਨ ਤਾਂ ਇਹ ਵਿਤਕਰਾ ਵਧਣ ਲੱਗਦਾ ਹੈ। ਬੱਚੇ ਨੂੰ ਜਨਮ ਦੇਣਾ ਤੇ ਮੁੱਢਲੀ ਦੇਖਭਾਲ ਦੌਰਾਨ ਉਹ ਮਰਦਾਂ ਨਾਲੋਂ ਤਿੰਨ ਚਾਰ ਸਾਲ ਆਪਣੇ ਕੈਰੀਅਰ ਵਿੱਚ ਵੀ ਪਿੱਛੇ ਰਹਿ ਜਾਂਦੀਆਂ ਹਨ। ਇਤਿਹਾਸ, ਧਰਮ ਤੇ ਯੁੱਧਨੀਤੀ ਔਰਤ ਦੇ ਸਿੱਖਿਅਤ ਹੋਣ ਦੇ ਨਾਲ ਨਾਲ ਉਸ ਦਾ ਕੰਮਕਾਜੀ ਹੋਣਾ ਆਰਥਿਕ, ਸਮਾਜਿਕ ਅਤੇ ਪਰਿਵਾਰਕ ਦ੍ਰਿਸ਼ਟੀਕੋਣ ਤੋਂ ਵਧੀਆ ਮੰਨਿਆ ਜਾਂਦਾ ਹੈ। ਕੋਵਿਡ-19 ਮਹਾਂਮਾਰੀ ਮਗਰੋਂ ਕੰਮ ਦੇ ਤਰੀਕੇ ਅਤੇ ਤਰਤੀਬ ਵਿੱਚ ਤਬਦੀਲੀ ਆਈ ਹੈ। ਇਸ ਨਾਲ ਘਰੋਂ ਕੰਮ ਕਰਨਾ, ਮਰਜ਼ੀ ਦੀ ਸ਼ਿਫਟ ਜਾਂ ਦਫ਼ਤਰ ਦੀ ਬਰਾਂਚ ਆਦਿ ਬਾਰੇ ਆਪਣੀ ਸਹੂਲਤ ਅਨੁਸਾਰ ਕੰਮ ਕਰਨ ਦੀ ਸੁਵਿਧਾ ਪ੍ਰਾਪਤ ਹੋ ਗਈ ਸੀ। ਇਹ ਪ੍ਰਣਾਲੀ ਮੈਨੇਜਮੈਂਟ ਅਤੇ ਕਾਮਿਆਂ ਦੋਹਾਂ ਨੂੰ ਰਾਸ ਆਈ ਹੈ। ਇਸ ਲਈ ਮਰਦਾਂ ਦੇ ਮੁਕਾਬਲੇ ਔਰਤਾਂ ਪਾਰਟ ਟਾਈਮ ਕੰਮ ਨੂੰ ਤਰਜੀਹ ਦੇਣ ਲੱਗੀਆਂ ਹਨ। ਔਰਤ ਦਾ ਰੁਜ਼ਗਾਰ ਵਿੱਚ ਹੋਣਾ ਨਾ ਸਿਰਫ਼ ਆਪਣੇ ਨਿੱਜੀ ਪਰਿਵਾਰ ਲਈ ਸਗੋਂ ਸਮੁੱਚੇ ਸਮਾਜ ਤੇ ਦੇਸ਼ ਲਈ ਵੀ ਲਾਹੇਵੰਦ ਹੈ। ਔਰਤਾਂ ਦੀ ਇਸ ਦੇਣ ਨੂੰ ਪਛਾਣਦਿਆਂ ਕੈਨੇਡਾ ਦੀ ਸਰਕਾਰ ਨੇ 2021 ਦੀਆਂ ਚੋਣਾਂ ਤੋਂ ਬਾਅਦ ਔਰਤਾਂ ਬਾਰੇ ਕੁਝ ਠੋਸ ਕਦਮ ਚੁੱਕੇ ਸਨ, ਜਿਨ੍ਹਾਂ ਨੂੰ ਫੈਮਿਲੀ ਫਰੈਂਡਲੀ ਪਾਲਸੀਆਂ ਕਿਹਾ ਜਾਂਦਾ ਹੈ। ਲੋੜਵੰਦ ਔਰਤਾਂ ਨੂੰ ਪ੍ਰਤੀ ਬੱਚਾ ਭੱਤਾ ਦੇਣ ਦੀ ਦਾ ਵੀ ਉਨ੍ਹਾਂ ਪ੍ਰਬੰਧ ਕੀਤਾ ਹੋਇਆ ਹੈ। ਕਈ ਮੁਲਕਾਂ ਵਿੱਚ ਕੰਮਕਾਜੀ ਥਾਵਾਂ ਉੱਤੇ ਹੀ ਨਵੀਆਂ ਬਣੀਆਂ ਮਾਵਾਂ ਦੇ ਬੱਚਿਆਂ ਦੀ ਸਾਂਭ-ਸੰਭਾਲ ਲਈ ਕਰੈੱਸ਼ ਹੁੰਦੇ ਹਨ। ਉਸ ਮਗਰੋਂ ਦੋ ਤੋਂ ਚਾਰ ਸਾਲਾਂ ਤੱਕ ਦੇ ਬੱਚਿਆਂ ਲਈ ਸਕੂਲ ਤੋਂ ਪਹਿਲਾਂ ਤੇ ਸਕੂਲ ਤੋਂ ਬਾਅਦ ਦੇਖ-ਰੇਖ ਦੀ ਵਿਵਸਥਾ ਵੀ ਹੈ। ਰੁਜ਼ਗਾਰ ਦੇ ਮੌਕਿਆਂ ਦੀ ਅਣਹੋਂਦ ਕਾਰਨ ਔਰਤਾਂ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਹੋ ਰਹੀਆਂ ਹਨ। ਭਾਰਤ ਦੇ ਪਿਰਿਆਡਕ ਲੇਬਰ ਫੋਰਸ ਸਰਵੇ 2022-23 ਅਨੁਸਾਰ ਕੁੱਲ ਕੰਮਕਾਜੀ ਔਰਤਾਂ ਵਿੱਚੋਂ 65.3 ਫ਼ੀਸਦੀ ਔਰਤਾਂ ਸਵੈ-ਰੁਜ਼ਗਾਰ ਵਿੱਚ ਸਨ। ਇਹ ਅਨੁਪਾਤ 2023-24 ਵਿੱਚ ਵਧ ਕੇ 67.4 ਫ਼ੀਸਦੀ ਹੋ ਗਿਆ ਸੀ। ਰੈਗੂਲਰ ਰੁਜ਼ਗਾਰ ਵਿੱਚ ਸਿਰਫ਼ 16 ਫ਼ੀਸਦੀ ਅਤੇ ਕੈਜ਼ੂਅਲ ਰੁਜ਼ਗਾਰ ਵਿੱਚ 16.6 ਫ਼ੀਸਦੀ ਔਰਤਾਂ ਸਨ। ਕੁੱਲ ਕੰਮਕਾਜੀ ਔਰਤਾਂ ਵਿੱਚੋਂ 61.2 ਫ਼ੀਸਦੀ ਔਰਤਾਂ ਗ਼ੈਰ-ਰਸਮੀ ਖੇਤਰ ਵਿੱਚ ਸਨ। ਯੂ ਐਨ ਓ ਦੇ ਮਨੁੱਖੀ ਅਧਿਕਾਰ ਐਲਾਨਨਾਮੇ 1948 ਅਨੁਸਾਰ, ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ/ਮਿਹਨਤਾਨਾ ਹਰ ਵਿਅਕਤੀ ਦਾ ਮੁੱਢਲਾ ਅਧਿਕਾਰ ਹੈ। ਇਸ ਐਲਾਨਨਾਮੇ 'ਤੇ ਭਾਰਤ ਸਰਕਾਰ ਵੱਲੋਂ ਦਸਤਖ਼ਤ ਕੀਤੇ ਹੋਏ ਹਨ। ਇਸੇ ਕਰਕੇ ਦੇਸ਼ ਵਿੱਚ ਬਰਾਬਰ ਮਿਹਨਤਾਨਾ ਐਕਟ 1976 ਬਣਾਇਆ ਗਿਆ ਸੀ। ਬਾਅਦ ਵਿੱਚ 2019 ਵਿੱਚ ਇਸ ਨੂੰ ਕੋਡ ਆਨ ਵੇਜਿਜ਼ (Code on Wages) ਦੇ ਰੂਪ ਵਿੱਚ ਲਿਆਂਦਾ ਗਿਆ। ਇਸ ਦੇ ਆਰਟੀਕਲ 39 ਡੀ ਅਨੁਸਾਰ ਮਿਹਨਤਾਨੇ ਵਿੱਚ ਕਿਸੇ ਨਾਲ ਵੀ ਲਿੰਗ ਆਧਾਰਿਤ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਉਂ ਹੀ 'ਮਗਨਰੇਗਾ' ਸਕੀਮ ਤਹਿਤ ਪੇਂਡੂ ਖੇਤਰ ਵਿੱਚ ਕੰਮਕਾਜ ਲਈ ਮਰਦ ਔਰਤ ਨੂੰ ਬਰਾਬਰ ਦਿਹਾੜੀ ਮਿਲਦੀ ਰਹੀ ਹੈ। 'ਸਕਿਲ ਇੰਡੀਆ ਮਿਸ਼ਨ' ਦਾ ਮਕਸਦ ਵੀ ਇਹੀ ਹੈ ਕਿ ਔਰਤਾਂ ਨੂੰ ਵੱਖ-ਵੱਖ ਪ੍ਰਕਾਰ ਦੀ ਕਿੱਤਾਮੁਖੀ ਸਿਖਲਾਈ ਦਿੱਤੀ ਜਾਵੇ ਤਾਂ ਕਿ ਔਰਤ ਮਰਦ ਦੀ ਕੁੱਲ ਕਮਾਈ ਵਿੱਚ ਪਾੜਾ ਘਟਾਇਆ ਜਾ ਸਕੇ। ਜਦੋਂ ਤੱਕ ਅਸੀਂ ਔਰਤਾਂ ਵਿਰੋਧੀ ਮਾਨਸਿਕਤਾ ਅਤੇ ਸਮਾਜਿਕ ਰੁਕਾਵਟਾਂ/ਬੰਦਿਸ਼ਾਂ ਵਿੱਚ ਸੁਧਾਰ ਨਹੀਂ ਕਰਦੇ ਅਤੇ ਔਰਤਾਂ ਨੂੰ ਸਤਿਕਾਰ ਸਹਿਤ ਬਰਾਬਰੀ ਦੇ ਆਧਾਰ 'ਤੇ ਰੁਜ਼ਗਾਰ ਵਿੱਚ ਸ਼ਾਮਿਲ ਨਹੀਂ ਕਰਦੇ, ਸਹੀ ਅਰਥਾਂ ਵਿੱਚ ਮਰਦ-ਔਰਤ ਬਰਾਬਰੀ ਦੇ ਟੀਚੇ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ ਨੀਤੀਘਾੜਿਆਂ ਅਤੇ ਕਾਰੋਬਾਰੀਆਂ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਨੂੰ ਘੱਟ ਕਮਾਈ ਵਾਲੇ ਕਿੱਤਿਆਂ ਵਿੱਚੋਂ ਕੱਢ ਕੇ ਮਰਦਾਂ ਵਾਂਗ ਵਧੇਰੇ ਕਮਾਈ ਵਾਲੇ ਕਿੱਤਿਆਂ ਵਿੱਚ ਵੀ ਰੁਜ਼ਗਾਰ ਮੁਹੱਈਆ ਕਰਵਾਉਣ; ਸਾਰੇ ਕਰਮਚਾਰੀਆਂ ਨੂੰ ਹੋਣ ਵਾਲੀਆਂ ਅਦਾਇਗੀਆਂ ਦੀ ਕਾਰਜਪ੍ਰਣਾਲੀ ਪਾਰਦਰਸ਼ੀ ਹੋਵੇ; ਕੰਮਕਾਜੀ ਔਰਤਾਂ ਦੇ ਛੋਟੇ ਬੱਚਿਆਂ ਦੀ ਦੇਖਭਾਲ ਅਤੇ ਬਜ਼ੁਰਗਾਂ ਦੀ ਸਾਂਭ ਸੰਭਾਲ ਦੀ ਸਹੂਲਤ ਕੈਨੇਡਾ ਵਾਂਗ ਭਾਰਤੀ ਔਰਤਾਂ ਨੂੰ ਵੀ ਉਪਲਬਧ ਹੋਵੇ; ਉਨ੍ਹਾਂ ਰੁਕਾਵਟਾਂ/ਬੰਦਿਸ਼ਾਂ ਨੂੰ ਦੂਰ ਕੀਤਾ ਜਾਵੇ ਜਿਹੜੀਆਂ ਔਰਤਾਂ ਨੂੰ ਕੰਮਕਾਜ ਦੌਰਾਨ ਪਦ-ਉੱਨਤੀ ਜਾਂ ਤਰੱਕੀ ਦੇ ਰਸਤੇ ਵਿੱਚ ਰੁਕਾਵਟ ਬਣਦੀਆਂ ਹਨ। ਇਸ ਦੇ ਨਾਲ ਹੀ ਔਰਤਾਂ ਨੂੰ ਤਨਖ਼ਾਹ ਸਮੇਤ ਪ੍ਰਸੂਤੀ ਛੁੱਟੀ ਦੀ ਵਿਵਸਥਾ ਸਰਕਾਰੀ ਅਦਾਰਿਆਂ ਦੀ ਤਰਜ਼ 'ਤੇ ਨਿੱਜੀ ਅਦਾਰਿਆਂ ਵਿੱਚ ਵੀ ਲੈਣ ਦੀ ਸਹੂਲਤ ਦਿੱਤੀ ਜਾਵੇ। ਸਰਕਾਰੀ ਅਦਾਰਿਆਂ ਵਿੱਚ ਰੁਜ਼ਗਾਰਯਾਫ਼ਤਾ ਵਿਅਕਤੀਆਂ ਲਈ ਮਿਹਨਤਾਨੇ ਜਾਂ ਤਨਖ਼ਾਹਾਂ ਵਿੱਚ ਕਿਸੇ ਪ੍ਰਕਾਰ ਦਾ ਲਿੰਗ ਆਧਾਰਿਤ ਵਿਤਕਰਾ ਨਹੀਂ ਹੁੰਦਾ, ਪਰ ਨਿੱਜੀ ਅਦਾਰਿਆਂ ਅਤੇ ਕੰਪਨੀਆਂ ਵਿੱਚ ਕੰਟਰੈਕਟ ਅਨੁਸਾਰ ਕੰਮ ਕਰਵਾਇਆ ਜਾਂਦਾ ਹੈ। 'ਬਰਾਬਰ ਕੰਮ ਬਦਲੇ ਬਰਾਬਰ ਅਦਾਇਗੀ' ਦੇ ਸੰਕਲਪ ਦੀ ਪ੍ਰਾਪਤੀ ਵਾਸਤੇ ਜ਼ਰੂਰੀ ਹੈ ਕਿ ਔਰਤਾਂ ਨੂੰ ਆਪਣੇ ਹੱਕਾਂ ਦੀ ਪੂਰਨ ਜਾਣਕਾਰੀ, ਕਾਨੂੰਨੀ ਵਿਵਸਥਾ ਦਾ ਗਿਆਨ ਹੋਵੇ ਅਤੇ ਉਨ੍ਹਾਂ 'ਚ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਆਵਾਜ਼ ਬੁਲੰਦ ਕਰਨ ਦੀ ਸਮਰੱਥਾ ਹੋਵੇ। ਇਸ ਲਈ ਮਾਨਸਿਕ ਅਤੇ ਇਖਲਾਕੀ ਤੌਰ 'ਤੇ ਯੂਨਿਟ ਵਿੱਚ ਕੰਮ ਕਰਦੇ ਸਾਰੇ ਕਰਮਚਾਰੀਆਂ ਅਤੇ ਮਜ਼ਦੂਰਾਂ ਨੂੰ ਸੰਗਠਿਤ ਹੋ ਕੇ ਇਕੱਠੇ ਕੰਮ ਕਰਨਾ ਪਵੇਗਾ ਕਿਉਂਕਿ ਰੁਜ਼ਗਾਰ ਪ੍ਰਾਪਤੀ ਅਤੇ ਮਾਣ ਮਰਿਆਦਾ ਵਾਲੀ ਜ਼ਿੰਦਗੀ ਜਿਊਣ ਦਾ ਹਰੇਕ ਵਿਅਕਤੀ ਦਾ ਮੁੱਢਲਾ ਮਨੁੱਖੀ ਅਧਿਕਾਰ ਹੈ।

*ਪ੍ਰੋਫੈਸਰ ਆਫ ਇਕਨੌਮਿਕਸ ਸੇਵਾਮੁਕਤ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at
BOB@DMTRANSPORT.CA or call me Bob 416-318-5032

# ਵਿਅਰਥ ਗਈ ਜ਼ਿੰਦਗੀ ’ਚ ਜ਼ਮਾਨਤ ਥੋੜ੍ਹੀ ਰਾਹਤ ਹੈ




-ਡਾ. ਆਨੰਦ ਤੇਲਤੁੰਬੜੇ
ਅਨੁ.: ਬੂਟਾ ਸਿੰਘ ਮਹਿਮੂਦਪੁਰ

*ਭੀਮਾ-ਕੋਰੇਗਾਓਂ ਸਾਜਿਸ਼ ਕੇਸ ਵਿਚ ਫਸਾਏ ਉੱਘੇ ਵਿਦਵਾਨ ਅਤੇ ਕੌਮਾਂਤਰੀ ਪੱਧਰ ’ਤੇ ਮਕਬੂਲ ਲੇਖਕ ਆਨੰਦ ਤੇਲਤੁੰਬੜੇ ਇਸ ਪੂਰੀ ਤਰ੍ਹਾਂ ਝੂਠੇ ਕੇਸ ਬਾਰੇ ਆਪਣਾ ਅਨੁਭਵ ਬਿਆਨ ਕਰਦੇ ਹੋਏ ਦੱਸਦੇ ਹਨ: “ਅਸੀਂ ਦੋ ਚੀਜ਼ਾਂ ਦਾ ਸ਼ਿਕਾਰ ਬਣੇ–ਇੱਕ ਅਨਿਆਂਪੂਰਨ ਜਾਂਚ ਅਤੇ ਦੂਜਾ, ਮੀਡੀਆ ਟਰਾਇਲ, ਜਿਸਨੂੰ ਹਥਿਆਰ ਵਾਂਗ ਵਰਤਿਆ ਗਿਆ। ਮੀਡੀਆ ਟਰਾਇਲ ਬੇਹੱਦ ਕਸ਼ਟਦਾਇਕ ਸੀ।” ਜੇਲ੍ਹ ਬੇਹੂਦਗੀ ਅਤੇ ਅਜੀਬ ਰੋਜ਼ਮਰਾ ਰੁਟੀਨ ਨਾਲ ਭਰੀ ਹੁੰਦੀ ਹੈ–ਜਿਸ ਉੱਪਰ ਆਨੰਦ ਤੇਲਤੁੰਬੜੇ ਦੀ ਨਜ਼ਰ ਪੈਂਦੀ ਹੈ ਅਤੇ ਉਹ ਅਕਸਰ ਇਸ ਵਿਚ ਇਕ ਡੂੰਘਾ ਕਾਲਾ ਹਾਸਾ ਲੱਭ ਲੈਂਦੇ ਹਨ। ਉਹ ਲਿਖਦੇ ਹਨ ਕਿ “ਨਵੀਂ ਗਿਆਨ-ਦ੍ਰਿਸ਼ਟੀ” ਵਿੱਚ ਉਸ ਦਾ ਪਹਿਲਾ ਸਬਕ ਇਹ ਸੀ ਕਿ ਤੱਥ ਮਰਜ਼ੀ ਨਾਲ ਚੁਣੇ ਜਾਣ ਵਾਲੀ ਚੀਜ਼ ਹਨ ਅਤੇ ਗੰਭੀਰਤਾ ਲਾਜ਼ਮੀ ਚੀਜ਼। – ਸੰਪਾਦਕ*

ਜੇਲ੍ਹ ਦੇ ਤ੍ਰਾਸਦਿਕ ਪੱਖ ਨੂੰ ਤਾਂ ਵਾਰ-ਵਾਰ ਫਰੋਲਿਆ ਜਾ ਚੁੱਕਾ ਹੈ। ਪਰ ਜੋ ਗੱਲ ਹੈਰਾਨੀਜਨਕ ਢੰਗ ਨਾਲ ਘੱਟ ਸਮਝੀ ਗਈ ਹੈ, ਉਹ ਹੈ ਇਸ ਦੀ ਵਿਲੱਖਣ ਹਾਸ-ਪ੍ਰਤਿਭਾ। ਜੇਲ੍ਹ ਨਿੱਤ ਪੂਰੀ ਸਮਰੱਥਾ ਨਾਲ ਕੰਮ ਕਰਨ ਵਾਲਾ ਬੇਹੂਦਗੀ ਦਾ ਕਾਰਖ਼ਾਨਾ ਹੈ ਅਤੇ ਮੈਂ ਇਸ ਦੇ ਨਮੂਨੇ ਇਕੱਠੇ ਕਰਨ ਦੀ ਆਦਤ ਬਣਾ ਲਈ ਸੀ–ਖ਼ਾਸ ਕਰਕੇ ਉਨ੍ਹਾਂ ਕਥਿਤ “ਖਾਲੀ ਘੰਟਿਆਂ” ’ਚ ਜਦੋਂ ਹਰ ਸਵੇਰ ਕੋਠੜੀਆਂ ਦੇ ਜੰਦਰੇ ਖੋਲ੍ਹੇ ਜਾਂਦੇ ਸਨ।

ਇਹ ਰਸਮ ਡੰਡਿਆਂ ਦੇ ਰਸਮੀਂ ਖੜਾਕ ਨਾਲ ਸ਼ੁਰੂ ਹੁੰਦੀ। ਜਦੋਂ ਪਹਿਰੇਦਾਰ ਲੋਹੇ ਦੀਆਂ ਸੀਖ਼ਾਂ ’ਤੇ ਧਮਕਾਊ ਢੰਗ ਨਾਲ ਡੰਡੇ ਮਾਰਦੇ ਤਾਂ ਅਜਿਹੀ ਆਵਾਜ਼ ਪੈਦਾ ਕਰਦੇ ਜੋ ਜਗਾਉਣਾ ਘੱਟ ਅਤੇ ਹਕੂਮਤ ਦਾ ਐਲਾਨ ਜ਼ਿਆਦਾ ਜਾਪਦੀ ਸੀ।

**ਇੱਕ ਸਵਾਲ ਮੈਨੂੰ ਲਗਾਤਾਰ ਪ੍ਰੇਸ਼ਾਨ ਕਰਦਾ:** ਉਹ ਹਮੇਸ਼ਾ ਦੋ-ਦੋ ਜਾਂ ਤਿੰਨ-ਤਿੰਨ ਦੇ ਜੁੱਟਾਂ ਵਿਚ ਹੀ ਕਿਉਂ ਆਉਂਦੇ ਸਨ? “ਏ ਉਠਾ ਰੇ” (ਉੱਠ ਓਏ!) ਚੀਕਣ ਅਤੇ ਡੰਡਾ ਸੀਖ਼ਾਂ ’ਤੇ ਮਾਰ ਕੇ ਧਮਕਾਉਣ ਲਈ ਤਾਂ ਇੱਕੋ ਪਹਿਰੇਦਾਰ ਕਾਫ਼ੀ ਸੀ। ਦੂਜਾ ਤਾਂ ਬਿਲਕੁਲ ਹੀ ਸਜਾਵਟੀ ਲੱਗਦਾ ਸੀ–ਅਧਿਕਾਰ ਦੀ “ਵਾਧੂ ਸਜਾਵਟ।”

ਇਕੇਰਾਂ ਮੈਂ ਇੱਕ ਪਹਿਰੇਦਾਰ ਨੂੰ ਪੁੱਛਿਆ ਕਿ ਇਹ ਫ਼ਜ਼ੂਲ ਦੁਹਰਾਓ ਜ਼ਰੂਰੀ ਕਿਉਂ ਹੈ। ਉਸ ਨੇ ਤੁਰੰਤ ਜਵਾਬ ਦਿੱਤਾ, ਜਿਵੇਂ ਕੋਈ ਧਾਰਮਿਕ ਸਲੋਕ ਉਚਰ ਰਿਹਾ ਹੋਵੇ: “ਰੋਸਟਰ ਡਿਊਟੀ।” ਮੈਂ ਸਪਸ਼ਟ ਕੀਤਾ ਕਿ ਮੈਂ ਇਹ ਨਹੀਂ ਪੁੱਛ ਰਿਹਾ ਕਿ ਉਹ ਕੀ ਕਰ ਰਿਹਾ ਹੈ–ਉਹ ਤਾਂ ਮੈਂ ਦੇਖ ਹੀ ਰਿਹਾ ਸੀ–ਮੈਂ ਤਾਂ ਇਹ ਪੁੱਛ ਰਿਹਾ ਸੀ ਕਿ ਇਸਦੀ ਖ਼ਾਤਰ ਦੋ ਜਣਿਆਂ ਦੀ ਲੋੜ ਕਿਉਂ ਪੈਂਦੀ ਹੈ। ਇਸ ਨਾਲ ਗੱਲਬਾਤ ਵਿਚ ਅਣਚਾਹੇ ਹੀ ਦਾਰਸ਼ਨਿਕ ਮੋੜ ਆ ਗਿਆ। ਥੋੜ੍ਹਾ ਰੁਕਕੇ ਉਸ ਨੇ ਜੇਲ੍ਹ ਦੀ ਦੁਨੀਆ ਦਾ ਸਭ ਤੋਂ ਤਾਕਤਵਰ ਮੰਤਰ ਫਿਰ ਦੁਹਰਾਇਆ: “ਸਾਹਿਬਾਲੇ ਵਿਚਾਰਤੋ–ਭਾਵ ਅਸੀਂ ਸਾਹਿਬ ਨੂੰ ਪੁੱਛਾਂਗੇ।”

ਜੇਲ੍ਹ ਦੇ ਅੰਦਰ, “ਸਾਹਿਬਾਲੇ ਵਿਚਾਰਤੋ” ਕੋਈ ਇਕਰਾਰ ਨਹੀਂ ਹੁੰਦਾ, ਸਗੋਂ ਇੱਕ ਮੁਕਾਮ ਹੁੰਦਾ ਹੈ–ਜਿੱਥੇ ਸਵਾਲ ਜਮ੍ਹਾਂ ਹੁੰਦੇ ਜਾਂਦੇ ਹਨ ਅਤੇ ਕਦੇ ਵਾਪਸ ਨਹੀਂ ਲਏ ਜਾਂਦੇ। ਇਹ ਪਹਿਰੇਦਾਰਾਂ ਨੂੰ ਸੋਚਣ ਤੋਂ, ਸਾਹਬਾਂ ਨੂੰ ਜਵਾਬ ਦੇਣ ਤੋਂ ਅਤੇ ਪ੍ਰਬੰਧ ਨੂੰ ਵਜ ?ਹਾ ਦੱਸਣ ਦੀ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੰਦਾ ਹੈ। ਸੱਤਾ, ਸਵੇਰ ਦੀ ਜਗਾਉਣ ਵਾਲੀ ਪੁਕਾਰ ਵਾਂਗ, ਜੋੜੇ ਵਿੱਚ ਆਉਂਦੀ ਹੈ–ਇਸ ਲਈ ਨਹੀਂ ਕਿ ਅਜਿਹਾ ਹੋਣਾ ਜ਼ਰੂਰੀ ਹੈ, ਸਗੋਂ ਇਸ ਲਈ ਕਿ ਅਜਿਹਾ ਹਮੇਸ਼ਾ ਤੋਂ ਹੁੰਦਾ ਆਇਆ ਹੈ। ਹਫ਼ਤਾਵਾਰੀ ਰਾਊਂਡ ਲਗਾਉਣ ਦਾ ਕੰਮ ਤਾਂ ਇਸ ਕਾਮੇਡੀ ਦੀ ਸਿਖ਼ਰ ਹੀ ਸੀ!

ਕੋਠੜੀ ਵਿੱਚ ਇਕਾਂਤ ਦੇ ਪਲਾਂ ’ਚ, ਅਜਿਹੇ ਮਜ਼ੇਦਾਰ ਪ੍ਰਸੰਗਾਂ ਨੂੰ ਚੇਤੇ ਕਰਨਾ ਮੇਰਾ ਨਿੱਜੀ ਸ਼ੁਗਲ ਬਣ ਗਿਆ ਸੀ। ਮੈਨੂੰ ਭੀਮਾ ਕੋਰੇਗਾਓਂ ਕੇਸ ਵਿੱਚ ਮੈਨੂੰ ਫਸਾਏ ਜਾਣਾ ਚੰਗੀ ਤਰ੍ਹਾਂ ਚੇਤੇ ਹੈ–ਉਸ ਦੀ “ਸ਼ੁਗਲ ਵਾਲੀ ਗੁਣਵੱਤਾ। ਜਦੋਂ ਪੁਣੇ ਪੁਲਿਸ ਨੇ ਪਹਿਲਾਂ ਗ੍ਰਿਫ਼ਤਾਰ ਕੀਤੇ ਪੰਜ ਜਣਿਆਂ ਦੇ ਜ਼ਬਤ ਕੀਤੇ ਗਏ ਇਲੈਕਟ੍ਰਾਨਿਕ ਯੰਤਰਾਂ ਤੋਂ ਕਥਿਤ ਤੌਰ ’ਤੇ ਬਰਾਮਦ ਹੋਏ ਦਸਤਾਵੇਜ਼ਾਂ ਬਾਰੇ ਪ੍ਰੈੱਸ ਕਾਨਫਰੰਸ ਕੀਤੀ ਤਾਂ ਉਨ੍ਹਾਂ ਨੇ ਲਗਭਗ ਉਤਸ਼ਾਹ ਨਾਲ ਐਲਾਨ ਕੀਤਾ ਕਿ ਸਾਜ਼ਿਸ਼ ਦਾ ਘੇਰਾ ਵਧ ਗਿਆ ਹੈ।”

ਜਿਵੇਂ ਸਭ ਕੁਝ ਪਹਿਲਾਂ ਹੀ ਰਿਹਰਸਲ ਕੀਤਾ ਹੋਵੇ, ਇੱਕ ਪੱਤਰਕਾਰ ਨੇ ਨਾਂ ਪੁੱਛੇ। ਮੇਰਾ ਨਾਂ ਤੁਰੰਤ ਪ੍ਰਗਟ ਹੋ ਗਿਆ–ਐਨ ਉਸੇ ਸਵੈਵਿਸ਼ਵਾਸ ਨਾਲ, ਜਿਵੇਂ ਕੋਈ ਜਾਦੂਗਰ ਖਾਲੀ ਟੋਪੀ ਵਿੱਚੋਂ ਖ਼ਰਗੋਸ਼ ਕੱਢਦਾ ਹੈ।

ਕੁਝ ਹੀ ਪਲ ਬਾਅਦ, ਪੁਲਿਸ ਨੇ ਬਹੁਤ ਹੀ ਰਸਮੀ ਗੰਭੀਰਤਾ ਨਾਲ ਇੱਕ ਚਿੱਠੀ ਪੜ੍ਹ ਕੇ ਸੁਣਾਈ–ਜੋ ਕਥਿਤ ਤੌਰ ’ਤੇ ਉਸ ਵਿਅਕਤੀ ਦੀ ਲਿਖੀ ਹੋਈ ਸੀ ਜਿਸਨੂੰ ਉਨ੍ਹਾਂ ਨੇ ਪਹਿਲਾਂ ਹੀ “ਮਾਓਵਾਦੀ ਕਾਰਕੁਨ” ਐਲਾਨਿਆ ਹੋਇਆ ਸੀ। ‘ਆਨੰਦ’ ਨੂੰ ਲਿਖੀ ਉਸ ਚਿੱਠੀ ਵਿਚ–ਜੋ ਨਿਸ਼ਚਤ ਤੌਰ ’ਤੇ ਮੈਂ ਹੀ ਹੋਣਾ ਸੀ–ਲਿਖਿਆ ਗਿਆ ਸੀ ਕਿ ਮੈਂ “ਅਮਰੀਕਨ ਯੂਨੀਵਰਸਿਟੀ ਆਫ਼ ਪੈਰਿਸ” ਵਿੱਚ ਜਿਸ ਸੈਮੀਨਾਰ ਵਿੱਚ ਹਿੱਸਾ ਲਿਆ ਸੀ, ਉਸ ਲਈ ਫੰਡ ਉਨ੍ਹਾਂ ਦੀ ਪਾਰਟੀ ਵੱਲੋਂ ਦਿੱਤੇ ਗਏ ਸਨ। ਇਹ ਜਾਣਨਾ ਅਜੀਬ ਤਰ੍ਹਾਂ ਭਾਵੁਕ ਕਰਨ ਵਾਲਾ ਸੀ ਕਿ ਮੇਰੀ ਅਕਾਦਮਿਕ ਜ਼ਿੰਦਗੀ ਦੀ ਮੇਰੀ ਜਾਣਕਾਰੀ ਤੋਂ ਬਿਨਾਂ ਹੀ ਏਨੀ ਦਰਿਆਦਿਲੀ ਨਾਲ ਸਰਪ੍ਰਸਤੀ ਕੀਤੀ ਗਈ ਸੀ। ਮੈਨੂੰ ਲੱਗਿਆ ਜਿਵੇਂ ਮੈਂ ਅੰਡਰਗਰਾਊਂਡ ਦੁਆਰਾ ਸੰਚਾਲਿਤ ਕਿਸੇ ਗੁਪਤ ਸਕਾਲਰਸ਼ਿਪ ਦਾ ਲਾਭਪਾਤਰੀ ਹੋਵਾਂ।

ਪੁਲਿਸ ਦੀ ਕਲਪਨਾ ਜਾਣੇ-ਪਛਾਣੇ ਖੇਤਰ ਤੋਂ ਅੱਗੇ ਨਹੀਂ ਜਾ ਸਕਦੀ ਸੀ। ਉਨ੍ਹਾਂ ਦੇ ਬ੍ਰਹਿਮੰਡ ਵਿੱਚ ਹਰ ਚੀਜ਼ ਦਾ ਮੁੱਲ ਹੁੰਦਾ ਹੈ। ਕਿਸੇ ਅਕਾਦਮਿਕ ਸੈਮੀਨਾਰ ਦਾ ਕੋਈ ਸਪਾਂਸਰ ਹੋਣਾ ਚਾਹੀਦਾ ਹੈ; ਸਪਾਂਸਰ ਦਾ ਇਕ ਅਜੰਡਾ ਹੋਣਾ ਚਾਹੀਦਾ ਹੈ; ਅਤੇ ਅਜੰਡਾ ਆਖ਼ਿਰਕਾਰ ਸਾਜ਼ਿਸ਼ ਹੋਣਾ ਚਾਹੀਦਾ ਹੈ। ਇਹ ਗੱਲ ਕਿ ਯੂਨੀਵਰਸਿਟੀਆਂ ਵਿਦਵਾਨਾਂ ਨੂੰ ਬੋਲਣ ਲਈ ਸੱਦਦੀਆਂ ਹਨ–ਇਹ ਉਨ੍ਹਾਂ ਲਈ ਫ਼ਾਲਤੂ ਅਮੂਰਤ ਚੀਜ਼ ਸੀ। ਉਨ੍ਹਾਂ ਦੇ ਹਿਸਾਬ ਨਾਲ ਇਹ ਅਮਰੀਕਨ ਯੂਨੀਵਰਸਿਟੀ ਭਾਰਤ ਵਿੱਚਲੇ ਮਾਓਵਾਦੀਆਂ ਦੀ ਲੁਕਵੀਂ ਸਹਿਯੋਗੀ ਸੀ!



ਕਹਾਣੀ ਦੀਆਂ ਕੁਜੋੜਤਾਵਾਂ ਐਨੀਆਂ ਉੱਘੜਵੀਂਆਂ ਸਨ ਕਿ ਜਦੋਂ ਅਫ਼ਸਰ ਨੇ ਗੰਭੀਰ ਹਾਵ-ਭਾਵ ਬਣਾ ਕੇ ਉਹ ਚਿੱਠੀ ਪੜ੍ਹੀ ਤਾਂ ਮੈਨੂੰ ਹਾਸਾ ਆ ਗਿਆ–ਮਾਨੋ ਸੱਚ ਗੰਭੀਰ ਹਾਵ-ਭਾਵ ਨਾਲ ਬਣਦਾ ਹੋਵੇ ਨਾ ਕਿ ਸੁਮੇਲਤਾ (coherence) ਨਾਲ। ਇਹ ਮੇਰੀ ਨਵੀਂ ਗਿਆਨ-ਦ੍ਰਿਸ਼ਟੀ ਦਾ ਪਹਿਲਾ ਸਬਕ ਸੀ: ਤੱਥ ਮਰਜ਼ੀ ਨਾਲ ਚੁਣੇ ਜਾਣ ਵਾਲੀ ਚੀਜ਼ ਹਨ; ਗੰਭੀਰਤਾ ਲਾਜ਼ਮੀ ਹੈ।

ਬਾਅਦ ਵਿਚ, ਵਿਵੇਕ ਦੇ ਦੁਰਲੱਭ ਪਲ ’ਚ ਹਾਈ ਕੋਰਟ ਨੇ ਇਸ ਉੱਚ-ਪੁਲਿਸ ਅਧਿਕਾਰੀ ਨੂੰ ਅਦਾਲਤ ਵਿੱਚ ਸਬੂਤ ਪੇਸ਼ ਕਰਨ ਤੋਂ ਪਹਿਲਾਂ ਪ੍ਰੈੱਸ ਨੂੰ ਸੰਬੋਧਤ ਕਰਨ ਲਈ ਡਾਂਟਿਆ। ਅਫਸੋਸ, ਅਦਾਲਤ ਇਹ ਨਹੀਂ ਜਾਣਦੀ ਸੀ ਕਿ ਉਸ ਅਧਿਕਾਰੀ ਨੇ ਨਾ ਸਿਰਫ਼ ਪ੍ਰੈੱਸ ਅੱਗੇ ਚਿੱਠੀਆਂ ਪੜ੍ਹੀਆਂ ਸਨ ਸਗੋਂ ਪਰਚਿਆਂ ਵਾਂਗ ਪੱਤਰਕਾਰਾਂ ਨੂੰ ਵੰਡੀਆਂ ਵੀ ਸਨ। ਮੈਂ ਓਦੋਂ ਵੀ ਆਪਣਾ ਹਾਸਾ ਨਹੀਂ ਸੀ ਰੋਕ ਸਕਿਆ ਜਦੋਂ ਮੇਰੇ ਇਕ ਟੀਵੀ ਚੈਨਲ ਦੇ ਪੱਤਰਕਾਰ ਮਿੱਤਰ ਨੇ ਉਹ ਚਿੱਠੀਆਂ ਮੈਨੂੰ ਗੁੱਛੇ ਦੇ ਰੂਪ ’ਚ ਈਮੇਲ ਕਰ ਦਿੱਤੀਆਂ।

ਜਦੋਂ ਇਹ ਕਹਾਣੀ ਚਾਰਜਸ਼ੀਟ ਵਿੱਚ ਸਾਹਮਣੇ ਆਈ ਤਾਂ ਮੇਰੇ ਇੱਕ ਵਕੀਲ ਮਿੱਤਰ ਨੇ ਮੈਨੂੰ ਚੇਤਾਵਨੀ ਦਿੱਤੀ ਕਿ ਇਹ ਹੱਸਣ ਵਾਲੀ ਗੱਲ ਨਹੀਂ ਹੈ। ਚਾਰਜਸ਼ੀਟ ਹੋਰ ਵੀ ਬਹੁਤ ਸਾਰੀਆਂ ਕਾਲਪਨਿਕ ਉੱਪ-ਕਹਾਣੀਆਂ ਨਾਲ ਭਰੀ ਹੋਈ ਸੀ। ਆਪਣੇ ਭੋਲੇਪਣ ਕਰਕੇ ਮੈਂ ਮੰਨ ਲਿਆ ਕਿ ਅਦਾਲਤ ਵਿੱਚ ਜਾ ਕੇ ਇਹ ਚਾਰਜਸ਼ੀਟ ਢਹਿ-ਢੇਰੀ ਹੋ ਜਾਵੇਗੀ। ਪਰ ਇਸ ਦੀ ਬਜਾਏ, ਸੁਣਵਾਈ ਦੌਰਾਨ ਪੁਲਿਸ ਨੇ “ਸੀਲਬੰਦ ਲਿਫ਼ਾਫ਼ੇ” ਵਿੱਚ ਕੁਝ ਪਾ ਕੇ ਅਦਾਲਤ ਵਿਚ ਪੇਸ਼ ਕੀਤਾ ਅਤੇ ਮੇਰੀ ਜ਼ਮਾਨਤ ਦੀ ਅਰਜ਼ੀ ਰੱਦ ਹੋ ਗਈ। ਇਹੀ ਰਸਮ ਸਰਵਉੱਚ ਅਦਾਲਤ ਵਿੱਚ ਦੁਹਰਾਈ ਗਈ। ਓਦੋਂ ਮੈਨੂੰ ਸਮਝ ਆਈ ਕਿ ਇਹ ਪ੍ਰਕਿਰਿਆ ਵਿੱਚ ਤਰੁੱਟੀ ਨਹੀਂ ਸਗੋਂ ਇਹੀ ਪ੍ਰਕਿਰਿਆ ਸੀ।

ਫ਼ਿਕਰਮੰਦ ਹੋ ਕੇ ਮੈਂ ਭਾਰਤ ਦੇ ਲੋਕਾਂ ਦੇ ਨਾਂ ਇੱਕ ਅਪੀਲ ਲਿਖੀ–ਮੇਰੀਆਂ ਆਸਾਂ ਟੁੱਟ ਚੁੱਕੀਆਂ ਹਨ; ਮੈਨੂੰ ਤੁਹਾਡੀ ਮਦਦ ਦੀ ਲੋੜ ਹੈ। ਮੈਂ ਨਾਗਰਿਕਾਂ ਨੂੰ ਉਨ੍ਹਾਂ ਦੀ ਖ਼ੁਦ ਦੀ ਜੇਲ੍ਹ ਜਾਣ ਦੀ ਸੰਭਾਵਨਾ ਦਾ ਪਤਾ ਲਾਉਣ ’ਚ ਮੱਦਦ ਕਰਨ ਲਈ ਇੱਕ “ਤੁਸੀਂ ਖ਼ੁਦ ਕਰੋ”(do-it-yourself) ਟੈਂਪਲੇਟ ਵੀ ਬਣਾਇਆ। ਇਹ ਡਰਾਉਣੇ ਹਾਸੇ ਦੇ ਰੂਪ ’ਚ ਸੀ, ਪਰ ਇਹ ਆਧੁਨਿਕ ਨਾਗਰਿਕਤਾ ਦੇ ਇੱਕ ਯੂਜ਼ਰ ਮੈਨੂਅਲ ਦੇ ਰੂਪ ’ਚ ਵੀ ਕੰਮ ਕਰਦਾ ਸੀ।

ਟੈਂਪਲੇਟ ਕੁਝ ਇਸ ਤਰ੍ਹਾਂ ਸੀ: ਇੱਕ ਚੰਗੇ ਦਿਨ, ਤੁਹਾਡੇ ਸਮਾਜਿਕ ਰੁਤਬੇ ਦੇ ਬਾਵਜੂਦ–ਜਾਂ ਉਸ ਦੀ ਅਣਹੋਂਦ ’ਚ–ਤੁਹਾਨੂੰ ਪਤਾ ਲੱਗਦਾ ਹੈ ਕਿ ਕਿਸੇ “ਐੱਸ” ਰਾਜ ਦੀ ਪੁਲਿਸ ਨੇ ਤੁਹਾਨੂੰ ਦਹਿਸ਼ਤਗਰਦ ਵਜੋਂ ਨਾਮਜ਼ਦ ਕਰ ਲਿਆ ਹੈ। ਕਿਸੇ ਜੁਰਮ ਦੀ ਜਾਂਚ ਕਰਦੇ ਸਮੇਂ, ਉਨ੍ਹਾਂ ਨੂੰ ਕਿਸੇ ਵਿਅਕਤੀ ਦੇ ਕੰਪਿਊਟਰ ਵਿੱਚੋਂ, “ਜ਼ੈੱਡ” ਨਾਂ ਦੀ ਕਿਸੇ ਜਗ੍ਹਾ ਤੋਂ (ਜਿੱਥੇ ਤੁਸੀਂ ਕਦੇ ਗਏ ਹੀ ਨਹੀਂ), “ਐਕਸ” ਨੂੰ ਲਿਖੀ ਇੱਕ ਚਿੱਠੀ ਮਿਲੀ, ਜਿਸਨੂੰ ਉਹ “ਐਕਸ” ਯਾਨੀ ਤੁਹਾਨੂੰ ਲਿਖੀ ਮੰਨਦੇ ਹਨ। ਚਿੱਠੀ “ਵਾਈ” ਵੱਲੋਂ ਲਿਖੀ ਹੋਈ ਹੈ, ਜਿਸਨੂੰ ਇੱਕ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਮੰਨਿਆ ਗਿਆ ਹੈ। ਚਿੱਠੀ ਵਿੱਚ ਲਿਖਿਆ ਹੋਇਆ ਹੈ ਕਿ ਤੁਸੀਂ “ਪੀ” ਨਾਂ ਦੀ ਜਗ੍ਹਾ ’ਤੇ ਮੌਜੂਦ ਸੀ, ਜਿਸ ਬਾਰੇ ਤੁਸੀਂ ਸ਼ਾਇਦ ਕਦੇ ਸੁਣਿਆ ਵੀ ਨਾ ਹੋਵੇ। ਇਸ ਦੀ ਪੁਸ਼ਟੀ ਇੱਕ ਗਵਾਹ ਦੁਆਰਾ ਕੀਤੀ ਗਈ ਹੈ ਜਿਸ ਨੇ ਕਿਸੇ ਨੂੰ ਇਹ ਕਹਿੰਦੇ ਸੁਣਿਆ ਕਿ ਉਸ ਨੇ ਤੁਹਾਨੂੰ ਉੱਥੇ “ਵਾਈ” ਦੀ ਜਾਣ-ਪਛਾਣ ਵਾਲੇ ਕਿਸੇ ਹੋਰ ਵਿਅਕਤੀ ਦੇ ਨਾਲ ਦੇਖਿਆ ਸੀ। ਹੁਣ, ਇਨ੍ਹਾਂ ਸਾਰੇ ਅੱਖਰਾਂ ਦੀ ਜਗ੍ਹਾ ਜੋ ਮਰਜ਼ੀ ਭਰ ਲਓ–ਅਤੇ ਵਧਾਈ ਹੋਵੇ–ਤੁਸੀਂ ਹੁਣ ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ (ਯੂਏਪੀਏ) ਦੇ ਤਹਿਤ ਮੁਲਜ਼ਮ ਬਣ ਚੁੱਕੇ ਹੋ। ਤੁਹਾਡੀ ਨੌਕਰੀ ਚਲੀ ਜਾਂਦੀ ਹੈ, ਪਰਿਵਾਰ ਦਾ ਅਮਨ-ਚੈਨ ਖ਼ਤਮ ਹੋ ਜਾਂਦਾ ਹੈ, ਤੁਸੀਂ ਬਦਨਾਮ ਹੋ ਜਾਂਦੇ ਹੋ, ਦੋਸਤੀਆਂ ਟੁੱਟ ਜਾਂਦੀਆਂ ਹਨ, ਅਤੇ ਜ਼ਿੰਦਗੀ ਇੱਕ ਲੰਮਾ ਕਾਨੂੰਨੀ ਫੁੱਟਨੋਟ ਬਣ ਕੇ ਰਹਿ ਜਾਂਦੀ ਹੈ। ਸਾਰਾ ਕੁਝ ਮਿਲਾ ਕੇ ਦੇਖਿਆਂ, ਇਹ ਮੌਤ ਤੋਂ ਵੀ ਬਦਤਰ ਲੱਗ ਸਕਦਾ ਹੈ–ਘੱਟੋ-ਘੱਟ ਮੌਤ ਵਿੱਚ ਨਿਸ਼ਚਿਤਤਾ ਦੀ ਸ਼ਰਾਫ਼ਤ ਤਾਂ ਹੁੰਦੀ ਹੈ।

ਮੇਰਾ ਵਿਸ਼ਵਾਸ ਸੀ ਕਿ ਇਹ ਤਮਾਸ਼ਾ ਗੁੱਸਾ ਪੈਦਾ ਕਰੇਗਾ, ਜਾਂ ਘੱਟੋ-ਘੱਟ ਜਿਗਿਆਸਾ ਤਾਂ ਜਗਾਏਗਾ। ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਆਪਣੀ ਕੋਠੜੀ ਵਿੱਚ, ਮੈਂ ਅਕਸਰ ਆਪਣੀ ਅਪੀਲ ਨੂੰ ਚੇਤੇ ਕਰਦਾ ਅਤੇ ਆਪਣੇ ਭੋਲ਼ੇਪਣ ਉੱਤੇ ਚੁੱਪਚਾਪ ਹੱਸ ਛੱਡਦਾ। ਮੈਨੂੰ ਅਹਿਸਾਸ ਹੋ ਗਿਆ ਕਿ ਭਾਰਤ ਦੇ ਲੋਕ ਏਨੀਆਂ ਮਾਮੂਲੀ “ਅਸੁਵਿਧਾਵਾਂ” ਨਾਲ ਪ੍ਰੇਸ਼ਾਨ ਹੋਣ ਦੇ ਬਹੁਤ ਜ਼ਿਆਦਾ ਆਦੀ ਹੋ ਚੁੱਕੇ ਹਨ। ਜਿਸ ਮੁਲਕ ਵਿੱਚ ਬੇਤੁਕੇਪਨ ਨੂੰ ਸੰਸਥਾਗਤ ਬਣਾ ਦਿੱਤਾ ਗਿਆ ਹੋਵੇ, ਉੱਥੇ ਤ੍ਰਾਸਦੀ ਨੂੰ ਵੀ ਧਿਆਨ ਖਿੱਚਣ ਲਈ ਮਜ਼ਾਕੀਆ ਬਣਨਾ ਸਿੱਖਣਾ ਪੈਂਦਾ ਹੈ।

ਮੇਰੀਆਂ ਪਟੀਸ਼ਨਾਂ ਦੇ ਪਹਿਲੇ ਗੇੜ ਦਾ ਅੰਤ ਸੁਪਰੀਮ ਕੋਰਟ ਵੱਲੋਂ ਮੇਰੀ ਕੇਸ ਨੂੰ ਖਾਰਜ ਕਰਨ ਦੀ ਅਰਜ਼ੀ ਰੱਦ ਕਰਨ ਨਾਲ ਹੋਇਆ, ਪਰ ਮੇਰੇ ’ਤੇ ਕਿਰਪਾ ਕਰਕੇ ਮੈਨੂੰ ਕਿਸੇ “ਉਚਿਤ” ਅਦਾਲਤ ਤੋਂ ਪੇਸ਼ਗੀ ਜ਼ਮਾਨਤ ਦੀ ਮੰਗ ਕਰਨ ਲਈ ਇੱਕ ਮਹੀਨੇ ਦਾ ਸਮਾਂ ਦੇ ਦਿੱਤਾ ਗਿਆ–ਘੱਟੋ-ਘੱਟ ਰੂਪ ’ਚ ਨਿਆਂਇਕ ਦਇਆ। ਇਸ ਤਰ੍ਹਾਂ ਮੇਰਾ ਦੂਜਾ ਦੌਰ ਸ਼ੁਰੂ ਹੋਇਆ, ਸਭ ਤੋਂ ਹੇਠਲੇ ਪੌਡੇ ਤੋਂ: ਪੁਣੇ ਦੀ ਅਦਾਲਤ ਤੋਂ, ਜਿੱਥੇ ਇਹ ਕੇਸ ਸ਼ੁਰੂ ਹੋਇਆ ਸੀ।

ਇਸੇ ਸਮੇਂ ਮੈਨੂੰ ਤ੍ਰਿਸ਼ੂਰ ਵਿੱਚ ਮੈਨੂੰ ਇਕ ਇਕੱਤਰਤਾ ਵਿੱਚ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ, ਜਿੱਥੇ ਸੀਨੀਅਰ ਨੌਕਰੀਸ਼ੁਦਾ ਅਤੇ ਸੇਵਾਮੁਕਤ ਸਰਕਾਰੀ ਅਧਿਕਾਰੀ ਸ਼ਾਮਲ ਸਨ। ਇਹ ਰੱਤੀ ਭਰ ਵਿਡੰਬਨਾਪੂਰਨ ਭੂਮਿਕਾ ਸੀ, ਹਾਲਾਂਕਿ ਵਿਡੰਬਨਾ ਹੁਣ ਮੇਰਾ ਸਥਾਈ ਨਿਵਾਸ ਬਣਦੀ ਜਾ ਰਹੀ ਸੀ। ਕੋਚੀ ਏਅਰਪੋਰਟ ਜਾਂਦੇ ਸਮੇਂ ਮੈਨੂੰ ਪਤਾ ਲੱਗਿਆ ਕਿ ਮੇਰੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਉਦੋਂ ਤੱਕ ਰੱਦ ਹੋਣਾ ਜਾਣੀ-ਪਛਾਣੀ ਗੱਲ ਬਣ ਚੁੱਕਾ ਸੀ; ਮੈਂ ਇਸ ਨੂੰ ਤਹੱਮਲ ਨਾਲ ਸਵੀਕਾਰ ਕਰ ਲਿਆ।

ਏਅਰਪੋਰਟ ’ਤੇ ਮੈਂ, ਆਵੇਗ ਵਿਚ, ਦੋ ਟਿਕਟਾਂ ਵਿੱਚੋਂ ਇੱਕ ਚੁਣੀ ਜੋ ਮੇਰੇ ਕੋਲ ਸਨ–ਇੱਕ ਗੋਆ ਦੀ, ਦੂਜੀ ਮੁੰਬਈ ਦੀ–ਅਤੇ ਰਾਤ ਦੇ ਲਗਭਗ 2 ਵਜੇ ਮੁੰਬਈ ਪਹੁੰਚ ਗਿਆ। ਜਿਉਂ ਹੀ ਮੈਂ ਬਾਹਰ ਨਿਕਲਿਆ, ਦੋ ਪੁਲੀਸ ਵਾਲੇ ਪਿੱਛਿਓਂ ਆਏ ਅਤੇ ਮੈਨੂੰ ਏਅਰਪੋਰਟ ਪੁਲਿਸ ਥਾਣੇ ਲੈ ਗਏ। ਮੈਂ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਗੈਰ-ਕਾਨੂੰਨੀ ਕੰਮ ਕਰ ਰਹੇ ਹਨ, ਕਿਉਂਕਿ ਮੈਂ ਅਜੇ ਵੀ ਸੁਪਰੀਮ ਕੋਰਟ ਦੀ ਸੁਰੱਖਿਆ ਹੇਠ ਸੀ। ਉਨ੍ਹਾਂ ਨੇ ਜਵਾਬ ਦਿੱਤਾ ਕਿ ਉਹ ਆਪਣੇ ਸਾਹਬ ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹਨ–ਇੱਕ ਅਜਿਹਾ ਸਿਧਾਂਤ ਜੋ ਸੰਵਿਧਾਨਕ ਸੁਰੱਖਿਆ ਤੋਂ ਉੱਪਰ ਸੀ। ਪਹਿਲਾਂ ਉਨ੍ਹਾਂ ਨੇ ਮੈਨੂੰ ਮੇਰਾ ਫ਼ੋਨ ਦੇਣ ਤੋਂ ਨਾਂਹ ਕਰ ਦਿੱਤੀ, ਬਾਅਦ ਵਿੱਚ ਇਜਾਜ਼ਤ ਦੇ ਦਿੱਤੀ ਤਾਂ ਜੋ ਮੈਂ ਆਪਣੀ ਪਤਨੀ ਨੂੰ–ਜੋ ਮੇਰੇ ਘਰ ਆਉਣ ਦੀ ਉਡੀਕ ਕਰ ਰਹੀ ਸੀ– ਕਾਲ ਕਰਕੇ ਦੱਸ ਸਕਾਂ ਕਿ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਉਹ ਆਪਣੇ ਭਰਾ ਦੇ ਨਾਲ ਆਈ–ਜਿਵੇਂ ਪਰਿਵਾਰ ਪੁਲਿਸ ਥਾਣਿਆਂ ’ਚ ਆਉਂਦੇ ਹੀ ਹਨ। ਛੇਤੀਂ ਹੀ ਪੁਣੇ ਪੁਲੀਸ ਪਹੁੰਚ ਗਈ ਅਤੇ ਨਿਯਮਤ ਕੰਮ ਵਾਂਗ ਕਾਗਜ਼ੀ ਕਾਰਵਾਈ ਪੂਰੀ ਕਰ ਲਈ ਗਈ। ਇੱਕ ਅਫ਼ਸਰ ਨੇ ਲੈਪਟਾਪ ਲੱਭਣ ਲਈ ਮੇਰਾ ਬੈਗ ਫਰੋਲਿਆ। ਲੈਪਟਾਪ ਸਭ ਤੋਂ ਉੱਪਰ ਹੀ ਸੀ, ਪਰ ਉਸ ਨੇ ਉਸ ਨੂੰ “ਆਈਪੈਡ” ਐਲਾਨ ਦਿੱਤਾ ਅਤੇ ਅਗਲੀ ਫਰੋਲਾ-ਫਰਾਲੀ ਕਰਨ ਲੱਗ ਪਿਆ। ਤਕਨੀਕੀ ਵਰਗੀਕਰਨ ਦੀ ਇਸ ਜਿੱਤ ਉੱਪਰ ਮੈਂ ਅੰਦਰੋ-ਅੰਦਰੀ ਹੱਸਿਆ। ਉਨ੍ਹਾਂ ਨੇ ਮੇਰੀ ਪਤਨੀ ਨੂੰ ਮੇਰਾ ਫ਼ੋਨ ਅਤੇ ਬੈਗ ਲੈ ਜਾਣ ਦੀ ਇਜਾਜ਼ਤ ਦੇ ਦਿੱਤੀ, ਮੈਨੂੰ ਆਪਣੇ ਫਟੀਚਰ ਵਾਹਨ ਵਿੱਚ ਬਿਠਾਇਆ ਅਤੇ ਪੁਣੇ ਲੈ ਗਏ।

ਗੰਦੀ ਪੁਲਿਸ ਹਵਾਲਾਤ ਵਿੱਚ ਬਿਤਾਏ 13 ਘੰਟੇ ਮੇਰੇ ਲਈ ਸੰਵਿਧਾਨ ਦੇ ਆਰਟੀਕਲ 21–ਮਾਣ-ਸਨਮਾਨ ਨਾਲ ਜਿਉਣ ਦੇ ਅਧਿਕਾਰ–ਦਾ ਸਭ ਤੋਂ ਵਿਹਾਰਕ ਸਬਕ ਸਨ। ਕੋਈ ਪਾਠ ਪੁਸਤਕ ਜਾਂ ਸੰਵਿਧਾਨਕ ਬੈਂਚ ਵੀ ਮੈਨੂੰ ਇਸ ਤੋਂ ਵਧੀਆ ਨਹੀਂ ਸਿਖਾ ਸਕਦਾ ਸੀ। ਉੱਥੇ ਇਕ ਫਿਰੌਤੀਬਾਜ਼ ਨਾਲ ਕੁਝ ਜਾਣ-ਪਛਾਣ ਹੋਣ ’ਤੇ ਮੈਨੂੰ ਅਪਰਾਧ ਦੀ “ਵਿਆਕਰਣ” ਸਿੱਖਣ ਦਾ ਮੌਕਾ ਵੀ ਮਿਲਿਆ, ਜਿਸ ਨੇ ਬਹੁਤ ਹੀ ਸਾਫ਼ ਸ਼ਬਦਾਂ ਵਿੱਚ ਮੈਨੂੰ ਇਹ ਗੱਲ ਸਮਝਾ ਦਿੱਤੀ: ਪੈਸੇ ਨਾਲ ਕੁਝ ਵੀ ਖ਼ਰੀਦਿਆ ਜਾ ਸਕਦਾ ਹੈ–ਜਦ ਤੱਕ ਕਿ ਕੋਈ “ਬਿੱਗ ਬੌਸ” ਤੁਹਾਡੇ ਵਿੱਚ ਦਿਲਚਸਪੀ ਨਾ ਲਵੇ। ਉਹ ਪੁਲੀਸ ਉੱਪਰ ਚੀਕਿਆ; ਪੁਲਿਸ ਨੇ ਅੱਗੋਂ ਨਰਮਾਈ ਨਾਲ ਜਵਾਬ ਦਿੱਤਾ, ਜੋ ਮਾਇਆ ਦਾ ਕਿ ?ਰਸ਼ਮਾ ਹੈ।

ਇਹ ਹਵਾਲਾਤ ਮੇਰੇ ਲਈ ਉਸ ਮਾਹੌਲ ਨਾਲ ਗੂੜ੍ਹੀ ਜਾਣ-ਪਛਾਣ ਕਰਾਉਣ ਵਾਲਾ ਪ੍ਰੋਗਰਾਮ (ਓਰੀਐਂਟੇਸ਼ਨ ਪ੍ਰੋਗਰਾਮ) ਬਣ ਗਈ ਜੋ ਤਲੋਜਾ ਸੈਂਟਰਲ ਜੇਲ੍ਹ ਵਿੱਚ ਮੇਰਾ ਇੰਤਜ਼ਾਰ ਕਰ ਰਿਹਾ ਸੀ, ਜਿੱਥੇ ਮੈਂ ਆਪਣੀ ਜ਼ਿੰਦਗੀ ਦੇ 31 ਮਹੀਨੇ ਅਜਾਈਂ ਗਵਾਉਣੇ ਸਨ। ਉਨ੍ਹਾਂ 13 ਘੰਟਿਆਂ ਵਿੱਚ ਸੰਵਿਧਾਨ ਨੇ ਖ਼ੁਦ ਨੂੰ ਢਾਲ ਦੇ ਰੂਪ ’ਚ ਨਹੀਂ, ਇੱਕ ਨਾਅਰੇ ਦੇ ਰੂਪ ਵਿਚ ਪੇਸ਼ ਕੀਤਾ–ਜੋ ਬਾਹਰ ਸਨਮਾਨ ਨਾਲ ਦੁਹਰਾਇਆ ਜਾਂਦਾ, ਅਤੇ ਅੰਦਰ ਬੇਹੱਦ ਮੁਹਾਰਤ ਨਾਲ ਮੁਅੱਤਲ ਕਰ ਦਿੱਤਾ ਜਾਂਦਾ।

**ਉਹ ਘੰਟੇ ਜੇਲ੍ਹ ਦੇ ਪਾਠਕ੍ਰਮ ਦੀ ਝਲਕ ਸਨ:** ਅਨੰਤ ਬੇਇੱਜ਼ਤੀ; ਅਜਿਹਾ ਭੋਜਨ ਜੋ ਭੋਜਨ ਕਹਾਉਣ ਦੇ ਵੀ ਲਾਇਕ ਨਹੀਂ; ਬਿਨਾਂ ਦਰਵਾਜ਼ੇ ਤੋਂ ਟਾਇਲਟ; ਗੰਦਗੀ ਲਈ ਸਹਿਣਸ਼ੀਲਤਾ; ਅਤੇ ਮਹਾਮਾਰੀ ਦੌਰਾਨ ਦੁਨੀਆ ਤੋਂ ਕੱਟੀ ਹੋਈ ਨੌਕਰਸ਼ਾਹ ਕਰੂਰਤਾ ਨਾਲ ਸੰਚਾਲਤ ਜ਼ਿੰਦਗੀ।

ਪਿਛਲਝਾਤ ਮਾਰਕੇ ਸੋਚਾਂ ਤਾਂ ਹਵਾਲਾਤ ਬਿਲਕੁਲ ਉਸੇ ਤਰ੍ਹਾਂ ਕੰਮ ਕਰ ਰਹੀ ਸੀ ਜਿਵੇਂ ਉਸ ਨੂੰ ਕਰਨਾ ਚਾਹੀਦਾ ਸੀ–ਕੋਈ ਅੱਪਵਾਦ ਨਹੀਂ, ਸਗੋਂ ਇੱਕ ਨਮੂਨਾ। ਉਸ ਨੇ ਮੈਨੂੰ ਸਿਖਾਇਆ ਕਿ ਆਜ਼ਾਦੀ ਵਾਂਗ, ਮਾਣ-ਸਨਮਾਨ ਵੀ ਜੇਲ੍ਹ ਵਿੱਚ ਮਹਿਜ਼ ਇੱਕ ਸੰਵਿਧਾਨਕ ਅਮੂਰਤ ਚੀਜ਼ ਦੇ ਰੂਪ ’ਚ ਜਿਉਂਦਾ ਰਹਿੰਦਾ ਹੈ। ਜਦ ਅਦਾਲਤ ਨੇ ਬਾਅਦ ਵਿੱਚ ਮੇਰੀ ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਮੇਰੀ ਰਿਹਾਈ ਦਾ ਹੁਕਮ ਦਿੱਤਾ ਤਾਂ ਮੈਂ ਹੱਸ ਪਿਆ–ਆਪਣੀ ਜ਼ਿੰਦਗੀ ਦੇ ਹੁਣ ਤੱਕ ਦੇ ਸਭ ਤੋਂ ਬੇਤੁਕੇ ਹਾਸੋਹੀਣੇ ਨਾਟਕ ਉੱਪਰ।

ਖ਼ੈਰ, ਮੈਂ ਖ਼ੁਸ਼ਕਿਸਮਤ ਰਿਹਾ ਕਿ ਮੈਨੂੰ ਜ਼ਮਾਨਤ ਮਿਲ ਗਈ–ਯੂਏਪੀਏ ਕੇਸ ਵਿੱਚ ਇਹ ਲਗਭਗ ਅਸੰਭਵ ਹੁੰਦੀ ਹੈ–ਹਾਲਾਂਕਿ ਇਹ ਪਿਆਰਾ ਗੀਤ ਲਗਾਤਾਰ ਕੰਨਾਂ ’ਚ ਪੈਂਦਾ ਰਹਿੰਦਾ ਹੈ: “ਜ਼ਮਾਨਤ ਨਿਯਮ ਹੈ”

ਮੈਨੂੰ ਅੱਜ ਵੀ ਆਪਣਾ ਬਿੱਗ ਡੇਟਾ, ਆਪਣੇ ਵਿਦਿਆਰਥੀ, ਆਪਣੇ ਮਿੱਤਰ ਚੇਤੇ ਆਉਂਦੇ ਹਨ–ਜੋ ਏਨੇ ਡਰੇ ਹੋਏ ਹਨ ਕਿ ਮੇਰੇ ਨਾਲ ਸੰਪਰਕ ਰੱਖਣ ਦੀ ਹਿੰਮਤ ਨਹੀਂ ਕਰਦੇ। ਮੈਂ ਮਹਾਰਾਸ਼ਟਰ ਤੋਂ ਬਾਹਰ ਲੈਕਚਰ ਦੇਣ ਲਈ ਸੱਦੇ ਸਵੀਕਾਰ ਨਹੀਂ ਕਰ ਸਕਦਾ। ਯੂਰਪ ਦੀਆਂ ਲਗਭਗ ਛੇ ਯੂਨੀਵਰਸਿਟੀਆਂ ਨੇ ਮੈਨੂੰ ਆਪਣੀਆਂ ਫੈਲੋਸ਼ਿਪਾਂ/ਲੈਕਚਰਾਂ ਲਈ ਸੱਦਾ ਦਿੱਤਾ ਸੀ, ਪਰ ਅਦਾਲਤਾਂ ਨੇ ਇਜਾਜ਼ਤ ਨਹੀਂ ਦਿੱਤੀ। ਮੈਂ ਇੱਕ ਦਰਜਨ ਤੋਂ ਵੱਧ ਸੱਦਿਆਂ ਵਿੱਚੋਂ ਇੱਕ ਸਾਹਿਤ ਸਮਾਗਮ ’ਤੇ ਜਾਣ ਲਈ ਇਜਾਜ਼ਤ ਮੰਗਣ ਦੀ ਹਿੰਮਤ ਕੀਤੀ, ਪਰ ਉਹ ਵੀ “ਅਕਾਦਮਿਕ ਅੱਯਾਸ਼ੀ”ਕਹਿ ਕੇ ਰੱਦ ਕਰ ਦਿੱਤੀ ਗਈ। ਮੈਨੂੰ ਆਪਣੀ ਪਹਿਲੀ ਆਮ ਜ਼ਿੰਦਗੀ ਬਹੁਤ ਚੇਤੇ ਆਉਂਦੀ ਹੈ।

ਖ਼ੈਰ, ਜ਼ਮਾਨਤ ਥੋੜ੍ਹੀ ਰਾਹਤ ਹੈ, ਕਿਉਂਕਿ ਮੇਰੀ ਜ਼ਿੰਦਗੀ ਫਿਰ ਵੀ ਵਿਅਰਥ ਗਈ ਹੈ! ਮੈਂ ਹੁਣ ਵੀ ਆਪਣੇ ਆਪ ’ਤੇ ਹੱਸ ਲੈਂਦਾ ਹਾਂ ਏਸ “ਬਿਲਕੁਲ ਵੀ ਨਾ ਹੱਸਣ ਵਾਲੀ ਗੱਲ” ਉੱਪਰ?

# ਕਿਰਤੀ ਲਹਿਰ ਦੇ ਮਹਾਨ ਆਗੂ ਕਾ. ਲੈਨਿਨ ਦੇ ਵਿਛੋੜੇ ਦਾ 102ਵਾਂ ਵਰ੍ਹਾ

ਹੋਈ। ਜਿਸਦਾ ਰਾਜਸੀ ਪ੍ਰਭਾਵ ਪੂਰੇ ਰੂਸ ਦੇ ਕਾਰਖਾਨਾਂ ਮਜ਼ਦੂਰਾਂ ਨੇ ਕਬੂਲਿਆ। 'ਘੋਲ ਦੀ ਲੀਗ' ਉੱਪਰ ਸਖ਼ਤ ਨਿਗ ?ਹਾ ਰੱਖੀ ਜਾਣ ਲੱਗੀ। ਲੈਨਿਨ ਸਮੇਤ ਇਸਦੇ ਅਨੇਕਾਂ ਆਗੂਆਂ ਨੂੰ ਜੇਲ੍ਹ 'ਚ ਡੱਕਿਆ ਗਿਆ ਜਿੱਥੇ ਉਸਨੇ ਬਾ-ਕਮਾਲ ਢੰਗ ਨਾਲ ਮਾਰਕਸਵਾਦੀ ਪਾਰਟੀ ਦੇ ਪ੍ਰੋਗਰਾਮ ਦਾ ਖਰੜਾ ਤਿਆਰ ਕੀਤਾ। ਜ਼ੇਲ੍ਹ ਦੌਰਾਨ ਹੀ ਸੈਂਕੜੇ ਪੁਸਤਕਾਂ ਰਸਾਲਿਆਂ ਦਾ ਅਧਿਐਨ ਕਰਦਿਆਂ ਲੈਨਿਨ ਨੇ ਆਪਣੀ ਮੁੱਖ ਕਿਰਤ 'ਰੂਸ 'ਚ ਪੂੰਜੀਵਾਦ ਦਾ ਵਿਕਾਸ' ਲਿਖਣੀ ਸ਼ੁਰੂ ਕਰ ਦਿੱਤੀ।

ਇਨਕਲਾਬੀ ਸਰਗਰਮੀਆਂ ਕਾਰਨ 1897 ਵਿੱਚ ਲੈਨਿਨ ਨੂੰ ਪੂਰਬੀ ਸਾਇਬੇਰੀਆ ਵਿੱਚ ਤਿੰਨ ਸਾਲ ਦੀ ਜਲਾਵਤਨੀ ਦੀ ਸਜ਼ਾ ਸੁਣਾਈ ਗਈ। ਇਸ ਦੌਰਾਨ ਉਸਨੇ ਪਿੰਡਾਂ ਦੇ ਜੀਵਨ ਤੇ ਕਿਸਾਨੀ ਦੀ ਹਾਲਤ ਦਾ ਡੂੰਘਾ ਅਧਿਐਨ ਕੀਤਾ। 'ਘੋਲ ਦੀ ਲੀਗ' ਦੇ ਮੁਕੱਦਮੇ ਤਹਿਤ ਲੈਨਿਨ ਦੀ ਮੰਗੇਤਰ ਕਰੁਪਸਕਾਯਾ ਨੂੰ ਵੀ ਸ਼ੂਸੇਨਸਕੋਯੇ ਲੈਨਿਨ ਦੇ ਨਾਲ ਸਜ਼ਾ ਬਿਤਾਉਣ ਦੀ ਆਗਿਆ ਦਿੱਤੀ ਗਈ ਅਤੇ ਇੱਥੇ ਹੀ ਉਹਨਾਂ ਨੇ ਵਿਆਹ ਕਰਵਾਇਆ।

ਜਲਾਵਤਨੀ ਦੌਰਾਨ ਲੈਨਿਨ ਨੇ 30 ਤੋਂ ਵੱਧ ਪੁਸਤਕਾਂ ਤੇ ਪੈਂਫਲਟ ਲਿਖੇ। ਜਿਨ੍ਹਾਂ ਵਿਚ ਉਸਨੇ ਦਹਿਸ਼ਤਗਰਦੀ, ਮੌਕਾਪ੍ਰਸਤੀ ਤੇ ਆਰਥਿਕਤਾਵਾਦੀ ਵਰਗੇ ਅਨੇਕਾਂ ਗ਼ਲਤ ਰੁਝਾਨਾਂ ਖ਼ਿਲਾਫ ਨਿਰਣਾਇਕ ਲੜਾਈ ਦਿੱਤੀ। ਉਸ ਨੇ ਨਵੀਂ ਕਿਸਮ ਦੀ ਮਾਰਕਸਵਾਦੀ ਪਾਰਟੀ ਬਣਾਉਣ ਦੀ ਯੋਜਨਾ ਵਿੱਚ ਦਿਨ-ਰਾਤ ਅਣਥੱਕ ਮਿਹਨਤ ਕੀਤੀ। ਉਸਨੇ ਇੱਕ ਅਜਿਹਾ ਰਾਜਸੀ ਅਖਬਾਰ ਕੱਢਣ ਦੀ ਯੋਜਨਾ ਬਣਾਈ ਜੋ ਇਕ ਨਿੱਗਰ ਪ੍ਰਚਾਰਕ, ਦਲੇਰ ਅੰਦੋਲਨ ਕਰਤਾ ਤੇ ਸੁੱਗੜ ਸੰਗਠਨ ਕਰਤਾ ਦਾ ਕੰਮ ਕਰੇ। ਵਿਦੇਸ਼ ਤੋਂ ਗੁਪਤ ਤੌਰ 'ਤੇ 'ਇਸਕਰਾ' (ਚੰਗਿਆੜੀ) ਦਾ ਪਹਿਲਾ ਅੰਕ ਦਲੇਰਾਨਾ ਉਦੇਸ਼ ਨਾਅਰੇ 'ਚੰਗਿਆੜੀ ਭਾਂਬੜ ਬਣੇਗਾ' ਹੇਠ ਕੱਢਿਆ ਗਿਆ ਜੋ ਪੂੰਜਵਾਦੀ ਪ੍ਰਬੰਧ ਦੇ ਖਾਤਮੇ ਤੱਕ ਮੱਚਦਾ ਰਿਹਾ।

ਸੰਨ 1902 'ਚ 'ਕੀ ਕਰਨਾ ਲੋੜੀਏ' ਪੁਸਤਕ ਪ੍ਰਕਾਸ਼ਿਤ ਹੋਈ। ਇਸ ਵਿੱਚ ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਦੀ ਤਰਕਸੰਗਤ ਵਿਆਖਿਆ ਕੀਤੀ ਗਈ। ਉਸਨੇ ਕਿਹਾ ਕਿ ਇਨਕਲਾਬੀ ਸਿਧਾਂਤ ਤੋਂ ਬਿਨਾਂ ਕੋਈ ਇਨਕਲਾਬੀ ਲਹਿਰ ਨਹੀਂ ਹੋ ਸਕਦੀ, ਬੁਰਜੂਆ ਸਮਾਜ ਵਿੱਚ ਬੁਰਜੂਆ ਜਾਂ ਪ੍ਰੋਲੇਤਾਰੀ ਦੀ ਵਿਚਾਰਧਾਰਾ ਦੇ ਵਿਚਕਾਰਲਾ ਕੋਈ ਰਾਹ ਨਹੀਂ ਹੁੰਦਾ ਅਤੇ ਮਜਬੂਤ ਵਿਚਾਰਧਾਰਕ ਸਿਆਸੀ ਪਾਰਟੀ ਤੇ ਮਜ਼ਦੂਰਾਂ 'ਚੋਂ ਪੇਸ਼ਾਵਰ ਇਨਕਲਾਬੀ ਹੋਣੇ ਚਾਹੀਦੇ ਹਨ ਵਰਗੇ ਅਨੇਕਾਂ ਅਣਮੁੱਲੇ ਮਾਰਕਸਵਾਦੀ ਨਿਚੋੜ ਪੇਸ਼ ਕੀਤੇ।

ਪਾਰਟੀ ਪ੍ਰੋਗਰਾਮ ਕਿਸਾਨਾਂ ਨੂੰ ਸਮਝਾਉਣ ਲਈ ਲੈਨਿਨ ਨੇ 'ਪਿੰਡਾਂ ਦੇ ਗਰੀਬਾਂ ਨੂੰ' ਨਾਂ ਦਾ ਪੈਂਫਲਿਟ ਲਿਖਿਆ ਤੇ ਸੌਖਿਆਂ ਵਿਆਖਿਆ ਕੀਤੀ ਕਿ "ਅਸੀਂ ਸਮਾਜ ਦੀ ਨਵੀਂ ਤੇ ਚੰਗੇਰੀ ਵਿਵਸਥਾ ਪ੍ਰਾਪਤ ਕਰਨਾ ਚਾਹੁੰਦੇ ਹਾਂ ਅਤੇ ਇਸ ਨਵੇਂ ਤੇ ਚੰਗੇਰੇ ਸਮਾਜ ਵਿਚ ਨਾਂ ਕੋਈ ਅਮੀਰ ਰਹਿਣਾ ਚਾਹੀਦਾ ਨਾਂ ਕੋਈ ਗ਼ਰੀਬ; ਸਾਰਿਆਂ ਨੂੰ ਕੰਮ ਕਰਨਾ ਪਵੇਗਾ। ਮੁੱਠੀ ਭਰ ਧੰਨਵਾਨ ਲੋਕਾਂ ਨੂੰ ਹੀ ਨਹੀਂ, ਸਗੋਂ ਸਭਨਾਂ ਕਿਰਤੀ ਲੋਕਾਂ ਨੂੰ ਆਪਣੀ ਸਾਂਝੀ ਕਿਰਤ ਦੇ ਫਲਾਂ ਦਾ ਆਨੰਦ ਮਾਨਣਾ ਚਾਹੀਦਾ ਹੈ। ਮਸ਼ੀਨਾਂ ਤੇ ਦੂਜੇ ਸੁਧਾਰਾਂ ਨੂੰ ਸਭਨਾ ਦੇ ਕੰਮਾਂ ਨੂੰ ਸੌਖਿਆਂ ਬਣਾਉਣਾ ਚਾਹੀਦਾ ਹੈ ਅਤੇ ਲੱਖਾਂ ਕਰੋੜਾਂ ਲੋਕਾਂ ਦੀ ਕੀਮਤ ਉਤੇ ਕੁੱਝ ਇੱਕ ਨੂੰ ਅਮੀਰ ਬਣਨ ਦੇ ਸਮਰੱਥ ਨਹੀਂ ਹੋਣ ਦੇਣਾ ਚਾਹੀਦਾ। ਇਸ ਨਵੇਂ ਅਤੇ ਚੰਗੇਰੇ ਸਮਾਜ ਨੂੰ ਸਮਾਜਵਾਦ ਕਹਿੰਦੇ ਹਨ।

ਰੂਸੀ ਸੋਸ਼ਲ ਡੈਮੋਕਰੇਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਜੁਲਾਈ 1903 ਬਰਸਲਜ਼ ਵਿੱਚ ਹੋਈ। ਇਸ ਵਿੱਚ ਇਸਕਰਾ ਦੇ ਅਸੂਲਾਂ ਦੀ ਜਿੱਤ ਹੋਈ ਤੇ ਇਸਕਰਾ ਨੂੰ ਪਾਰਟੀ ਦਾ ਕੇਂਦਰੀ ਅਖਬਾਰ ਮੰਨ ਲਿਆ ਗਿਆ। ਕੁਝ ਆਰਥਿਕਤਾਵਾਦੀਆਂ, ਮੌਕਾਪ੍ਰਸਤਾਂ ਅਤੇ ਬੂੰਦਵਾਦੀਆਂ ਨੇ ਲੈਨਿਨ ਦੇ ਪ੍ਰਸਤਾਵ ਦਾ ਵਿਰੋਧ ਕੀਤਾ ਤੇ ਕਾਂਗਰਸ ਛੱਡ ਗਏ। ਕਾਂਗਰਸ 'ਚ ਬਹੁ-ਗਿਣਤੀ ਵੋਟ ਪ੍ਰਾਪਤ ਲੈਨਿਨ ਦੇ ਸਮਰੱਥਕਾਂ ਨੂੰ 'ਬਾਲਸ਼ਵਿਕ' ਅਤੇ ਘੱਟ ਗਿਣਤੀ 'ਮੈਨਸ਼ਵਿਕ' ਵਜੋਂ ਸੱਦੇ ਜਾਣ ਲੱਗੇ। ਕਾਂਗਰਸ 'ਚ ਹੋਈ ਜਿੱਤ ਨੇ ਲੈਨਿਨ ਨੂੰ ਕੌਮਾਂਤਰੀ ਪ੍ਰੋਲੇਤਾਰੀ ਦੇ ਸਿਰਕੱਢ ਸਿਧਾਂਤਕਾਰ ਵਜੋਂ ਪ੍ਰਵਾਨ ਕੀਤਾ। ਵਿਰੋਧੀਆਂ ਨੇ ਉਸਦੀ ਸ਼ਾਖ ਨੂੰ ਢਾਹ ਲਾਉਣ ਲਈ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਜਿਸਦਾ ਮੂੰਹ ਤੋੜ ਜਵਾਬ ਲੈਨਿਨ ਨੇ ਆਪਣੀ ਪੁਸਤਕ 'ਇੱਕ ਕਦਮ ਅੱਗੇ, ਦੋ ਕਦਮ ਪਿੱਛੇ' ਵਿੱਚ ਦਿਤਾ। ਉਸਨੇ ਦਰਸਾਇਆ ਕਿ ਸੱਤਾ ਲਈ ਆਪਣੇ ਸੰਘਰਸ਼ ਵਿਚ ਪ੍ਰੋਲੇਤਾਰੀ ਕੋਲ ਸੰਗਠਨ ਤੋਂ ਬਿਨ੍ਹਾਂ ਹੋਰ ਕੋਈ ਹਥਿਆਰ ਨਹੀਂ।

9 ਜਨਵਰੀ 1905 ਦੇ ਦਿਨ ਸੇਂਟ ਪੀਟਰਜ਼ਬਰਗ 'ਚ ਸ਼ਾਤਮਈ ਜਲੂਸ ਕੱਢਦੇ ਮਜ਼ਦੂਰਾਂ ਨੂੰ ਜ਼ਾਰ ਦੇ ਹੁਕਮ 'ਤੇ ਗੋਲੀਆਂ ਨਾਲ ਭੁੰਨਿਆ ਗਿਆ। ਉਹ ਆਪਣੇ ਪਰਿਵਾਰਾਂ ਸਮੇਤ ਜੀਵਨ ਦੀਆਂ ਲੋੜਾਂ ਸੰਬੰਧੀ ਪਟੀਸ਼ਨ ਪੇਸ਼ ਕਰਨ ਗਏ ਸਨ। ਇਸ ਵਹਿਸ਼ੀਆਨਾ ਕਤਲੇਆਮ ਵਿਰੁੱਧ ਮਜ਼ਦੂਰ ਰੋਹ ਹੋਰ ਭੜਕ ਉਠਿਆ। 'ਅਜ਼ਾਦੀ ਜਾਂ ਮੌਤ' ਦਾ ਨਾਅਰਾ ਹਰ ਇਨਸਾਫ ਪਸੰਦ ਬੰਦੇ ਦੇ ਮੂੰਹੋਂ ਨਿਕਲਦਾ ਸੀ। ਇਸ ਸੰਗਰਾਮ ਦੀ ਅਗਵਾਈ ਇਨਕਲਾਬੀ ਪਾਰਟੀ ਨੇ ਕੀਤੀ। ਇਸੇ ਸਾਲ ਕਾਲੇ ਸਾਗਰ ਦੇ ਜੰਗੀ ਜਹਾਜ਼ 'ਪੋਤੀਓਮਕਿਨ' 'ਤੇ ਬਗ਼ਾਵਤ ਫੈਲ ਗਈ। ਲੈਨਿਨ ਨੇ ਹਥਿਆਰਬੰਦ ਸੰਘਰਸ਼ 'ਤੇ ਜ਼ੋਰ ਦਿੱਤਾ। ਸਿੱਟੇ ਵਜੋਂ ਜ਼ਾਰ ਨੂੰ ਕੁੱਝ ਮੰਗਾਂ ਮੰਨਣ ਲਈ ਮਜ਼ਬੂਰ ਹੋਣਾ ਪਿਆ। ਇਸ ਦੌਰਾਨ ਲੈਨਿਨ ਨੇ ਅੰਸ਼ਿਕ ਰਿਆਇਤਾਂ ਤੋਂ ਅੱਗੇ ਪ੍ਰੋਲੇਤਾਰੀ ਇਨਕਲਾਬ ਜਾਰੀ ਰੱਖਣ ਲਈ ਮਜ਼ਦੂਰਾਂ ਨੂੰ ਸੁਚੇਤ ਕੀਤਾ।

1905 'ਚ ਲੈਨਿਨ ਨੇ 'ਮਜਦੂਰ ਇਨਕਲਾਬ ਵਿੱਚ ਸ਼ੋਸ਼ਲ ਡੈਮੋਕਰੇਟਿਕ ਦੇ ਦੋ ਦਾਅ ਪੇਚ' ਨਾਂ ਦੀ ਕਿਤਾਬ ਵਿੱਚ ਉੱਭਰ ਰਹੇ ਇਨਕਲਾਬ ਅਤੇ ਪਾਰਟੀ ਦੇ ਕਰਨ ਗੋਚਰੇ ਬੁਰਜੂਆ ਜ਼ਮਹੂਰੀ ਇਨਕਲਾਬ ਤੇ ਸਮਾਜਵਾਦੀ ਕੰਮਾਂ ਦਾ ਵਿਸਥਾਰਤ ਜ਼ਿਕਰ ਕੀਤਾ।

1908 ਵਿੱਚ ਰੂਸ ਦੇ ਇਨਕਲਾਬੀਆਂ ਉੱਪਰ ਹਕੂਮਤੀ ਜ਼ਬਰ ਤਸ਼ੱਦਦ ਤੇ ਫਾਹੇ ਲਾਉਣ ਦੀਆਂ ਘਟਨਾਵਾਂ ਵੱਡੀ ਪੱਧਰ ਤੇ ਵਾਪਰਨ ਲੱਗੀਆਂ। ਇਨਕਲਾਬੀ ਫਿਕਰੇ ਬਾਜ਼ੀ ਦੇ ਨਾਂ ਹੇਠ ਮੈਨਸ਼ਵਿਕ ਖਾਤਮੇਵਾਦੀ ਇਨਕਲਾਬ ਦੇ ਰਾਹ ਤੋਂ ਘਬਰਾ ਕੇ ਪਿੱਛੇ ਹਟ ਗਏ। ਉਹ ਮਾਰਕਸਵਾਦ 'ਚ ਸੋਧ ਦਾ ਰਾਹ ਲੈ ਕੇ ਆਏ। ਲੈਨਿਨ ਨੇ ਮਾਰਕਸਵਾਦੀ ਦਰਸ਼ਨ ਦੇ ਪ੍ਰਚਾਰ ਤੇ ਵਿਕਾਸ ਵੱਲ ਖਾਸ ਧਿਆਨ ਦਿੰਦਿਆਂ 'ਪ੍ਰੋਲੇਤਾਰੀ' ਅਖਬਾਰ ਨੂੰ ਮੁੜ ਸ਼ੁਰੂ ਕਰਨ ਤੋਂ ਇਲਾਵਾ ਬੇਮਿਸਾਲ ਪੁਸਤਕਾਂ 'ਪਦਾਰਥਵਾਦ ਅਤੇ ਪ੍ਰਯੋਗਿਕ ਅਲੋਚਨਾ' ਤੇ ਖੱਬੇਪੱਖੀ ਕਮਿਉਨਿਜ਼ਮ ਇੱਕ ਬਗਚਾਨਾ ਰੋਗ' ਰਾਹੀਂ ਖੜੋਤ ਤੇ ਉਤਰਾਅ ਦੇ ਮਾਹੌਲ 'ਚ ਹਰਕਤ ਪੈਦਾ ਕਰਨ ਦੇ ਨਾਲ ਨਾਲ ਹਰ ਤਰ੍ਹਾਂ ਦੇ ਗ਼ਲਤ ਰੁਝਾਨਾਂ ਖ਼ਿਲਾਫ ਟੱਕਰ ਲਈ।

1910-14 ਦੇ ਸਾਲ ਬਾਲਸ਼ਵਿਕ ਪਾਰਟੀ, ਮਜਦੂਰਾਂ ਦੀਆਂ ਰਾਜਨੀਤਿਕ ਹੜਤਾਲਾਂ ਤੇ ਦੈਨਿਕ ਪੱਤਰ 'ਪਰਾਵਦਾ' ਦੀ ਚੜ੍ਹਤ ਦੇ ਸਾਲ ਸਨ। 1914 'ਚ ਸੰਸਾਰ ਸਾਮਰਾਜੀ ਜੰਗ ਛਿੜ ਪਈ। ਲੈਨਿਨ ਨੇ ਅੰਧ-ਰਾਸ਼ਟਰਵਾਦੀ ਤੇ ਮੱਧਵਰਗੀਆਂ ਦੇ ਉਲਟ ਪ੍ਰੋਲੇਤਾਰੀ ਕੌਮਾਂਤਰੀਵਾਦ ਦਾ ਝੰਡਾ ਉੱਚਾ ਚੁਕਿਆ। ਉਸ ਨੇ ਆਖਿਆ ਕਿ ਹਥਿਆਰ ਆਪਣੇ ਭਰਾਵਾਂ ਵੱਲ ਨਹੀਂ, ਜੋ ਕਿ ਆਪਣੇ ਦੇਸ਼ਾਂ 'ਚ ਭਾੜੇ ਦੇ ਗ਼ੁਲਾਮ ਹਨ ਸਗੋਂ ਪਿਛਾਂਹ ਖਿੱਚੂ ਬੁਰਜੂਆ ਸਰਕਾਰਾਂ ਖ਼ ?ਲਾਫ ਸੇਧਣੇ ਚਾਹੀਦੇ ਹਨ। ਉਸ ਨੇ ਦਰਸਾਇਆ ਕਿ ਜੰਗਾਂ ਦੋ ਕਿਸਮ ਦੀਆਂ ਹੁੰਦੀਆਂ ਹਨ ਹੱਕੀ ਤੇ ਨਿਹੱਕੀ। 'ਮਾਤਭੂਮੀ ਦੀ ਰੱਖਿਆ'

(ਸਫ਼ਾ 19 ਦੀ ਬਾਕੀ)

ਦੇ ਭਰਮਾਊ ਨਾਅਰੇ ਹੇਠ ਸਾਮਰਾਜੀ ਮੁਲਕ ਮਿਹਨਤਕਸ਼ ਲੋਕਾਂ ਨੂੰ ਨਿਹੱਕੀ ਜੰਗ ਦੀ ਭੱਠੀ 'ਚ ਝੋਕ ਦਿੰਦੇ ਹਨ।

ਸਹੀ ਸਮਝ ਰੱਖਣ ਵਾਲੇ ਬਾਲਸ਼ਵਿਕਾਂ ਉੱਪਰ ਜਬਰ ਹੋਣ ਲੱਗਾ, ਆਗੂਆਂ ਨੂੰ ਰੂਪੋਸ਼ ਹੋਣਾ ਪਿਆ। ਇਸ ਸਮੇਂ ਸਾਦਾ ਜੀਵਨ ਬਿਤਾਉਣ ਦੇ ਬਾਵਜੂਦ ਲੈਨਿਨ ਪਰਿਵਾਰ ਸਮੇਤ ਘੋਰ ਗੁਰਬਤ ਵਿੱਚ ਘਿਰ ਗਿਆ ਪਰ ਉਸਨੇ ਇਹਨਾਂ ਸਖ਼ਤ ਮੁਸ਼ਕਿਲ ਦਿਨਾਂ ਵਿੱਚ ਵੀ ਆਪਣੇ ਇਨਕਲਾਬੀ ਕਾਰਜ ਪ੍ਰਤੀ ਮਿਹਨਤ ਤੇ ਫ਼ਿਕਰਮੰਦੀ ਘੱਟ ਨਹੀਂ ਹੋਣ ਦਿੱਤੀ। ਲੈਨਿਨ ਨੇ ਦਰਸ਼ਨ, ਅਰਥ-ਸ਼ਾਸ਼ਤਰ, ਸਨਅਤ, ਜ਼ਰਾਇਤ ਅਤੇ ਇਨਕਲਾਬੀ ਮਜ਼ਦੂਰ ਲਹਿਰ ਦੇ ਨਾਲ ਨਾਲ 'ਸਮਾਜਵਾਦ ਤੇ ਜੰਗਾਂ' ਅਤੇ 'ਸਾਮਰਾਜ, ਸਰਮਾਏਦਾਰੀ ਦਾ ਉੱਚਤਮ ਪੜਾਅ ਵਰਗੀਆਂ ਬੇਹਤਰੀਨ ਕਿਰਤਾਂ ਰਚੀਆਂ ਜੋ ਮਹਾਨ ਵਿਗਿਆਨਕ ਲੱਭਤਾਂ ਨਾਲ ਭਰਪੂਰ ਹਨ।

ਫਰਵਰੀ 1917, ਇਨਕਲਾਬ ਦੀ ਕਾਂਗ ਉੱਠ ਖੜ੍ਹੀ ਹੋਈ। ਮਜ਼ਦੂਰ ਰਾਜਨੀਤਿਕ ਹੜਤਾਲਾਂ 'ਚ 'ਪਿਤਾਪੁਰਖੀ ਮੁਰਦਾਬਾਦ', 'ਜੰਗ ਮੁਰਦਾਬਾਦ' ਦੇ ਨਾਅਰੇ ਲਾਉਂਦੇ ਹੋਏ, ਰੋਟੀ, ਸ਼ਾਤੀ ਤੇ ਅਜ਼ਾਦੀ ਦੀਆਂ ਮੰਗਾਂ ਲੈ ਕੇ ਸੜਕਾਂ ਤੇ ਨਿੱਕਲ ਤੁਰੇ। ਪਾਰਟੀ ਨੇ ਮੈਨੀਫੈਸਟੋ ਜਾਰੀ ਕੀਤਾ ਜਿਸ ਵਿੱਚ ਜ਼ਾਰਸ਼ਾਹੀ ਪਿਤਾਪੁਰਖੀ ਰਾਜ ਦਾ ਤਖ਼ਤਾ ਉਲਟਾਉਣ, ਆਰਜੀ ਇਨਕਲਾਬੀ ਸਰਕਾਰ ਕਾਇਮ ਕਰਨ, ਅੱਠ ਘੰਟਿਆਂ ਦੀ ਕੰਮ ਦਿਹਾੜੀ ਲਾਗੂ ਕਰਨ, ਭੂਮੀਗਤ ਜਗੀਰਾਂ ਜਬਤ ਕਰਨ ਅਤੇ ਜੰਗ ਬੰਦ ਕਰਨ ਦਾ ਸੱਦਾ ਦਿੱਤਾ। ਮਜ਼ਦੂਰ, ਕਿਸਾਨ ਇੱਕ ਸੱਚੀ ਇਨਕਲਾਬੀ ਪਾਰਟੀ ਦੀ ਅਗਵਾਈ 'ਚ ਅੱਗੇ ਵੱਧਣ ਲੱਗੇ। ਜ਼ਾਰਸ਼ਾਹੀ ਦਾ ਤਖਤਾ ਪਲਟ ਦਿੱਤਾ ਗਿਆ। ਬੁਰਜੂਆ ਜ਼ਮਹੂਰੀ ਇਨਕਲਾਬ ਜੇਤੂ ਹੋ ਨਿਬੜਿਆਂ। ਇਸ ਉਪਰੰਤ ਉਹ ਬਿਨ੍ਹਾ ਆਰਾਮ ਕੀਤਿਆਂ ਸਮਾਜਵਾਦੀ ਇਨਕਲਾਬ ਦੇ ਨਿਸ਼ਾਨੇ ਵੱਲ ਹੋ ਤੁਰੇ।

ਅਕਤੂਬਰ ਇਨਕਲਾਬ ਦੇ ਮਹਾਨ ਨੇਤਾ ਲੈਨਿਨ ਵਿੱਰੁਧ ਪ੍ਰਚਾਰ ਤੇ ਉਸਨੂੰ ਮਾਰਨ ਦੀਆਂ ਵਿਉਂਤਾਂ ਬਣਾਈਆਂ ਜਾਣ ਲੱਗੀਆਂ। ਲੈਨਿਨ ਇੱਕ ਝੁੱਗੀ 'ਚ ਰਹਿਣ ਲੱਗਾ। ਨੇੜੇ ਝਾੜੀਆਂ 'ਚ ਉਸਨੇ ਇੱਕ 'ਹਰਿਆਵਲਾ ਅਧਿਐਨ ਕਮਰਾ' ਬਣਾਇਆ ਜਿੱਥੇ ਉਸਨੇ 'ਰਾਜ ਤੇ ਇਨਕਲਾਬ' ਨਾਂ ਦੀ ਅਹਿਮ ਪੁਸਤਕ ਲਿਖੀ। ਇਸ ਵਿੱਚ ਉਸਨੇ ਸਿਖਾਇਆ ਕਿ "ਹਰ ਬੁਰਜੂਆ ਰਾਜ, ਦੇਖਣ ਨੂੰ ਭਾਵੇਂ ਕਿੰਨਾ ਹੀ ਜ਼ਮਹੂਰੀ ਹੋਵੇ, ਲਾਜ਼ਮੀ ਹੀ ਬੁਰਜੂਆਜ਼ੀ ਦੀ ਤਾਨਾਸ਼ਾਹੀ ਦਾ ਇੱਕ ਰੂਪ ਹੁੰਦਾ ਹੈ। ਬੁਰਜੂਆਜ਼ੀ ਦੀ ਰਾਜ ਸੱਤਾ ਦਾ ਤਖ਼ਤਾ ਉਲਟਾ ਕੇ ਪ੍ਰੋਲੇਤਾਰੀ ਨੇ ਆਪਣੀ ਤਾਨਾਸ਼ਾਹੀ ਕਾਇਮ ਕਰਨੀ ਹੈ। ਰਾਜ ਦੀ ਪੁਰਾਣੀ ਮਸ਼ੀਨਰੀ ਨੂੰ ਤੋੜਨਾ, ਫੀਤਾ-ਫੀਤਾ ਕਰਨਾ ਤੇ ਉਸਦੀ ਥਾਂ ਇੱਕ ਨਵੀਂ ਮਸ਼ੀਨਰੀ ਸਥਾਪਿਤ ਕਰਨਾ ਜ਼ਰੂਰੀ ਹੈ। ਅਜਿਹਾ ਰਾਜ ਸਚਮੁੱਚ ਹੀ ਜ਼ਮਹੂਰੀ ਰਾਜ ਹੁੰਦਾ ਹੈ, ਕਿਉਂਕਿ ਇਹ ਲੋਕਾਂ ਦੇ ਜਨ ਸਮੂਹ ਦੇ ਹਿੱਤਾਂ ਨੂੰ ਪ੍ਰਗਟ ਕਰਦਾ ਹੈ।"

ਇਸੇ ਸੇਧ ਹੇਠ ਹਥਿਆਰਬੰਦ ਬਗ਼ਾਵਤ ਦਾ ਸੱਦਾ ਦੇ ਕੇ ਕੇਂਦਰੀ ਕਮੇਟੀ ਦੀ ਅਗਵਾਈ ਹੇਠ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ। ਇਸ ਬਗ਼ਾਵਤ ਦਾ ਅਸਲ ਪੱਥ ਪ੍ਰਦਰਸ਼ਕ ਤੇ ਸੰਗਠਨ ਕਰਤਾ ਲੈਨਿਨ ਸੀ। ਫਰਵਰੀ 1917 ਦੇ ਬੁਰਜੂਆ ਇਨਕਲਾਬ ਤੋਂ ਠੀਕ ਅੱਠ ਮਹੀਨੇ ਬਾਅਦ ਹਜ਼ਾਰਾਂ ਮੁਸੀਬਤਾਂ ਭਰੇ ਸੰਘਰਸ਼ਮਈ ਦੌਰ ਚੋਂ ਗੁਜਰ ਕੇ ਅਕਤੂਬਰ 1917 ਵਿੱਚ ਬੋਲਸ਼ੇਵਿਕ ਪਾਰਟੀ ਦੀ ਅਗਵਾਈ ਹੇਠ ਕਿਸਾਨਾਂ, ਮਜ਼ਦੂਰਾਂ ਅਤੇ ਫੌਜੀਆਂ ਨੇ ਬੁਰਜੂਆ ਇਨਕਲਾਬ 'ਤੇ ਪ੍ਰੋਲੇਤਾਰੀ ਇਨਕਲਾਬ ਦੀ ਜਿੱਤ ਪ੍ਰਾਪਤ ਕਰਕੇ ਸੰਸਾਰ ਪੱਧਰ 'ਤੇ ਇਕ ਮਜ਼ਬੂਤ ਤਾਕਤ ਹੋਣ ਦਾ ਪੁਖਤਾ ਸਬੂਤ ਪੇਸ਼ ਕੀਤਾ ਅਤੇ ਮਨੁੱਖੀ ਇਤਿਹਾਸ 'ਚ ਪਹਿਲੀ ਵਾਰ ਕਿਰਤੀ ਜਮਾਤ ਦੀ ਤਾਨਾਸ਼ਾਹੀ ਹੇਠ ਰਾਜ ਸਥਾਪਤ ਹੋਇਆ।


ਲੈਨਿਨ ਸੰਸਾਰ ਕਮਿਊਨਿਸਟ ਲਹਿਰ ਅੰਦਰ ਸੰਸਾਰ ਦੇ ਪਹਿਲੇ ਸਮਾਜਵਾਦੀ ਸਮਾਜ ਦਾ ਬਾਨੀ ਬਣਿਆ। ਲੋਕਾਂ ਨੂੰ ਆਜ਼ਾਦੀ, ਜ਼ਮੀਨ ਤੇ ਸ਼ਾਂਤੀ ਪ੍ਰਦਾਨ ਕੀਤੀ ਗਈ। ਬੁਨਿਆਦੀ ਆਰਥਿਕ ਅਤੇ ਰਾਜਨੀਤਕ ਸੁਧਾਰਾਂ ਵੱਲ ਵਿਸ਼ੇਸ ਧਿਆਨ ਦਿੱਤਾ। ਹਰ ਖੇਤਰ ਵਿੱਚ ਉਚੇਰੇ ਵਿਕਾਸ ਦੇ ਮੀਲ ਪੱਥਰ ਗੱਡੇ ਗਏ। ਸੋਵੀਅਤ ਗਣਰਾਜ ਤੇ ਉਸਦਾ ਵਿਲੱਖਣ ਸੰਵਿਧਾਨ ਤਿਆਰ ਹੋਇਆ।

ਸਾਮਰਾਜੀਆਂ ਅਤੇ ਪੂੰਜੀਪਤੀਆਂ ਨੇ ਇਨਕਲਾਬ ਨੂੰ ਫੈਲਣੋ ਰੋਕਣ ਲਈ ਘਰੇਲੂ ਜੰਗ ਤੋਂ ਇਲਾਵਾ ਅਨੇਕਾਂ ਕਿਸਮ ਦੇ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਲੈਨਿਨ ਦੀ ਅਗਵਾਈ ਹੇਠ ਲਾਲ ਫ਼ੌਜ ਇਨਕਲਾਬ ਦੀ ਰਾਖ਼ੀ ਲਈ ਮੈਦਾਨ 'ਚ ਨਿੱਤਰ ਆਈ। ਸਾਮਰਾਜੀ ਸ਼ਹਿ ਪ੍ਰਾਪਤ ਉਲਟ ਇਨਕਲਾਬੀਆਂ ਵਿਚੋਂ 30 ਅਗਸਤ 1918 ਨੂੰ ਕਾਪਲਾਨ ਨਾਂ ਦੀ ਇੱਕ ਸੋਸ਼ਲਿਸਟ ਇਨਕਲਾਬੀ ਨੇ ਜ਼ਹਿਰ ਦੀ ਪੁੱਠ ਚੜੀਆਂ ਗੋਲੀਆਂ ਲੈਨਿਨ ਉੱਪਰ ਦਾਗੀਆਂ। ਲੰਮੇ ਸਮੇਂ ਦੇ ਇਲਾਜ ਬਾਅਦ ਲੈਨਿਨ ਨੇ ਇਹਨਾਂ ਜ਼ਖਮਾਂ 'ਤੇ ਫਤਹਿ ਹਾਸਲ ਕਰ ਲਈ ਤੇ ਇੱਕ ਵਾਰ ਫਿਰ ਪੂਰੀ ਸਰਗਰਮੀ ਨਾਲ ਉਹ ਪੂੰਜੀਵਾਦ ਵਿਰੋਧੀ ਘੋਲ ਵਿੱਚ ਕੁੱਦ ਪਏ।

ਆਪਣੀ ਸਖ਼ਤ ਮਿਹਨਤ, ਇਮਾਨਦਾਰੀ, ਨਿਮਰ ਤੇ ਸਾਦਾ ਮਿਲਣਸਾਰ ਸਖਸ਼ੀਅਤ ਕਾਰਨ ਲੈਨਿਨ ਕਿਰਤੀ ਜਮਾਤ ਦੇ ਹਰਮਨ ਪਿਆਰੇ ਸਾਥੀ ਰਹੇ। ਸਮਾਜਵਾਦ ਦੀ ਸਥਾਪਤੀ ਲਈ ਉਹ ਔਰਤਾਂ ਦੀ ਹਿੱਸੇਦਾਰੀ ਨੂੰ ਅਹਿਮ ਮੰਨਦੇ ਸਨ। ਲੈਨਿਨ ਨੌਜਵਾਨਾਂ ਦੇ ਪੱਕੇ ਮਿੱਤਰ ਸਨ। ਉਹ ਰੂਸ ਦੇ ਲੋਕਾਂ, ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਅਥਾਹ ਪਿਆਰ ਕਰਦੇ ਸਨ। ਸੰਸਾਰ ਪੱਧਰ ਤੇ ਲੈਨਿਨ ਦਾ ਨਾਂ ਸਤਿਕਾਰ ਨਾਲ ਜਾਣਿਆ ਜਾਣ ਲੱਗਾ। ਲੋਕ ਆਪਣੇ ਬੱਚਿਆਂ ਦਾ ਨਾਂ 'ਲੈਨਿਨ' ਰੱਖਦੇ। ਬਿਜਲੀਕਰਨ ਦੀ ਵਿਸ਼ਾਲ ਯੋਜਨਾ ਤਹਿਤ ਪਿੰਡਾਂ ਦੇ ਲੋਕਾਂ ਦੇ ਘਰ ਚਾਨਣ ਲਿਆਂਦਾ ਗਿਆ। ਘਰਾਂ 'ਚ ਜਗਦੀਆਂ ਬੱਤੀਆਂ ਨੂੰ ਲੋਕ 'ਇਲੀਚ ਦੀਆਂ ਬੱਤੀਆਂ' ਆਖਦੇ। ਆਪਣੇ ਪਿਆਰੇ ਲੋਕਾਂ ਦੀ ਖੁਸ਼ਹਾਲੀ ਲਈ ਅਣਥੱਕ ਮਿਹਨਤਾਂ ਕਰਨ ਵਾਲੇ ਲੈਨਿਨ ਭਾਰੀ ਉਤਸ਼ਾਹ ਨਾਲ ਹਰ ਮੁਸ਼ਕਿਲ 'ਤੇ ਜਿੱਤ ਹਾਸਲ ਕਰਕੇ ਅੱਗੇ ਵਧਦੇ ਰਹੇ। ਦਿਨ ਰਾਤ ਆਪਣੇ ਰਾਜਕੀ ਫਰਜ਼ ਨਿਭਾਉਣ 'ਚ ਰੁੱਝੇ ਲੈਨਿਨ ਦੀ ਸਿਹਤ ਬੇਹੱਦ ਖਰਾਬ ਹੋਣ ਲੱਗੀ। ਡਾਕਟਰ ਦੀ ਸਲਾਹ ਦੇ ਉਲਟ ਬਹੁਤ ਘੱਟ ਅਰਾਮ ਕਰਨ ਬਾਅਦ ਲੈਨਿਨ ਫਿਰ ਕੰਮ ਤੇ ਪਰਤ ਆਉਂਦੇ। ਉਹ ਰੂਸ ਲਈ ਨਵੀਂ ਆਰਥਿਕ ਨੀਤੀ ਘੜਦੇ, ਭਾਸ਼ਣ ਕਰਦੇ ਤੇ ਲੇਖ ਲਿਖਦੇ।

21 ਜਨਵਰੀ 1924 ਨੂੰ ਸ਼ਾਮ ਦੇ 6:50 ਤੇ ਲੈਨਿਨ ਦਿਮਾਗ ਦੀ ਰੱਤ ਨਾੜੀ ਫਟ ਜਾਣ ਨਾਲ ਚਲਾਣਾ ਕਰ ਗਏ। ਕੇਂਦਰੀ ਕਮੇਟੀ ਨੇ ਲੋਕਾਂ ਦੇ ਨਾਂ ਅਪੀਲ ਜਾਰੀ ਕੀਤੀ "ਉਹ ਆਦਮੀ ਚੱਲ ਵਸਿਆ ਹੈ ਜਿਸ ਦੀ ਜੁਝਾਰੂ ਅਗਵਾਈ ਹੇਠ ਸਾਡੀ ਪਾਰਟੀ ਨੇ, ਲੜਾਈ ਦੇ ਧੂੰਏਂ ਵਿੱਚ ਘਿਰੀ ਹੋਈ ਨੇ, ਮਜ਼ਬੂਤ ਹੱਥਾਂ ਨਾਲ ਦੇਸ਼ ਭਰ 'ਚ ਅਕਤੂਬਰ ਇਨਕਲਾਬ ਦਾ ਝੰਡਾ ਝੁਲਾਇਆ, ਦੁਸ਼ਮਣਾਂ ਦੇ ਵਿਰੋਧ ਨੂੰ ਕੁਚਲਿਆ ਅਤੇ ਸਾਬਕਾ ਜ਼ਾਰਸ਼ਾਹੀ ਰੂਸ ਵਿੱਚ ਕਿਰਤੀ ਲੋਕਾਂ ਦੀ ਸਰਦਾਰੀ ਨੂੰ ਪੱਕੀ ਤਰ੍ਹਾਂ ਸਥਾਪਿਤ ਕੀਤਾ। ਕਮਿਊਨਿਸਟ ਇੰਟਰਨੈਸ਼ਨਲ ਦਾ ਬਾਨੀ, ਸੰਸਾਰ ਕਮਿਊਨਿਜਮ ਦਾ ਆਗੂ, ਕੌਮਾਂਤਰੀ ਪ੍ਰੋਲੇਤਾਰੀ ਦਾ ਪਿਆਰ ਤੇ ਗੌਰਵ, ਪੀੜਤ ਪੂਰਬ ਦਾ ਝੰਡਾ ਬਰਦਾਰ, ਰੂਸ ਵਿੱਚ ਕਾਮਿਆਂ ਦੀ ਡਿਕਟੇਟਰਸ਼ਿਪ ਦਾ ਮੁਖੀ ਪੂਰਾ ਹੋ ਗਿਆ ਹੈ।" "ਲੈਨਿਨ ਦੇ ਚਲੇ ਜਾਣ ਨਾਲ ਦੁਨੀਆਂ ਨੇ ਇੱਕ ਐਸੀ ਸ਼ਖਸ਼ੀਅਤ ਗੁਆ ਲਈ ਹੈ, ਜਿਹੜੀ ਆਪਣੇ ਯੁੱਗ ਦੀਆਂ ਸਾਰੀਆਂ ਮਹਾਨ ਹਸਤੀਆਂ ਨਾਲੋਂ ਵਧੇਰੇ ਸਿਰਕੱਢਵੀਂ ਪ੍ਰਤਿਭਾ ਦਾ ਸਾਕਾਰ ਰੂਪ ਸੀ।"

ਸੰਸਾਰ ਕਮਿਊਨਿਸਟ ਲਹਿਰ ਨੂੰ ਇਨਕਲਾਬ ਦੇ ਮਹਾਨ ਵਿਗਿਆਨੀ ਸਿਧਾਂਤਘਾੜੇ ਤੇ ਲੋਕ-ਘੋਲਾਂ ਦੇ ਸਿਆਸੀ ਆਗੂ ਦੇ ਚਲੇ ਜਾਣ ਦਾ ਜਿੱਥੇ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਰੜਕਦਾ ਰਹੇਗਾ, ਉੱਥੇ ਲੈਨਿਨਵਾਦ ਦੀ ਦੇਣ ਹਮੇਸ਼ਾ ਕੌਮਾਂਤਰੀ ਕਿਰਤੀ ਲਹਿਰ ਦਾ ਰਾਹ ਰੁਸ਼ਨਾਉਂਦੀ ਰਹੇਗੀ। ਮਾਰਕਸਵਾਦੀ-ਲੈਨਿਨਵਾਦੀ ਸਿੱਖਿਆ ਅੱਜ ਵੀ ਸੰਸਾਰ ਕਿਰਤੀ ਲਹਿਰ ਲਈ ਮੁਕਤੀ ਦਾ ਵਿਗਿਆਨਕ ਹਥਿਆਰ ਹੈ। ਭਾਰਤ ਸਮੇਤ ਸੰਸਾਰ ਦੀ ਦੱਬੀ ਲਤਾੜੀ ਜਾ ਰਹੀ ਕਿਰਤੀ ਜਮਾਤ ਨੂੰ ਇਨਕਲਾਬ ਦੇ ਮਹਾਨ ਅਧਿਆਪਕਾਂ ਦੀਆਂ ਮਹਾਨ ਸਿੱਖਿਆਵਾਂ ਤੇ ਅਮਲੀ ਤਜਰਬਿਆਂ ਦੀ ਰੌਸ਼ਨੀ ਹੇਠ ਆਪਣੇ ਮੁਲਕਾਂ 'ਚ ਬਦਲਦੀਆਂ ਨਵੀਆਂ ਹਾਲਤਾਂ ਦਾ ਸਹੀ ਮੁਲਾਂਕਣ ਕਰਦਿਆਂ ਬਰਾਬਰਤਾ ਦਾ ਸਮਾਜ ਸਿਰਜਣ ਦੀ ਦਿਸ਼ਾ ਵੱਲ ਅੱਗੇ ਵੱਧਣਾ ਚਾਹੀਦਾ ਹੈ।




www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?





ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142

ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।





# ਬਾਬਾ ਬੁੱਲੇ ਸ਼ਾਹ ਦੀ ਮਜ਼ਾਰ ਨੂੰ ਤੋੜਨ ਦੀ ਬੇਹੱਦ ਘਿਣਾਉਣੀ ਕਾਰਵਾਈ

**-ਬੂਟਾ ਸਿੰਘ ਮਹਿਮੂਦਪੁਰ**

25 ਜਨਵਰੀ ਨੂੰ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ 'ਹਿੰਦੂ ਰੱਖਿਆ ਦਲ' ਵੱਲੋਂ ਉੱਤਰਾਖੰਡ ਦੇ ਮਸੂਰੀ ਵਿੱਚ ਬਾਬਾ ਬੁੱਲੇ ਸ਼ਾਹ ਦੀ 100 ਸਾਲ ਤੋਂ ਵੱਧ ਪੁਰਾਣੀ ਮਜ਼ਾਰ ਨੂੰ ਤੋੜਨਾ ਡੂੰਘੀ ਸਾਜ਼ਿਸ਼ ਤਹਿਤ ਕੀਤੀ ਗਈ ਵਾਰਦਾਤ ਹੈ। ਪ੍ਰਸਿੱਧ ਪੰਜਾਬੀ ਸੂਫ਼ੀ ਸੰਤ ਬਾਬਾ ਬੁੱਲੇਸ਼ਾਹ ਦੀ ਮਾਨਵਤਾਵਾਦੀ ਸ਼ਾਇਰੀ ਅਤੇ ਸਾਂਝੀਵਾਲਤਾ ਵਾਲੇ ਨਜ਼ਰੀਏ ਅਤੇ ਦਾਰਸ਼ਨਿਕ ਯੋਗਦਾਨ ਦਾ ਪੰਜਾਬ ਦੀ ਮਜ਼੍ਹਬੀ ਕੱਟੜਵਾਦ ਨੂੰ ਸਵਾਲ ਕਰਨ ਵਾਲੀ, ਧਰਮਨਿਰਪੱਖ, ਭਾਈਚਾਰਕ ਸਾਂਝ ਵਾਲੀ ਪਰੰਪਰਾ ਵਿਚ ਉੱਘਾ ਸਥਾਨ ਹੈ। ਉਨ੍ਹਾਂ ਦੀਆਂ ਬੇਹੱਦ ਮਕਬੂਲ ਕਾਫ਼ੀਆਂ ਮਜ਼੍ਹਬੀ ਕੱਟੜਪੰਥ, ਜਾਤੀ ਭੇਦਭਾਵ ਅਤੇ ਅੰਧਵਿਸ਼ਵਾਸ ਨੂੰ ਜ਼ੋਰਦਾਰ ਚੁਣੌਤੀ ਦਿੰਦੇ ਹੋਏ ਇਨਸਾਨੀਅਤ ਨਾਲ ਗੂੜ੍ਹੀ ਮੁਹੱਬਤ, ਆਤਮ-ਗਿਆਨ ਰਾਹੀਂ ਆਪਣੀ ਸ਼ਖ਼ਸੀਅਤ ਨੂੰ ਰੁਸ਼ਨਾਉਣ ਅਤੇ ਮਜ਼੍ਹਬੀ ਨਫ਼ਰਤ ਤੋਂ ਉੱਪਰ ਉੱਠਕੇ ਆਪਣੀ ਅਕੀਦਤ ਨਾਲ ਜੁੜਨ 'ਤੇ ਜ਼ੋਰ ਦਿੰਦੀਆਂ ਹਨ। ਬਾਬਾ ਸ਼ੇਖ਼ ਫ਼ਰੀਦ, ਬਾਬਾ ਬੁੱਲ੍ਹੇਸ਼ਾਹ ਵੱਲੋਂ ਰਚਿਤ ਉੱਚ ਪਾਏ ਦੀਆਂ ਮਾਨਵਤਾਵਾਦੀ ਕਾਵਿ-ਰਚਨਾਵਾਂ ਦੀ ਖ਼ੁਸ਼ਬੂ ਪੰਜਾਬ ਦੀ ਮਿੱਟੀ ਦੇ ਕਣ-ਕਣ ਵਿਚ ਰਚੀ ਹੋਈ ਹੈ। ਆਪਣੀ ਇਸੇ ਮਾਨਵਤਾਵਾਦੀ ਖ਼ੂਬੀ ਕਾਰਨ ਇਹ ਹਰ ਤਰ੍ਹਾਂ ਦੇ ਮਜ਼੍ਹਬੀ ਕੱਟੜਪੰਥੀਆਂ ਨੂੰ ਹਜ਼ਮ ਨਹੀਂ ਹੁੰਦੀਆਂ। 'ਹਿੰਦੂ ਰੱਖਿਆ ਦਲ' ਵਰਗੇ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਵੱਲੋਂ ਸਾਂਝੀ ਧਰਮਨਿਰਪੱਖ ਵਿਰਾਸਤ ਨੂੰ ਇਹ ਝੂਠ ਪ੍ਰਚਾਰਕੇ ਨਕਾਰਿਆ ਜਾ ਰਿਹਾ ਹੈ ਕਿ ਜਿਸਦੀ ਕਬਰ ਪਾਕਿਸਤਾਨ ਵਿਚ ਹੈ, ਉਸ ਦੀ ਮਜ਼ਾਰ ਇੱਥੇ 'ਦੇਵਭੂਮੀ' ਉੱਪਰ ਨਹੀਂ ਚੱਲੇਗੀ। ਇਹ ਐਲਾਨ 'ਹਿੰਦੂ ਰੱਖਿਆ ਦਲ' ਦੇ ਮੁਖੀ ਲਲਿਤ ਸ਼ਰਮਾ ਨੇ ਕੀਤਾ ਹੈ।

ਇਹ ਕਿਸ ਤਰ੍ਹਾਂ ਦੀ 'ਧਰਮ-ਰੱਖਿਆ' ਹੈ ਜੋ ਅਣਵੰਡੇ ਪੰਜਾਬ ਦੇ ਸ਼ਾਨਾਮੱਤੇ ਇਤਿਹਾਸ ਅਤੇ ਧਾਰਮਿਕ ਸਹਿਣਸ਼ੀਲਤਾ ਪ੍ਰਤੀ ਐਨੀ ਘੋਰ ਨਫ਼ਰਤ ਨਾਲ ਗੜੁੱਚ ਹੈ, ਜੋ ਬਾਬਾ ਬੁੱਲ੍ਹੇ ਸ਼ਾਹ ਨੂੰ ਸਿਰਫ਼ ਮੁਸਲਮਾਨ ਦੇ ਰੂਪ 'ਚ ਦੇਖਦੀ ਹੈ ਅਤੇ ਜੋ ਸਿਰਫ਼ ਬੁੱਲ੍ਹੇ ਸ਼ਾਹ ਨੂੰ ਹੀ ਨਹੀਂ, ਸਮੁੱਚੀ ਮਹਾਨ ਵਿਰਾਸਤ ਨੂੰ ਪਰਾਈ ਧਰਤੀ ਨਾਲ ਸੰਬੰਧਤ ਕਰਾਰ ਦੇ ਕੇ ਨਕਾਰਦੀ ਹੈ। ਜਿਨ੍ਹਾਂ ਦੀ ਵਿਚਾਰਧਾਰਾ ਵਿਚ ਐਨੀ ਘੋਰ ਨਫ਼ਰਤ ਹੈ ਕਿ ਉਹ 100 ਸਾਲ ਪਹਿਲਾਂ ਬਣੀ ਹੋਈ ਮਜ਼ਾਰ ਦੀ ਹੋਂਦ ਤੋਂ ਵੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਹਿੰਦੂਤਵਵਾਦੀ ਤਾਕਤਾਂ ਕਿਸ ਤਰ੍ਹਾਂ ਦੀ ਸੰਕੀਰਣ ਸੰਸਕਿ ?ਰਤੀ ਭਾਰਤ ਦੇ ਲੋਕਾਂ ਉੱਪਰ ਥੋਪਣ ਲਈ ਯਤਨਸ਼ੀਲ ਹਨ।



ਬਾਬਾ ਬੁੱਲ੍ਹੇਸ਼ਾਹ ਦੀ ਮਜ਼ਾਰ ਨੂੰ ਦੋ ਦਿਨ ਪਹਿਲਾਂ ਅਗਾਊਂ ਐਲਾਨ ਕਰਕੇ 25-30 ਵਿਅਕਤੀਆਂ ਦੀ ਭੀੜ ਵੱਲੋਂ ਤੋੜਿਆ ਗਿਆ। ਅਗਾਊਂ ਢਾਹੁਣ ਦਾ ਐਲਾਨ ਕਰਨ ਦਾ ਇਕਬਾਲ ਹਿੰਦੂ ਰੱਖਿਆ ਦਲ ਦੇ ਰਾਜ ਮੁਖੀ ਲਲਿਤ ਸ਼ਰਮਾ ਨੇ ਪੋਸਟ ਸ਼ੇਅਰ ਕਰਕੇ ਕੀਤਾ ਹੈ। ਭੀੜ ਦੀ ਨਫ਼ਰਤ ਭੰਨ-ਤੋੜ ਤੱਕ ਸੀਮਤ ਨਹੀਂ ਸੀ, ਉੱਥੇ ਪਈਆਂ ਧਾਰਮਿਕ ਕਿਤਾਬਾਂ ਦੀ ਬੇਅਦਬੀ ਕੀਤੀ ਗਈ ਅਤੇ ਮਜ਼ਾਰ ਦੀ ਦੀਵਾਰ 'ਤੇ ਪਿਸ਼ਾਬ ਕਰਨ ਦੀ ਭੜਕਾਊ ਹਰਕਤ ਵੀ ਕੀਤੀ ਗਈ। ਮਜ਼ਾਰ ਨੂੰ ਤੋੜਨ ਦਾ ਅਗਾਊਂ ਐਲਾਨ ਕੀਤੇ ਜਾਣ ਦੇ ਬਾਵਜੂਦ ਪੁਲਿਸ ਵੱਲੋਂ ਮਹਾਨ ਇਤਿਹਾਸਕ ਵਿਰਾਸਤ ਦੀ ਰਾਖੀ ਲਈ ਹਰਕਤ ਵਿਚ ਨਾ ਆਉਣਾ, ਮਜ਼ਾਰ ਨੂੰ ਤੋੜਨ ਤੋਂ ਬਾਅਦ ਸ਼ਿਕਾਇਤ ਕਰਨ 'ਤੇ ਐੱਫਆਈਆਰ ਦਰਜ ਕਰਨ ਦੀ ਮਹਿਜ਼ ਖ਼ਾਨਾਪੂਰਤੀ ਕਰਨਾ ਦਰਸਾਉਂਦਾ ਹੈ ਕਿ ਪੁਲਿਸ ਸਮੇਤ ਰਾਜ ਮਸ਼ੀਨਰੀ ਦਾ ਡੂੰਘਾ ਫਿਰਕੂਕਰਨ ਹੋ ਚੁੱਕਾ ਹੈ। ਪੁਲਿਸ-ਪ੍ਰਸ਼ਾਸਨ ਸੰਵਿਧਾਨਕ ਫਰਜ਼ਾਂ ਦੀ ਬਜਾਏ ਸੱਤਾਧਾਰੀ ਧਿਰ ਦੇ ਫਿਰਕੂ ਏਜੰਡੇ ਦੇ ਤਹਿਤ ਕੰਮ ਕਰ ਰਹੇ ਹਨ। ਦੋਸ਼ੀਆਂ ਦੀ ਸਪਸ਼ਟ ਸ਼ਨਾਖ਼ਤ ਦੇ ਬਾਵਜੂਦ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਰਹੀ। ਪੁਲਿਸ ਅਧਿਕਾਰੀਆਂ ਅਨੁਸਾਰ ਐੱਫਆਈਆਰ ਵਿਚ ਜੋ ਧਾਰਾਵਾਂ ਲਗਾਈਆਂ ਗਈਆਂ ਹਨ 'ਉਨ੍ਹਾਂ ਧਾਰਾਵਾਂ ਤਹਿਤ ਗ੍ਰਿਫ਼ਤਾਰੀ ਜ਼ਰੂਰੀ ਨਹੀਂ'। ਪੁਲਿਸ ਖ਼ੁੱਲ੍ਹੇਆਮ ਪੱਖਪਾਤੀ ਹੈ।

ਮਜ਼ਾਰ ਨੂੰ ਤੋੜੇ ਜਾਣ ਦਾ ਵੀਡੀਓ ਕਲਿੱਪ ਬਣਾ ਕੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਕਰਨ ਤੋਂ ਸਪਸ਼ਟ ਹੈ ਕਿ ਰਾਜ-ਮਸ਼ੀਨਰੀ ਦੇ ਫਿਰਕੂਕਰਨ ਅਤੇ ਅਜਿਹੀਆਂ ਮਾਨਵਤਾ ਵਿਰੋਧੀ ਵਾਰਦਾਤਾਂ ਨੂੰ ਰਾਜਕੀ ਤੇ ਰਾਜਨੀਤਕ ਸਰਪ੍ਰਸਤੀ ਕਾਰਨ ਅਜਿਹੇ ਅਨਸਰਾਂ ਦੇ ਹੌਸਲੇ ਕਿੰਨੇ ਵਧ ਚੁੱਕੇ ਹਨ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੀ ਸਰਕਾਰ ਦੇ ਤਹਿਤ ਅਜਿਹੀ ਘਿਣਾਉਣੀ ਹਰਕਤ ਬਿਲਕੁਲ ਹੈਰਾਨੀ ਵਾਲੀ ਗੱਲ ਨਹੀਂ ਜੋ 'ਹੇਟ ਸਪੀਚ ਟਾਪਰ' ਹੋਣ ਦਾ ਟੈਗ ਲਗਾਏ ਜਾਣ 'ਤੇ ਮਾਣ ਮਹਿਸੂਸ ਕਰਦਾ ਹੈ। ਹਾਲ ਹੀ ਵਿਚ 'ਹੇਟ ਸਪੀਚ ਲੈਬ' ਨੇ ਭਾਰਤ ਵਿਚ ਭਗਵਾ ਹਕੂਮਤ ਤਹਿਤ ਨਫ਼ਰਤੀ ਭਾਸ਼ਣਾਂ ਦੇ ਵਰਤਾਰੇ ਬਾਰੇ ਜੋ ਰਿਪੋਰਟ ਜਾਰੀ ਕੀਤੀ ਹੈ ਉਸ ਵਿਚ ਬਣਾਈ ਸੂਚੀ ਵਿਚ ਧਾਮੀ ਦਾ ਨਾਂ ਹੇਟ ਸਪੀਚ ਟਾਪਰ ਦੇ ਰੂਪ ਵਿਚ ਪਹਿਲੇ ਸਥਾਨ 'ਤੇ ਹੈ ਜਿਸਨੇ ਸੰਨ 2025 ਵਿਚ 71 ਨਫ਼ਰਤੀ ਭਾਸ਼ਣ ਦੇ ਕੇ ਪਹਿਲਾ ਸਥਾਨ ਹਾਸਲ ਕੀਤਾ! ਦਰਅਸਲ, ਬੁੱਲ੍ਹੇ ਸ਼ਾਹ ਦੀ ਮਜ਼ਾਰ ਨੂੰ ਤੋੜਨ ਦੇ ਦੋਸ਼ੀ ਸਿਰਫ਼ 'ਹਿੰਦੂ ਰੱਖਿਆ ਦਲ' ਦਾ ਹਜੂਮ ਨਹੀਂ। ਮੁੱਖ ਦੋਸ਼ੀ ਮੁੱਖ ਮੰਤਰੀ ਧਾਮੀ ਹੈ ਜਿਸਨੇ ਲਗਾਤਾਰ ਭੜਕਾਊ ਭਾਸ਼ਣ ਦੇ ਕੇ ਇਹ ਜ਼ਹਿਰੀਲਾ ਮਾਹੌਲ ਬਣਾਇਆ ਹੈ ਅਤੇ ਜਿਸਦੀ ਸਰਕਾਰ ਵਿਚ ਮੁਸਲਮਾਨ ਘੱਟਗਿਣਤੀ ਵਿਰੁੱਧ ਨਫ਼ਰਤ ਅਤੇ ਝੂਠੀ ਜਾਣਕਾਰੀ ਫੈਲਾ ਕੇ ਫਿਰਕੂ ਪਾਲਾਬੰਦੀ ਕੀਤੀ ਜਾ ਰਹੀ ਹੈ।

ਸਮੂਹ ਧਰਮਨਿਰਪੱਖ, ਇਨਸਾਫ਼ਪਸੰਦ ਤਾਕਤਾਂ ਨੂੰ ਫਿਰਕੂ ਫਾਸ਼ੀਵਾਦੀ ਪ੍ਰੋਜੈਕਟ ਦੇ ਤਹਿਤ ਕੀਤੀ ਇਸ ਘਿਣਾਉਣੀ ਕਾਰਵਾਈ ਦਾ ਗੰਭੀਰ ਨੋਟਿਸ ਲੈ ਕੇ ਇਸ ਵਿਰੁੱਧ ਵਿਆਪਕ ਆਵਾਜ਼ ਉਠਾਉਣ ਦੀ ਲੋੜ ਹੈ।





